ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Friday, 20 June, 2025) ਪਟਿਆਲਾ ਸ਼ੁੱਕਰਵਾਰ, 20 ਜੂਨ, 2025, 6 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 169 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਸੋਨੀਆ ਗਾਂਧੀ ਨੂੰ ਹਸਪਤਾਲ ਤੋਂ ਮਿਲੀ ਛੁੱਟੀ

ਨਵੀਂ ਦਿੱਲੀ, 19 ਜੂਨ (ਚੜ੍ਹਦੀਕਲਾ ਬਿਊਰੋ) : ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਪੇਟ ਸਬੰਧੀ ਜੁੜੀ ਸਮੱਸਿਆ ਦੇ ਇਲਾਜ ਤੋਂ ਬਾਅਦ ਵੀਰਵਾਰ ਨੂੰ ਸਰ ਗੰਗਾਰਾਮ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਹਸਪਤਾਲ ਨੇ ਇਹ ਜਾਣਕਾਰੀ ਦਿੱਤੀ। ਬੀਤੀ 15 ਜੂਨ ਨੂੰ 78 ਸਾਲਾ ਸੋਨੀਆ ਗਾਂਧੀ ਨੂੰ ਇਸ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ। ਹਸਪਤਾਲ ਦੇ ਚੇਅਰਮੈਨ ਡਾ. ਅਜੇ ਸਵਰੂਪ ਅਨੁਸਾਰ, ਸੋਨੀਆ ਗਾਂਧੀ ਦੀ ਹਾਲਤ ਹੁਣ ਸਥਿਰ ਹੈ। (ਬਾਕੀ ਸਫਾ 2 'ਤੇ)

## ਇਜ਼ਰਾਈਲ ਨੇ ਈਰਾਨੀ ਟਿਕਾਣਿਆਂ 'ਤੇ 100 ਤੋਂ ਵੱਧ ਬੰਬ ਸੁੱਟੇ, ਅਰਕ ਰਿਐਕਟਰ ਹੋਇਆ ਤਬਾਹ

### ਈਰਾਨ 'ਚ ਹੁਣ ਤੱਕ 639 ਮੌਤਾਂ ਤੇ 1300 ਤੋਂ ਵੱਧ ਜ਼ਖਮੀ

ਚੜ੍ਹਦੀਕਲਾ ਬਿਊਰੋ

================



ਤਹਿਰਾਨ, 19 ਜੂਨ : ਈਰਾਨ ਤੇ ਇਜ਼ਰਾਈਲ ਵਿਚ ਚੱਲ ਰਿਹਾ ਸੰਘਰਸ਼ ਹੁਣ ਖਤਰਨਾਕ ਮੋੜ 'ਤੇ ਪਹੁੰਚ ਗਿਆ ਹੈ। ਇਜ਼ਰਾਈਲ ਨੇ ਕਈ ਈਰਾਨੀ ਟਿਕਾਣਿਆਂ 'ਤੇ ਹਮਲਾ ਕੀਤਾ। ਇਸ ਵਿੱਚ ਈਰਾਨ ਦਾ ਪ੍ਰਮਾਣੂ ਬੁਨਿਆਦੀ ਢਾਂਚਾ, ਮਿਜ਼ਾਈਲ ਉਤਪਾਦਨ ਸਥਾਨ ਅਤੇ ਹਵਾਈ ਰੱਖਿਆ ਪ੍ਰਣਾਲੀ ਸ਼ਾਮਲ ਹੈ। ਇਜ਼ਰਾਈਲ ਨੇ ਈਰਾਨ ਦੇ ਅਰਕ ਹੈਵੀ ਵਾਟਰ ਰਿਐਕਟਰ ਨੂੰ ਵੀ ਤਬਾਹ ਕਰ ਦਿੱਤਾ। ਇਜ਼ਰਾਈਲ ਡਿਫੈਂਸ ਫੋਰਸ ਨੇ ਕਿਹਾ ਕਿ ਇਸ ਕਾਰਵਾਈ ਲਈ 40 ਲੜਾਕੂ ਜਹਾਜ਼ ਤਾਇਨਾਤ ਕੀਤੇ ਗਏ ਸਨ। ਇਜ਼ਰਾਈਲ ਨੇ 100 ਤੋਂ ਵੱਧ ਬੰਬ ਸੁੱਟ ਕੇ ਅਰਕ ਹੈਵੀ ਵਾਟਰ ਰਿਐਕਟਰ ਅਤੇ ਨਤਾਨਜ਼ ਨੇੜੇ ਪ੍ਰਮਾਣੂ ਹਥਿਆਰ ਵਿਕਾਸ ਨਾਲ ਸਬੰਧਤ ਸਹੂਲਤ ਨੂੰ ਤਬਾਹ ਕਰ ਦਿੱਤਾ। ਈਰਾਨ ਦੇ ਸਰਕਾਰੀ ਟੈਲੀਵਿਜ਼ਨ ਚੈਨਲ ਨੇ ਪੁਸ਼ਟੀ ਕੀਤੀ ਹੈ ਕਿ ਹਮਲੇ ਤੋਂ ਪਹਿਲਾਂ ਹੀ ਰਿਐਕਟਰ ਨੂੰ ਖਾਲੀ ਕਰਵਾ ਲਿਆ ਗਿਆ ਸੀ। ਹਮਲੇ ਤੋਂ ਠੀਕ ਪਹਿਲਾਂ ਇਜ਼ਰਾਈਲੀ ਫੌਜ ਨੇ ਚੇਤਾਵਨੀ ਜਾਰੀ ਕਰਦੇ ਹੋਏ ਸਥਾਨਕ ਲੋਕਾਂ ਨੂੰ ਖੇਤਰ ਖਾਲੀ ਕਰਨ ਨੂੰ ਕਿਹਾ ਸੀ। ਇਜ਼ਰਾਈਲ ਨੇ ਰਿਐਕਟਰ ਦੀ ਸੈਟੇਲਾਈਟ (ਬਾਕੀ ਸਫਾ 2 'ਤੇ)

## ਮੋਦੀ ਤਿੰਨ ਦੇਸ਼ਾਂ ਦੀ ਸ਼ਫਲ ਯਾਤਰਾ ਤੋਂ ਬਾਅਦ ਪੁੱਜੇ ਦਿੱਲੀ

ਨਵੀਂ ਦਿੱਲੀ, 19 ਜੂਨ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਿੰਨ ਦੇਸ਼ਾਂ ਦੀ ਸਫ਼ਲ ਯਾਤਰਾ ਤੋਂ ਬਾਅਦ ਵੀਰਵਾਰ ਦੁਪਹਿਰ ਦੇਸ਼ ਪਰਤ ਆਏ। ਸ੍ਰੀ ਮੋਦੀ 5 ਦਿਨ ਦੀ ਯਾਤਰਾ ਦੇ ਅੰਤਿਮ ਪੜਾਅ 'ਤੇ ਕ੍ਰੋਏਸ਼ੀਆ ਤੋਂ ਰਾਜਧਾਨੀ ਦਿੱਲੀ ਲਈ ਰਵਾਨਾ ਹੋਏ ਸਨ। ਪ੍ਰਧਾਨ ਮੰਤਰੀ ਐਤਵਾਰ ਨੂੰ ਯਾਤਰਾ ਦੇ ਪਹਿਲੇ ਪੜਾਅ 'ਤੇ ਸਾਈਪ੍ਰਸ ਲਈ ਰਵਾਨਾ ਹੋਏ ਸਨ। ਸਾਈਪ੍ਰਸ 'ਚ ਉਨ੍ਹਾਂ ਨੇ ਰਾਸ਼ਟਰਪਤੀ ਨਿਕੋਸ਼ ਕ੍ਰਿਸਟੋਡੌਲਿਡੇਸ ਨਾਲ ਦੋ-ਪੱਖੀ ਬੈਠਕ 'ਚ ਹਿੱਸਾ ਲਿਆ। ਰਾਸ਼ਟਰਪਤੀ ਨੇ ਸ੍ਰੀ ਮੋਦੀ ਨੂੰ ਸਾਈਪ੍ਰਸ ਦੇ ਸਰਵਉੱਚ ਸਨਮਾਨ 'ਗ੍ਰੈਂਡ ਕ੍ਰਾਸ ਆਫ਼ ਦਿ ਆਰਡਰ ਆਫ਼ ਮਕਾਰਿਓਸ' ਨਾਲ ਸਨਮਾਨਤ ਕੀਤਾ। ਸਾਈਪ੍ਰਸ 'ਚ 2 ਦਿਨ ਦੌਰੇ ਤੋਂ ਬਾਅਦ ਮੰਗਲਵਾਰ ਨੂੰ ਉਹ ਕੈਨੇਡਾ ਪਹੁੰਚੇ, ਜਿੱਥੇ ਉਨ੍ਹਾਂ ਨੇ ਜੀ-7 ਦੇਸ਼ਾਂ ਦੀ ਬੈਠਕ 'ਚ ਹਿੱਸਾ ਲਿਆ। ਇਸ ਦੌਰਾਨ ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ ਦੇ ਆਗੂਆਂ ਨਾਲ ਦੋ-ਪੱਖੀ ਬੈਠਕਾਂ ਵੀ ਕੀਤੀਆਂ। (ਬਾਕੀ ਸਫਾ 2 'ਤੇ)

## ਲੁਧਿਆਣਾ ਪੱਛਮੀ ਜ਼ਿਮਨੀ ਚੋਣ 'ਚ 52 ਫ਼ੀਸਦੀ ਵੋਟਿੰਗ

ਵਿਸ਼ਾਲ ਸ਼ਰਮਾ

================



ਲੁਧਿਆਣਾ, 19 ਜੂਨ :ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਵੋਟਿੰਗ ਅੱਜ ਹੋਈ। ਵੋਟਿੰਗ ਸਵੇਰੇ 7:00 ਵਜੇ ਸ਼ੁਰੂ ਹੋਈ ਅਤੇ ਸੁਚਾਰੂ ਢੰਗ ਨਾਲ ਅੱਗੇ ਵਧੀ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਸ਼ਾਮ 7:00 ਵਜੇ ਤੱਕ ਅਪਲੋਡ ਕੀਤੇ ਗਏ ਅੰਕੜਿਆਂ ਅਨੁਸਾਰ ਲਗਭਗ ਵੋਟਰ ਮਤਦਾਨ 51.33% ਹੈ।

ਇੱਕ ਨਵੀਂ ਪਹਿਲ ਦੇ ਹਿੱਸੇ ਵਜੋਂ, ਪੋਲਿੰਗ ਡੇਟਾ ਪੋਲਿੰਗ ਸਟੇਸ਼ਨ 'ਤੇ ਪ੍ਰੀਜ਼ਾਈਡਿੰਗ ਅਫਸਰਾਂ ਦੁਆਰਾ ਈਸੀਨੈੱਟ ਐਪ 'ਤੇ ਅਪਲੋਡ ਕੀਤਾ ਗਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਵੋਟਿੰਗ ਪ੍ਰਤੀਸ਼ਤਤਾ ਦੇ ਰੁਝਾਨ ਅਨੁਮਾਨਿਤ ਹਨ। ਚੋਣ ਸੰਚਾਲਨ ਨਿਯਮ, 1961 ਦੇ ਨਿਯਮ 49ਐਸ ਦੇ ਤਹਿਤ, ਪ੍ਰੀਜ਼ਾਈਡਿੰਗ ਅਫਸਰਾਂ ਨੇ ਫਾਰਮ 17ਸੀ, ਦਰਜ ਕੀਤੀਆਂ ਵੋਟਾਂ ਦੇ ਅਸਲ ਖਾਤੇ ਦਾ ਵੇਰਵਾ ਦਿੰਦੇ ਹੋਏ, ਉਮੀਦਵਾਰਾਂ ਦੇ ਪੋਲਿੰਗ ਏਜੰਟਾਂ ਨੂੰ, ਜੋ ਪੋਲਿੰਗ ਦੇ ਅੰਤ 'ਤੇ ਪੋਲਿੰਗ ਸਟੇਸ਼ਨ 'ਤੇ ਮੌਜੂਦ ਸਨ, ਨੂੰ ਦਿੱਤਾ ਹੈ। ਸਾਰੇ ਉਮੀਦਵਾਰਾਂ ਦੁਆਰਾ ਨਿਯੁਕਤ ਕੀਤੇ ਗਏ 578 ਪੋਲਿੰਗ ਏਜੰਟਾਂ ਦੀ ਮੌਜੂਦਗੀ ਵਿੱਚ ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਹਰੇਕ ਪੋਲਿੰਗ ਸਟੇਸ਼ਨ 'ਤੇ ਈਵੀਐਮ 'ਤੇ ਇੱਕ ਮੌਕ ਪੋਲ ਕੀਤਾ ਗਿਆ। ਉਪ ਚੋਣਾਂ ਲਈ ਚੋਣ ਕਮਿਸ਼ਨ ਨੇ 01-04-2025 ਨੂੰ ਯੋਗਤਾ ਮਿਤੀ ਦੇ ਤੌਰ 'ਤੇ ਵੋਟਰ ਸੂਚੀ ਦੀ ਵਿਸ਼ੇਸ਼ ਸੰਖੇਪ ਸੋਧ ਦਾ ਨਿਰਦੇਸ਼ ਦਿੱਤਾ ਸੀ। ਵੋਟਰ ਸੂਚੀਆਂ ਦਾ ਡਰਾਫਟ ਪ੍ਰਕਾਸ਼ਨ 9-4-2025 ਨੂੰ ਕੀਤਾ ਗਿਆ ਸੀ ਅਤੇ ਇਸਦੀ ਇੱਕ ਕਾਪੀ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਸਾਂਝੀ ਕੀਤੀ ਗਈ ਸੀ। ਪੋਲਿੰਗ ਸਟੇਸ਼ਨ ਪੱਧਰ 'ਤੇ 192 ਬੀਐਲਓਜ਼ ਨੇ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਕਿ ਸੂਚੀਆਂ ਸਹੀ ਅਤੇ ਅਪਡੇਟ ਕੀਤੀਆਂ ਗਈਆਂ ਹਨ। ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੁਆਰਾ ਨਿਯੁਕਤ 384 ਬੀਐਲਏ ਨੇ ਪ੍ਰਕਿਰਿਆ ਦੀ ਜਾਂਚ ਕੀਤੀ ਅਤੇ 4279 ਦਾਅਵੇ ਅਤੇ ਇਤਰਾਜ਼ ਦਾਇਰ ਕੀਤੇ ਗਏ। ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ 5-5-2025 ਨੂੰ ਕੀਤਾ ਗਿਆ ਸੀ ਅਤੇ ਅੰਤਿਮ ਵੋਟਰ ਸੂਚੀਆਂ ਦੀ ਇੱਕ ਕਾਪੀ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਸਾਂਝੀ ਕੀਤੀ ਗਈ ਸੀ। (ਬਾਕੀ ਸਫਾ 2 'ਤੇ)

## ਪੰਜਾਬ ਦੇ 8 ਜ਼ਿਲ੍ਹਿਆਂ 'ਚ ਮੀਂਹ ਤੇ ਤੇਜ਼ ਹਵਾਵਾਂ ਦਾ ਅਲਰਟ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 19 ਜੂਨ :ਪੰਜਾਬ 'ਚ ਅੱਜ ਮੀਂਹ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਮੀਂਹ ਦੇ ਨਾਲ ਤੇਜ਼ ਹਵਾਵਾਂ ਨੂੰ ਲੈ ਕੇ ਅਲਰਟ ਜਾਰੀ ਕੀਤਾ ਗਿਆ ਹੈ। 21-22 ਜੂਨ ਨੂੰ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਮੀਂਹ ਪਵੇਗਾ ਤੇ 40 ਕਿਲੋਮੀਟਰ ਦੀ ਰਫਤਾਰ ਨਾਲ ਹਵਾਵਾਂ ਚੱਲਣਗੀਆਂ। ਅੰਮ੍ਰਿਤਸਰ ਵਿਚ ਅੱਜ ਸਵੇਰੇ ਹਲਕੀ ਬੂੰਦਾਬਾਂਦੀ ਦੇਖਣ ਨੂੰ ਮਿਲੀ ਜਿਸ ਦੇ ਬਾਅਦ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲੀ ਹੈ। ਪੰਜਾਬ ਵਿਚ ਵੱਧ ਤੋਂ ਵੱਧ ਤਾਪਮਾਨ 'ਚ ਔਸਤਨ 3.6 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ ਤਾਪਮਾਨ ਅਜੇ ਵੀ ਸਾਧਾਰਨ ਤੋਂ 1.7 ਡਿਗਰੀ ਘੱਟ ਬਣਿਆ ਹੋਇਆ ਹੈ। ਪੰਜਾਬ ਵਿਚ ਅਗਲੇ ਕੁਝ ਦਿਨਾਂ ਵਿਚ ਮਾਨਸੂਨ ਪਹੁੰਚਣ ਦੇ ਅਨੁਮਾਨ ਵੀ ਲਗਾਏ ਜਾ ਰਹੇ ਹਨ।ਪੰਜਾਬ ਦੇ 7 ਜ਼ਿਲ੍ਹਿਆਂ 'ਚ ਮੀਂਹ ਦਾ ਅਲਰਟ, 22 ਜੂਨ ਤੱਕ ਰਹੇਗਾ ਅਜਿਹਾ ਹੀ ਮੌਸਮ 19 ਤੋਂ 22 ਜੂਨ ਤੱਕ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਤੇਜ਼ ਹਵਾਵਾਂ ਤੇ ਭਾਰੀ ਮੀਂਹ ਦੀ ਸੰਭਾਵਨਾ ਹੈ। (ਬਾਕੀ ਸਫਾ 2 'ਤੇ)

**22 ਜੂਨ ਤੱਕ ਮਿਲੇਗੀ ਗਰਮੀ ਤੋਂ ਰਾਹਤ**

## ਤਬਾਹੀ ਤੇ ਧੂੰਏਂ 'ਚ ਗੁੰਮ ਹੋ ਰਹੀ ਈਰਾਨ ਦੀ ਵਿਰਾਸਤ ਤੇ ਅਦਬ ਦੇ ਨਿਸ਼ਾਨ

ਪ੍ਰੋ. ਡਾ. ਕਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

===============

### ਈਰਾਨ ਦੀ ਜ਼ਹੀਨ ਕਵਿੱਤਰੀ ਪਰਨੀਆ ਅੱਬਾਸੀ ਜੰਗ ਦੀ ਭੇਟ ਚੜ੍ਹੀ



ਇਸ ਧੂੰਏਂ ਵਿੱਚੋਂ ਮੈਂ ਫ਼ਿਰ ਉੱਠ ਜਾਵਾਂਗੀ ਇਹ ਆਖ਼ਰੀ ਤਾਂ ਨਹੀਂ! ਇਜ਼ਰਾਈਲ ਦੁਆਰਾ ਈਰਾਨ 'ਤੇ ਹੋ ਰਹੇ ਹਮਲਿਆਂ ਦੀ ਤਬਾਹੀ ਨੂੰ ਸ਼ੈਤਾਨਾਂ ਦਾ ਯੁੱਧ ਕਹਿਣ ਵਾਲੀ ਤੇ ਆਪਣੇ ਅੰਤਰਮਨ ਵਿੱਚ ਹੱਸਾਸ ਮਨ ਨਾਲ ਬਹੁਤ ਕੁੱਝ ਕਹਿਣ ਵਾਲੀ ਫ਼ਾਰਸੀ ਜ਼ੁਬਾਨ ਦੀ ਨੌਜਵਾਨ ਲੇਖਿਕਾ ਪਰਨੀਆ ਅੱਬਾਸੀ ਇਜ਼ਰਾਈਲ ਯੁੱਧ ਦੀ ਭੇਟ ਚੜ੍ਹ ਗਈ ਹੈ।

ਚਾਰ ਦਿਨ ਪਹਿਲਾਂ ਉਸ ਦਾ ਤਹਿਰਾਨ ਦੇ ਸਤਾਰਖਾਨ ਇਲਾਕੇ ਵਿੱਚ ਪੂਰੇ ਪਰਿਵਾਰ ਦੇ ਨਾਲ ਭਿਆਨਕ ਮੌਤ ਦਾ ਦ੍ਰਿਸ਼ ਵਾਪਰਿਆ। ਇਜ਼ਰਾਈਲੀ ਹਮਲੇ ਵਿੱਚ ਇਸ ਹੋਣਹਾਰ ਕਵਿਤਰੀ ਅਤੇ ਸੁਪਨਿਆਂ ਦੀ ਅਕਾਸੀ ਕਰਨ ਵਾਲੀ ਇਕ ਤੇਜ਼ ਤਰਾਰ ਤੇ ਸਾਹਿਤ ਤੇ ਕਵਿਤਾ ਨੂੰ ਸਮਰਪਿਤ ਇੱਕ ਜ਼ਹੀਨ ਕਵਿੱਤਰੀ ਇਸ ਦੁਨੀਆਂ ਤੋਂ ਚਲੀ ਗਈ ਹੈ।

ਉਸ ਦੀ ਕਵਿਤਾ ਬਾਰੇ ਵਾਸ਼ਿੰਗਟਨ ਪੋਸਟ ਤੋਂ ਲੈ ਕੇ ਦੁਨੀਆਂ ਭਰ ਦੀਆਂ ਜ਼ੁਬਾਨਾਂ ਵਿੱਚ ਜ਼ਿਕਰ ਹੋਇਆ ਹੈ। ਪਰਨੀਆ ਅੱਬਾਸੀ ਨੇ ਜ਼ਿੰਦਗੀ ਦੀਆਂ ਕਈ ਪੌੜੀਆਂ ਜਵਾਨੀ ਵਿੱਚ ਤੇ ਅੱਲ੍ਹੜ ਉਮਰ ਵਿੱਚ ਹੀ ਤੈਅ ਕਰ ਲਈਆਂ ਸਨ। ਉਹ ਇੱਕ ਪ੍ਰਾਇਮਰੀ ਸਕੂਲ ਵਿੱਚ ਤਹਿਰਾਨ ਦੇ ਬਾਹਰਲੇ ਇਲਾਕੇ ਵਿੱਚ ਨਰਸਰੀ ਟੀਚਰ ਸੀ ਅਤੇ ਹਰ ਸਮੇਂ ਸਾਹਿਤ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਮੰਨਣ ਵਾਲੀ ਪਰਨੀਆ ਅੱਬਾਸੀ ਆਪਣੀਆਂ ਕਵਿਤਾਵਾਂ ਵਿੱਚ ਕਹਿੰਦੀ ਸੀ। ਉਸ ਦੀ ਕਵਿਤਾ 'ਦ ਐਕਸਟਿੰਗੁਇਸ਼ਡ ਸਟਾਰ' ਵਿੱਚ ਇੱਕ ਜੀਵਨ ਨੂੰ ਦੇਖਦੀ ਹੈ ਜੋ ਬਹੁਤ ਜਲਦੀ ਚੁੱਪ ਹੋ ਗਈ ਹੈ।ਉਹ ਨਵੀਂ ਪੀੜ੍ਹੀ ਦੀ ਈਰਾਨ ਸਾਹਿਤ ਦੀ ਇੱਕ ਪ੍ਰਤਿਭਾਸ਼ਾਲੀ ਕਵੀ ਪਰਨੀਆ ਅੱਬਾਸੀ ਦੀ ਮੌਤ 'ਤੇ ਉਸ ਦੀ ਦਰਦਨਾਕ ਕਵਿਤਾ, ਦ ਐਕਸਟਿੰਗੁਇਸ਼ਡ ਸਟਾਰ ਵਿੱਚ ਲਿਖਿਆ ਸੀ, ਇੱਕ ਜ਼ਿੰਦਗੀ ਅਤੇ ਰੋਸ਼ਨੀ ਦੇ ਦੁੱਖ ਨੂੰ ਕੈਦ ਕਰਦੀ ਹੈ ਜੋ ਅਚਾਨਕ ਬੁਝ ਗਈ:

'ਮੈਂ ਤੁਹਾਡੇ ਲਈ ਅਤੇ ਮੇਰੇ ਲਈ ਦੋਵਾਂ ਲਈ ਰੋਈ ... ਮੈਂ ਸੜਦਾ ਹਾਂ (ਬਾਕੀ ਸਫਾ 2 'ਤੇ)

## ਕੋਰੋਨਾ ਦੇ ਨਵੇਂ ਵੇਰੀਐਂਟ ਨਿੰਬਸ ਨੇ ਦਿੱਤੀ ਦਸਤਕ, ਡਬਲਯੂ.ਐਚ.ਓ. ਵੱਲੋਂ ਅਲਰਟ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 19 ਜੂਨ :ਕੋਰੋਨਾ ਵਾਇਰਸ ਇੱਕ ਵਾਰ ਫਿਰ ਚਿੰਤਾ ਵਧਾ ਰਿਹਾ ਹੈ। ਹੁਣ ਖ਼ਬਰ ਹੈ ਕਿ ਕੋਵਿਡ ਦਾ ਇੱਕ ਨਵਾਂ ਸਬ ਵੇਰੀਐਂਟ ਅਮਰੀਕਾ ਵਿੱਚ ਦਸਤਕ ਦੇ ਰਿਹਾ ਹੈ, ਜਿਸ ਕਾਰਨ ਪੀੜਤਾਂ ਵਿੱਚ ਨਵੇਂ ਲੱਛਣ ਦੇਖੇ ਜਾ ਰਹੇ ਹਨ। ਇਸ ਸਮੇਂ ਡਬਲਯੂਐਚਓ ਯਾਨੀ ਵਿਸ਼ਵ ਸਿਹਤ ਸੰਗਠਨ ਅਤੇ ਅਮਰੀਕੀ ਸਿਹਤ ਏਜੰਸੀਆਂ ਇਸ 'ਤੇ ਨਜ਼ਰ ਰੱਖ ਰਹੀਆਂ ਹਨ। ਇਸ ਵੇਰੀਐਂਟ ਦਾ ਨਾਮ ਐਨ.ਬੀ.ਏ.ਐਚ.ਏ. ਹੈ। ਖਾਸ ਗੱਲ ਇਹ ਹੈ ਕਿ ਇਸ ਤੋਂ ਪਹਿਲਾਂ ਇਹ ਵੇਰੀਐਂਟ ਚੀਨ ਵਿੱਚ ਵੀ ਪਾਇਆ ਗਿਆ ਹੈ ਹਾਲਾਂਕਿ, ਭਾਰਤ ਵਿੱਚ ਇਸ ਦੀ ਮੌਜੂਦਗੀ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸ ਉਪ ਵੇਰੀਐਂਟ ਦੀ ਪਛਾਣ ਨਿੰਬਸ ਨਾਮ ਨਾਲ ਵੀ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਮਰੀਜ਼ਾਂ ਨੂੰ ਗਲੇ ਵਿੱਚ ਦਰਦ ਹੋ ਰਿਹਾ ਹੈ। ਇਸ ਕਾਰਨ ਮਰੀਜ਼ ਇਸ ਨੂੰ ਰੇਜ਼ਰ ਬਲੇਡ ਥਰੋਟ ਵੀ ਕਹਿ ਰਹੇ ਹਨ। ਮੀਡੀਆ ਰਿਪੋਰਟਾਂ ਵਿੱਚ ਸੀਡੀਸੀ ਯਾਨੀ ਰੋਗ ਨਿਯੰਤਰਣ (ਬਾਕੀ ਸਫਾ 2 'ਤੇ)


PATANJALI®

11ਵੇਂ ਕੌਮਾਂਤਰੀ ਯੋਗ ਦਿਵਸ 'ਤੇ ਸਿਹਤਮੰਦ, ਖੁਸ਼ਹਾਲ ਅਤੇ ਪਰਮ ਗੌਰਵਸ਼ਾਲੀ ਭਾਰਤ ਦੇ ਨਿਰਮਾਣ ਦਾ ਸੰਕਲਪ ਲਈਏ

ਯੋਗਮਈ ਭਾਰਤ : ਸਵਾਮੀ ਰਾਮਦੇਵ ਜੀ ਦਾ ਸੱਦਾ





ਆਓ, ਇਸ ਕੌਮਾਂਤਰੀ ਯੋਗ ਦਿਵਸ 'ਤੇ ਸਵਾਮੀ ਜੀ ਦੀ ਅਗਵਾਈ ਵਿਚ ਯੋਗਵਰਤੀ ਅਤੇ ਸਵਦੇਸ਼ੀਵਰਤੀ ਬਣ ਕੇ ਇੱਕ ਸਿਹਤਮੰਦ, ਖੁਸ਼ਹਾਲ, ਸਮਰੱਥ, ਸੰਗਠਿਤ ਅਤੇ ਪਰਮ ਗੌਰਵਸ਼ਾਲੀ ਭਾਰਤ ਦਾ ਨਿਰਮਾਣ ਕਰੀਏ। ਪਤੰਜਲੀ ਦੇ ਮਾਧਿਅਮ ਨਾਲ ਪਿਛਲੇ ਤਿੰਨ ਦਹਾਕਿਆਂ ਵਿਚ ਯੋਗ, ਆਯੁਰਵੇਦ ਅਤੇ ਸਵਦੇਸ਼ੀ ਨੇ ਵਿਸ਼ਵ ਦੇ 200 ਦੇਸ਼ਾਂ ਵਿਚ 200 ਕਰੋੜ ਤੋਂ ਵੱਧ ਲੋਕਾਂ ਨੂੰ ਰੋਗਮੁਕਤੀ, ਨਸ਼ਾ ਮੁਕਤੀ ਅਤੇ ਅਧਿਆਤਮਕ ਜਾਗ੍ਰਿਤੀ ਦਾ ਮਾਰਗ ਦਿਖਾਇਆ ਹੈ। ਇਸ ਨਾਲ ਨਾ ਸਿਰਫ ਲੱਖਾਂ ਕਰੋੜ ਰੁਪਏ ਦੀ ਬਚਤ ਹੋਈ, ਸਗੋਂ ਇੱਕ ਅਧਿਆਤਮਕ, ਸਨਾਤਨ ਜੀਵਨ ਪ੍ਰਣਾਲੀ ਦੀ ਨੀਂਹ ਵੀ ਰੱਖੀ ਗਈ।

"ਜਾਗਰਣ ਦੇ ਦੇਵਤਾ"

ਦੇਸ਼ ਦੇ ਸਰਵਉਚ ਸੰਤਾਂ ਸਮੇਤ ਕਰੋੜਾਂ ਲੋਕ ਸਵਾਮੀ ਜੀ ਮਹਾਰਾਜ ਨੂੰ "ਜਾਗਰਣ ਦੇ ਦੇਵਤਾ" ਦੇ ਰੂਪ ਵਿਚ ਦੇਖਦੇ ਹਨ, ਜਿਨ੍ਹਾਂ ਨੇ ਦੇਸ਼ ਭਰ ਵਿਚ 25 ਲੱਖ ਕਿਲੋਮੀਟਰ ਦੀ ਯਾਤਰਾ ਕਰਕੇ ਦਸ ਕਰੋੜ ਤੋਂ ਵੱਧ ਲੋਕਾਂ ਨੂੰ ਯੋਗ ਦੀ ਸਿਖਲਾਈ ਦੇ ਕੇ, ਇੱਕ ਕਰੋੜ ਨਿਰਸਵਾਰਥ ਅਤੇ ਨਿਸ਼ਕਾਮ ਸੇਵਾ ਕਰਨ ਵਾਲੇ ਸ਼ਰਧਾਵਾਨ ਕਾਰਜਕਰਤਾ ਤਿਆਰ ਕੀਤੇ। ਪਤੰਜਲੀ ਦੇ ਉਹ ਸਿਖਲਾਈ ਪ੍ਰਾਪਤ ਯੋਗੀ ਭੈਣ-ਭਰਾ ਦੇਸ਼ ਦੇ ਹਰ ਪਿੰਡ, ਸ਼ਹਿਰ, ਗਲੀ ਅਤੇ ਮੁਹੱਲੇ ਵਿਚ ਇੱਕ ਲੱਖ ਤੋਂ ਵੱਧ ਯੋਗ ਕੈਂਪਾਂ ਅਤੇ ਨਿਯਮਿਤ ਯੋਗ ਜਮਾਤਾਂ ਦੇ ਮਾਧਿਅਮ ਨਾਲ ਲੋਕਾਂ ਨੂੰ ਸਿਹਤ ਅਤੇ ਜਾਗਰੂਕਤਾ ਦਾ ਸੁਨੇਹਾ ਦੇ ਰਹੇ ਹਨ। ਸਵੇਰੇ ਜਲਦੀ ਉਠ ਕੇ ਯੋਗ ਕਰਨ ਦੀ ਇਹ ਕ੍ਰਾਂਤੀ ਭਾਰਤ ਨੂੰ ਨਵੀਂ ਦਿਸ਼ਾ ਦੇ ਰਹੀ ਹੈ।

ਵਿਸ਼ਵ ਦੇ ਸਭ ਤੋਂ ਵੱਡੇ ਯੋਗ ਗੁਰੂ
ਯੋਗ ਰਿਸ਼ੀ ਸਵਾਮੀ ਰਾਮਦੇਵ ਮਹਾਰਾਜ ਨਾਲ ਸਿੱਧਾ ਜੁੜ ਕੇ ਯੋਗ ਸਿੱਖੋ

ਆਸਥਾ LIVE — ਰੋਜ਼ਾਨਾ ਸਵੇਰੇ 5.30 ਤੋਂ 7.30 ਅਤੇ ਰਾਤ 8.00 ਵਜੇ

INDIA TV — ਰੋਜ਼ ਸਵੇਰੇ 7.56 ਵਜੇ

**ਨਿਰਸਵਾਰਥ ਭਾਵ ਨਾਲ ਮਨੁੱਖੀ ਕਲਿਆਣ ਦੀ ਮੁਹਿੰਮ** ਅੱਜ ਪੂਰੇ ਦੇਸ਼ ਭਰ ਵਿੱਚ ਪਤੰਜਲੀ ਦੇ 10,000 ਤੋਂ ਵੱਧ ਕੇਂਦਰਾਂ ਅਤੇ 2,500 ਯੋਗ ਅਤੇ ਸਿਖਲਾਈ ਪ੍ਰਾਪਤ ਵੈਦਾਂ ਦੇ ਮਾਧਿਅਮ ਨਾਲ ਯੋਗ, ਆਯੁਰਵੇਦ ਅਤੇ ਸਵਦੇਸ਼ੀ ਦੇ ਖੇਤਰ ਵਿੱਚ ਬਹੁਤ ਵੱਡੀ ਸੇਵਾ ਚੱਲ ਰਹੀ ਹੈ। ਜੇਕਰ ਇਸ ਸੇਵਾ ਦਾ ਮੁਲਾਂਕਣ ਕਰੀਏ ਤਾਂ ਰਾਸ਼ਟਰ ਸੇਵ ਵਿੱਚ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਦਾ ਯੋਗਦਾਨ ਹੈ। ਪਤੰਜਲੀ ਦਾ ਹਰ ਅਨੁਭਵ ਭਾਰਤ ਮਾਤਾ ਦੀ ਸੇਵਾ ਲਈ ਸਮਰਪਿਤ ਹੈ।

**ਸਵਦੇਸ਼ੀ ਨਾਲ ਖੁਸ਼ਹਾਲੀ : ਅਰਥ ਤੋਂ ਪਰਮਾਰਥ** ਆਕਸਫੈਮ ਗਲੋਬਲ ਯੂ.ਕੇ. ਅਤੇ ਹੋਰ ਸਰੋਤਾਂ ਦੇ ਸਰਵੇਖਣ ਅਨੁਸਾਰ 1765 ਤੋਂ 1900 ਦੇ ਵਿਚਕਾਰ ਵਿਦੇਸ਼ੀ ਕੰਪਨੀਆਂ ਅਤੇ ਹਮਲਾਵਾਰਾਂ ਨੇ ਭਾਰਤ ਤੋਂ 100 ਟ੍ਰਿਲੀਅਨ ਡਾਲਰ ਤੋਂ ਵੱਧ ਦੀ ਲੁੱਟ ਕੀਤੀ ਅਤੇ ਅੱਜ ਵੀ ਇਹ ਲੁੱਟ ਨਿਰੰਤਰ ਜਾਰੀ ਹੈ। ਸਵਾਮੀ ਜੀ ਸਵਦੇਸ਼ੀ ਦੇ ਮਾਧਿਅਮ ਤੋਂ ਇਸ ਲੁੱਟ ਨੂੰ ਰੋਕਣ ਅਤੇ ਭਾਰਤ ਨੂੰ ਆਰਥਿਕ ਮਹਾਸ਼ਕਤੀ ਦੇ ਵੱਲ ਲਿਜਾਣ ਲਈ ਸੰਕਲਪਬੱਧ ਹਨ। "Prosperity for Charity" : ਪਤੰਜਲੀ ਨੇ 100% ਲਾਭ ਭਾਰਤ ਮਾਤਾ ਦੀ ਸੇਵਾ ਵਿੱਚ ਲਗਾਇਆ ਹੈ, ਲਗਾ ਰਹੇ ਹਨ ਅਤੇ ਅੱਗੇ ਵੀ ਲਗਾਉਣਗੇ।

**ਭਾਰਤੀ ਸਿੱਖਿਆ ਬੋਰਡ ਦੁਆਰਾ ਮੈਕਾਲੇ ਦੀ ਸਿੱਖਿਆ ਪ੍ਰਣਾਲੀ ਤੋਂ ਮੁਕਤੀ** 1835 ਤੋਂ ਚਲੀ ਆ ਰਹੀ ਮੈਕਾਲੇ ਦੀ ਸਿੱਖਿਆ ਪ੍ਰਣਾਲੀ ਤੋਂ ਦੇਸ਼ ਨੂੰ ਮੁਕਤ ਕਰਨ ਦੇ ਲਈ ਪਤੰਜਲੀ ਗੁਰੂਕੁਲਮ ਅਤੇ ਆਚਾਰਯਕੁਲ ਵਰਗੀਆਂ ਸੰਸਥਾ ਭਾਰਤੀ ਸਿੱਖਿਆ ਬੋਰਡ ਦੇ ਨਾਲ ਉਤਮ ਸ਼ਖਸੀਅਤ, ਚਰਿੱਤਰ ਅਤੇ ਅਗਵਾਈ ਵਾਲੇ ਬੱਚਿਆਂ ਦਾ ਨਿਰਮਾਣ ਕਰ ਰਹੇ ਹਨ। ਅੱਗੇ ਲੱਖਾਂ ਸਕੂਲਾਂ ਨੂੰ ਭਾਰਤੀ ਸਿੱਖਿਆ ਬੋਰਡ ਨਾਲ ਸਬੰਧਤ ਕਰਕੇ ਅਸੀਂ ਇੱਕ ਨਵੇਂ ਭਾਰਤ ਦਾ ਨਿਰਮਾਣ ਕਰ ਰਹੇ ਹਾਂ। ਆਪਣੇ ਬੱਚਿਆਂ ਨੂੰ ਪਤੰਜਲੀ ਗੁਰੂਕੁਲਮ, ਆਚਾਰਯਕੁਲਮ, ਪਤੰਜਲੀ ਯੂਨੀਵਰਸਿਟੀ ਵਿਚ ਪੜ੍ਹਾਓ ਅਤੇ ਬੀ.ਐੱਸ.ਬੀ. ਦੇ ਨਾਲ ਆਪਣੇ ਸਕੂਲ ਨੂੰ ਸਬੰਧਤ ਕਰਕੇ ਰਾਸ਼ਟਰ ਨਿਰਮਾਣ ਦੇ ਮਹਾਂਯੱਗ ਵਿਚ ਆਪਣੀ ਭੂਮਿਕਾ ਨਿਭਾਓ।

**ਸਿਹਤ ਕ੍ਰਾਂਤੀ: ਨਿਰੋਗੀ ਭਾਰਤ** ਚਰਕ, ਸੁਸ਼ਰੁਤ, ਧਨਵੰਤਰੀ ਅਤੇ ਪਤੰਜਲੀ ਵਰਗੇ ਮਹਾਂਰਿਸ਼ੀਆਂ ਦੇ ਗਿਆਨ 'ਤੇ ਆਧਾਰਿਤ ਵਿਗਿਆਨਕ ਖੋਜ ਦੇ ਨਾਲ ਪਤੰਜਲੀ ਵੈਲਨੈਸ, ਯੋਗਗ੍ਰਾਮ ਅਤੇ ਨਿਰਮਯਮ ਜਿਵੇਂ ਵਿਸ਼ਵ ਖੋਜ ਇੰਟੀਗ੍ਰੇਟਿਡ ਟਰੀਟਮੈਂਟ ਸੈਂਟਰ ਸਥਾਪਿਤ ਕੀਤੇ ਗਏ ਹਨ, ਜੋ ਕਿ ਲੋਕ ਕਰੋੜਾਂ ਲੋਕ ਤੰਦਰੁਸਤ ਅਤੇ ਸਿਹਤਮੰਦ ਹੋ ਰਹੇ ਹਨ। ਸੁਆਮੀ ਜੀ ਦਾ ਸੱਦਾ ਹੈ ਕਿ ਹਰ ਵਿਅਕਤੀ ਖੁਦ ਯੋਗ ਕਰੇ ਅਤ ਦਸ ਲੋਕਾਂ ਨੂੰ ਯੋਗ ਕਰਾਵੇ। ਜੇਕਰ 1% ਜਾਗਰੂਕ ਲੋਕ ਵੀ ਸਵੇਰੇ ਯੋਗ ਕਰਨ ਅਤੇ ਯੋਗਮਈ ਸਨਾਤਨ ਜੀਵਨ ਵਿਧੀ ਨੂੰ ਅਪਣਾਉਣ ਤਾਂ ਭਾਰਤ ਦਾ ਹੈਲਥ ਬਜਟ ਸਿਫਰ ਹੋ ਸਕਦਾ ਹੈ

**ਖੋਜ ਅਤੇ ਹੱਲ : ਵਿਗਿਆਨ ਅਤੇ ਪਰੰਪਰਾ ਦਾ ਸੰਗਮ** ਪਤੰਜਲੀ ਦੇ 500 ਤੋਂ ਵੱਧ ਵਿਗਿਆਨੀਆਂ ਨੇ ਸਾਲਾਂ ਦੀ ਖੋਜ ਨਾਲ ਐਵੀਡੈਂਸ-ਬੇਸਡ ਪਤੰਜਲੀ ਮੇਡਿਸਿਨਸ ਵਿਕਸਿਤ ਕੀਤੀਆਂ ਹਨ, ਜੋ ਲਿਵਰ, ਕਿਡਨੀ, ਹਾਰਟ, ਬ੍ਰੇਨ ਅਤੇ ਰੈਸਪੀਰੇਟਰੀ ਸਿਸਟਮ ਦੇ ਰੋਗਾਂ ਨੂੰ ਠੀਕ ਕਰ ਰਹੀਆਂ ਹਨ। 5,000 ਤੋਂ ਵੱਧ ਰਿਸਰਚ ਪ੍ਰੋਟੋਕੋਲ ਅਤੇ 500 ਤੋਂ ਵੱਧ ਇੰਟਰਨੇਸ਼ਨਲ ਜਰਨਲਜ਼ ਵਿੱਚ ਰਿਸਰਚ ਪੇਪਰਜ਼ ਦੇ ਪਬਲੀਕੇਸ਼ਨ ਨੇ ਆਯੁਰਵੇਦ ਨੂੰ ਰਿਸਰਚ ਅਤੇ ਐਵੀਡੈਂਸ ਬੇਸਡ ਮੈਡੀਸਨ ਦਾ ਦਰਜਾ ਦਿਵਾਉਣ ਦਾ ਬਹੁਤ ਵੱਡਾ ਕੰਮ ਕੀਤਾ ਹੈ।

**ਯੋਗ ਧਰਮ ਹੁਣ ਯੁਗ ਧਰਮ ਬਣੇ : ਸਨਾਤਨ ਹੀ ਹੱਲ ਹੈ** ਅੱਜ ਯੋਗ ਅਤੇ ਸਨਾਤਨ ਵਿਸ਼ਵ ਧਰਮ ਦੀ ਲੋੜ ਹੈ। ਤਣਾਅ, ਬਿਮਾਰੀਆਂ, ਸਮਾਜਿਕ ਅਤੇ ਸੱਭਿਆਚਾਰਕ ਪਤਨ ਨਾਲ ਜੂਝ ਰਹੀ ਦੁਨੀਆ ਨੂੰ ਪਤੰਜਲੀ ਯੋਗ ਅਤੇ ਸਨਾਤਨ ਕੀਮਤਾਂ ਦੇ ਮਾਧਿਅਮ ਤੋਂ ਨਵੀਂ ਦਿਸ਼ਾ ਦੇ ਰਿਹਾ ਹੈ। ਆਓ, ਯੋਗਧਰਮ ਮੂਲਕ ਸਨਾਤਨ ਜੀਵਨ ਵਿਧੀ ਨੂੰ ਅਪਣਾਈਏ।

**ਪੰਚ ਮਹਾਕ੍ਰਾਂਤੀਆਂ ਦਾ ਸ਼ੰਖਨਾਦ** ਸਿੱਖਿਆ, ਇਲਾਜ, ਆਰਥਿਕ ਅਤੇ ਸੱਭਿਆਚਾਰਕ ਗੁਲਾਮੀ ਮੁਕਤੀ ਦਿਵਾਉਣ ਅਤੇ ਆਰਥਿਤ ਅਤੇ ਅਧਿਆਤਮਿਕ ਭਾਰਤ ਬਣਾਉਣ ਲਈ ਇੱਕ ਲੱਖ ਤੋਂ ਵੱਧ ਗੌ ਮਾਤਾ ਦੀ ਸੇਵਾ ਕਰ ਰਿਹਾ ਹੈ ਅਤੇ ਗੌਵੰਸ਼ ਨੂੰ ਬਚਾਉਣ ਲਈ ਇੱਕ ਵੱਡੀ ਕਾਰਜ ਯੋਜਨਾ 'ਤੇ ਕਾਰਜਸ਼ੀਲ ਹੈ।

ਪਤੰਜਲੀ ਕੇ ਸ਼ੁੱਧ ਅਤੇ ਸਾਤਵਿਕ ਪ੍ਰੋਡਕਟਸ ਅਪਣਾਓ,
ਆਪਣੇ ਬੱਚਿਆਂ ਅਤੇ ਪਰਿਵਾਰ ਨੂੰ ਮਿਲਾਵਟ ਦੇ ਜ਼ਹਿਰ ਤੋਂ ਬਚਾਓ।



# 'ਕਿਊ.ਐਸ. ਵਰਲਡ ਯੂਨੀਵਰਸਿਟੀ ਰੈਂਕਿੰਗਜ਼'-2026 ਭਾਰਤ ਦੇ ਸਿੱਖਿਆ ਖੇਤਰ ਲਈ ਬਹੁਤ ਚੰਗੀ ਖ਼ਬਰ ਲੈ ਕੇ ਆਇਆ: ਮੋਦੀ

## ਸੰਸਥਾ ਦੋ ਸਾਲਾਂ ਵਿੱਚ 70 ਤੋਂ ਵੱਧ ਸਥਾਨਾਂ 'ਤੇ ਚੜ੍ਹ ਕੇ ਵੱਕਾਰੀ ਸੂਚੀ ਵਿੱਚ 123ਵੇਂ ਸਥਾਨ 'ਤੇ ਪਹੁੰਚੀ

ਨਵੀਂ ਦਿੱਲੀ, 19 ਜੂਨ (ਚ.ਨ.ਸ.) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ 'ਕਿਊ.ਐਸ. ਵਰਲਡ ਯੂਨੀਵਰਸਿਟੀ ਰੈਂਕਿੰਗਜ਼' 2026 ਭਾਰਤ ਦੇ ਸਿੱਖਿਆ ਖੇਤਰ ਲਈ ਬਹੁਤ ਚੰਗੀ ਖ਼ਬਰ ਲੈ ਕੇ ਆਇਆ ਹੈ। ਭਾਰਤ ਦੇ 54 ਸੰਸਥਾਨਾਂ ਨੂੰ ਇਸ ਰੈਂਕਿੰਗ ਵਿੱਚ ਸ਼ਾਮਲ ਕੀਤਾ ਗਿਆ ਹੈ।

ਮੋਦੀ ਨੇ 'ਐਕਸ' 'ਤੇ ਲਿਖਿਆ, 'ਕਿਊ.ਐਸ. ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2026 ਸਾਡੇ ਸਿੱਖਿਆ ਖੇਤਰ ਲਈ ਬਹੁਤ ਚੰਗੀ ਖ਼ਬਰ ਲੈ ਕੇ ਆਇਆ ਹੈ। ਸਾਡੀ ਸਰਕਾਰ ਭਾਰਤ ਦੇ ਨੌਜਵਾਨਾਂ ਦੇ ਲਾਭ ਲਈ ਖੋਜ ਅਤੇ ਨਵੀਨਤਾ ਵਾਤਾਵਰਨ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ।



ਵੀਰਵਾਰ ਸਵੇਰੇ ਜਾਰੀ ਕੀਤੀ ਗਈ ਰੈਂਕਿੰਗ ਦੇ ਅਨੁਸਾਰ, ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈ.ਆਈ.ਟੀ.)-ਦਿੱਲੀ ਸਭ ਤੋਂ ਉੱਚਾ ਦਰਜਾ ਪ੍ਰਾਪਤ ਭਾਰਤੀ ਸੰਸਥਾ ਹੈ। ਸੰਸਥਾ ਦੋ ਸਾਲਾਂ ਵਿੱਚ 70 ਤੋਂ ਵੱਧ ਸਥਾਨਾਂ 'ਤੇ ਚੜ੍ਹ ਕੇ ਵੱਕਾਰੀ ਸੂਚੀ ਵਿੱਚ 123ਵੇਂ ਸਥਾਨ 'ਤੇ ਪਹੁੰਚ ਗਈ ਹੈ।ਇਸ ਸਾਲ ਰੈਂਕਿੰਗ ਵਿੱਚ ਅੱਠ ਨਵੇਂ ਭਾਰਤੀ ਸੰਸਥਾਨਾਂ ਦੇ ਸ਼ਾਮਲ ਹੋਣ ਨਾਲ, ਭਾਰਤੀ ਸੰਸਥਾਵਾਂ ਦੀ ਗਿਣਤੀ ਹੁਣ 54 ਹੋ ਗਈ ਹੈ। ਅਮਰੀਕਾ (192 ਸੰਸਥਾਵਾਂ), ਯੂਕੇ (90 ਸੰਸਥਾਵਾਂ) ਅਤੇ ਮੇਨਲੈਂਡ ਚੀਨ (72 ਸੰਸਥਾਵਾਂ) ਤੋਂ ਬਾਅਦ ਭਾਰਤ ਚੌਥੇ ਸਥਾਨ 'ਤੇ ਹੈ।

ਇਸ ਸਾਲ ਕਿਸੇ ਹੋਰ ਦੇਸ਼ ਜਾਂ ਖੇਤਰ ਨੇ ਇੰਨੀਆਂ ਯੂਨੀਵਰਸਿਟੀਆਂ ਨੂੰ ਰੈਂਕਿੰਗ ਵਿੱਚ ਸ਼ਾਮਲ ਨਹੀਂ ਕੀਤਾ ਹੈ। ਜਾਰਡਨ ਅਤੇ ਅਜ਼ਰਬਾਈਜਾਨ ਇਸ ਮਾਮਲੇ ਵਿੱਚ ਦੂਜੇ ਸਥਾਨ 'ਤੇ ਹਨ ਅਤੇ ਦੋਵਾਂ ਦੀਆਂ ਛੇ-ਛੇ ਯੂਨੀਵਰਸਿਟੀਆਂ 2026 ਦੀ ਰੈਂਕਿੰਗ ਵਿੱਚ ਸ਼ਾਮਲ ਹਨ।

ਲੰਡਨ-ਅਧਾਰਤ ਗਲੋਬਲ ਉੱਚ ਸਿੱਖਿਆ ਵਿਸ਼ਲੇਸ਼ਣ ਕੰਪਨੀ 'ਕਵਾਕੁਆਰੇਲੀ ਸਾਇਮੰਡਸ' (ਕਿਊ.ਐਸ.) ਦੁਆਰਾ ਸਾਲਾਨਾ ਪ੍ਰਕਾਸ਼ਿਤ ਵੱਕਾਰੀ 'ਕਿਊ.ਐਸ. ਵਰਲਡ ਯੂਨੀਵਰਸਿਟੀ ਰੈਂਕਿੰਗ' ਦੇ ਤਹਿਤ, ਯੂਨੀਵਰਸਿਟੀਆਂ ਦਾ ਮੁਲਾਂਕਣ ਵੱਖ-ਵੱਖ ਪ੍ਰਦਰਸ਼ਨ ਸੂਚਕਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

# ਇੰਟੈਲੀਜੈਂਸ ਏਜੰਸੀਆਂ ਨੇ ਕੈਨੇਡੀਅਨ ਧਰਤੀ 'ਤੇ ਖ਼ਾਲਿਸਤਾਨੀ ਸਰਗਰਮੀਆਂ ਦੀ ਗੱਲ ਕਬੂਲੀ

ਓਟਵਾ, 19 ਜੂਨ (ਚ.ਨ.ਸ.) : : ਪਹਿਲੀ ਵਾਰ ਕੈਨੇਡਾ ਦੀ ਪ੍ਰਮੁੱਖ ਖੁਫੀਆ ਏਜੰਸੀ ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ (ਸੀ.ਐਸ.ਆਈ.ਐਸ) ਨੇ ਅਧਿਕਾਰਤ ਤੌਰ 'ਤੇ ਮੰਨਿਆ ਹੈ ਕਿ ਖਾਲਿਸਤਾਨੀ ਵੱਖਵਾਦੀ ਭਾਰਤ ਵਿੱਚ ਹਿੰਸਾ ਨੂੰ ਵਧਾਉਣ, ਫੰਡ ਇਕੱਠੇ ਕਰਨ ਅਤੇ ਯੋਜਨਾ ਬਣਾਉਣ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕਰ ਰਹੇ ਹਨ। ਸੀ.ਐਸ.ਆਈ.ਐਸ ਨੇ ਬੁੱਧਵਾਰ ਨੂੰ ਆਪਣੀ ਸਾਲਾਨਾ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਕੈਨੇਡਾ ਦੀ ਕੌਮੀ ਸੁਰੱਖਿਆ ਲਈ ਕੁਝ ਮੁੱਖ ਚਿੰਤਾਵਾਂ ਅਤੇ ਖਤਰਿਆਂ ਨੂੰ ਉਜਾਗਰ ਕੀਤਾ ਗਿਆ ਹੈ। ਕੈਨੇਡਾ ਦੀ ਖੁਫੀਆ ਏਜੰਸੀ ਸੀ.ਐਸ.ਆਈ.ਐਸ ਦੀ ਰਿਪੋਰਟ ਸਪੱਸ਼ਟ ਤੌਰ 'ਤੇ ਕਹਿੰਦੀ ਹੈ, ਖਾਲਿਸਤਾਨੀ ਵੱਖਵਾਦੀ ਕੈਨੇਡਾ ਨੂੰ ਮੁੱਖ ਤੌਰ 'ਤੇ ਭਾਰਤ ਵਿੱਚ ਹਿੰਸਾ ਨੂੰ ਵਧਾਉਣ, ਫੰਡ ਇਕੱਠੇ ਕਰਨ ਜਾਂ ਯੋਜਨਾ ਬਣਾਉਣ ਲਈ ਇੱਕ ਅਧਾਰ ਵਜੋਂ ਵਰਤਣਾ ਜਾਰੀ ਰੱਖਦੇ ਹਨ। ਭਾਰਤ ਸਾਲਾਂ ਤੋਂ ਕੈਨੇਡੀਅਨ ਧਰਤੀ ਤੋਂ ਕੰਮ ਕਰ ਰਹੇ ਖਾਲਿਸਤਾਨੀ ਵੱਖਵਾਦੀਆਂ ਬਾਰੇ ਚਿੰਤਾਵਾਂ ਦਾ ਮੁੱਦਾ ਉਠਾਉਂਦਾ ਰਿਹਾ ਹੈ, ਪਰ ਕੈਨੇਡਾ ਨੇ ਇਸ ਮੁੱਦੇ 'ਤੇ ਜ਼ਿਆਦਾਤਰ ਅੱਖਾਂ ਬੰਦ ਕਰ ਰੱਖੀਆਂ ਸਨ।ਸੀ.ਐਸ.ਆਈ.ਐਸ ਦੀ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਕੈਨੇਡਾ ਭਾਰਤ ਵਿਰੋਧੀ ਅਨਸਰਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਬਣ ਗਿਆ ਹੈ, ਜਿਸ ਨਾਲ ਭਾਰਤ ਦੀਆਂ ਸਾਲਾਂ ਤੋਂ ਉਠਾਈਆਂ ਗਈਆਂ ਚਿੰਤਾਵਾਂ ਸਹੀ ਸਾਬਤ ਹੋਈਆਂ ਹਨ।





ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 1980 ਦੇ ਦਹਾਕੇ ਦੇ ਮੱਧ ਤੋਂ ਕੈਨੇਡਾ ਵਿੱਚ ਪੀ.ਐਮ.ਵੀ.ਈ. ਦਾ ਖਤਰਾ ਮੁੱਖ ਤੌਰ 'ਤੇ ਸੀ.ਬੀ.ਕੇ.ਈ ਵੱਲੋਂ ਪਰਗਟ ਹੋਇਆ ਹੈ। ਕੈਨੇਡਾ ਵਿੱਚ ਸਿਆਸੀ ਤੌਰ 'ਤੇ ਪ੍ਰੇਰਿਤ ਹਿੰਸਕ ਵੱਖਵਾਦ (ਪੀ.ਐਮ.ਵੀ.ਈ.) ਦਾ ਖਤਰਾ ਮੁੱਖ ਤੌਰ 'ਤੇ ਕੈਨੇਡਾ-ਅਧਾਰਤ ਖਾਲਿਸਤਾਨੀ ਵੱਖਵਾਦੀਆਂ (ਸੀ.ਬੀ.ਕੇ.ਈ) ਵੱਲੋਂ ਪ੍ਰਗਟ ਹੋਇਆ ਹੈ, ਜੋ ਭਾਰਤ ਵਿੱਚ ਪੰਜਾਬ ਦੇ ਅੰਦਰ ਹੀ ਖਾਲਿਸਤਾਨ ਨਾਮਕ ਇੱਕ ਸੁਤੰਤਰ ਰਾਸ਼ਟਰ ਰਾਜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਰਿਪੋਰਟ ਵਿੱਚ ਲਿਖਿਆ ਹੈ। ਵਿਅਕਤੀਆਂ ਦਾ ਇੱਕ ਛੋਟਾ ਸਮੂਹ ਖਾਲਿਸਤਾਨੀ ਵੱਖਵਾਦੀ ਮੰਨਿਆ ਜਾਂਦਾ ਹੈ, ਕਿਉਂਕਿ ਉਹ ਮੁੱਖ ਤੌਰ 'ਤੇ ਭਾਰਤ ਵਿੱਚ ਹਿੰਸਾ ਨੂੰ ਵਧਾਉਣ, ਫੰਡ ਇਕੱਠੇ ਕਰਨ ਜਾਂ ਯੋਜਨਾ ਬਣਾਉਣ ਲਈ ਕੈਨੇਡਾ ਨੂੰ ਇੱਕ ਅਧਾਰ ਵਜੋਂ ਵਰਤਣਾ ਜਾਰੀ ਰੱਖਦੇ ਹਨ। ਖਾਸ ਤੌਰ 'ਤੇ ਕੈਨੇਡਾ ਤੋਂ ਉੱਭਰ ਰਿਹਾ ਅਸਲ ਅਤੇ ਸਮਝਿਆ ਜਾਣ ਵਾਲਾ ਖਾਲਿਸਤਾਨੀ ਵੱਖਵਾਦੀ ਕੈਨੇਡਾ ਵਿੱਚ ਭਾਰਤੀ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖਦਾ ਹੈ।ਸੀ.ਐਸ.ਆਈ.ਐਸ ਦੀ ਇਸ ਤਾਜ਼ਾ ਸਾਲਾਨਾ ਰਿਪੋਰਟ ਵਿੱਚ ਇਹ ਖੁਲਾਸਾ ਕੈਨੇਡਾ ਦੇ ਅੰਦਰ ਵਿਦੇਸ਼ੀ ਦਖਲਅੰਦਾਜ਼ੀ ਅਤੇ ਵੱਖਵਾਦੀ ਗਤੀਵਿਧੀਆਂ ਬਾਰੇ ਖਾਸ ਤੌਰ 'ਤੇ ਭਾਰਤ ਨਾਲ ਇਸਦੇ ਸੰਵੇਦਨਸ਼ੀਲ ਕੂਟਨੀਤਕ ਸਬੰਧਾਂ ਦੇ ਸੰਦਰਭ ਵਿੱਚ ਚਿੰਤਾਵਾਂ ਨੂੰ ਮੁੜ ਜਗਾਇਆ ਗਿਆ ਹੈ। ਕੈਨੇਡਾ ਦੀ ਆਪਣੀ ਖੁਫੀਆ ਸੁਰੱਖਿਆ ਨੇ, ਜੋ ਨਵੀਂ ਦਿੱਲੀ ਲੰਬੇ ਸਮੇਂ ਤੋਂ ਕਹਿੰਦੀ ਆ ਰਹੀ ਹੈ ਕੈਨੇਡਾ ਭਾਰਤ ਵਿਰੋਧੀ ਅਨਸਰਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਬਣ ਗਿਆ ਹੈ, ਗੱਲ ਦੀ ਪੁਸ਼ਟੀ ਕੀਤੀ ਹੈ। ਰਿਪੋਰਟ ਵਿੱਚ ਬਾਹਰੀ ਪ੍ਰਭਾਵੀ ਮੁਹਿੰਮਾਂ ਅਤੇ ਘਰੇਲੂ ਵੱਖਵਾਦੀ ਵਿੱਤ ਨੈੱਟਵਰਕ ਦੋਵਾਂ ਵਿਰੁੱਧ ਨਿਰੰਤਰ ਚੌਕਸੀ ਦੀ ਮੰਗ ਕੀਤੀ ਗਈ ਹੈ।

ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ, "ਇਹ ਗਤੀਵਿਧੀਆਂ ਕੈਨੇਡਾ ਦੇ ਸਥਾਨਾਂ ਨੂੰ ਮੁੱਖ ਮੁੱਦਿਆਂ 'ਤੇ ਭਾਰਤ ਦੇ ਹਿੱਤਾਂ ਨਾਲ ਮੇਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਖਾਸ ਤੌਰ 'ਤੇ ਭਾਰਤੀ ਸਰਕਾਰ ਕੈਨੇਡਾ-ਅਧਾਰਤ ਇੱਕ ਸੁਤੰਤਰ ਦੇਸ਼ ਦੇ ਸਮਰਥਕਾਂ ਨੂੰ ਕਿਵੇਂ ਵੇਖਦੀ ਹੈ, ਜਿਸਨੂੰ ਉਹ ਖਾਲਿਸਤਾਨ ਕਹਿੰਦੇ ਹਨ।

ਬੁੱਧਵਾਰ ਦੀ ਰਿਪੋਰਟ ਵਿੱਚ ਲਿਖਿਆ ਗਿਆ ਹੈ, ਭਾਰਤ ਸਰਕਾਰ ਅਤੇ ਨਿੱਝਰ ਕਤਲ ਦੇ ਵਿਚਕਾਰ ਸਬੰਧ ਖਾਲਿਸਤਾਨ ਅੰਦੋਲਨ ਵਿਰੁੱਧ ਭਾਰਤ ਦੇ ਦਮਨਕਾਰੀ ਯਤਨਾਂ ਵਿੱਚ ਇੱਕ ਮਹੱਤਵਪੂਰਨ ਵਾਧਾ ਅਤੇ ਉੱਤਰੀ ਅਮਰੀਕਾ ਵਿੱਚ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਸਪੱਸ਼ਟ ਇਰਾਦਾ ਦਰਸਾਉਂਦਾ ਹੈ ਕੈਨੇਡਾ ਤੋਂ ਉੱਭਰ ਰਿਹਾ ਅਸਲ ਅਤੇ ਸਮਝਿਆ ਜਾਣ ਵਾਲਾ ਖਾਲਿਸਤਾਨੀ ਵੱਖਵਾਦ ਕੈਨੇਡਾ ਵਿੱਚ ਭਾਰਤੀ ਵਿਦੇਸ਼ੀ ਦਖਲਅੰਦਾਜ਼ੀ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖਦਾ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ 77 ਸੰਮੇਲਨ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੁਲਾਉਣ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਇਸ 'ਤੇ ਕੁਝ ਸਿੱਖ ਵਕੀਲਾਂ ਅਤੇ ਉਨ੍ਹਾਂ ਦੇ ਆਪਣੇ ਸੰਸਦ ਮੈਂਬਰਾਂ ਨੇ ਨਰਾਜ਼ਗੀ ਪ੍ਰਗਟਾਈ। ਹਾਲਾਂਕਿ, ਕਾਰਨੀ ਨੇ ਆਲਮੀ ਮਾਮਲਿਆਂ ਵਿੱਚ ਭਾਰਤ ਦੀ ਮਹੱਤਤਾ ਦਾ ਹਵਾਲਾ ਦਿੰਦੇ ਹੋਏ ਆਪਣੇ ਫੈਸਲੇ ਦਾ ਬਚਾਅ ਕੀਤਾ।

ਕਾਰਨੀ ਨੇ ਭਾਰਤ ਦੀ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਅਤੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਦੇ ਰੂਪ ਵਿੱਚ ਦਰਜੇ 'ਤੇ ਜ਼ੋਰ ਦਿੱਤਾ, ਜਿਸ ਨਾਲ ਇਹ ਵਿਸ਼ਵ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਬਣ ਜਾਂਦਾ ਹੈ।

ਨਕਦੀ ਵਿਵਾਦ

# ਸੁਪਰੀਮ ਕੋਰਟ ਜਾਂਚ ਕਮੇਟੀ ਦੀ ਰਿਪੋਰਟ 'ਚ ਜਸਟਿਸ ਵਰਮਾ ਨੂੰ ਹਟਾਉਣ ਦੀ ਤਜਵੀਜ਼

## ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਜੱਜ 'ਤੇ ਮਹਾਂਦੋਸ਼ ਚਲਾਉਣ ਦੀ ਸਿਫਾਰਸ਼

ਨਵੀਂ ਦਿੱਲੀ, 19 ਜੂਨ (ਚ.ਨ.ਸ.) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਪੈਨਲ ਦੀ ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਈ ਕੋਰਟ ਦੇ ਜੱਜ ਯਸ਼ਵੰਤ ਵਰਮਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਉਸ ਸਟੋਰ ਰੂਮ 'ਤੇ 'ਗੁਪਤ ਜਾਂ ਸਰਗਰਮ ਕੰਟਰੋਲ' ਸੀ ਜਿੱਥੇ ਵੱਡੀ ਮਾਤਰਾ ਵਿੱਚ ਅੱਧੇ ਸੜੇ ਹੋਏ ਨੋਟ ਬਰਾਮਦ ਹੋਏ ਸੀ, ਜਿਸ ਤੋਂ ਉਨ੍ਹਾਂ ਦਾ ਗਲਤ ਵਤੀਰਾ ਸਾਬਤ ਹੁੰਦਾ ਹੈ। ਜੋ ਉਨ੍ਹਾਂ ਨੂੰ ਹਟਾਉਣ ਲਈ ਕਾਫੀ ਗੰਭੀਰ ਹੈ।ਇਸ ਬਾਰੇ ਪੈਨਲ ਨੇ 10 ਦਿਨਾਂ ਤੱਕ ਜਾਂਚ ਕੀਤੀ, 55 ਗਵਾਹਾਂ ਤੋਂ ਪੁੱਛਗਿੱਛ ਕੀਤੀ ਅਤੇ ਹਾਦਸੇ ਵਾਲੀ ਉਸ ਥਾਂ ਦਾ ਦੌਰਾ ਕੀਤਾ, ਜੋ 14 ਮਾਰਚ ਨੂੰ ਰਾਤ 11.35 ਵਜੇ ਦੇ ਕਰੀਬ ਜਸਟਿਸ



ਵਰਮਾ ਦੀ ਸਰਕਾਰੀ ਰਿਹਾਇਸ਼ ਸੀ। ਰਿਪੋਰਟ 'ਤੇ ਕਾਰਵਾਈ ਕਰਦਿਆਂ ਭਾਰਤ ਦੇ ਸਾਬਕਾ ਚੀਫ਼ ਜਸਟਿਸ ਸੰਜੀਵ ਖੰਨਾ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੱਜ 'ਤੇ ਮਹਾਂਦੋਸ਼ ਚਲਾਉਣ ਦੀ ਸਿਫਾਰਸ਼ ਕਰਦਿਆਂ ਲਿਖਿਆ ਹੈ।ਪੈਨਲ ਨੇ ਆਪਣੀ 64 ਪੰਨਿਆਂ ਦੀ ਰਿਪੋਰਟ ਵਿੱਚ ਕਿਹਾ, ਇਸ ਕਮੇਟੀ ਨੇ ਇਸ ਤਰ੍ਹਾਂ ਇਹ ਮੰਨਿਆ ਹੈ ਕਿ ਨਕਦੀ/ਪੈਸੇ ਜਸਟਿਸ ਵਰਮਾ ਦੇ ਅਧਿਕਾਰਤ ਕਬਜ਼ੇ ਵਾਲੇ 30 ਤੁਗਲਕ ਕ੍ਰੇਸੈਂਟ, ਨਵੀਂ ਦਿੱਲੀ ਦੇ ਸਟੋਰ ਰੂਮ ਵਿੱਚੋਂ ਮਿਲੇ ਸਨ। ਹੋਰ ਤਾਂ ਹੋਰ ਸਟੋਰ ਰੂਮ ਤੱਕ ਪਹੁੰਚ ਜਸਟਿਸ ਵਰਮਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਗੁਪਤ ਜਾਂ ਸਰਗਰਮ ਕੰਟਰੋਲ ਵਿੱਚ ਪਾਈ ਗਈ ਹੈ ਅਤੇ ਮਜ਼ਬੂਤ ਅਨੁਮਾਨਤ ਸਬੂਤਾਂ ਰਾਹੀਂ, ਇਹ ਸਥਾਪਤ ਕੀਤਾ ਗਿਆ ਹੈ ਕਿ ਸੜਿਆ ਹੋਇਆ ਨਕਦ/ਪੈਸਾ 15.3.2025 ਦੀ ਸਵੇਰ ਦੇ ਸ਼ੁਰੂਆਤੀ ਘੰਟਿਆਂ ਦੌਰਾਨ 30 ਤੁਗਲਕ ਕ੍ਰੇਸੈਂਟ ਨਵੀਂ ਦਿੱਲੀ ਤੋਂ ਸਟੋਰ ਰੂਮ ਵਿੱਚੋਂ ਕੱਢਿਆ ਗਿਆ ਸੀ।

ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ, ਰਿਕਾਰਡ 'ਤੇ ਮੌਜੂਦ ਸਿੱਧੇ ਅਤੇ ਇਲੈਕਟ੍ਰਾਨਿਕ ਸਬੂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਕਮੇਟੀ ਪੱਕੇ ਤੌਰ 'ਤੇ ਇਸ ਵਿਚਾਰ ਦੀ ਹੈ ਕਿ 22 ਮਾਰਚ ਨੂੰ ਭਾਰਤ ਦੇ ਚੀਫ਼ ਜਸਟਿਸ ਦੇ ਪੱਤਰ ਵਿੱਚ ਚੁੱਕੇ ਗਏ ਦੋਸ਼ਾਂ ਵਿੱਚ ਕਾਫ਼ੀ ਸਾਰ ਹੈ ਅਤੇ ਸਾਬਤ ਹੋਇਆ ਵਤੀਰਾ ਇੰਨਾ ਗੰਭੀਰ ਹੈ ਕਿ ਜਸਟਿਸ ਵਰਮਾ ਨੂੰ ਹਟਾਉਣ ਦੀ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਜਾਵੇ।ਪੈਨਲ ਨੇ ਜਸਟਿਸ ਵਰਮਾ ਦੇ ਬਿਆਨ ਸਮੇਤ 55 ਗਵਾਹਾਂ ਦੇ ਬਿਆਨਾਂ ਦਾ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਅਤੇ ਅੰਦਰੂਨੀ ਕਮੇਟੀ ਵੱਲੋਂ ਨਿਰਧਾਰਤ ਜਾਂਚ ਪ੍ਰਕਿਰਿਆ ਦੇ ਤਹਿਤ ਆਪਣੇ ਸਿੱਟੇ ਦਿੱਤੇ।ਜਸਟਿਸ ਨਾਗੂ ਤੋਂ ਇਲਾਵਾ, ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ਼ ਜਸਟਿਸ ਜੀ ਐਸ ਸੰਧਾਵਾਲੀਆ, ਅਤੇ ਕਰਨਾਟਕ ਹਾਈ ਕੋਰਟ ਦੇ ਜਸਟਿਸ ਅਨੂ ਸਿਵਾਰਾਮਨ, ਜਾਂਚ ਪੈਨਲ ਵਿੱਚ ਸ਼ਾਮਲ ਸਨ।

# ਰਾਹੁਲ ਗਾਂਧੀ ਹੋਏ 55 ਸਾਲਾਂ ਦੇ

## ਪ੍ਰਧਾਨ ਮੰਤਰੀ ਮੋਦੀ ਵੱਲੋਂ ਜਨਮ ਦਿਨ ਦੀ ਵਧਾਈ

ਨਵੀਂ ਦਿੱਲੀ, 19 ਜੂਨ (ਚ.ਨ.ਸ.) : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅੱਜ 55 ਸਾਲ ਦੇ ਹੋ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਸਣੇ ਹੋਰਨਾਂ ਪ੍ਰਮੁੱਖ ਸਿਆਸੀ ਆਗੂਆਂ ਨੇ ਰਾਹੁਲ ਗਾਂਧੀ ਨੂੰ ਜਨਮ ਦਿਨ ਦੀ ਵਧਾਈ ਦਿੱਤੀ।

ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' ਉੱਤੇ ਲਿਖਿਆ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸ੍ਰੀ ਰਾਹੁਲ ਗਾਂਧੀ ਨੂੰ ਜਨਮ ਦਿਨ ਦੀ ਵਧਾਈ। ਉਨ੍ਹਾਂ ਦੀ ਲੰਮੀ ਉਮਰ ਤੇ ਸਿਹਤਮੰਦ ਜ਼ਿੰਦਗੀ ਦੀ ਕਾਮਨਾ ਕਰਦਾ ਹਾਂ। ਕਾਂਗਰਸ ਪ੍ਰਧਾਨ ਖੜਗੇ ਅਤੇ ਪਾਰਟੀ ਦੇ ਹੋਰ ਨੇਤਾਵਾਂ ਨੇ ਵੀਰਵਾਰ ਨੂੰ ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਇੱਕ ਅਜਿਹੇ ਨੇਤਾ ਹਨ ਜੋ ਦੱਬੇ-ਕੁਚਲੇ, ਵਾਂਝੇ, ਦਲਿਤਾਂ, ਆਦਿਵਾਸੀਆਂ ਅਤੇ ਪੱਛੜੇ ਲੋਕਾਂ ਲਈ ਸਮਾਜਿਕ ਨਿਆਂ ਲਈ ਲੜਦਾ ਹੈ, ਅਤੇ ਉਹ ਨੇਤਾ ਹੈ, ਜਿਸਦੀ ਅੱਜ ਦੇਸ਼ ਨੂੰ ਲੋੜ ਹੈ।



ਰਾਹੁਲ ਗਾਂਧੀ ਦਾ ਜਨਮ 19 ਜੂਨ, 1970 ਨੂੰ ਨਵੀਂ ਦਿੱਲੀ ਵਿੱਚ ਹੋਇਆ ਸੀ। ਉਹ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸਾਬਕਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਭ ਤੋਂ ਵੱਡੇ ਪੁੱਤਰ ਹਨ। ਵਰਤਮਾਨ ਵਿੱਚ, ਉਹ ਉੱਤਰ ਪ੍ਰਦੇਸ਼ ਦੇ ਰਾਇਬਰੇਲੀ ਤੋਂ ਲੋਕ ਸਭਾ ਮੈਂਬਰ ਅਤੇ ਵਿਰੋਧੀ ਧਿਰ ਦੇ ਨੇਤਾ ਹਨ।

ਖੜਗੇ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, ਰਾਹੁਲ ਗਾਂਧੀ ਨੂੰ ਜਨਮਦਿਨ ਮੁਬਾਰਕ। ਜੋ ਚੀਜ਼ ਤੁਹਾਨੂੰ ਵੱਖ ਕਰਦੀ ਹੈ ਉਹ ਸੰਵਿਧਾਨ ਦੇ ਮੁੱਲਾਂ ਪ੍ਰਤੀ ਤੁਹਾਡਾ ਬੇਮਿਸਾਲ ਸਮਰਪਣ ਅਤੇ ਲੱਖਾਂ ਲੋਕਾਂ ਲਈ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਨਿਆਂ ਲਈ ਤੁਹਾਡਾ ਡੂੰਘਾ ਜਨੂੰਨ ਹੈ, ਜਿਨ੍ਹਾਂ ਦੀਆਂ ਆਵਾਜ਼ਾਂ ਅਕਸਰ ਅਣਸੁਣੀਆਂ ਹੁੰਦੀਆਂ ਹਨ। ਉਨ੍ਹਾਂ ਕਿਹਾ, ਤੁਹਾਡੇ ਕੰਮ ਕਾਂਗਰਸ ਪਾਰਟੀ ਦੀ ਏਕਤਾ ਵਿਚ ਅਨੇਕਤ, ਸਦਭਾਵਨਾ ਅਤੇ ਹਮਦਰਦੀ ਦੀ ਵਿਚਾਰਧਾਰਾ ਨੂੰ ਲਗਾਤਾਰ ਦਰਸਾਉਂਦੇ ਹਨ। ਤੁਸੀਂ ਸੱਚਾਈ ਨੂੰ ਸੱਤਾ ਵਿੱਚ ਲਿਆਉਣ ਅਤੇ ਵਾਂਝੇ ਲੋਕਾਂ ਦਾ ਸਮਰਥਨ ਕਰਨ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖਦੇ ਹੋ। ਮੈਂ ਤੁਹਾਡੀ ਲੰਮੀ, ਸਿਹਤਮੰਦ ਅਤੇ ਖੁਸ਼ਹਾਲ ਜ਼ਿੰਦਗੀ ਦੀ ਕਾਮਨਾ ਕਰਦਾ ਹਾਂ।

# ਪਹਿਲੇ ਸਫ਼ੇ ਦੀ ਬਾਕੀ

### ਸੋਨੀਆ ਗਾਂਧੀ ਨੂੰ

ਉਨ੍ਹਾਂ ਕਿਹਾ, ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ ਅਤੇ ਹਸਪਤਾਲ ਤੋਂ ਬਾਹਰ ਰਹਿੰਦੇ ਹੋਏ ਉਨ੍ਹਾਂ ਦਾ ਇਲਾਜ ਜਾਰੀ ਰਹੇਗਾ। ਡਾ.ਐੱਸ.ਨੰਦੀ ਅਤੇ ਡਾ.ਅਮਿਤਾਭ ਯਾਦਵ ਸਣੇ ਸੋਨੀਆ ਦਾ ਇਲਾਜ ਕਰਨ ਵਾਲੇ ਸੀਨੀਅਰ ਡਾਕਟਰਾਂ ਨੇ ਕਿਹਾ ਕਿ ਉਨ੍ਹਾਂ 'ਤੇ ਇਲਾਜ ਦਾ ਚੰਗਾ ਅਸਰ ਹੋਇਆ ਹੈ। ਡਾਕਟਰਾਂ ਨੇ ਕਿਹਾ, ਉਨ੍ਹਾਂ ਨੂੰ ਪੇਟ 'ਚ ਇਨਫੈਕਸ਼ ਕਾਰਨ ਦਾਖ਼ਲ ਕਰਵਾਇਆ ਗਿਆ ਸੀ, ਜਿਸ ਨੂੰ ਦਵਾਈਆਂ ਨਾਲ ਕੰਟਰੋਲ ਕਰ ਲਿਆ ਗਿਆ ਹੈ। ਉਨ੍ਹਾਂ ਦੀ ਹਾਲਤ 'ਚ ਸੁਧਾਰ ਹੋਇਆ ਹੈ ਅਤੇ ਉਨ੍ਹਾਂ ਦੀ ਸਿਹਤ 'ਤੇ ਨਿਗਰਾਨੀ ਰੱਖੀ ਜਾਵੇਗੀ।

### ਲੁਧਿਆਣਾ ਪੱਛਮੀ ਜ਼ਿਮਨੀ ਚੋਣ

ਆਰਪੀ ਐਕਟ 1950 ਦੀ ਧਾਰਾ 24(ਏ) ਦੇ ਤਹਿਤ ਜ਼ਿਲ੍ਹਾ ਮੈਜਿਸਟ੍ਰੇਟ ਕੋਲ ਕੋਈ ਅਪੀਲ ਦਾਇਰ ਨਹੀਂ ਕੀਤੀ ਗਈ ਅਤੇ ਧਾਰਾ 24(ਬੀ) ਦੇ ਤਹਿਤ ਮੁੱਖ ਚੋਣ ਅਧਿਕਾਰੀ ਕੋਲ ਕੋਈ ਅਪੀਲ ਦਾਇਰ ਨਹੀਂ ਕੀਤੀ ਗਈ। ਨਾਮਜ਼ਦਗੀਆਂ ਭਰਨ ਦੀ ਆਖਰੀ ਮਿਤੀ ਯਾਨੀ 02-06-2025 ਨੂੰ ਵੋਟਰ ਸੂਚੀ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ ਅਤੇ ਇਸਦੀ ਇੱਕ ਕਾਪੀ 06-06-2025 ਨੂੰ ਸਾਰੇ ਚੋਣ ਲੜ ਰਹੇ ਉਮੀਦਵਾਰਾਂ ਨਾਲ ਸਾਂਝੀ ਕੀਤੀ ਗਈ ਸੀ। ਵੋਟਰ ਸੂਚੀ ਵਿੱਚ ਕੁੱਲ 175469 ਵੋਟਰ ਰਜਿਸਟਰਡ ਸਨ। ਕੁੱਲ 14 ਉਮੀਦਵਾਰਾਂ ਨੇ ਚੋਣ ਲੜੀ ਜਿਸ ਵਿੱਚ 1 ਮਹਿਲਾ ਉਮੀਦਵਾਰ ਵੀ ਸ਼ਾਮਲ ਸੀ। ਕੁੱਲ 194 ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਸਨ। ਇੱਕ ਪੋਲਿੰਗ ਸਟੇਸ਼ਨ ਵਿੱਚ ਵੋਟਰਾਂ ਦੀ ਗਿਣਤੀ ਘਟਾ ਕੇ 1200 ਕਰਨ ਦੇ ਚੋਣ ਕਮਿਸ਼ਨ ਦੇ ਹਾਲ ਹੀ ਦੇ ਫੈਸਲੇ ਦੇ ਕਾਰਨ, ਵੋਟਰਾਂ ਦੀ ਸਹੂਲਤ ਲਈ 2 ਵਾਧੂ ਸਹਾਇਕ ਪੋਲਿੰਗ ਸਟੇਸ਼ਨ ਸਥਾਪਤ ਕੀਤੇ ਗਏ ਸਨ। ਹਰੇਕ ਪੋਲਿੰਗ ਸਟੇਸ਼ਨ 'ਤੇ ਘੱਟੋ-ਘੱਟ ਸਹੂਲਤਾਂ ਦੀ ਵਿਵਸਥਾ ਤੋਂ ਇਲਾਵਾ, ਪਹਿਲੀ ਵਾਰ, ਵੋਟਰਾਂ ਦੀ ਸਹੂਲਤ ਲਈ ਪ੍ਰਵੇਸ਼ ਦੁਆਰ 'ਤੇ 194 ਪੋਲਿੰਗ ਸਟੇਸ਼ਨਾਂ 'ਤੇ ਇੱਕ ਮੋਬਾਈਲ ਡਿਪਾਜ਼ਿਟ ਸਹੂਲਤ ਬਣਾਈ ਗਈ ਸੀ। 1 ਸਾਰੇ ਮਹਿਲਾ ਕਰਮਚਾਰੀ ਅਤੇ 1 ਸਾਰੇ ਪੀਡਬਲਯੂਡੀ ਕਰਮਚਾਰੀ ਪੋਲਿੰਗ ਸਟੇਸ਼ਨ ਅਤੇ 10 ਮਾਡਲ ਪੋਲਿੰਗ ਸਟੇਸ਼ਨ ਵੀ ਸਥਾਪਤ ਕੀਤੇ ਗਏ ਸਨ। ਈਵੀਐਮ ਦੀ ਪਹਿਲੀ ਪੱਧਰੀ ਜਾਂਚ 03.02.25 ਤੋਂ 06.02.25 ਤੱਕ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀਆਂ ਦੀ ਮੌਜੂਦਗੀ ਵਿੱਚ ਕੀਤੀ ਗਈ। ਕਮਿਸ਼ਨਿੰਗ 10-06-2025 ਨੂੰ ਉਮੀਦਵਾਰਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਮੌਜੂਦਗੀ ਵਿੱਚ ਕੀਤੀ ਗਈ। ਹਰੇਕ ਪੜਾਅ 'ਤੇ, ਈਵੀਐਮ 'ਤੇ ਮੌਕ ਪੋਲ ਕੀਤੇ ਗਏ ਅਤੇ ਨਤੀਜਿਆਂ ਦੀ ਵੀ.ਵੀ.ਪੀ.ਏ.ਟੀ ਸਲਿੱਪਾਂ ਨਾਲ ਜਾਂਚ ਕੀਤੀ ਗਈ। ਪੋਲਿੰਗ ਸਟੇਸ਼ਨਾਂ ਨੂੰ ਈਵੀਐਮ ਦੀ ਵੰਡ ਉਮੀਦਵਾਰਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਮੌਜੂਦਗੀ ਵਿੱਚ 2-ਪੜਾਅ ਦੀ ਰੈਂਡਮਾਈਜ਼ੇਸ਼ਨ ਪ੍ਰਕਿਰਿਆ ਰਾਹੀਂ ਕੀਤੀ ਗਈ। ਪੋਲਿੰਗ ਸਟੇਸ਼ਨਾਂ 'ਤੇ ਤਾਇਨਾਤ ਕੀਤੀਆਂ ਜਾਣ ਵਾਲੀਆਂ ਈਵੀਐਮ ਦੀ ਸੂਚੀ ਪਹਿਲਾਂ ਹੀ ਚੋਣ ਲੜ ਰਹੇ ਉਮੀਦਵਾਰਾਂ ਨਾਲ ਸਾਂਝੀ ਕੀਤੀ ਗਈ ਸੀ। ਚੋਣ ਕਮਿਸ਼ਨ ਦੇ ਜਨਰਲ ਆਬਜ਼ਰਵਰਾਂ ਦੀ ਮੌਜੂਦਗੀ ਵਿੱਚ 3-ਪੜਾਅ ਦੀ ਰੈਂਡਮਾਈਜ਼ੇਸ਼ਨ ਰਾਹੀਂ ਪੋਲਿੰਗ ਕਰਮਚਾਰੀਆਂ ਨੂੰ ਡਿਊਟੀਆਂ ਸੌਂਪੀਆਂ ਗਈਆਂ ਸਨ। ਸਿਖਲਾਈ ਪ੍ਰੋਗਰਾਮਾਂ ਦੌਰਾਨ, ਹੱਥੀਂ ਸਿਖਲਾਈਆਂ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਹਰੇਕ ਪ੍ਰੀਜ਼ਾਈਡਿੰਗ ਅਫਸਰ ਨੇ ਵਿਅਕਤੀਗਤ ਈਵੀਐਮ 'ਤੇ ਮੌਕ ਪੋਲ ਡ੍ਰਿਲ ਕੀਤੀ, ਜਿਸ ਵਿੱਚ 100 ਮੌਕ ਵੋਟਾਂ ਖੁਦ ਪਾਈਆਂ ਗਈਆਂ ਅਤੇ ਨਤੀਜੇ ਦੀ ਜਾਂਚ ਕੀਤੀ ਗਈ ਅਤੇ ਵੀਵੀਪੀਏਟੀ ਸਲਿੱਪਾਂ ਨਾਲ ਵੀ ਮੇਲ ਕੀਤਾ ਗਿਆ। ਸਿਖਲਾਈ ਦੇ ਅੰਤ ਵਿੱਚ, ਪ੍ਰੀਜ਼ਾਈਡਿੰਗ ਅਫਸਰਾਂ ਨੂੰ ਈਵੀਐਮ ਦੇ ਫੂਲ-ਪਰੂਫ ਕੰਮਕਾਜ ਵਿੱਚ ਪੂਰਾ ਭਰੋਸਾ ਮਿਲਿਆ। ਵੋਟਰ ਸੂਚੀਆਂ ਦੀ ਸੰਖੇਪ ਸੋਧ ਤੋਂ ਲੈ ਕੇ ਪੋਲਿੰਗ ਤੱਕ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਕੁੱਲ 2 ਮੀਟਿੰਗਾਂ ਕੀਤੀਆਂ ਗਈਆਂ। ਚੋਣ ਕਮਿਸ਼ਨ ਦੀਆਂ ਸੋਧੀਆਂ ਹਦਾਇਤਾਂ ਅਨੁਸਾਰ, ਉਮੀਦਵਾਰਾਂ ਨੂੰ ਪੋਲਿੰਗ ਸਟੇਸ਼ਨਾਂ ਦੇ ਪ੍ਰਵੇਸ਼ ਦੁਆਰ ਤੋਂ 100 ਮੀਟਰ ਦੀ ਦੂਰੀ 'ਤੇ ਆਪਣੇ ਬੂਥ ਸਥਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਜੋ ਕਿ ਵੋਟਰਾਂ ਖਾਸ ਕਰਕੇ ਉਨ੍ਹਾਂ ਲਈ ਜੋ ਆਪਣੀਆਂ ਵੋਟਰ ਜਾਣਕਾਰੀ ਸਲਿੱਪਾਂ ਨਹੀਂ ਲੈ ਕੇ ਜਾਂਦੇ, ਇੱਕ ਵਾਧੂ ਸਹੂਲਤ ਸੀ। ਚੋਣ ਪ੍ਰਕਿਰਿਆਵਾਂ 'ਤੇ ਨਜ਼ਰ ਰੱਖਣ ਲਈ, ਈ.ਸੀ.ਆਈ. ਨੇ 1 ਜਨਰਲ ਆਬਜ਼ਰਵਰ, 1 ਪੁਲਿਸ ਆਬਜ਼ਰਵਰ ਅਤੇ 1 ਖਰਚਾ ਆਬਜ਼ਰਵਰ ਵੀ ਨਿਯੁਕਤ ਕੀਤਾ ਸੀ। ਨਾਗਰਿਕਾਂ ਤੋਂ ਸੀ-ਵਿਜਿਲ ਐਪ ਰਾਹੀਂ 1512 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 1342 ਸਹੀ ਪਾਈਆਂ ਗਈਆਂ ਅਤੇ 100 ਮਿੰਟਾਂ ਦੇ ਸਮੇਂ ਦੇ ਅੰਦਰ ਹੱਲ ਕੀਤੀਆਂ ਗਈਆਂ। ਈ.ਸੀ.ਆਈ. ਨੇ ਇੰਡੈਕਸ ਕਾਰਡ ਤਿਆਰ ਕਰਨ ਦੀ ਪ੍ਰਕਿਰਿਆ ਨੂੰ ਵੀ ਅਪਡੇਟ ਕੀਤਾ ਹੈ। ਇਹ ਰਵਾਇਤੀ ਮੈਨੂਅਲ ਤਰੀਕਿਆਂ ਦੀ ਥਾਂ ਲੈਂਦਾ ਹੈ ਅਤੇ ਆਟੋਮੇਸ਼ਨ ਅਤੇ ਡੇਟਾ ਏਕੀਕਰਣ ਦੁਆਰਾ ਨਵਾਂ ਸਿਸਟਮ ਗਿਣਤੀ ਤੋਂ ਬਾਅਦ ਇੰਡੈਕਸ ਕਾਰਡਾਂ ਦੀ ਤੇਜ਼ੀ ਨਾਲ ਰਿਪੋਰਟਿੰਗ ਅਤੇ ਜਾਰੀ ਕਰਨ ਨੂੰ ਯਕੀਨੀ ਬਣਾਏਗਾ।

### ਤਬਾਹੀ ਤੇ ਧੂੰਏਂ 'ਚ ਗੁੰਮ ਹੋ ਰਹੀ ਈਰਾਨ

ਮੈਂ ਉਹ ਬੁਝਿਆ ਹੋਇਆ ਤਾਰਾ ਹੋਵਾਂਗਾ, ਤੁਹਾਡੇ ਅਸਮਾਨ ਵਿੱਚ ਧੂੰਏਂ ਵਾਂਗ।

ਅਨੁਵਾਦਕ ਮੋਸਾਦੇਕ ਦੁਆਰਾ ਅਨੁਵਾਦਿਤ ਅਤੇ ਪਾਮੇਨਾਰ ਪ੍ਰੈਸ ਦੁਆਰਾ ਪ੍ਰਕਾਸ਼ਿਤ, ਕਵਿਤਾ ਆਜ਼ਾਦੀ ਅਤੇ ਜ਼ੁਲਮ, ਰੌਸ਼ਨੀ ਅਤੇ ਪਰਛਾਵੇਂ, ਉਮੀਦ ਅਤੇ ਨੁਕਸਾਨ ਦੇ ਵਿਚਕਾਰ ਅੰਤਰ ਨੂੰ ਦਰਸਾਉਂਦੀ ਹੈ –

ਇਹ ਹਿੰਸਾ ਨਾਲ ਟੁੱਟੀ ਹੋਈ ਦੁਨੀਆਂ ਲਈ ਇੱਕ ਗਾਥਾ ਹੈ

ਇੱਕ ਦੁਰਲੱਭ ਇੰਟਰਵਿਊ ਵਿੱਚ, ਪਰਨੀਆ ਨੇ ਸਾਂਝਾ ਕੀਤਾ ਸੀ ਕਿ ਕਵਿਤਾ ਨੇ ਉਸ ਦੀ ਜ਼ਿੰਦਗੀ ਨੂੰ ਕਿੰਨਾ ਡੂੰਘਾਈ ਨਾਲ ਢਾਲਿਆ ਹੈ

ਆਪਣੀ ਜ਼ਿੰਦਗੀ ਦੀ ਖੁਦ ਮੁਖ਼ਤਾਰੀ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰਨ ਵਾਲੀ ਪਰਨੀਆ ਹੁਣ ਦੁਨੀਆਂ ਵਿੱਚ ਨਹੀਂ ਰਹੀ ਹੈ। ਇਜ਼ਰਾਈਲ ਦੇ ਹਮਲਿਆਂ ਨੇ ਈਰਾਨ ਸਾਹਿਤ ਤੇ ਵਿਰਾਸਤੀ ਇਮਾਰਤਾਂ ਦੇ ਨਾਲ ਨਾਲ ਪੰਜ ਹਜ਼ਾਰ ਸਾਲ ਪੁਰਾਣੇ ਸਭਿਅਤਾ ਦੇ ਖ਼ਜ਼ਾਨੇ ਨੂੰ ਨਸ਼ਟ ਕੀਤਾ ਹੈ, ਜੋ ਈਰਾਨ ਸਭਿਅਤਾ ਲਈ ਬੇਹੱਦ ਦੁੱਖਦਾਈ ਘਟਨਾ ਹੈ, ਤੇ ਅੱਬਾਸੀ ਵਰਗੇ ਲੋਕਾਂ ਦੀ ਮੌਤ ਸਾਹਿਤ ਲਈ ਇੱਕ ਵੱਡਾ ਘਾਟਾ ਹੈ।

### ਇਜ਼ਰਾਈਲ ਨੇ ਈਰਾਨੀ ਟਿਕਾਣਿਆਂ 'ਤੇ 100

ਇਮੇਜ ਵੀ ਸਾਂਝੀ ਕੀਤੀ ਸੀ, ਜਿਸ ਵਿਚ ਟਾਰਗੇਟ ਏਰੀਆ ਨੂੰ ਲਾਲ ਘੇਰੇ ਵਿਚ ਦਿਖਾਖਿਆ ਗਿਆ ਸੀ। ਅਰਕ ਰਿਐਕਟਰ ਦਾ ਨਿਰਮਾਣ ਪਹਿਲਾਂ 1997 ਵਿੱਚ ਸ਼ੁਰੂ ਹੋਇਆ ਸੀ। ਪਰ ਇਹ ਸਿਰਫ਼ ਅੰਸ਼ਕ ਤੌਰ 'ਤੇ ਹੀ ਬਣਾਇਆ ਗਿਆ ਸੀ। ਜਦੋਂ 2015 ਵਿੱਚ ਸੰਯੁਕਤ ਵਿਆਪਕ ਕਾਰਜ ਯੋਜਨਾ 'ਤੇ ਸਹਿਮਤੀ ਬਣੀ ਸੀ, ਤਾਂ ਈਰਾਨ ਨੇ ਕਿਹਾ ਸੀ ਕਿ ਉਹ ਇਸਦੀ ਵਰਤੋਂ ਪਲੂਟੋਨੀਅਮ ਦੇ ਉਤਪਾਦਨ ਵਿੱਚ ਨਹੀਂ ਕਰੇਗਾ। ਅਰਕ ਰਿਐਕਟਰ ਚਾਲੂ ਨਹੀਂ ਹੈ, ਪਰ ਇਜ਼ਰਾਈਲ ਨੇ ਹੁਣ ਇਸਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ ਹੈ। ਈਰਾਨ ਦੀ ਰਾਜਧਾਨੀ ਤਹਿਰਾਨ ਤੋਂ 280 ਕਿਲੋਮੀਟਰ ਦੂਰ ਸਥਿਤ ਇਸ ਰਿਐਕਟਰ ਵਿੱਚ ਕੋਈ ਪ੍ਰਮਾਣੂ ਸਮੱਗਰੀ ਨਹੀਂ ਸੀ, ਇਸ ਲਈ ਇਸ ਤੋਂ ਰੇਡੀਓਲੌਜੀਕਲ ਪ੍ਰਭਾਵ ਦੀ ਕੋਈ ਸੰਭਾਵਨਾ ਨਹੀਂ ਹੈ। ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਨੇ ਵੀ ਈਰਾਨ ਦੇ ਸਥਾਨਾਂ 'ਤੇ ਹਮਲੇ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਇਲਾਵਾ, ਇਜ਼ਰਾਈਲ ਨੇ ਤਹਿਰਾਨ, ਇਸਫਹਾਨ, ਸ਼ਿਰਾਜ਼ ਅਤੇ ਕਰਮਾਨਸ਼ਾਹ 'ਤੇ ਵੀ ਹਮਲਾ ਕੀਤਾ। ਇਜ਼ਰਾਈਲ ਦਾ ਦਾਅਵਾ ਹੈ ਕਿ ਨਤਾਨਜ਼ ਦੇ ਨੇੜੇ ਪ੍ਰਮਾਣੂ ਹਥਿਆਰਾਂ ਲਈ ਵਿਲੱਖਣ ਹਿੱਸਿਆਂ ਅਤੇ ਉਪਕਰਣਾਂ ਦੇ ਵਿਕਾਸ ਲਈ ਪ੍ਰੋਜੈਕਟ ਚੱਲ ਰਹੇ ਸਨ, ਜਿਨ੍ਹਾਂ ਨੂੰ ਨਸ਼ਟ ਕਰਨ ਲਈ ਇਜ਼ਰਾਈਲ ਨੇ ਵੀ ਹਮਲਾ ਕੀਤਾ। ਇਜ਼ਰਾਈਲ ਨੇ ਸਪੱਸ਼ਟ ਕੀਤਾ ਹੈ ਕਿ ਇਹ ਕਾਰਵਾਈ ਜਦੋਂ ਤੱਕ ਜ਼ਰੂਰੀ ਹੋਵੇਗੀ ਜਾਰੀ ਰਹੇਗੀ। ਇਜ਼ਰਾਈਲ ਦੇ ਫੌਜੀ ਅਧਿਕਾਰੀ ਬ੍ਰਿਗੇਡੀਅਰ ਜਨਰਲ ਏਫੀ ਡਿਫਰੀਨ ਨੇ ਕਿਹਾ ਕਿ ਸਾਡਾ ਟੀਚਾ ਇਜ਼ਰਾਈਲ ਦੇ ਵਜੂਦ ਲਈ ਖਤਰੇ ਨੂੰ ਘਟਾਉਣਾ ਹੈ। ਵਾਸ਼ਿੰਗਟਨ ਸਥਿਤ ਹਿਊਮਨ ਰਾਈਟਸ ਐਕਟੀਵਿਟੀਜ਼ ਸਮੂਹ ਮੁਤਾਬਕ ਇਜ਼ਰਾਈਲੀ ਹਮਲਿਆਂ ਵਿਚ ਹੁਣ ਤੱਕ ਈਰਾਨ ਵਿਚ ਘੱਟੋ-ਘੱਟ 639 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 1329 ਲੋਕ ਜ਼ਖਮੀ ਹੋਏ ਹਨ। ਮ੍ਰਿਤਕਾਂ ਵਿਚ 263 ਆਮ ਨਾਗਰਿਕ ਤੇ 154 ਸੁਰੱਖਿਆ ਬਲ ਦੇ ਜਵਾਨ ਸ਼ਾਮਲ ਹਨ। ਈਰਾਨੀ ਸੁਪਰੀਮ ਲੀਡਰ ਖਾਮਨੇਈ ਨੇ ਬਿਆਨ ਦਿੱਤਾ ਹੈ ਕਿ ਅਸੀਂ ਸਰੈਂਡਰ ਨਹੀਂ ਕਰਾਂਗੇ। ਈਰਾਨ ਥੋਪੀ ਗਈ ਸ਼ਾਂਤੀ ਜਾਂ ਯੁੱਧ ਨੂੰ ਸਵੀਕਾਰ ਨਹੀਂ ਕਰੇਗਾ। ਜੇਕਰ ਅਮਰੀਕੀ ਫੌਜ ਇਜ਼ਰਾਈਲ ਵਿਰੁੱਧ ਜੰਗ 'ਚ ਦਖਲ ਦਿੰਦੀ ਹੈ ਤਾਂ ਨਤੀਜੇ ਮਾੜੇ ਹੋਣਗੇ। ਈਰਾਨੀ ਨਾਗਰਿਕਾਂ ਨੂੰ ਵ੍ਹਟਸਐਪ ਡਿਲੀਟ ਕਰਨ ਦੇ ਹੁਕਮ ਦਿੱਤੇ ਗਏ ਹਨ। ਈਰਾਨ ਨੇ ਪਹਿਲੀ ਵਾਰ ਫਤਿਹ ਮਿਜ਼ਾਈਲ ਦੀ ਵਰਤੋਂ ਕੀਤੀ। ਈਰਾਨੀ ਸੁਪਰੀਮ ਲੀਡਰ ਨੇ ਇਜ਼ਰਾਈਲ ਖਿਲਾਫ ਜੰਗ ਦਾ ਐਲਾਨ ਕੀਤਾ ਹੈ। ਇਜ਼ਰਾਈਲ ਨੇ ਖੋਂਡਬ ਵਿਚ ਵੀ ਹਮਲੇ ਦੀ ਚੇਤਾਵਨੀ ਦਿੱਤੀ ਹੈ। ਖੋਂਡਬ ਵਿਚ ਵੀ ਆਈ.ਆਰ.-40 ਹੈਵੀ ਵਾਟਰ ਰਿਐਕਟਰ ਜੋ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਦਾ ਇਕ ਅਹਿਮ ਹਿੱਸਾ ਹੈ। ਇਹ ਫੈਸਿਲਿਟੀ ਅਰਾਕ ਤੋਂ ਲੱਗਭੱਗ 40 ਕਿਲੋਮੀਟਰ ਦੂਰ ਹੈ। ਅਰਾਕ ਦੀ ਤਰ੍ਹਾਂ ਇਸ ਨੂੰ ਵੀ ਕੌਮਾਂਤਰੀ ਪੱਧਰ 'ਤੇ ਨਿਗਰਾਨੀ ਵਿਚ ਰੱਖਿਆ ਜਾਂਦਾ ਹੈ। ਈਰਾਨ ਤੇ ਇਜ਼ਰਾਈਲ ਵਿਚ ਜੰਗ ਸੱਤਵੇਂ ਦਿਨ ਵਿਚ ਪਹੁੰਚ ਗਈ ਹੈ। ਹੁਣ ਤੱਕ ਇਜ਼ਰਾਈਲ ਦੇ 24 ਲੋਕ ਮਾਰੇ ਗਏ ਹਨ। ਦੂਜੇ ਪਾਸੇ ਵਾਸ਼ਿੰਗਟਨ ਸਥਿਤ ਇਕ ਹਿਊਮਨ ਰਾਈਟਸ ਗਰੁੱਪ ਨੇ ਦਾਅਵਾ ਕੀਤਾ ਹੈ ਕਿ ਈਰਾ ਵਿਚ ਮੌਤ ਦਾ ਅੰਕੜਾ 639 ਹੋ ਚੁੱਕਾ ਹੈ ਤੇ 1329 ਲੋਕ ਜ਼ਖਮੀ ਹੋਏ ਹਨ।

### ਪੰਜਾਬ ਦੇ 8 ਜ਼ਿਲ੍ਹਿਆਂ 'ਚ ਮੀਂਹ

ਅੱਜ ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਦੇ ਪੰਜਾਬ ਦੇ 8 ਜ਼ਿਲ੍ਹਿਆਂ ਹੁਸ਼ਿਆਰਪੁਰ, ਪਠਾਨਕੋਟ, ਨਵਾਂਸ਼ਹਿਰ, ਨਵਾਂਸ਼ਹਿਰ, ਮੋਹਾਲੀ, ਪਟਿਆਲਾ, ਫਤਹਿਗੜ੍ਹ ਸਾਹਿਬ, ਰੂਪਨਗਰ ਤੇ ਗੁਰਦਾਸਪੁਰ ਆਦਿ ਜ਼ਿਲ੍ਹਿਆਂ ਵਿਚ ਯੈਲੋ ਅਲਰਟ ਜਾਰੀ ਹੈ। ਮੌਸਮ ਵਿਭਾਗ ਮੁਤਾਬਕ ਸੂਬੇ ਵਿਚ ਗਰਮੀ ਦੀ ਤੀਬਰਤਾ ਫਿਰ ਤੋਂ ਵਧੀ ਹੈ, ਪਰ ਅਗਲੇ 4-5 ਦਿਨਾਂ ਵਿਚ ਹਵਾਵਾਂ ਤੇ ਮੀਂਹ ਨਾਲ ਥੋੜ੍ਹੀ ਜਿਹੀ ਰਾਹਤ ਮਿਲ ਸਕਦੀ ਹੈ। ਅੰਮ੍ਰਿਤਸਰ 'ਚ ਹਲਕੇ ਬੱਦਲ ਰਹਿਣਗੇ, ਤਾਪਮਾਨ 'ਚ ਵਾਧਾ ਹੋ ਸਕਦਾ ਹੈ। ਤਾਪਮਾਨ 27 ਤੋਂ 37 ਡਿਗਰੀ ਵਿਚਕਾਰ ਰਹਿਣ ਦਾ ਅਨੁਮਾਨ ਹੈ। ਜਲੰਧਰ 'ਚ ਹਲਕੇ ਬੱਦਲ ਰਹਿਣਗੇ। ਤਾਪਮਾਨ 27 ਤੋਂ 37 ਡਿਗਰੀ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਲੁਧਿਆਣਾ 'ਚ ਹਲਕੇ ਬੱਦਲ ਰਹਿਣਗੇ, ਤਾਪਮਾਨ 'ਚ ਵਾਧਾ ਦੇਖਿਆ ਜਾ ਸਕਦਾ ਹੈ ਤਾਪਮਾਨ 26 ਤੋਂ 36 ਡਿਗਰੀ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਪਟਿਆਲਾ 'ਚ ਹਲਕੇ ਬੱਦਲ ਰਹਿਣਗੇ, ਤਾਪਮਾਨ 'ਚ ਵਾਧੇ ਦੀ ਸੰਭਾਵਨਾ ਹੈ। ਤਾਪਮਾਨ 26 ਤੋਂ 34 ਡਿਗਰੀ ਵਿਚਕਾਰ ਰਹਿਣ ਦੀ ਸੰਭਾਵਨਾ ਹੈ। ਮੋਹਾਲੀ 'ਚ ਹਲਕੇ ਬੱਦਲ ਰਹਿਣਗੇ, ਤਾਪਮਾਨ 'ਚ ਵਾਧੇ ਦੀ ਸੰਭਾਵਨਾ ਹੈ। ਤਾਪਮਾਨ 26 ਤੋ 35 ਡਿਗਰੀ ਵਿਚਕਾਰ ਰਹਿਣ ਦਾ ਅਨੁਮਾਨ ਹੈ।

### ਕੋਰੋਨਾ ਦੇ ਨਵੇਂ ਵੇਰੀਐਂਟ ਨਿੰਬਸ ਨੇ

ਅਤੇ ਰੋਕਥਾਮ ਕੇਂਦਰਾਂ ਦੇ ਹਵਾਲੇ ਨਾਲ ਇਹ ਦੱਸਿਆ ਜਾ ਰਿਹਾ ਹੈ ਕਿ ਇਸ ਵੇਰੀਐਂਟ ਦੇ ਲੱਗਭੱਗ 37 ਫੀਸਦੀ ਮਾਮਲੇ 7 ਜੂਨ ਨੂੰ ਖਤਮ ਹੋਣ ਵਾਲੇ 2-ਹਫ਼ਤੇ ਦੇ ਅੰਤਰਾਲ ਵਿੱਚ ਰਿਪੋਰਟ ਕੀਤੇ ਗਏ ਸਨ। ਸਿਹਤ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਵੇਰੀਐਂਟ ਦੁਨੀਆਂ ਵਿੱਚ ਇੱਕ ਤਿਹਾਈ ਕੇਸਾਂ ਦਾ ਕਾਰਨ ਬਣ ਸਕਦਾ ਹੈ। ਨਿੰਬਸ ਤੋਂ ਪੀੜਤ ਕੁਝ ਮਰੀਜ਼ ਇਸ ਕਾਰਨ ਗਲੇ ਵਿੱਚ ਹੋਣ ਵਾਲੇ ਦਰਦ ਦੀ ਤੁਲਨਾ ਕੱਚ ਦੇ ਟੁਕੜਿਆਂ ਨੂੰ ਨਿਗਲਣ ਨਾਲ ਕਰ ਰਹੇ ਹਨ। ਇਸ ਤੋਂ ਇਲਾਵਾ ਮਰੀਜ਼ ਵਿੱਚ ਬੰਦ ਜਾਂ ਵਗਦਾ ਨੱਕ, ਥਕਾਵਟ, ਹਲਕੀ ਖੰਘ, ਬੁਖਾਰ, ਸਰੀਰ ਵਿੱਚ ਦਰਦ, ਦਸਤ ਵਰਗੇ ਲੱਛਣ ਵੀ ਦੇਖੇ ਜਾ ਰਹੇ ਹਨ। ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੋਜੀ (ਐਨ.ਆਈ.ਵੀ.) ਨੇ ਬੁੱਧਵਾਰ ਨੂੰ ਕਿਹਾ ਕਿ ਉਹ ਜੀਨੋਮ ਸੀਕੁਐਂਸਿੰਗ ਕਰ ਰਿਹਾ ਹੈ ਅਤੇ ਓਮੀਕ੍ਰੋਨ ਦੇ ਚਾਰ ਨਵੇਂ ਉਪ-ਰੂਪਾਂ ਨੂੰ ਅਲੱਗ ਕਰ ਰਿਹਾ ਹੈ, ਜਿਨ੍ਹਾਂ ਨੂੰ ਭਾਰਤ ਵਿੱਚ ਕੋਵਿਡ ਮਾਮਲਿਆਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਦੱਸ ਦੇਈਏ ਕਿ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈਸੀਐਮਆਰ) ਦੇ ਅਧੀਨ ਪੁਣੇ ਸਥਿਤ ਐਨ.ਆਈ.ਵੀ. ਦੇ ਡਾਇਰੈਕਟਰ ਡਾ. ਨਵੀਨ ਕੁਮਾਰ ਨੇ ਕਿਹਾ ਕਿ ਇਹ ਯਤਨ ਟੀਕੇ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਵਿੱਚ ਮਦਦ ਕਰੇਗਾ। ਅਪ੍ਰੈਲ ਦੇ ਦੂਜੇ ਹਫ਼ਤੇ ਤੋਂ ਕੋਵਿਡ ਮਾਮਲਿਆਂ ਵਿੱਚ ਵਾਧਾ ਦੇਖਿਆ ਗਿਆ ਹੈ। ਕੁਮਾਰ ਨੇ ਕਿਹਾ ਕਿ ਭਾਰਤ ਭਰ ਵਿੱਚ ਨਮੂਨਿਆਂ ਦੀ ਜੀਨੋਮ ਸੀਕੁਐਂਸਿੰਗ ਤੋਂ ਬਾਅਦ, ਓਮੀਕ੍ਰੋਨ ਦੇ ਚਾਰ ਉਪ-ਰੂਪ-ਐਲਐਫ.ਜੀ., ਐਕਸ.ਐਫ.ਜੀ., ਜੇਐੱਨ.ਏ.ਏ.ਐਫ. ਅਤੇ ਐਨ.ਬੀ.ਏ.ਐਚ.ਏ. ਪਾਏ ਗਏ ਹਨ।

# ਏਅਰ ਇੰਡੀਆ ਨੇ ਮੰਗਲੂਰੂ-ਦੁਬਈ ਉਡਾਣ ਕੀਤੀ ਮੁਅੱਤਲ

ਨਵੀਂ ਦਿੱਲੀ, 19 ਜੂਨ (ਚ.ਨ.ਸ.) : ਸੰਚਾਲਨ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਏਅਰ ਇੰਡੀਆ ਐਕਸਪ੍ਰੈਸ ਨੇ 17 ਜੂਨ ਤੋਂ 30 ਜੂਨ ਤੱਕ ਮੰਗਲੂਰੂ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਦੁਬਈ ਜਾਣ ਵਾਲੀਆਂ ਆਪਣੀਆਂ ਦੋ ਰੋਜ਼ਾਨਾ ਉਡਾਣਾਂ ਵਿੱਚੋਂ ਇੱਕ, ਫਲਾਈਟ ਨੰਬਰ IX813 / IX814, ਨੂੰ ਅਸਥਾਈ ਤੌਰ 'ਤੇ ਰੱਦ ਕਰ ਦਿੱਤਾ ਹੈ।

ਏਅਰ ਇੰਡੀਆ ਐਕਸਪ੍ਰੈਸ ਦੇ ਇਸ ਫ਼ੈਸਲੇ ਕਾਰਨ, ਮੰਗਲੂਰੂ-ਦੁਬਈ ਸੈਕਟਰ 'ਤੇ ਹਫ਼ਤਾਵਾਰੀ ਉਡਾਣਾਂ ਦੀ ਗਿਣਤੀ 18 ਤੋਂ ਘੱਟ ਕੇ 11 ਹੋ ਗਈ ਹੈ। ਹਾਲਾਂਕਿ, ਇੰਡੀਗੋ ਨੇ ਦੁਬਈ ਲਈ ਆਪਣੀਆਂ ਚਾਰ ਨਿਰਧਾਰਤ ਹਫ਼ਤਾਵਾਰੀ ਉਡਾਣਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਹੈ।

ਅਧਿਕਾਰਤ ਸੂਤਰਾਂ ਅਨੁਸਾਰ, ਉਡਾਣਾਂ ਵਿੱਚ ਇਹ ਕਮੀ ਮੁੱਖ ਤੌਰ 'ਤੇ ਚੱਲ ਰਹੇ ਪੱਛਮੀ ਏਸ਼ੀਆ ਸੰਕਟ ਕਾਰਨ ਇਜ਼ਰਾਈਲ, ਈਰਾਨ, ਇਰਾਕ ਅਤੇ ਜਾਰਡਨ ਦੇ ਕਈ ਖੇਤਰਾਂ ਵਿੱਚ ਹਵਾਈ ਖੇਤਰ ਦੇ ਬੰਦ ਹੋਣ ਕਾਰਨ ਹੈ।

# 'ਠੱਗ ਲਾਈਫ਼' ਦੀ ਰਿਲੀਜ਼ ਵਿੱਚ ਵਿਘਨ ਪਾਉਣ ਵਾਲਿਆਂ ਵਿਰੁੱਧ ਕਾਰਵਾਈ ਕਰੋ: ਸੁਪਰੀਮ ਕੋਰਟ

ਨਵੀਂ ਦਿੱਲੀ, 19 ਜੂਨ (ਚ.ਨ.ਸ.) : ਸੁਪਰੀਮ ਕੋਰਟ ਨੇ ਵੀਰਵਾਰ ਨੂੰ ਕਰਨਾਟਕ ਸਰਕਾਰ ਨੂੰ ਕਿਹਾ ਕਿ ਉਹ ਕਮਲ ਹਾਸਨ ਦੀ ਫਿਲਮ 'ਠੱਗ ਲਾਈਫ' ਦੀ ਸਕ੍ਰੀਨਿੰਗ ਵਿੱਚ ਵਿਘਨ ਪਾਉਣ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ। ਜਸਟਿਸ ਉੱਜਲ ਭੂਈਆਂ ਅਤੇ ਜਸਟਿਸ ਮਨਮੋਹਨ ਦੇ ਬੈਂਚ ਨੇ ਰਾਜ ਸਰਕਾਰ ਦੇ ਇਸ ਭਰੋਸੇ ਨੂੰ ਦਰਜ ਕੀਤਾ ਕਿ ਜੇਕਰ ਰਾਜ ਵਿੱਚ ਫਿਲਮ ਦਿਖਾਈ ਜਾਂਦੀ ਹੈ ਤਾਂ ਉਹ ਸਿਨੇਮਾਘਰਾਂ ਨੂੰ ਲੋੜੀਂਦੀ ਸੁਰੱਖਿਆ ਪ੍ਰਦਾਨ ਕਰੇਗੀ। ਬੈਂਚ ਨੇ ਕਿਹਾ ਕਿ ਉਹ ਅਜਿਹੀ ਸਥਿਤੀ ਨਹੀਂ ਪੈਦਾ ਕਰਨਾ ਚਾਹੁੰਦਾ, ਜਿਸ ਵਿੱਚ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾਵੇ ਅਤੇ ਫਿਲਮ ਨੂੰ ਰਿਲੀਜ਼ ਹੋਣ ਤੋਂ ਰੋਕ ਦਿੱਤਾ ਜਾਵੇ, ਜਾਂ ਸਟੈਂਡਅੱਪ ਸ਼ੋਅ ਰੱਦ ਕਰ ਦਿੱਤਾ ਜਾਵੇ ਜਾਂ ਕਿਸੇ ਕਲਾਕਾਰ ਨੂੰ ਕਵਿਤਾ ਸੁਣਾਉਣ ਤੋਂ ਰੋਕਿਆ ਜਾਵੇ। ਨਤੀਜੇ ਵਜੋਂ ਬੈਂਚ ਨੇ ਸੂਬਾ ਸਰਕਾਰ ਨੂੰ ਫਿਲਮ ਦੀ ਰਿਲੀਜ਼ ਲਈ ਖ਼ਤਰਾ ਪੈਦਾ ਕਰਨ ਵਾਲੇ ਕਿਸੇ ਵੀ ਵੰਡ ਪਾਊ ਤੱਤ ਨੂੰ ਰੋਕਣ ਲਈ ਕਿਹਾ।



ਸੁਪਰੀਮ ਕੋਰਟ ਨੇ ਰਾਜ ਸਰਕਾਰ ਦੇ ਭਰੋਸੇ ਤੋਂ ਬਾਅਦ ਜਨਹਿੱਤ ਪਟੀਸ਼ਨ ਨੂੰ ਬੰਦ ਕਰ ਦਿੱਤਾ ਅਤੇ ਕਿਹਾ ਕਿ ਕੋਈ ਦਿਸ਼ਾ-ਨਿਰਦੇਸ਼ ਜਾਂ ਨਿਰਦੇਸ਼ ਦੇਣ ਦੀ ਲੋੜ ਨਹੀਂ ਹੈ। ਇਸ ਬਾਰੇ 17 ਜੂਨ ਨੂੰ ਸੁਪਰੀਮ ਕੋਰਟ ਨੇ ਕਰਨਾਟਕ ਸਰਕਾਰ 'ਤੇ ਸਖ਼ਤ ਟਿੱਪਣੀ ਕੀਤੀ, ਜਦੋਂ ਅਦਾਕਾਰ ਦੀ ਫਿਲਮ ਸੂਬੇ ਦੇ ਸਿਨੇਮਾਘਰਾਂ ਵਿੱਚ ਨਹੀਂ ਦਿਖਾਈ ਗਈ। ਕੋਰਟ ਨੇ ਕਿਹਾ ਕਿ ਭੀੜ ਅਤੇ ਚੌਕਸੀ ਨੂੰ ਸੜਕਾਂ 'ਤੇ ਕਬਜ਼ਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਰਾਜਾ ਰਘੂਵੰਸ਼ੀ ਕਤਲ ਮਾਮਲਾ

# ਸੋਨਮ ਨੇ ਪ੍ਰੇਮੀ ਦੀ ਪਛਾਣ ਲੁਕਾਉਣ ਲਈ ਰਾਜ ਕੁਸ਼ਵਾਹਾ ਦਾ ਨੰਬਰ 'ਸੰਜੇ ਵਰਮਾ' ਵਜੋਂ ਕੀਤਾ ਸੀ ਸੇਵ

## ਸੈਂਕੜੇ ਵਾਰ ਕਾਲਾਂ ਦਾ ਹੋਇਆ ਆਦਾਨ-ਪ੍ਰਦਾਨ

ਚੰਡੀਗੜ੍ਹ, 19 ਜੂਨ (ਚ.ਨ.ਸ.) : 2 ਜੂਨ ਨੂੰ ਮੇਘਾਲਿਆ ਵਿੱਚ ਇੰਦੌਰ ਦੇ ਕਾਰੋਬਾਰੀ ਰਾਜਾ ਰਘੂਵੰਸ਼ੀ ਦਾ ਕਤਲ ਮਾਮਲਾ ਸਾਹਮਣੇ ਆਇਆ ਸੀ। ਉਸ ਦੀ ਲਾਸ਼ ਸੋਹਰਾ ਖੇਤਰ, ਪੂਰਬੀ ਖਾਸੀ ਪਹਾੜੀਆਂ ਵਿੱਚ ਇੱਕ ਝਰਨੇ ਦੇ ਨੇੜੇ ਇੱਕ ਖੱਡ ਵਿੱਚੋਂ ਬਰਾਮਦ ਕੀਤੀ ਗਈ ਸੀ। ਇਸ ਮਾਮਲੇ ਸਬੰਧੀ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਹਰ ਕਈ ਖੁਲਾਸੇ ਹੋ ਰਹੇ ਹਨ। ਹਾਲ ਹੀ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਸੋਨਮ(ਰਾਜਾ ਰਘੂਵੰਸ਼ੀ ਦੀ ਪਤਨੀ) ਨੇ ਆਪਣੇ ਰਾਜ ਕੁਸ਼ਵਾਹਾ ਦੀ ਪਛਾਣ ਲੁਕਾਉਣ ਲਈ ਉਸ ਦਾ ਨੰਬਰ ਸੰਜੇ ਵਰਮਾ ਵਜੋਂ ਸੇਵ ਕੀਤਾ ਹੋਇਆ ਸੀ। ਦੋਹਾਂ ਵਿਚਕਾਰ ਸੈਂਕੜੇ ਵਾਰ ਫੋਨ ਕਾਲਾਂ ਦਾ ਅਦਾਨ ਪ੍ਰਦਾਨ ਹੋਇਆ ਸੀ।

ਜ਼ਿਕਰਯੋਗ ਹੈ ਕਿ ਰਾਜਾ ਦਾ ਵਿਆਹ ਸੋਨਮ ਨਾਲ 11 ਮਈ ਨੂੰ ਹੋਇਆ ਸੀ। ਇਹ ਜੋੜਾ 20 ਮਈ ਨੂੰ ਹਨੀਮੂਨ ਲਈ ਮੇਘਾਲਿਆ ਲਈ ਰਵਾਨਾ ਹੋਇਆ ਅਤੇ ਰਾਜਾ ਵਿਆਹ ਤੋਂ ਸਿਰਫ਼ 12 ਦਿਨ ਬਾਅਦ, 23 ਮਈ ਨੂੰ ਲਾਪਤਾ ਹੋ ਗਿਆ ਸੀ।

**ਹੁਣ ਤੱਕ ਦੀ ਜਾਂਚ ਦੌਰਾਨ ਸਾਹਮਣੇ ਆਏ ਮੁੱਖ ਬਿੰਦੂ**

ਸੋਨਮ (ਪਤਨੀ) 'ਤੇ ਆਪਣੇ ਪਤੀ ਦੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਉਸਦਾ ਪ੍ਰੇਮੀ, ਰਾਜ ਕੁਸ਼ਵਾਹਾ (ਉਰਫ਼ ਸੰਜੇ ਵਰਮਾ), ਕਥਿਤ ਤੌਰ 'ਤੇ ਮੁੱਖ ਸਾਜਿਸ਼ਘਾੜਾ ਵਜੋਂ ਸਾਹਮਣੇ ਆਇਆ ਹੈ।



**ਫੋਨ ਰਿਕਾਰਡ:** ਸੋਨਮ ਨੇ ਰਾਜ ਦਾ ਨੰਬਰ ਸੰਜੇ ਵਰਮਾ ਵਜੋਂ ਸੇਵ ਕੀਤਾ ਸੀ ਤਾਂ ਜੋ ਉਸਦੀ ਪਛਾਣ ਲੁਕਾਈ ਜਾ ਸਕੇ। 1 ਮਾਰਚ ਤੋਂ 8 ਅਪ੍ਰੈਲ ਤੱਕ ਉਨ੍ਹਾਂ ਵਿਚਕਾਰ 234 ਕਾਲਾਂ ਦਾ ਆਦਾਨ-ਪ੍ਰਦਾਨ ਹੋਇਆ, ਜਿਸ ਵਿੱਚ ਹਰੇਕ ਕਾਲ 30-60 ਮਿੰਟ ਤੱਕ ਚੱਲੀ।

**ਗ੍ਰਿਫ਼ਤਾਰੀਆਂ:** ਸੋਨਮ, ਰਾਜ ਕੁਸ਼ਵਾਹਾ, ਅਤੇ ਉਸਦੇ ਦੋਸਤ ਵਿਸ਼ਾਲ ਚੌਹਾਨ, ਆਕਾਸ਼ ਰਾਜਪੂਤ, ਅਤੇ ਆਨੰਦ ਕੁਰਮੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।ਸੋਨਮ ਨੇ 8 ਜੂਨ ਨੂੰ ਉੱਤਰ ਪ੍ਰਦੇਸ਼ ਵਿੱਚ ਆਤਮ ਸਮਰਪਣ ਕਰ ਦਿੱਤਾ ਸੀ। ਬਾਕੀਆਂ ਨੂੰ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਤੋਂ ਫੜਿਆ ਗਿਆ ਸੀ।

**ਪੁਲਿਸ ਕਾਰਵਾਈ:** ਮੇਘਾਲਿਆ ਪੁਲਹਸ ਨੇ ਸਹਿਕਾਰ ਨਗਰ ਵਿੱਚ ਰਾਜਾ ਦੇ ਪਰਿਵਾਰ ਦੇ ਬਿਆਨ ਦਰਜ ਕੀਤੇ। ਪੁਲਿਸ ਨੇ ਪੁਸ਼ਟੀ ਕੀਤੀ ਕਿ ਸੰਜੇ ਵਰਮਾ ਅਸਲ ਵਿੱਚ ਰਾਜ ਕੁਸ਼ਵਾਹਾ ਹੈ।

**ਪਰਿਵਾਰ ਦੀ ਪ੍ਰਤੀਕਿਰਿਆ:** ਸੋਨਮ ਦੇ ਭਰਾ ਗੋਵਿੰਦ ਨੇ ਕਿਹਾ ਕਿ ਉਸਨੂੰ ਸੰਜੇ ਯਾਦਵ ਬਾਰੇ ਕੋਈ ਜਾਣਕਾਰੀ ਨਹੀਂ ਸੀ। ਰਾਜਾ ਦੇ ਪਰਿਵਾਰ ਨੇ ਸੋਨਮ ਦੇ ਪਰਿਵਾਰ ਦੀ ਨਾਰਕੋ-ਵਿਸ਼ਲੇਸ਼ਣ ਦੀ ਮੰਗ ਕੀਤੀ ਹੈ। ਇੱਕ ਪਰਿਵਾਰਕ ਮੈਂਬਰ, ਗੋਵਿੰਦ, ਨੇ ਕਿਹਾ ਕਿ ਉਹ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਕਿਸੇ ਵੀ ਜਾਂਚ ਵਿੱਚੋਂ ਗੁਜ਼ਰਨ ਲਈ ਤਿਆਰ ਹੈ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਈ.ਟੀ.ਓ. ਵੱਲੋਂ ਸੂਬੇ ਵਿੱਚ ਟ੍ਰੈਫ਼ਿਕ ਸੈਂਸਸ ਕਰਵਾਉਣ ਦੇ ਹੁਕਮ



ਚੰਡੀਗੜ੍ਹ, 19 ਜੂਨ, (ਚ.ਨ.ਸ.) : ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਅੱਜ ਸੂਬੇ ਵਿਚ ਟਰੈਫਿਕ ਸੈਂਸਸ ਕਰਵਾਉਣ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਦੀਆਂ ਸੜਕਾਂ ਉੱਤੇ 30 ਸਤੰਬਰ 2025 ਤੱਕ ਟਰੈਫਿਕ ਸੈਂਸਸ ਨੂੰ ਮੁਕੰਮਲ ਕਰ ਲਿਆ ਜਾਵੇ ਜੋ ਕਿ ਸੜਕਾਂ ਦੀ ਅਪਗ੍ਰੇਡਸ਼ਨ ਅਤੇ ਨਵੀਂ ਉਸਾਰੀ ਨੂੰ ਹੋਰ ਤਰਕਸੰਗਤ ਬਣਾਉਣ ਵਿੱਚ ਸਹਾਇਕ ਸਿੱਧ ਹੋਵੇਗਾ। ਇਸ ਤੋਂ ਇਲਾਵਾ ਟਰੈਫਿਕ ਸੈਂਸਸ ਨਾਲ ਸਬੰਧਤ ਡਾਟਾ ਰਾਹੀਂ ਸੜਕਾਂ ਦੀ ਨਵੀਂ ਉਸਾਰੀ, ਚੌੜਾ ਕਰਨ ਅਤੇ ਹੋਰ ਲੋੜੀਂਦੇ ਸੁਧਾਰ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸੜਕੀ ਆਵਾਜਾਈ ਨੂੰ ਹੋਰ ਸੁਰੱਖਿਅਤ ਬਣਾਇਆ ਜਾ ਸਕੇਗਾ, ਜਿਸ ਨਾਲ ਦੁਰਘਟਨਾਵਾਂ ਵਿੱਚ ਹੁੰਦੇ ਵਡਮੁੱਲੇ ਜਾਨੀ ਨੁਕਸਾਨ ਤੋਂ ਵੀ ਬਚਾਅ ਹੋਵੇਗਾ।

ਅੱਜ ਇੱਥੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਨਾਲ ਸੂਬੇ ਦੀਆਂ ਸੜਕ ਅਤੇ ਪੁਲਾਂ ਨੂੰ ਬਿਹਤਰੀਨ ਬਨਾਉਣ ਲਈ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਇਕ ਸਾਂਝੀ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਮੀਟਿੰਗ ਦੀਆਂ ਵੱਖ-ਵੱਖ ਸਕੀਮਾਂ ਅਧੀਨ ਅਤੇ ਵਿਸ਼ੇਸ ਤੌਰ 'ਤੇ ਲਿੰਕ ਸੜਕਾਂ ਬਾਬਤ ਤਜਵੀਜ਼ ਕੀਤੇ ਅਤੇ ਚਲਦੇ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਲੋਕ ਨਿਰਮਾਣ ਵਿਭਾਗ ਪ੍ਰਬੰਧਕੀ ਸਕੱਤਰ ਰਵੀ ਭਗਤ ਅਤੇ ਪੰਜਾਬ ਮੰਡੀਕਰਨ ਬੋਰਡ ਦੇ ਸਕੱਤਰ ਰਾਮਵੀਰ ਦੇ ਨਾਲ-ਨਾਲ ਵਿਸ਼ੇਸ਼ ਸਕੱਤਰ ਸ਼੍ਰੀਮਤੀ ਹਰਗੁਨਜੀਤ ਕੌਰ ਅਤੇ ਵਿਭਾਗਾਂ ਦੇ ਉੱਚ ਅਧਿਕਾਰੀ ਮੌਜੂਦ ਸਨ। ਮੁੱਖ ਇੰਜੀਨੀਅਰ ਲੋਕ ਨਿਰਮਾਣ ਵੱਲੋਂ ਦੱਸਿਆ ਗਿਆ ਕਿ ਪੀ.ਐਮ.ਜੀ.ਐਸ.ਵਾਈ. ਸਕੀਮ ਅਧੀਨ ਐਫ਼.ਡੀ.ਆਰ ਯਾਨੀ ਫੁੱਲ ਡੇਪਥ ਰੇਕਲੇਮੇਸ਼ਨ ਰਾਹੀਂ 581 ਕਿ ਮੀ ਲਿੰਕ ਸੜਕਾਂ ਦੀ ਉਸਾਰੀ ਦੇ ਟੈਂਡਰ ਮੰਗੇ ਜਾ ਰਹੇ ਹਨ। ਨਾਬਾਰਡ ਸਕੀਮ ਅਧੀਨ 281 ਕਰੋੜ ਰੁਪਏ ਦੀ ਲਾਗਤ ਨਾਲ ਰਾਜ ਦੀਆਂ ਮੌਜੂਦਾ ਪੇਂਡੂ ਸੜਕਾਂ ਦੀ ਮਜ਼ਬੂਤੀਕਰਨ ਅਤੇ ਨਵੀਂ ਉਸਾਰੀ ਦੇ ਕੰਮ ਵੀ ਹੱਥ ਵਿੱਚ ਲਏ ਜਾ ਰਹੇ ਹਨ। ਇਸ ਮੌਕੇ ਹਰਭਜਨ ਸਿੰਘ ਈ. ਟੀ. ਓ. ਨੇ ਪੀ.ਆਰ.ਬੀ.ਡੀ.ਬੀ. ਅਧੀਨ ਚੱਲਦੇ ਹੋਰ ਕੰਮਕਾਜ ਦਾ ਵਿਸਤਾਰਪੂਰਵਕ ਜਾਇਜ਼ਾ ਵੀ ਲਿਆ ਅਤੇ ਕੰਮਾਂ ਵਿੱਚ ਆਉਂਦੀਆਂ ਔਕੜਾਂ/ਦਿੱਕਤਾਂ ਬਾਰੇ ਵੀ ਜਾਣਕਾਰੀ ਲਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਆਪਣੇ ਕੰਮ ਇਮਾਨਦਾਰੀ ਅਤੇ ਚੰਗੀ ਮਿਆਰ ਨਾਲ ਕਰਵਾਉਣ ਦੀ ਹਦਾਇਤ ਕੀਤੀ।

ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀਆਂ ਸੜਕਾਂ ਨੂੰ ਵਿਸ਼ਵ ਪੱਧਰ ਬਣਾਉਣ ਲਈ ਯਤਨਸ਼ੀਲ ਹੈ ਤਾਂ ਜੋ ਸੂਬੇ ਦੀ ਵਿਕਾਸ ਰਫ਼ਤਾਰ ਨੂੰ ਹੋਰ ਤੇਜ਼ ਕੀਤਾ ਜਾ ਸਕੇ।

# ਬੇਸਹਾਰਾ ਬੱਚਿਆਂ ਨੂੰ ਗੋਦ ਲੈਣ ਦੀ ਪ੍ਰਕਿਰਿਆ ਨੂੰ ਕਾਨੂੰਨੀ ਤੇ ਸੁਰੱਖਿਅਤ ਬਣਾਵਾਂਗੇ : ਡਾ. ਬਲਜੀਤ ਕੌਰ



ਚੰਡੀਗੜ੍ਹ, 19 ਜੂਨ, (ਚ.ਨ.ਸ.) : ਪੰਜਾਬ ਸਰਕਾਰ ਸੂਬੇ ਭਰ ਦੇ ਬੇਸਹਾਰਾ ਬੱਚਿਆਂ ਦੇ ਸੁਨਹਿਰੀ ਭਵਿੱਖ ਯਕੀਨੀ ਬਣਾਉਣ ਲਈ ਗੋਦ ਲੈਣ ਦੀ ਪ੍ਰਕਿਰਿਆ ਨੂੰ ਕਾਨੂੰਨੀ ਤੇ ਸੁਰੱਖਿਅਤ ਬਣਾਵੇਗੀ।

ਅੱਜ ਇੱਥੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਿਸਟਰੇਸ਼ਨ, ਵਿਖੇ 'ਅਡਾਪਸ਼ਨ ਰੈਗੂਲੇਸ਼ਨ-2022' ਸਬੰਧੀ ਰਾਜ ਪੱਧਰੀ ਟਰੇਨਿੰਗ ਪ੍ਰੋਗਰਾਮ ਮੌਕੇ ਸੰਬੋਧਨ ਕਰਦਿਆਂ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਕਾਨੂੰਨੀ ਤੇ ਸੁਰੱਖਿਅਤ ਤੌਰ 'ਤੇ ਬੇਸਹਾਰਾ ਬੱਚਿਆਂ ਨੂੰ ਗੋਦ ਲੈਣ ਦੀ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਬੇਸਹਾਰਾ ਬੱਚਿਆਂ ਦੇ ਸੁਨਹਿਰੇ ਭਵਿੱਖ ਨੂੰ ਯਕੀਨੀ ਬਣਾਉਣ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਿਖਲਾਈ ਦੇਣ ਦਾ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ ਤਾਂ ਜੋ ਅਡਾਪਸਨ ਮਗਰੋਂ ਕਿਸੇ ਕਿਸਮ ਦੀ ਕਾਨੂੰਨੀ ਰੁਕਾਵਟ ਨਾ ਆਵੇ।

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਕੇਂਦਰੀ ਅਡਾਪਸ਼ਨ ਰਿਸੋਰਸ ਅਥਾਰਟੀ (ਕਾਰਾ) ਅਤੇ ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਕੋਆਪਰੇਸ਼ਨ ਐਂਡ ਚਾਇਲਡ ਡਿਵੈਲਪਮੈਂਟ (ਨਿਪਸਡ) ਮੋਹਾਲੀ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿੱਚ ਬੋਲਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਸਾਡੇ ਸਮਾਜ ਦੀ ਇਹ ਦੁਖਦਾਈ ਹਕੀਕਤ ਹੈ ਕਿ ਕਈ ਵਾਰ ਨਵਜੰਮੇ ਬੱਚਿਆਂ ਨੂੰ ਤਿਆਗਣ ਜਾਂ ਉਨ੍ਹਾਂ ਦੀ ਜਾਨ ਲੈਣ ਵਾਲੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਪਰਿਵਾਰ ਸੁਖ-ਸਹੂਲਤਾਂ ਵਾਲੇ ਹਨ ਅਤੇ ਸਮਰੱਥ ਹਨ, ਉਹ ਇਨਸਾਨੀਅਤ ਦੇ ਨਾਤੇ ਅਜਿਹੇ ਅਨਾਥ ਅਤੇ ਬੇਸਹਾਰਾ ਬੱਚਿਆਂ ਨੂੰ ਕਾਨੂੰਨੀ ਪ੍ਰਕਿਰਿਆ ਰਾਹੀਂ ਗੋਦ ਲੈਣ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਉਹ ਬੱਚਾ ਮਾਤਾ-ਪਿਤਾ ਦੇ ਪਿਆਰ ਤੋਂ ਵਾਂਝਾ ਨਹੀਂ ਰਹੇਗਾ ਅਤੇ ਉਸਦਾ ਭਵਿੱਖ ਵੀ ਸੁਰੱਖਿਅਤ ਬਣ ਸਕੇਗਾ।

ਸਮਾਜਿਕ ਸੁਰੱਖਿਆ ਮੰਤਰੀ ਨੇ ਕਿਹਾ ਕਿ ਟਰੇਨਿੰਗ ਪ੍ਰੋਗਰਾਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਨਾਲ ਜੁੜੇ ਸਾਰੇ ਹਿੱਸੇਦਾਰਾਂ ਨੂੰ ਅਡਾਪਸ਼ਨ ਦੀ ਕਾਨੂੰਨੀ ਪ੍ਰਕਿਰਿਆ ਬਾਰੇ ਪੂਰੀ ਜਾਣਕਾਰੀ ਹੋਵੇ। ਇਸ ਤਰ੍ਹਾਂ ਭਵਿੱਖ ਵਿੱਚ ਹਰ ਬੱਚੇ ਦੀ ਗੋਦ ਲੈਣ ਦੀ ਪ੍ਰਕਿਰਿਆ ਨਿਯਮਾਂ ਅਨੁਸਾਰ ਤੇ ਵਧੀਆ ਤਰੀਕੇ ਨਾਲ ਹੀ ਪੂਰੀ ਹੋਣੀ ਯਕੀਨੀ ਬਣੇਗੀ।

ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਬੱਚੇ ਨੂੰ ਪਿਆਰ, ਸੁਰੱਖਿਆ ਅਤੇ ਚੰਗੇ ਭਵਿੱਖ ਦੀ ਗਾਰੰਟੀ ਦੇਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਅਡਾਪਸ਼ਨ ਰੈਗੂਲੇਸ਼ਨ-2022 ਨੂੰ ਸੂਬੇ ਵਿੱਚ ਲਾਗੂ ਕਰਕੇ ਬਿਨਾਂ ਮਾਪਿਆਂ ਵਾਲੇ ਬੱਚਿਆਂ ਦੀ ਜ਼ਿੰਦਗੀ ਵਿੱਚ ਨਵੇਂ ਰੰਗ ਭਰਨ ਅਤੇ ਉਨ੍ਹਾਂ ਨੂੰ ਪਿਆਰ ਭਰਿਆ ਘਰ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੈ।

ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੇ ਚੇਅਰਮੈਨ ਕੰਵਰਦੀਪ ਸਿੰਘ ਨੇ ਰਾਜ ਪੱਧਰੀ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਰਾਜ ਪੱਧਰੀ ਸਮਾਗਮ ਬੱਚਾ ਗੋਦ ਲੈਣ ਦੀ ਪ੍ਰਕਿਰਿਆ ਨਾਲ ਸਿੱਧਾ ਜੁੜੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਗਿਆਨ ਵਿੱਚ ਵਾਧਾ ਕਰਨਗੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੁਰੱਖਿਅਤ ਅਤੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਬੱਚਾ ਗੋਦ ਲੈਣ ਦੇ ਪ੍ਰਬੰਧ ਲਾਗੂ ਕਰਨ ਨਾਲ ਨਾ ਕੇਵਲ ਅਨਾਥ ਅਤੇ ਬੇਸਹਾਰਾ ਬੱਚਿਆਂ ਨੂੰ ਪਿਆਰ ਭਰਿਆ ਘਰ ਮਿਲੇਗਾ, ਸਗੋਂ ਉਨ੍ਹਾਂ ਦਾ ਭਵਿੱਖ ਵੀ ਸੁਨਹਿਰਾ ਬਣੇਗਾ।

ਕਾਰਾ (CARA) ਦੀ ਸੀ.ਈ.ਓ. ਭਾਵਨਾ ਸਕਸੈਨਾ ਨੇ ਵੀ ਪੰਜਾਬ ਸਰਕਾਰ ਵੱਲੋਂ ਅਡਾਪਸ਼ਨ ਰੈਗੂਲੇਸ਼ਨ-2022 ਦੇ ਤਹਿਤ ਆਯੋਜਿਤ ਇਸ ਰਾਜ ਪੱਧਰੀ ਟਰੇਨਿੰਗ ਪ੍ਰੋਗਰਾਮ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਬੱਚਾ ਗੋਦ ਲੈਣ ਦੀ ਕਾਨੂੰਨੀ ਪ੍ਰਕਿਰਿਆ ਕਾਫੀ ਜਟਿਲ ਅਤੇ ਸੰਵੇਦਨਸ਼ੀਲ ਹੁੰਦੀ ਹੈ। ਇਸ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਖਾਮੀਆਂ ਬੱਚੇ ਅਤੇ ਮਾਪਿਆਂ ਲਈ ਭਵਿੱਖ ਵਿੱਚ ਗੰਭੀਰ ਮੁਸ਼ਕਲਾਂ ਪੈਦਾ ਕਰ ਸਕਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੇ ਟਰੇਨਿੰਗ ਪ੍ਰੋਗਰਾਮ ਨਿਰੰਤਰ ਕਰਵਾਏ ਜਾਣਾ ਬਹੁਤ ਜ਼ਰੂਰੀ ਹਨ, ਤਾਂ ਜੋ ਨਾ ਸਿਰਫ਼ ਗੋਦ ਲੈਣ ਦੀ ਪ੍ਰਕਿਰਿਆ ਨਾਲ ਜੁੜੇ ਅਧਿਕਾਰੀਆਂ ਦੀ ਯੋਗਤਾ ਅਤੇ ਜਾਣਕਾਰੀ ਵਿੱਚ ਵਾਧਾ ਹੋਵੇ, ਸਗੋਂ ਸਮਾਜ ਵਿੱਚ ਵੀ ਲੋਕ ਜਾਗਰੂਕ ਹੋਣ ਅਤੇ ਅਜਿਹੇ ਬੱਚਿਆਂ ਨੂੰ ਪਿਆਰ ਭਰਿਆ ਘਰ ਮਿਲ ਸਕੇ।

ਇਸ ਟਰੇਨਿੰਗ ਸਮਾਗਮ ਵਿੱਚ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ, ਡਾ. ਸ਼ੇਨਾ ਅਗਰਵਾਲ, ਵਿਸ਼ੇਸ ਸਕੱਤਰ ਕੇਸ਼ਵ ਹਿੰਗੋਨੀਆਂ, ਵਧੀਕ ਸਕੱਤਰ ਵਿੰਮੀ ਭੁੱਲਰ ਤੋਂ ਇਲਾਵਾ ਜ਼ਿਲ੍ਹਾ ਮੈਜਿਸਟਰੇਟ ਦਫ਼ਤਰਾਂ, ਮੁੱਖ ਮੈਡੀਕਲ ਅਫ਼ਸਰਾਂ,ਚਾਇਲਡ ਵੈਲਫੇਅਰ ਕਮੇਟੀਆਂ (ਸੀ ਡਬਲਿਊ ਸੀ), ਸਪੈਸ਼ਲ ਅਡਾਪਸ਼ਨ ਏਜੰਸੀਜ਼ (ਐਸ ਏ ਏ), ਜ਼ਿਲ੍ਹਾ ਬੱਚਾ ਸੁਰੱਖਿਆ ਯੂਨਿਟਾਂ (ਡੀਸੀਪੀਯੂ) ਅਤੇ ਹੋਰ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਉਤਸ਼ਾਹ ਨਾਲ ਸ਼ਾਮਲ ਹੋਏ।

# ਪੀ.ਏ.ਪੀ. ਗਰਾਊਂਡ, ਜਲੰਧਰ ਵਿਖੇ ਯੋਗ ਅਭਿਆਸ ਕਰਕੇ ਰਾਜ ਪੱਧਰੀ 'ਸੀ.ਐਮ. ਦੀ ਯੋਗਸ਼ਾਲਾ' ਸਮਾਗਮ ਦੀ ਕੀਤੀ ਅਗਵਾਈ

## ਸਰੀਰਕ ਤੇ ਮਾਨਸਿਕ ਤੰਦਰੁਸਤੀ ਯਕੀਨੀ ਬਣਾਉਣ ਲਈ ਯੋਗ ਜ਼ਰੂਰੀ : ਸਿਹਤ ਮੰਤਰੀ

ਜਲੰਧਰ, 19 ਜੂਨ, (ਸੰਦੀਪ ਕੌਲ) : ਜਲੰਧਰ ਸ਼ਹਿਰ ਵਿੱਚ ਅੱਜ ਯੋਗ ਪ੍ਰਤੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। 21,000 ਤੋਂ ਵੱਧ ਯੋਗਾ ਪ੍ਰੇਮੀਆਂ ਨੇ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜੋ ਕਿ ਯੋਗ ਸਬੰਧੀ ਇਕ ਹੀ ਪ੍ਰੋਗਰਾਮ ਵਿੱਚ ਲੋਕਾਂ ਦੀ ਮੌਜੂਦਗੀ ਦਾ ਇੱਕ ਨਵਾਂ ਰਿਕਾਰਡ ਹੈ। ਸਮਾਗਮ ਵਿੱਚ 17,000 ਯੋਗ ਮੈਟਸ ਦਾ ਪ੍ਰਬੰਧ ਕੀਤਾ ਗਿਆ ਸੀ, ਪਰ ਲੋਕਾਂ ਦੇ ਭਰਵੇਂ ਹੁੰਗਾਰੇ ਸਦਕਾ ਜਨਤਕ ਸ਼ਮੂਲੀਅਤ ਦਾ ਅੰਕੜਾ ਸਭ ਦੀਆਂ ਉਮੀਦਾਂ ਨੂੰ ਪਾਰ ਕਰ ਗਿਆ। ਸਿਹਤਮੰਦ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵੀਰਵਾਰ ਨੂੰ ਲੋਕਾਂ ਨੂੰ ਯੋਗ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ ਦਿੱਤਾ।



ਪੀ.ਏ.ਪੀ. ਗਰਾਊਂਡ ਵਿਖੇ ਰਾਜ ਪੱਧਰੀ 'ਸੀ.ਐਮ. ਦੀ ਯੋਗਸ਼ਾਲਾ' ਸਮਾਗਮ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਇਸ ਵਿਸ਼ਾਲ ਸਮਾਗਮ ਵਿੱਚ ਹਰ ਵਰਗ ਦੇ ਲੋਕਾਂ ਨੂੰ ਉਤਸ਼ਾਹ ਨਾਲ ਹਿੱਸਾ ਲੈਂਦੇ ਦੇਖਣਾ ਬਹੁਤ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ 'ਸੀ.ਐਮ. ਦੀ ਯੋਗਸ਼ਾਲਾ' ਸਿਹਤਮੰਦ ਅਤੇ ਵਧੇਰੇ ਊਰਜਾਵਾਨ ਪੰਜਾਬ ਦੇ ਨਿਰਮਾਣ ਦੀ ਦਿਸ਼ਾ ਵਿੱਚ ਇੱਕ ਕਦਮ ਹੈ। ਡਾ. ਬਲਬੀਰ ਸਿੰਘ ਨੇ ਇਸ ਗੱਲ 'ਤੇ ਮਾਣ ਪ੍ਰਗਟ ਕੀਤਾ ਕਿ ਹਜ਼ਾਰਾਂ ਪੰਜਾਬੀ ਇਸ ਨੇਕ ਕਾਰਜ ਵਿੱਚ ਸੂਬਾ ਸਰਕਾਰ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਇੱਕ ਸਿਹਤਮੰਦ ਅਤੇ ਰੰਗਲੇ ਪੰਜਾਬ ਵਜੋਂ ਆਪਣੀ ਪੁਰਾਣੀ ਸ਼ਾਨ ਮੁੜ ਹਾਸਲ ਕਰੇਗਾ।

ਡਾ. ਬਲਬੀਰ ਸਿੰਘ, ਜਿਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਮੌਜੂਦ ਸਨ, ਨੇ ਕਿਹਾ ਕਿ ਉਨ੍ਹਾਂ ਨੂੰ ਸੀ.ਐਮ. ਦੀ ਯੋਗਸ਼ਾਲਾ ਦੇ ਮਾਧਿਅਮ ਨਾਲ ਹਜ਼ਾਰਾਂ ਲੋਕਾਂ ਨੂੰ ਸਰਕਾਰ ਨਾਲ ਜੁੜਦੇ ਦੇਖ ਕੇ ਬਹੁਤ ਖੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਦੋ ਸਾਲ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਜਲੰਧਰ ਤੋਂ ਸ਼ੁਰੂ ਕੀਤੀ ਗਈ ਸੀ ਅਤੇ ਮੌਜੂਦਾ ਸਮੇਂ ਸੂਬੇ ਭਰ ਵਿੱਚ ਰੋਜ਼ਾਨਾ ਲਗਭਗ 3,200 ਯੋਗਾ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਨ੍ਹਾਂ ਰਾਹੀਂ ਕਰੀਬ ਇੱਕ ਲੱਖ ਲੋਕ ਲਾਭ ਪ੍ਰਾਪਤ ਕਰ ਰਹੇ ਹਨ। ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਯੋਗ ਸਿਖਾਉਣ ਲਈ ਸਿਖਲਾਈ ਪ੍ਰਾਪਤ ਯੋਗਾ ਇੰਸਟ੍ਰਕਟਰ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਪੰਜਾਬ ਨੂੰ ਸਿਹਤਮੰਦ ਸੂਬਾ ਬਣਾਉਣ ਲਈ ਸਭ ਨੂੰ ਤੰਦਰੁਸਤ ਅਤੇ ਫਿੱਟ ਰਹਿਣ ਲਈ ਯੋਗ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰਨ ਦੀ ਅਪੀਲ ਕੀਤੀ।

ਯੋਗ ਨੂੰ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਵਰਦਾਨ ਦੱਸਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਯੋਗਸ਼ਾਲਾਵਾਂ ਪੰਜਾਬੀਆਂ ਨੂੰ ਸਿਹਤਮੰਦ ਜੀਵਨ ਜਿਊਣ ਵਿੱਚ ਮੱਦਦ ਕਰ ਰਹੀਆਂ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਚੰਗੀ ਸਿਹਤ ਬਣਾਈ ਰੱਖਣਾ ਅਤੇ ਤਣਾਅ ਮੁਕਤ ਰਹਿਣਾ ਸਮੇਂ ਦੀ ਲੋੜ ਹੈ, ਖਾਸ ਕਰ ਉਦੋਂ ਜਦੋਂ ਲੋਕ ਆਪਣੇ ਰੋਜ਼ਾਨਾ ਜੀਵਨ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਤਣਾਅ ਦਾ ਵਧਦਾ ਪੱਧਰ ਵੱਡੀ ਚਿੰਤਾ ਦਾ ਵਿਸ਼ਾ ਹੈ ਅਤੇ ਯੋਗ ਇਸ ਸਮੱਸਿਆ ਨਾਲ ਨਜਿੱਠਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਅਭਿਆਨ ਦਿੱਲੀ ਦੇ ਮੁੱਖ ਮੰਤਰੀ ਹੁੰਦਿਆਂ ਸ਼੍ਰੀ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਵਿੱਚ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਨੇ ਕੌਮੀ ਰਾਜਧਾਨੀ ਵਿੱਚ ਬਹੁਤ ਪ੍ਰਸਿੱਧੀ ਹਾਸਲ ਕੀਤੀ, ਜਿਸ ਨਾਲ ਆਬਾਦੀ ਦੇ ਵੱਡੇ ਹਿੱਸੇ ਨੂੰ ਲਾਭ ਪ੍ਰਾਪਤ ਹੋਇਆ। ਇਸਦੀ ਸਫ਼ਲਤਾ ਤੋਂ ਪ੍ਰੇਰਿਤ ਹੋ ਕੇ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਵੀ ਇਸੇ ਤਰ੍ਹਾਂ ਦੇ ਲਾਭ ਯਕੀਨੀ ਬਣਾਉਣ ਲਈ ਇਸ ਯੋਜਨਾ ਨੂੰ ਲਾਗੂ ਕੀਤਾ ਗਿਆ। ਡਾ. ਬਲਬੀਰ ਸਿੰਘ ਨੇ ਆਸ ਪ੍ਰਗਟ ਕੀਤੀ ਕਿ ਭਾਰਤ ਦੀਆਂ ਪ੍ਰਾਚੀਨ ਅਤੇ ਸ਼ਾਨਦਾਰ ਰਿਵਾਇਤਾਂ ਅਨੁਸਾਰ ਇਹ ਯੋਗਸ਼ਾਲਾਵਾਂ ਪੰਜਾਬੀਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਬਣਾਉਣ ਵਿੱਚ ਮੱਦਦਗਾਰ ਸਾਬਤ ਹੋਣਗੀਆਂ।

ਸਿਹਤ ਮੰਤਰੀ ਨੇ ਕਿਹਾ ਕਿ ਸਰੀਰ ਤੇ ਮਨ ਦੀ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਹਰੇਕ ਵਿਅਕਤੀ ਨੂੰ ਸਿਹਤਮੰਦ ਰਹਿਣ ਲਈ ਯੋਗ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ। ਡਾ. ਬਲਬੀਰ ਸਿੰਘ ਨੇ ਅਖੀਰ ਵਿੱਚ ਕਿਹਾ ਕਿ ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਅਤੇ ਨਿਯਮਿਤ ਤੌਰ 'ਤੇ ਯੋਗ ਅਭਿਆਸ ਕਰਕੇ ਮਾਨਸਿਕ ਅਤੇ ਸਰੀਰਕ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।

ਸਮਾਗਮ ਦੌਰਾਨ ਸਿਹਤ ਮੰਤਰੀ ਨੇ ਐਲਾਨ ਕੀਤਾ ਕਿ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਦਾ ਪੇਂਡੂ ਖੇਤਰਾਂ ਵਿੱਚ ਜਲਦ ਵਿਸਥਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਪਹਿਲਕਦਮੀ ਸੂਬੇ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਵਿੱਚ ਵੀ ਕਾਰਗਰ ਸਾਬਤ ਹੋਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਯੋਗਾ ਰਾਹੀਂ ਨਸ਼ੇ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਇਸ ਅਲਾਮਤ ਤੋਂ ਨਿਜਾਤ ਦਿਵਾਉਣ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਜਲੰਧਰ ਦੇ ਮੇਅਰ ਵਨੀਤ ਧੀਰ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਜਦਕਿ ਉੱਘੇ ਉਦਯੋਗਪਤੀ ਅਤੇ ਆਪ ਆਗੂ ਨਿਤਿਨ ਕੋਹਲੀ ਨੇ ਧੰਨਵਾਦ ਕੀਤਾ।

ਇਸ ਮੌਕੇ ਮੇਅਰ ਜਲੰਧਰ ਵਨੀਤ ਧੀਰ, ਆਪ ਆਗੂ ਨਿਤਿਨ ਕੋਹਲੀ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ, ਸਿਹਤ ਸਕੱਤਰ ਕੁਮਾਰ ਰਾਹੁਲ, ਵਾਈਸ ਚਾਂਸਲਰ ਸ੍ਰੀ ਗੁਰੂ ਰਵਿਦਾਸ ਆਯੂਰਵੇਦ ਯੂਨੀਵਰਸਿਟੀ ਹੁਸ਼ਿਆਰਪੁਰ ਡਾ. ਸੰਜੀਵ ਸੂਦ, ਡਾਇਰੈਕਟਰ ਰਜਿੰਦਰ ਸਿੰਘ ਰਿਹਾਲ, ਵਧੀਕ ਡਾਇਰੈਕਟਰ ਜਨਰਲ ਪੁਲਿਸ ਸਟੇਟ ਆਰਮਡ ਪੁਲਿਸ ਜਲੰਧਰ ਐਮ.ਐਫ. ਫਾਰੂਕੀ, ਏ.ਡੀ.ਜੀ.ਪੀ. ਨਰੇਸ਼ ਅਰੋੜਾ, ਡੀ.ਆਈ.ਜੀ. ਨਵੀਨ ਸਿੰਗਲਾ ਆਦਿ ਵੀ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ 110 ਵੇਂ ਦਿਨ ਪੰਜਾਬ ਪੁਲਿਸ ਵੱਲੋਂ 132 ਨਸ਼ਾ ਤਸਕਰ ਗ੍ਰਿਫ਼ਤਾਰ; 1.08 ਕਿਲੋ ਹੈਰੋਇਨ ਅਤੇ 87 ਹਜ਼ਾਰ ਦੀ ਡਰੱਗ ਮਨੀ ਬਰਾਮਦ

ਚੰਡੀਗੜ੍ਹ, 19 ਜੂਨ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 110ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 132 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.08 ਕਿਲੋ ਹੈਰੋਇਨ ਅਤੇ 87,540 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 110ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,236 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 96 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 220 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 544 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 100 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 571 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 67 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ 126 ਕਲਰਕਾਂ ਨੂੰ ਸੀਨੀਅਰ ਸਹਾਇਕ ਵਜੋਂ ਤਰੱਕੀ

## ਤਰੱਕੀਆਂ ਨਾਲ ਸੀਨੀਅਰ ਸਹਾਇਕਾਂ ਦੀਆਂ ਸਾਰੀਆਂ ਖਾਲ੍ਹੀ ਪੋਸਟਾਂ ਭਰ ਜਾਣਗੀਆਂ : ਬੈਂਸ

ਚੰਡੀਗੜ੍ਹ, 19 ਜੂਨ, (ਚ.ਨ.ਸ.) : ਆਪਣੇ ਕਾਰਜਬਲ ਨੂੰ ਹੋਰ ਮਜ਼ਬੂਤੀ ਦਿੰਦਿਆਂ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨੇ 126 ਕਲਰਕਾਂ ਨੂੰ ਸੀਨੀਅਰ ਸਹਾਇਕ ਵਜੋਂ ਪਦਉੱਨਤ ਕੀਤਾ ਹੈ। ਇਹ ਫੈਸਲਾ ਨਾ ਸਿਰਫ਼ ਪ੍ਰਸ਼ਾਸਕੀ ਕੁਸ਼ਲਤਾ ਨੂੰ ਵਧਾਏਗਾ ਬਲਕਿ ਕਰਮਚਾਰੀਆਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਵੀ ਪ੍ਰੇਰਿਤ ਕਰੇਗਾ।



ਅੱਜ ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਪੰਜਾਬ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਨ੍ਹਾਂ ਤਰੱਕੀਆਂ ਦੇ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਡੀਈਓ) ਦੇ ਦਫ਼ਤਰਾਂ ਅਤੇ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ (ਡੀਆਈਈਟੀਜ਼) ਵਿੱਚ ਸੀਨੀਅਰ ਸਹਾਇਕਾਂ ਦੀਆਂ ਸਾਰੀਆਂ ਖਾਲੀ ਪਈਆਂ ਪੋਸਟਾਂ ਭਰ ਜਾਣਗੀਆਂ, ਜੋ ਬਿਹਤਰ ਸ਼ਾਸਨ ਪ੍ਰਦਾਨ ਕਰਨ ਵੱਲ ਇੱਕ ਅਹਿਮ ਕਦਮ ਹੈ।

ਪਦਉੱਨਤ ਹੋਏ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਉਨ੍ਹਾਂ ਨੂੰ ਇਸ ਮੌਕੇ ਦਾ ਲਾਭ ਉਠਾਉਂਦਿਆਂ ਆਪਣੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਇਹ ਤਰੱਕੀਆਂ ਸਟਾਫ਼ ਨੂੰ ਹੋਰ ਵੀ ਬਿਹਤਰ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਲਈ ਉਤਸ਼ਾਹਿਤ ਕਰਨਗੀਆਂ। ਉਨ੍ਹਾਂ ਕਿਹਾ ਕਿ ਕਰਮਚਾਰੀਆਂ ਨੂੰ ਤਰੱਕੀ ਦੇਣਾ ਅਤੇ ਖਾਲ੍ਹੀ ਪਈਆਂ ਅਸਾਮੀਆਂ ਨੂੰ ਭਰਨਾ ਸਕੂਲ ਸਿੱਖਿਆ ਵਿਭਾਗ ਦੀ ਕਾਰਜ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਅਤੇ ਪ੍ਰਸ਼ਾਸਨਿਕ ਕੁਸ਼ਲਤਾ ਨੂੰ ਵਧਾਉਣ ਸਬੰਧੀ ਸਮਰਪਿਤ ਭਾਵਨਾ ਨੂੰ ਦਰਸਾਉਂਦਾ ਹੈ।

# ਪੰਜਾਬ 'ਚ ਅੰਨ੍ਹੇਵਾਹ ਗੋਲ਼ੀਆਂ ਮਾਰ ਕੇ ਨੌਜਵਾਨ ਦਾ ਕੀਤਾ ਕਤਲ

ਗੜ੍ਹਸ਼ੰਕਰ, 19 ਜੂਨ, (ਚ.ਨ.ਸ.) : ਗੜ੍ਹਸ਼ੰਕਰ-ਨੰਗਲ ਰੋਡ ਪਿੰਡ ਸ਼ਾਹਪੁਰ ਨੇੜੇ ਘਾਟੇ ਤੇ 25 ਸਾਲਾ ਨੌਜਵਾਨ ਦਾ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਅੱਡਾ ਝੁੱਗੀਆਂ ਵਿਖੇ ਰੈਡੀਮੇਟ ਕੱਪੜੇ ਦੀ ਦੁਕਾਨ 'ਤੇ ਕੰਮ ਕਰਨ ਵਾਲੇ ਪਿੰਡ ਕੋਕੋਵਾਲ ਨਿਵਾਸੀ ਨਵੀਨ ਕੁਮਾਰ ਪੁੱਤਰ ਸਤੀਸ਼ ਕੁਮਾਰ (20) ਅਤੇ ਆਰੀਅਨ ਪੁੱਤਰ ਅਮਿਤ ਕੁਮਾਰ ਪਿੰਡ ਸੀਹਵਾਂ ਆਪਣੀ ਸਵਿੱਫਟ ਕਾਰ 'ਤੇ ਲੁਧਿਆਣਾ ਤੋਂ ਸਾਮਾਨ ਖ਼ਰੀਦ ਕੇ ਆ ਰਹੇ ਸਨ। ਇਸ ਦੌਰਾਨ ਜਦੋਂ ਉਹ ਉਕਤ ਥਾਂ 'ਤੇ ਪਹੁੰਚੇ ਤਾਂ ਗੜ੍ਹਸ਼ੰਕਰ ਵਾਲੀ ਸਾਈਡ ਤੋਂ ਆ ਰਹੇ ਮੋਟਰਸਾਈਕਲ ਸਵਾਰਾਂ ਨੇ ਆਰੀਅਨ ਦੇ ਸਿਰ ਅਤੇ ਛਾਤੀ 'ਤੇ ਗੋਲ਼ੀਆਂ ਮਾਰ ਕੇ ਫਰਾਰ ਹੋ ਗਏ, ਜਿਸ ਉਪਰੰਤ ਆਰੀਅਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਏ.ਐਸ.ਆਈ. ਨੇ ਦੱਸਿਆ ਆਰੀਅਨ ਦੀ ਲਾਸ਼ ਨੂੰ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਰੱਖਵਾ ਦਿੱਤਾ ਹੈ ਅਤੇ ਹੁਣ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਕੇਂਦਰ ਦੇ ਜਲ ਸ਼ਕਤੀ ਮਿਸ਼ਨ ਅਭਿਆਨ ਦੀ ਟੀਮ ਨੇ ਵਾਟਰ ਟ੍ਰੀਟਮੈਂਟ ਪਲਾਂਟ ਦਾ ਕੀਤਾ ਦੌਰਾ



ਅੰਮ੍ਰਿਤਸਰ, 19 ਜੂਨ, (ਗੁਰਦਿਆਲ ਸਿੰਘ) : ਕੇਂਦਰ ਸਰਕਾਰ ਦੇ ਜਲ ਸ਼ਕਤੀ ਮੰਤਰਾਲੇ ਵੱਲੋਂ ਚਲਾਏ ਜਾ ਰਹੇ ਜਲ ਸ਼ਕਤੀ ਅਭਿਆਨ ਦੀ ਇੱਕ ਟੀਮ ਨੇ ਪੰਜਾਬ ਸਰਕਾਰ ਵੱਲੋਂ ਸ਼ਹਿਰ ਦੇ ਲੋਕਾਂ ਨੂੰ ਸਾਫ਼ ਪਾਣੀ ਦੀ ਨਿਰੰਤਰ ਸਪਲਾਈ ਯਕੀਨੀ ਬਣਾਉਣ ਲਈ ਸ਼ੁਰੂ ਕੀਤੇ ਗਏ ਅੰਮ੍ਰਿਤਸਰ ਬਲਾਕ ਵਾਟਰ ਸਪਲਾਈ ਸਕੀਮ (ਏ.ਬੀ.ਡਬਲਯੂ.ਐਸ.ਐਸ) ਪ੍ਰੋਜੈਕਟ ਦਾ ਜਾਇਜ਼ਾ ਲੈਣ ਲਈ ਵੱਲਾ ਵਿੱਚ ਬਣਾਏ ਜਾ ਰਹੇ ਵਾਟਰ ਟ੍ਰੀਟਮੈਂਟ ਪਲਾਂਟ ਦਾ ਦੌਰਾ ਕੀਤਾ। ਤਿੰਨ ਮੈਂਬਰੀ ਟੀਮ ਵਿੱਚ ਜਲ ਸ਼ਕਤੀ ਅਭਿਆਨ ਦੇ ਡਿਪਟੀ ਮੁੱਖ ਕਾਰਜਕਾਰੀ ਅਧਿਕਾਰੀ ਭਾਰਤ ਭੂਸ਼ਣ ਵਰਮਾ, ਵਿਗਿਆਨੀ ਡਾ. ਸ਼ਸ਼ੀਕਾਂਤ ਅਤੇ ਜ਼ਿਲ੍ਹਾ ਨੋਡਲ ਅਧਿਕਾਰੀ ਸਤਨਾਮ ਸਿੰਘ ਸ਼ਾਮਲ ਸਨ। ਇਸ ਮੌਕੇ ਸੀਨੀਅਰ ਨਿਰਮਾਣ ਮੈਨੇਜਰ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਏ.ਬੀ.ਡਬਲਯੂ.ਐਸ.ਐਸ ਪ੍ਰੋਜੈਕਟ ਤਹਿਤ ਆਉਣ ਵਾਲੇ ਸਮੇਂ ਵਿੱਚ ਅੱਪਰ ਬਾਰੀ ਦੁਆਬ ਨਹਿਰ ਦਾ ਪਾਣੀ ਸਾਫ਼ ਕਰਕੇ ਸ਼ਹਿਰ ਦੇ ਹਰ ਘਰ ਤੱਕ ਪਹੁੰਚਾਇਆ ਜਾਵੇਗਾ। ਜਿਸ ਲਈ ਇੱਕ ਆਧੁਨਿਕ ਵਾਟਰ ਟ੍ਰੀਟਮੈਂਟ ਪਲਾਂਟ ਅਤੇ 45 ਪਾਣੀ ਦੀਆਂ ਟੈਂਕੀਆਂ ਦੀ ਉਸਾਰੀ ਦੇ ਨਾਲ-ਨਾਲ 112 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਉਣ ਦਾ ਕੰਮ ਚੱਲ ਰਿਹਾ ਹੈ। ਇਸ ਮੌਕੇ ਭਾਰਤ ਭੂਸ਼ਣ ਵਰਮਾ ਨੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਡਿੱਗ ਰਿਹਾ ਹੈ ਅਤੇ ਪੰਜਾਬ ਦੇ 153 ਬਲਾਕਾਂ ਵਿੱਚੋਂ 117 ਨੂੰ ਡਾਰਕ ਜ਼ੋਨ ਐਲਾਨਿਆ ਗਿਆ ਹੈ, ਜਿਨ੍ਹਾਂ ਵਿੱਚੋਂ ਅੰਮ੍ਰਿਤਸਰ ਦੇ ਸਾਰੇ ਦਸ ਬਲਾਕ ਵੀ ਡਾਰਕ ਜ਼ੋਨ ਵਿੱਚ ਸ਼ਾਮਲ ਹਨ।

# 'ਖੁਆਰ ਹੋਏ ਸਭ ਮਿਲੈਂਗੇ' ਲਹਿਰ ਤਹਿਤ ਦਿੱਲੀ ਦੀਆਂ ਸਿੰਘ ਸਭਾਵਾਂ ਵੱਲੋਂ ਵੱਖ-ਵੱਖ ਗੁਰਮਤਿ ਸਮਾਗਮ

## ਸਿੱਖਾਂ ਦੇ ਕਿਸੇ ਵੀ ਗੁਰਦੁਆਰੇ ਜਾਂ ਤਖ਼ਤ ਉੱਤੇ ਸਰਕਾਰ ਨੂੰ ਦਖ਼ਲ ਦੇਣ ਦਾ ਕੋਈ ਹੱਕ ਨਹੀਂ : ਜਥੇਦਾਰ ਗੜਗੱਜ

ਅੰਮ੍ਰਿਤਸਰ, 19 ਜੂਨ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਚੱਲ ਰਹੀ ਸਿੱਖੀ ਧਰਮ ਪ੍ਰਚਾਰ ਲਹਿਰ 'ਖੁਆਰ ਹੋਏ ਸਭ ਮਿਲੈਂਗੇ' ਤਹਿਤ ਦਿੱਲੀ ਦੀਆਂ ਸਿੰਘ ਸਭਾਵਾਂ ਵੱਲੋਂ ਸ਼ਹਿਰ ਵਿੱਚ ਦੋ ਦਿਨ ਵੱਖ-ਵੱਖ ਗੁਰਮਤਿ ਸਮਾਗਮ ਕਰਵਾਏ ਗਏ, ਜਿਨ੍ਹਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸੀਸਗੰਜ ਸਾਹਿਬ, ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਅਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਨਤਮਸਤਕ ਹੋਏ। ਸਮੂਹ ਗੁਰ ਅਸਥਾਨਾਂ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਮੁੱਖ ਗ੍ਰੰਥੀ ਸਾਹਿਬਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਜਥੇਦਾਰ ਗੜਗੱਜ ਨੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਜੋੜਿਆਂ ਦੀ ਸੇਵਾ ਅਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੀ ਛਬੀਲ ਵਿਖੇ ਸੰਗਤ ਨੂੰ ਜਲ ਛਕਾਉਣ ਦੀ ਸੇਵਾ ਕੀਤੀ।



ਜਥੇਦਾਰ ਗੜਗੱਜ ਦੇ ਦਿੱਲੀ ਪੁੱਜਣ ਮੌਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਕਾਸਪੁਰੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੋਤੀ ਨਗਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਉਦੇ ਵਿਹਾਰ ਚੰਦਰ ਵਿਹਾਰ, ਗੁਰਦੁਆਰਾ ਕਲਗੀਧਰ ਖ਼ਾਲਸਾ ਸੇਵਕ ਸਭਾ ਸੁਭਾਸ਼ ਨਗਰ ਦੀਆਂ ਪ੍ਰਬੰਧਕ ਕਮੇਟੀਆਂ ਨੇ ਖੁਆਰ ਹੋਏ ਸਭ ਮਿਲੈਂਗੇ ਲਹਿਰ ਤਹਿਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਰਜਣਾ ਦਿਹਾੜੇ 'ਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਵੇਰ ਅਤੇ ਸੰਧਿਆ ਵੇਲੇ ਦੇ ਵੱਖ-ਵੱਖ ਗੁਰਮਤਿ ਸਮਾਗਮ ਕਰਵਾਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਅੰਦਰ ਸਥਾਨਕ ਸੰਗਤਾਂ ਨੇ ਸ਼ਮੂਲੀਅਤ ਕੀਤੀ ਅਤੇ ਜਥੇਦਾਰ ਦੇ ਗੁਰਮਤਿ ਵਿਚਾਰ ਸੁਣੇ। ਇਨ੍ਹਾਂ ਸਮਾਗਮਾਂ ਮੌਕੇ ਦਿੱਲੀ ਦੀ ਸਿੱਖ ਸੰਗਤ ਤੇ ਸਿੰਘ ਸਭਾਵਾਂ ਦੇ ਪ੍ਰਬੰਧਕਾਂ ਵੱਲੋਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਭਰਵਾਂ ਸੁਆਗਤ ਕੀਤਾ ਗਿਆ ਅਤੇ ਸਿਰੋਪਾਓ ਨਾਲ ਸਨਮਾਨ ਦਿੱਤਾ ਗਿਆ।

ਗੁਰਮਤਿ ਸਮਾਗਮਾਂ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਕਜੁੱਟ ਹੋ ਕੇ ਸਿੱਖ ਸ਼ਕਤੀ ਨੂੰ ਤਕੜੇ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਰਹਿਣ ਦਾ ਸਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਗੁਰੂ ਸਾਹਿਬ ਤੋਂ ਥਾਪੜਾ ਲੈ ਕੇ ਇਕਜੁੱਟਤਾ ਨਾਲ ਉੱਚੀ ਤੋਂ ਉੱਚੀ ਮੰਜ਼ਲ ਤੇ ਚੁਣੌਤੀ ਨੂੰ ਹਮੇਸ਼ਾ ਹੀ ਸਰ ਕੀਤਾ ਹੈ, ਇਸ ਲਈ ਜ਼ਰੂਰੀ ਹੈ ਕਿ ਅਸੀਂ ਸਦਾ ਹੀ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ, ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਰਹੀਏ ਅਤੇ ਸਿੱਖੀ ਦੀ ਚੜ੍ਹਦੀਕਲਾ ਲਈ ਕਾਰਜ ਕਰੀਏ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਕਲਪ ਅਨੁਸਾਰ ਸਮੁੱਚਾ ਖ਼ਾਲਸਾ ਪੰਥ ਇੱਕ ਪਰਿਵਾਰ ਹੈ ਤੇ ਸਿੱਖ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਹਨ। ਇਸ ਲਈ ਸਾਡੇ ਵਿਚਕਾਰ ਕੋਈ ਵਖਰੇਵੇਂ ਨਹੀਂ ਹਨ ਤੇ ਲੋੜ ਹੈ ਕਿ ਅਸੀਂ ਇੱਕ ਪਰਿਵਾਰ ਦੀ ਭਾਵਨਾ ਤਹਿਤ ਰਹੀਏ। ਉਨ੍ਹਾਂ ਕਿਹਾ ਕਿ ਸਾਨੂੰ ਇੱਕ ਦੂਜੇ ਦੇ ਦੁਖ ਸੁਖ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਲੋੜਵੰਦ ਪਰਿਵਾਰਾਂ ਦੀ ਦਸਵੰਧ ਰਾਹੀਂ ਸਿੱਧੀ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇ ਸਿੱਖ ਇਕਜੁੱਟ ਹੋਣ ਤਾਂ ਅਸੀਂ ਹਰ ਤਾਕਤ ਹਾਸਲ ਕਰ ਸਕਦੇ ਹਾਂ, ਪਰ ਜੇਕਰ ਇਕੱਠੇ ਨਹੀਂ ਤਾਂ ਖੁਆਰ ਹੋਵਾਂਗੇ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਲਈ ਆਪਣੇ ਨਾਵਾਂ ਦੇ ਨਾਲ ਸਿੰਘ ਤੇ ਕੌਰ ਲਗਾਉਣਾ ਲਾਜ਼ਮੀ ਕੀਤਾ ਹੈ, ਪਰ ਸਮੇਂ ਨਾਲ ਰੁਝਾਨ ਬਣ ਰਿਹਾ ਹੈ ਕਿ ਗੁਰੂ ਵੱਲੋਂ ਬਖ਼ਸ਼ਿਸ਼ ਕੀਤੀ ਅਸੀਂ ਆਪਣੀ ਇਹ ਵਿਲੱਖਣ ਪਛਾਣ ਛੱਡ ਰਹੇ ਹਾਂ। ਉਨ੍ਹਾਂ ਤਾਕੀਦ ਕੀਤੀ ਕਿ ਹਰ ਸਿੱਖ ਪਰਿਵਾਰ ਆਪਣੇ ਬੱਚਿਆਂ ਦੇ ਨਾਵਾਂ ਦੇ ਨਾਲ ਸਿੰਘ ਤੇ ਕੌਰ ਲਗਾਉਣਾ ਯਕੀਨੀ ਬਣਾਏ ਤੇ ਗੁਰ ਮਰਯਾਦਾ ਅਨੁਸਾਰ ਸਿੰਘ ਤੇ ਕੌਰ ਸਮੇਤ ਪੂਰੇ ਨਾਵਾਂ ਨੂੰ ਹੀ ਪ੍ਰਚਲਿਤ ਕਰੇ। ਜਥੇਦਾਰ ਗੜਗੱਜ ਨੇ ਚਿੰਤਾ ਪ੍ਰਗਟਾਈ ਕਿ ਦਿੱਲੀ ਅੰਦਰ ਕੁਝ ਨੌਜਵਾਨ ਸਿੱਖੀ ਦੇ ਰਸਤੇ ਤੋਂ ਭਟਕ ਕੇ ਹੁੱਕਾ ਤੇ ਨਾਚ-ਗਾਣੇ ਵਾਲੇ ਬਾਰਾਂ ਵਿੱਚ ਜਾ ਰਹੇ ਹਨ, ਜੋ ਕਿ ਘੋਰ ਮਨਮਤ ਹੈ ਕਿਉਂਕਿ ਗੁਰੂ ਨੇ ਇਸ ਰਸਤੇ ਤੋਂ ਵਰਜਿਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੀ ਧਰਤੀ ਉੱਤੇ ਸਿੱਖ ਜਰਨੈਲਾਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਦਿੱਲੀ ਵਿਖੇ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਉਨ੍ਹਾਂ ਦੇ ਅਨਿੰਨ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੇ ਸਿੱਖੀ ਸਿਦਕ ਨੂੰ ਕਾਇਮ ਰੱਖਦਿਆਂ ਧਰਮ ਦੀ ਰਾਖੀ ਲਈ ਸ਼ਹੀਦੀਆਂ ਦਿੱਤੀਆਂ ਸਨ, ਪਰ ਜ਼ਾਲਮ ਦੀ ਈਨ ਨਹੀਂ ਮੰਨੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੰਗ੍ਰੇਜ਼ ਸਰਕਾਰ ਨੇ ਗੁਰੂ ਘਰਾਂ ਵਿੱਚ ਦਖਲ ਕੀਤਾ ਤੇ ਸਿੱਖਾਂ ਨੇ ਚਾਬੀਆਂ ਦਾ ਮੋਰਚਾ ਲਗਾ ਕੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਵਾਪਸ ਲਈਆਂ ਸਨ। ਅੱਜ ਵੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਿੱਖ ਗੁਰਧਾਮਾਂ ਦੀਆਂ ਚਾਬੀਆਂ ਖੋਹੀਆਂ ਜਾ ਰਹੀਆਂ ਹਨ ਜਾਂ ਖੋਹ ਲਈਆਂ ਗਈਆਂ ਹਨ, ਇਸ ਤੋਂ ਸੁਚੇਤ ਹੋਣ ਦੀ ਲੋੜ ਹੈ ਅਤੇ ਗੁਰੂ ਘਰਾਂ ਦਾ ਪ੍ਰਬੰਧ ਪੰਥਕ ਭਾਵਨਾਵਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ। ਗੁਰਦੁਆਰਾ ਸਾਹਿਬਾਨ ਉਹ ਅਸਥਾਨ ਹਨ ਜਿੱਥੋਂ ਸਿੱਖਾਂ ਨੇ ਸੋਝੀ ਹਾਸਲ ਕਰਨੀ ਹੈ ਅਤੇ ਜੇਕਰ ਇਨ੍ਹਾਂ ਅਸਥਾਨਾਂ ਦੇ ਪ੍ਰਬੰਧ ਹੀ ਅਨਮਤੀਆਂ ਪਾਸ ਚਲੇ ਜਾਣਗੇ ਤਾਂ ਇਹ ਸਿੱਖੀ ਦੀ ਚੜ੍ਹਦੀਕਲਾ ਤੇ ਗੁਰਦੁਆਰਿਆਂ ਦੀ ਮਾਣ ਮਰਯਾਦਾ ਨੂੰ ਵੱਡੀ ਸੱਟ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਕਿਸੇ ਵੀ ਗੁਰਦੁਆਰੇ ਜਾਂ ਤਖ਼ਤ ਉੱਤੇ ਸਰਕਾਰ ਨੂੰ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ, ਇਹ ਸੰਗਤ ਦਾ ਹੱਕ ਹੈ ਜੋ ਸਦਾ ਕਾਇਮ ਰਹਿਣਾ ਚਾਹੀਦਾ ਹੈ।

ਜਥੇਦਾਰ ਗੜਗੱਜ ਨੇ ਦਿੱਲੀ ਵਿਖੇ ਸਮਾਗਮ ਕਰਵਾਉਣ ਲਈ ਸਮੂਹ ਗੁਰਦੁਆਰਾ ਕਮੇਟੀ ਪ੍ਰਬੰਧਕਾਂ ਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਧੰਨਵਾਦ ਵੀ ਕੀਤਾ

# ਅਹਿਮਦਾਬਾਦ ਹਾਦਸੇ 'ਤੇ ਏਅਰ ਇੰਡੀਆ ਦੇ ਸੀ.ਈ.ਓ. ਦਾ ਬਿਆਨ

## ਜ਼ਹਾਜ਼ 'ਚ ਕੋਈ ਖ਼ਰਾਬੀ ਨਹੀਂ ਸੀ, ਹਾਦਸੇ ਤੋਂ ਪਹਿਲਾਂ ਜ਼ਹਾਜ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਗਈ ਸੀ : ਵਿਲਸਨ

ਅਹਿਮਦਾਬਾਦ, 19 ਜੂਨ, (ਚ.ਨ.ਸ.) : ਏਅਰ ਇੰਡੀਆ ਦੇ ਸੀਈਓ ਕੈਂਪਬੈਲ ਵਿਲਸਨ ਨੇ ਹਾਲ ਹੀ ਵਿੱਚ ਹੋਏ ਏਆਈ-171 ਜਹਾਜ਼ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਹਾਦਸੇ ਵਿੱਚ 241 ਯਾਤਰੀਆਂ ਅਤੇ ਜ਼ਮੀਨ 'ਤੇ ਮੌਜੂਦ 34 ਲੋਕਾਂ ਦੀ ਜਾਨ ਚਲੀ ਗਈ, ਜੋ ਕਿ ਬਹੁਤ ਹੀ ਦੁਖਦਾਈ ਪਲ ਹੈ। ਜਦੋਂ ਕੈਂਪਬੈਲ ਵਿਲਸਨ ਤੋਂ ਜਹਾਜ਼ ਦੀ ਜਾਂਚ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਹਾਦਸੇ ਵਿੱਚ ਸ਼ਾਮਲ ਬੋਇੰਗ 787 ਜਹਾਜ਼ ਬਿਲਕੁਲ ਸਹੀ ਹਾਲਤ ਵਿੱਚ ਸੀ। ਉਸ ਜਹਾਜ਼ ਦੀ ਨਿਯਮਤ ਦੇਖਭਾਲ ਸਮੇਂ ਸਿਰ ਕੀਤੀ ਗਈ ਹੈ। ਜਹਾਜ਼ ਦੀ ਆਖਰੀ ਵੱਡੀ ਜਾਂਚ ਜੂਨ 2023 ਵਿੱਚ ਕੀਤੀ ਗਈ ਸੀ। ਉਸ ਜਹਾਜ਼ ਦੀ ਅਗਲੀ ਵੱਡੀ ਜਾਂਚ ਦਸੰਬਰ 2025 ਵਿੱਚ ਕੀਤੀ ਜਾਣੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਜਹਾਜ਼ ਦੇ ਦੋਵੇਂ ਇੰਜਣਾਂ ਦੀ ਨਿਯਮਤ ਜਾਂਚ ਅਤੇ ਨਿਗਰਾਨੀ ਕੀਤੀ ਗਈ ਸੀ। ਸੱਜੇ ਇੰਜਣ ਦਾ ਓਵਰਹਾਲ ਮਾਰਚ, 2025 ਵਿੱਚ ਕੀਤਾ ਗਿਆ ਸੀ, ਜਦੋਂ ਕਿ ਖੱਬੇ ਇੰਜਣ ਦੀ ਜਾਂਚ ਅਪ੍ਰੈਲ, 2025 ਵਿੱਚ ਕੀਤੀ ਗਈ ਸੀ। ਉਡਾਣ ਤੋਂ ਪਹਿਲਾਂ ਦੋਵੇਂ ਇੰਜਣ ਪੂਰੀ ਤਰ੍ਹਾਂ ਠੀਕ ਪਾਏ ਗਏ ਸਨ। ਏਅਰ ਇੰਡੀਆ ਦੇ ਸੀ.ਈ.ਓ. ਨੇ ਕਿਹਾ ਕਿ ਜਹਾਜ਼ ਅਤੇ ਇਸ ਦੇ ਇੰਜਣ ਦੀ ਸਥਿਤੀ ਦੀ ਲਗਾਤਾਰ ਨਿਗਰਾਨੀ ਕੀਤੀ ਗਈ ਸੀ ਅਤੇ ਉਡਾਣ ਤੋਂ ਪਹਿਲਾਂ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਨਹੀਂ ਪਾਈ ਗਈ। ਇਹ ਹਾਦਸਾ ਇੱਕ ਮੰਦਭਾਗੀ ਘਟਨਾ ਹੈ, ਪਰ ਕੰਪਨੀ ਪੂਰੀ ਇਮਾਨਦਾਰੀ ਨਾਲ ਜਾਂਚ ਵਿੱਚ ਸਹਿਯੋਗ ਕਰ ਰਹੀ ਹੈ ਤਾਂ ਜੋ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਹਾਦਸੇ ਦੀ ਜਾਂਚ ਲਈ ਬਲੈਕ ਬਾਕਸ ਭੇਜਿਆ ਜਾਵੇਗਾ ਅਮਰੀਕਾ

ਅਹਿਮਦਾਬਾਦ, 19 ਜੂਨ, (ਚ.ਨ.ਸ.) : ਅਹਿਮਦਾਬਾਦ ਵਿੱਚ ਵੀ ਏਅਰ ਇੰਡੀਆ ਜਹਾਜ਼ ਹਾਦਸੇ ਦੀ ਜਾਂਚ ਵਿੱਚ ਇੱਕ ਨਵਾਂ ਮੋੜ ਆਇਆ ਹੈ। ਲੰਦਨ ਦੇ ਗੈਟਵਿਕ ਹਵਾਈ ਅੱਡੇ ਲਈ ਉਡਾਣ ਭਰਨ ਵਾਲੇ ਬੋਇੰਗ 787-8 ਡ੍ਰੀਮਲਾਈਨਰ ਦੇ ਕਾਲੇ ਬਾਕਸ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਭਾਰਤ ਵਿੱਚ ਡਾਟਾ ਦਾ ਨਤੀਜਾ ਨਿਕਲਣਾ ਅਸੰਭਵ ਹੈ। ਸੂਤਰਾਂ ਦੇ ਅਨੁਸਾਰ, ਅਮਰੀਕਾ ਦੇ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (ਐਨ.ਟੀ.ਐਸ.ਬੀ.) ਦੀ ਵਾਸ਼ਿੰਗਟਨ ਦੀ ਵਰਤੋਂ ਕਰਨ ਲਈ ਅਮਰੀਕਾ ਦੇ ਕਾਲੇ ਬਾਕਸ ਦੇ ਹੁਣ ਵਿਸ਼ਲੇਸ਼ਣ ਲਈ ਭੇਜਿਆ ਜਾਵੇਗਾ। ਦੱਸ ਦੇਈਏ ਕਿ 12 ਜੂਨ, 2025 ਨੂੰ, ਏਅਰ ਇੰਡੀਆ ਦੀ ਉਡਾਣ ਏਆਈ-171 ਅਹਿਮਦਾਬਾਦ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ 36 ਸਕਿੰਟਾਂ ਬਾਅਦ ਹਾਦਸਾਗ੍ਰਸਤ ਹੋ ਗਈ। ਇਸ ਹਾਦਸੇ ਵਿੱਚ 241 ਯਾਤਰੀਆਂ ਅਤੇ 10 ਚਾਲਕ ਦਲ ਦੇ ਮੈਂਬਰਾਂ ਸਮੇਤ 274 ਲੋਕ ਮਾਰੇ ਗਏ ਸਨ। ਜਹਾਜ਼ ਨੇੜਲੇ ਮੇਘਾਨੀ ਨਗਰ ਵਿੱਚ ਇੱਕ ਮੈਡੀਕਲ ਕਾਲਜ ਦੇ ਹੋਸਟਲ ਅਤੇ ਰਿਹਾਇਸ਼ੀ ਇਮਾਰਤਾਂ ਨਾਲ ਟਕਰਾ ਗਿਆ। ਹਾਦਸੇ ਤੋਂ ਪਹਿਲਾਂ, ਪਾਇਲਟ ਕੈਪਟਨ ਸੁਮਿਤ ਸੱਭਰਵਾਲ ਨੇ ਇੱਕ ਮੇ ਡੇ ਕਾਲ ਜਾਰੀ ਕੀਤੀ, ਜੋ ਕਿ ਹਾਦਸੇ ਦਾ ਆਖਰੀ ਸੁਨੇਹਾ ਸੀ। ਕਾਕਪਿਟ ਵਾਇਸ ਰਿਕਾਰਡਰ (ਸੀ ਵੀ ਆਰ) ਅਤੇ ਫਲਾਈਟ ਡਾਟਾ ਰਿਕਾਰਡਰ (ਐਫ.ਆਰ.ਆਰ.)ਜਿਸ ਨੂੰ ਸਮੂਹਿਕ ਤੌਰ 'ਤੇ ਬਲੈਕ ਬਾਕਸ ਕਿਹਾ ਜਾਂਦਾ ਹੈ, ਜੋ ਕਿ ਜਾਂਚ ਲਈ ਮਹੱਤਵਪੂਰਨ ਹੈ, ਹਾਦਸੇ ਤੋਂ ਦੋ ਦਿਨ ਬਾਅਦ ਮਲਬੇ ਵਿੱਚੋਂ ਬਰਾਮਦ ਕਰ ਲਏ ਗਏ ਸਨ।

## ਸੰਪਾਦਕੀ

# ਅਮਰੀਕਾ ਨੂੰ ਸਾਫ਼ ਸੰਦੇਸ਼

ਕਸ਼ਮੀਰ ਮੁੱਦੇ ਅਤੇ ਪਾਕਿਸਤਾਨ ਨਾਲ ਜੁੜੇ ਹੋਰ ਮੁੱਦਿਆਂ 'ਤੇ ਭਾਰਤ ਦਾ ਰੁਖ਼ ਹਮੇਸ਼ਾ ਦੁਵੱਲੀ ਗੱਲਬਾਤ 'ਤੇ ਕੇਂਦ੍ਰਿਤ ਰਿਹਾ ਹੈ। ਭਾਰਤ ਨੇ ਕਦੇ ਵੀ ਕਿਸੇ ਤੀਜੀ ਧਿਰ ਦੀ ਭੂਮਿਕਾ ਨੂੰ ਸਵੀਕਾਰ ਨਹੀਂ ਕੀਤਾ। ਸੰਯੁਕਤ ਰਾਸ਼ਟਰ ਅਤੇ ਕੁਝ ਹੋਰ ਦੇਸ਼ ਕਸ਼ਮੀਰ ਮੁੱਦੇ 'ਤੇ ਵਿਚੋਲਗੀ ਦੀ ਪੇਸ਼ਕਸ਼ ਕਰਦੇ ਰਹੇ ਹਨ, ਪਰ ਭਾਰਤ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਹਾਲ ਹੀ ਵਿੱਚ, ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਆਪ੍ਰੇਸ਼ਨ ਸਿੰਦੂਰ ਤੋਂ ਡਰੇ ਹੋਏ ਪਾਕਿਸਤਾਨ ਨੇ ਭਾਰਤ 'ਤੇ ਹਮਲਾ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਪਰ, ਕਾਰਵਾਈ ਤੇਜ਼ ਹੋਣ ਤੋਂ ਪਹਿਲਾਂ, ਦੋਵਾਂ ਦੇਸ਼ਾਂ ਦੀ ਸਹਿਮਤੀ ਨਾਲ ਜੰਗਬੰਦੀ ਦਾ ਐਲਾਨ ਕੀਤਾ ਗਿਆ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਮੌਕਿਆਂ 'ਤੇ ਦਾਅਵਾ ਕੀਤਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਸਿਰਫ ਅਮਰੀਕਾ ਦੀ ਵਿਚੋਲਗੀ ਕਾਰਨ ਹੀ ਸੰਭਵ ਹੋਈ ਹੈ। ਭਾਰਤ ਨੇ ਤੁਰੰਤ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਸੀ। ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਟਰੰਪ ਨਾਲ ਫ਼ੋਨ 'ਤੇ ਗੱਲਬਾਤ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਨੇ ਪਾਕਿਸਤਾਨ ਦੀ ਬੇਨਤੀ 'ਤੇ ਹੀ ਜੰਗਬੰਦੀ ਲਈ ਸਹਿਮਤੀ ਦਿੱਤੀ ਸੀ। ਇਸ ਵਿੱਚ ਅਮਰੀਕਾ ਦੀ ਕੋਈ ਭੂਮਿਕਾ ਨਹੀਂ ਹੈ। ਦਰਅਸਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਐਲਾਨ ਸਭ ਤੋਂ ਪਹਿਲਾਂ ਡੋਨਾਲਡ ਟਰੰਪ ਨੇ 10 ਮਈ ਨੂੰ ਸੋਸ਼ਲ ਮੀਡੀਆ ਰਾਹੀਂ ਕੀਤਾ ਸੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਦੋਵਾਂ ਦੇਸ਼ਾਂ ਨਾਲ ਵਪਾਰ ਬੰਦ ਕਰਨ ਦੀ ਧਮਕੀ ਦਿੱਤੀ ਸੀ ਜੇਕਰ ਉਹ ਟਕਰਾਅ ਨੂੰ ਰੋਕਣ ਲਈ ਸਹਿਮਤ ਨਹੀਂ ਹੋਏ। ਇਸ ਤੋਂ ਬਾਅਦ ਟਰੰਪ ਨੇ ਇਸ ਦਾਅਵੇ ਨੂੰ ਕਈ ਵਾਰ ਦੁਹਰਾਇਆ ਕਿ ਇਹ ਅਮਰੀਕਾ ਸੀ, ਜਿਸਨੇ ਦੋਵਾਂ ਦੇਸ਼ਾਂ ਨੂੰ ਜੰਗਬੰਦੀ ਲਈ ਰਾਜ਼ੀ ਕੀਤਾ ਸੀ। ਹਾਲਾਂਕਿ, ਟਰੰਪ ਦੇ ਦਾਅਵੇ ਨਾਲ ਪੈਦਾ ਹੋਈ ਉਲਝਣ ਨੂੰ ਦੂਰ ਕਰਨ ਲਈ ਸਰਕਾਰ ਨੇ ਕਈ ਵਾਰ ਸਪੱਸ਼ਟ ਕੀਤਾ ਕਿ ਇਸ ਵਿੱਚ ਅਮਰੀਕਾ ਦੀ ਕੋਈ ਭੂਮਿਕਾ ਨਹੀਂ ਸੀ। ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ-7 ਸੰਮੇਲਨ ਵਿੱਚ ਸ਼ਾਮਲ ਹੋਣ ਲਈ ਕੈਨੇਡਾ ਗਏ ਸਨ, ਜਿੱਥੇ ਡੋਨਾਲਡ ਟਰੰਪ ਵੀ ਮੌਜੂਦ ਸਨ। ਪਰ, ਇਸ ਸਮੇਂ ਦੌਰਾਨ, ਦੋਵਾਂ ਰਾਸ਼ਟਰਾਂ ਦੇ ਮੁਖੀਆਂ ਵਿਚਕਾਰ ਕਾਨਫਰੰਸ ਤੋਂ ਇਲਾਵਾ ਕੋਈ ਗੱਲਬਾਤ ਨਹੀਂ ਹੋਈ। ਪ੍ਰਧਾਨ ਮੰਤਰੀ ਨੇ ਪਿਛਲੇ ਮੰਗਲਵਾਰ ਨੂੰ ਟਰੰਪ ਨਾਲ ਫ਼ੋਨ 'ਤੇ ਗੱਲ ਕੀਤੀ। ਵਿਦੇਸ਼ ਸਕੱਤਰ ਵਿਕਰਮ ਮਿਸ਼ਰੀ ਦੇ ਅਨੁਸਾਰ, ਇਸ ਸਮੇਂ ਦੌਰਾਨ, ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਏ ਟਕਰਾਅ 'ਤੇ ਵੀ ਚਰਚਾ ਹੋਈ ਅਤੇ ਪ੍ਰਧਾਨ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਨੇ ਆਪਣੇ ਉੱਚ ਫੌਜੀ ਅਧਿਕਾਰੀਆਂ ਵਿਚਕਾਰ ਬਿਨਾਂ ਕਿਸੇ ਵਿਚੋਲਗੀ ਦੇ ਸਿੱਧੀ ਗੱਲਬਾਤ ਤੋਂ ਬਾਅਦ ਫੌਜੀ ਕਾਰਵਾਈ ਬੰਦ ਕਰ ਦਿੱਤੀ ਹੈ। ਮੋਦੀ ਨੇ ਸਪੱਸ਼ਟ ਕੀਤਾ ਕਿ ਭਾਰਤ ਨੇ ਕਿਸੇ ਤੀਜੀ ਧਿਰ ਦੀ ਵਿਚੋਲਗੀ ਨੂੰ ਸਵੀਕਾਰ ਨਹੀਂ ਕੀਤਾ ਹੈ ਅਤੇ ਕਦੇ ਵੀ ਸਵੀਕਾਰ ਨਹੀਂ ਕਰੇਗਾ। ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਹੁਣ ਅੱਤਵਾਦ ਨੂੰ ਪ੍ਰੌਕਸੀ ਯੁੱਧ ਵਜੋਂ ਨਹੀਂ ਸਗੋਂ ਇੱਕ ਯੁੱਧ ਵਜੋਂ ਦੇਖਿਆ ਜਾਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਆਪ੍ਰੇਸ਼ਨ ਸਿੰਦੂਰ ਅਧੀਨ ਕਾਰਵਾਈ ਮਾਪੀ ਗਈ, ਸਟੀਕ ਸੀ ਅਤੇ ਤਣਾਅ ਨੂੰ ਹੋਰ ਨਹੀਂ ਵਧਾਇਆ। ਭਾਰਤ ਦਾ ਇਹ ਰੁਖ਼ ਬਿਨਾਂ ਸ਼ੱਕ ਪਾਕਿਸਤਾਨ ਲਈ ਇੱਕ ਸਖ਼ਤ ਸੰਦੇਸ਼ ਹੈ ਕਿ ਜੇਕਰ ਉਹ ਦੁਵੱਲੇ ਮੁੱਦਿਆਂ ਵਿੱਚ ਕਿਸੇ ਤੀਜੀ ਧਿਰ ਨੂੰ ਲਿਆਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਸਨੂੰ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਹੀਂ ਕੀਤਾ ਜਾਵੇਗਾ।

-ਜਗਜੀਤ ਸਿੰਘ ਦਰਦੀ

# ਟਰੰਪ ਦੀ ਸਨਕ ਨੇ ਈਰਾਨ-ਇਜ਼ਰਾਈਲ ਯੁੱਧ 'ਚ ਮਨੁੱਖੀ ਤਬਾਹੀ ਨੂੰ ਤੈਅ ਕਰ ਦਿੱਤਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਹੁਣ ਇਹ ਸਾਹਮਣੇ ਆ ਗਿਆ ਹੈ ਕਿ ਅਮਰੀਕੀ ਪ੍ਰੈਜ਼ੀਡੈਂਟ ਡੋਨਾਲਡ ਟਰੰਪ ਦੀ ਸਨਕ ਨੇ ਈਰਾਨ ਖਾੜੀ ਯੁੱਧ ਵਿੱਚ ਜਿਸ ਤਰ੍ਹਾਂ ਦੀ ਹਵਾ ਦਿੱਤੀ ਹੈ ਤੇ ਉਹਨਾਂ ਦੀ ਸਨਕ ਦਾ ਹੀ ਨਤੀਜਾ ਹੈ ਕਿ ਅੱਜ ਈਰਾਨ ਤੇ ਇਜ਼ਰਾਈਲ ਦੇ ਵਿੱਚ ਵੱਡੀ ਪੱਧਰ 'ਤੇ ਮਨੁੱਖੀ ਤਬਾਹੀ ਦੇ ਨਾਲ ਨਾਲ ਆਰਥਿਕ ਨੁਕਸਾਨ, ਵੱਡੀਆਂ ਬਿਲਡਿੰਗਾਂ ਅਤੇ ਉਹ ਟਿਕਾਣੇ ਤਬਾਹ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਬਣਾਉਣ ਵਿੱਚ ਅਰਬਾਂ ਖਰਬਾਂ ਦਾ ਸਰਮਾਇਆ ਅਤੇ ਮਨੁੱਖੀ ਮਿਹਨਤ ਲੱਗੀ ਸੀ। ਇਹ ਸਭ ਕੁਝ ਟਰੰਪ ਦੀ ਨੀਤੀ ਅਤੇ ਸਨਕ ਦਾ ਸਿੱਟਾ ਹੀ ਹੈ। ਈਰਾਨ-ਇਜ਼ਰਾਈਲ ਜੰਗ ਵਿੱਚ ਹੁਣ ਤੱਕ ਦੀ ਤਬਾਹੀ ਅਤੇ ਸਥਿਤੀਆਂ ਨੂੰ ਵੇਖਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਈਰਾਨ ਅਤੇ ਇਜ਼ਰਾਈਲ ਵਿਚਕਾਰ ਜੰਗ, ਜੋ 13 ਜੂਨ 2025 ਨੂੰ ਸ਼ੁਰੂ ਹੋਈ, ਨੇ ਮੱਧ ਪੂਰਬ ਵਿੱਚ ਤਣਾਅ ਨੂੰ ਨਵੀਂ ਉਚਾਈ 'ਤੇ ਪਹੁੰਚਾ ਦਿੱਤਾ ਹੈ। ਪਹਿਲਾਂ ਇਜ਼ਰਾਈਲ ਨੇ ਆਪਰੇਸ਼ਨ ਰਾਈਜ਼ਿੰਗ ਲਾਇਨ ਦੇ ਨਾਂ ਹੇਠ ਈਰਾਨ ਦੇ ਪਰਮਾਣੂ ਸਥਾਨਾਂ, ਫੌਜੀ ਅੱਡਿਆਂ ਅਤੇ ਰਿਹਾਇਸ਼ੀ ਖੇਤਰਾਂ 'ਤੇ ਹਮਲੇ ਕੀਤੇ, ਜਿਸ ਦਾ ਮਕਸਦ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣਾ ਸੀ। ਜਵਾਬ ਵਿੱਚ ਈਰਾਨ ਨੇ ਆਪਰੇਸ਼ਨ ਟਰੂ ਪ੍ਰਾਮਿਸ 999 ਦੇ ਨਾਂ ਹੇਠ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਇਜ਼ਰਾਈਲ 'ਤੇ ਜਵਾਬੀ ਹਮਲੇ ਕੀਤੇ। ਉਧਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਨਕ ਮੱਧ ਪੂਰਬ ਵਿੱਚ ਇਸ ਜੰਗ ਦਾ ਵੱਡਾ ਕਾਰਨ ਹੈ, ਖਾਸ ਕਰਕੇ ਈਰਾਨ ਅਤੇ ਇਜ਼ਰਾਈਲ ਵਿਚਕਾਰ ਮੌਜੂਦਾ ਸੰਘਰਸ਼ ਦੇ ਸੰਦਰਭ ਵਿੱਚ। ਇਸ ਦਾਅਵੇ ਨੂੰ ਨਿਰਪੱਖਤਾ ਨਾਲ ਵਿਸਥਾਰ ਵਿੱਚ ਵਿਚਾਰਨ ਨਾਲ ਇਸ ਦੇ ਸੰਭਾਵੀ ਕਾਰਨਾਂ, ਵਿੱਚ ਟਰੰਪ ਦੀ ਨੀਤੀਆਂ ਦੀ ਭੂਮਿਕਾ ਅਤੇ ਮੱਧ ਪੂਰਬ ਦੀ ਸਥਿਤੀ 'ਤੇ ਇਸ ਦੇ ਪ੍ਰਭਾਵ ਦੀ ਜਾਂਚ ਬਾਰੇ ਉਪਲਬਧ ਜਾਣਕਾਰੀ ਅਨੁਸਾਰ ਮੱਧ ਪੂਰਬ ਵਿੱਚ ਜੰਗ ਦੀ ਮੌਜੂਦਾ ਸਥਿਤੀ ਬੇਹੱਦ ਜਟਿਲ ਹੋ ਗਈ ਹੈ। ਈਰਾਨ ਅਤੇ ਇਜ਼ਰਾਈਲ ਵਿਚਕਾਰ ਇਹ ਜੰਗ 13 ਜੂਨ 2025 ਨੂੰ ਸ਼ੁਰੂ ਹੋਈ, ਜਦੋਂ ਇਜ਼ਰਾਈਲ ਨੇ ਈਰਾਨ ਦੀਆਂ ਪਰਮਾਣੂ ਸਹੂਲਤਾਂ ਅਤੇ ਫੌਜੀ ਅੱਡਿਆਂ 'ਤੇ ਹਮਲੇ ਕੀਤੇ ਗਏ ਅਤੇ ਈਰਾਨ ਨੇ ਜਵਾਬੀ ਕਾਰਵਾਈ ਵਿੱਚ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਇਜ਼ਰਾਈਲ 'ਤੇ ਹਮਲਾ ਕੀਤਾ। ਇਸ ਸੰਘਰਸ਼ ਨੇ ਮੱਧ ਪੂਰਬ ਵਿੱਚ ਤਣਾਅ ਨੂੰ ਵਧਾ ਦਿੱਤਾ ਹੈ ਅਤੇ ਇਸ ਦੇ ਆਰਥਿਕ, ਭੂ-ਰਾਜਨੀਤਕ ਅਤੇ ਮਨੁੱਖੀ ਨਤੀਜੇ ਵਿਸ਼ਵ ਪੱਧਰ 'ਤੇ ਮਹਿਸੂਸ ਕੀਤੇ ਜਾ ਰਹੇ ਹਨ। ਇਹ ਟਰੰਪ ਦੀ ਸਨਕ ਦਾ ਦਾਅਵਾ ਹੈ। ਉਧਰ ਸਨਕ ਸ਼ਬਦ ਦੀ ਵਰਤੋਂ ਅਕਸਰ ਟਰੰਪ ਦੀ ਅਣਕਿਆਸੀ ਅਤੇ ਭਾਵੁਕ ਨੀਤੀਆਂ ਜਾਂ ਫੈਸਲਿਆਂ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। ਇਸ ਦਾਅਵੇ ਨੂੰ ਸਮਝਣ ਲਈ, ਅਸੀਂ ਟਰੰਪ ਦੀਆਂ ਮੱਧ ਪੂਰਬ ਸਬੰਧੀ ਨੀਤੀਆਂ, ਉਸ ਦੀ ਰਣਨੀਤੀ ਅਤੇ ਇਸ ਜੰਗ ਵਿੱਚ ਅਮਰੀਕਾ ਦੀ ਸੰਭਾਵੀ ਸ਼ਮੂਲੀਅਤ ਦੀ ਜਾਂਚ ਵਿੱਚ ਵੇਖਦੇ ਹਾਂ ਕਿ ਟਰੰਪ ਦੀਆਂ ਨੀਤੀਆਂ ਅਤੇ ਮੱਧ ਪੂਰਬ ਵਿੱਚ ਹੁਣ ਤੱਕ ਦੀ ਤਬਾਹੀ ਵਿਚ ਈਰਾਨ ਵਿੱਚ ਨੁਕਸਾਨ ਜ਼ਿਆਦਾ ਹੋਇਆ ਹੈ। ਅੱਜ ਇਜ਼ਰਾਈਲੀ ਹਮਲਿਆਂ ਨੇ ਈਰਾਨ ਦੀਆਂ ਪਰਮਾਣੂ ਸਹੂਲਤਾਂ, ਖਾਸ ਕਰਕੇ ਯੂਰੇਨੀਅਮ ਸੰਘਣੀਕਰਣ ਪਲਾਂਟਾਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਸੰਯੁਕਤ ਰਾਸ਼ਟਰ ਦੀ ਪਰਮਾਣੂ ਏਜੰਸੀ ਦੇ ਮੁਖੀ ਨੇ ਇਸ ਦੀ ਪੁਸ਼ਟੀ ਕੀਤੀ। ਈਰਾਨ ਦੇ ਸਟੇਟ ਬ੍ਰੌਡਕਾਸਟਰ 'ਤੇ ਵੀ ਹਮਲਾ ਹੋਇਆ, ਜਿਸ ਨੇ ਸਰਕਾਰੀ ਪ੍ਰਚਾਰ ਨੂੰ ਪ੍ਰਭਾਵਿਤ ਕੀਤਾ ਹੈ।ਫੌਜੀ ਅਧਿਕਾਰੀਆਂ ਅਤੇ ਪਰਮਾਣੂ ਵਿਗਿਆਨੀਆਂ ਦੀ ਮੌਤ ਦੀਆਂ ਰਿਪੋਰਟਾਂ ਹਨ, ਹਾਲਾਂਕਿ ਸਹੀ ਅੰਕੜੇ ਅਣਜਾਣ ਹਨ। ਉਧਰ ਈਰਾਨ ਨੇ ਤੇਹਰਾਨ, ਤਬਰੀਜ਼ ਅਤੇ ਇਸਫਹਾਨ ਵਿੱਚ ਹਵਾਈ ਰੱਖਿਆ ਪ੍ਰਣਾਲੀਆਂ ਨੂੰ ਸਰਗਰਮ ਕੀਤਾ।

ਇਜ਼ਰਾਈਲ ਵਿੱਚ ਵੀ ਵੱਡਾ ਨੁਕਸਾਨ ਹੋਇਆ ਹੈ, ਈਰਾਨ ਦੇ ਮਿਜ਼ਾਈਲ ਅਤੇ ਡਰੋਨ ਹਮਲਿਆਂ ਨੇ ਇਜ਼ਰਾਈਲ ਦੇ ਫੌਜੀ ਅਤੇ ਖੁਫੀਆ ਸਥਾਨਾਂ ਨੂੰ ਨਿਸ਼ਾਨਾ ਬਣਾਇਆ। ਕੁਝ ਰਿਹਾਇਸ਼ੀ ਖੇਤਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਇਜ਼ਰਾਈਲ ਦੀ ਰੱਖਿਆ ਪ੍ਰਣਾਲੀ (ਜਿਵੇਂ ਐਰੋ ਅਤੇ ਆਇਰਨ ਡੋਮ) ਨੇ ਜ਼ਿਆਦਾਤਰ ਹਮਲਿਆਂ ਨੂੰ ਰੋਕਿਆ, ਪਰ ਕੁੱਝ ਮਿਜ਼ਾਈਲਾਂ ਨੇ ਨੁਕਸਾਨ ਕੀਤਾ।

ਇਸ ਨਾਲ ਉਥੇ ਜਨਤਕ ਜੀਵਨ ਪ੍ਰਭਾਵਿਤ ਹੋਇਆ ਹੈ, ਸਕੂਲ ਅਤੇ ਜਨਤਕ ਸਥਾਨ ਅਸਥਾਈ ਤੌਰ 'ਤੇ ਬੰਦ ਕੀਤੇ ਗਏ। ਮਨੁੱਖੀ ਅਤੇ ਆਰਥਿਕ ਤਬਾਹੀ ਨੂੰ ਦੋਵਾਂ ਦੇਸ਼ਾਂ ਵਿੱਚ ਨਾਗਰਿਕਾਂ ਦੀ ਮੌਤ ਅਤੇ ਜ਼ਖਮੀ ਹੋਣ ਦੀਆਂ ਖ਼ਬਰਾਂ ਹਨ, ਪਰ ਸਹੀ ਅੰਕੜੇ ਅਜੇ ਸਪੱਸ਼ਟ ਨਹੀਂ। ਸਟਾਕ ਮਾਰਕੀਟਾਂ ਵਿੱਚ ਗਿਰਾਵਟ ਅਤੇ ਨਿਵੇਸ਼ਕਾਂ ਨੂੰ ਕਰੋੜਾਂ ਦਾ ਨੁਕਸਾਨ ਹੋਇਆ। ਉਧਰ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ, ਜਿਸ ਨੇ ਵਿਸ਼ਵ ਆਰਥਿਕਤਾ 'ਤੇ ਅਸਰ ਪਾਇਆ ਹੈ। ਹੁਣ ਟਰੰਪ ਦੀ ਸਨਕ ਨਾਲ ਅਮਰੀਕਾ ਦੀ ਸਿੱਧੀ ਐਂਟਰੀ ਦੀ ਸੰਭਾਵਨਾ, ਇਸ ਜੰਗ ਵਿੱਚ ਸਿੱਧੀ ਸ਼ਮੂਲੀਅਤ ਦਾ ਸਵਾਲ ਅਜੇ ਅਸਪੱਸ਼ਟ ਹੈ, ਪਰ ਮੌਜੂਦਾ ਸਥਿਤੀ ਅਤੇ ਸਬੂਤ ਇਸ ਬਾਰੇ ਕੁਝ ਸੰਕੇਤ ਦਿੰਦੇ ਹਨ।

ਅਮਰੀਕਾ ਨੇ ਇਜ਼ਰਾਈਲ ਨੂੰ ਹਥਿਆਰ ਅਤੇ ਖੁਫੀਆ ਸਹਾਇਤਾ ਪ੍ਰਦਾਨ ਕੀਤੀ ਹੈ ਪਰ ਈਰਾਨ ਦਾ ਦਾਅਵਾ ਹੈ ਕਿ ਅਮਰੀਕੀ ਫੌਜਾਂ ਨੇ ਇਜ਼ਰਾਈਲ ਦੇ ਹਮਲਿਆਂ ਦਾ ਸਮਰਥਨ ਕੀਤਾ, ਪਰ ਅਮਰੀਕਾ ਨੇ ਸਿੱਧੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਅਮਰੀਕਾ ਨੇ ਈਰਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਉਸ ਨੇ ਅਮਰੀਕੀ ਅੱਡਿਆਂ 'ਤੇ ਹਮਲਾ ਕੀਤਾ ਤਾਂ ਸਖਤ ਨਤੀਜੇ ਭੁਗਤਣੇ ਪੈਣਗੇ। ਇਸ ਤਰ੍ਹਾਂ ਜੇਕਰ ਈਰਾਨ ਨੇ ਮੱਧ ਪੂਰਬ ਵਿੱਚ ਅਮਰੀਕੀ ਅੱਡਿਆਂ (ਜਿਵੇਂ ਇਰਾਕ ਜਾਂ ਖਾੜੀ ਖੇਤਰ) 'ਤੇ ਹਮਲਾ ਕੀਤਾ, ਤਾਂ ਅਮਰੀਕਾ ਦੀ ਸਿੱਧੀ ਸ਼ਮੂਲੀਅਤ ਦੀ ਸੰਭਾਵਨਾ ਵੱਧ ਸਕਦੀ ਹੈ। ਸਬੂਤਾਂ ਅਨੁਸਾਰ ਅਮਰੀਕਾ ਇਸ ਜੰਗ ਵਿੱਚ ਪਹਿਲਾਂ ਹੀ ਸ਼ਾਮਲ ਹੈ, ਪਰ ਇਹ ਅਟਕਲਾਂ ਹਨ ਅਤੇ ਸਬੂਤਾਂ ਦੀ ਘਾਟ ਹੈ। ਅਮਰੀਕਾ ਸੰਭਵ ਤੌਰ 'ਤੇ ਕੂਟਨੀਤਕ ਹੱਲ 'ਤੇ ਜ਼ੋਰ ਦੇਵੇਗਾ, ਜਿਵੇਂ ਜੇ ਅਮਰੀਕਾ ਸਰਗਰਮ ਲੜਾਕੂ ਬਣ ਜਾਂਦਾ ਹੈ ਤਾਂ ਇਹ ਜੰਗ ਦਾ ਸਕੇਲ ਵੱਧ ਸਕਦਾ ਹੈ, ਜਿਸ ਦੇ ਵਿਨਾਸ਼ਕਾਰੀ ਨਤੀਜੇ ਹੋਣਗੇ। ਅਮਰੀਕਾ ਦੀ ਰਣਨੀਤੀ ਇਜ਼ਰਾਈਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ 'ਤੇ ਕੇਂਦਰਿਤ ਹੈ ਪਰ, ਅਮਰੀਕਾ ਇੱਕ ਵੱਡੀ ਖੇਤਰੀ ਜੰਗ ਤੋਂ ਬਚਣ ਦੀ ਕੋਸ਼ਿਸ਼ ਕਰ ਸਕਦਾ ਹੈ, ਕਿਉਂਕਿ ਇਸ ਨਾਲ ਰੂਸ ਅਤੇ ਚੀਨ ਵਰਗੇ ਦੇਸ਼ ਵੀ ਸ਼ਾਮਲ ਹੋ ਸਕਦੇ ਹਨ। ਇਸ ਈਰਾਨ-ਇਜ਼ਰਾਈਲ ਜੰਗ ਦੇ ਵਿਸ਼ਵ ਪੱਧਰ 'ਤੇ ਕਈ ਅਸਰ ਹੋਣਗੇ। ਆਰਥਿਕ ਤੌਰ 'ਤੇ ਤੇਲ ਦੀਆਂ ਕੀਮਤਾਂ: ਹੋਰਮੁਜ਼ ਜਲਡਮਰੂ, ਜਿੱਥੋਂ ਦੁਨੀਆ ਦਾ ਇੱਕ ਤਿਹਾਈ ਕੱਚਾ ਤੇਲ ਲੰਘਦਾ ਹੈ, ਜੰਗ ਕਾਰਨ ਬੰਦ ਹੋ ਸਕਦਾ ਹੈ। ਇਸ ਨਾਲ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਵੇਗਾ, ਜਿਸ ਦਾ ਅਸਰ ਵਿਸ਼ਵ ਆਰਥਿਕਤਾ 'ਤੇ ਪਵੇਗਾ। ਇਸ ਜੰਗ ਨੇ ਵਿਸ਼ਵ ਸਪਲਾਈ ਚੇਨ ਨੂੰ ਪ੍ਰਭਾਵਿਤ ਕੀਤਾ ਹੈ, ਖਾਸ ਕਰਕੇ ਊਰਜਾ ਅਤੇ ਸਮੁੰਦਰੀ ਵਪਾਰ ਵਿੱਚ ਸ਼ਿਪਿੰਗ ਲਾਗਤ ਅਤੇ ਸਮਾਂ ਵਧੇਗਾ। ਵਿਸ਼ਵ ਭਰ ਦੀਆਂ ਸਟਾਕ ਮਾਰਕੀਟਾਂ ਵਿੱਚ ਗਿਰਾਵਟ ਦਰਜ ਕੀਤੀ ਗਈ, ਜਿਸ ਨਾਲ ਨਿਵੇਸ਼ਕਾਂ ਨੂੰ ਨੁਕਸਾਨ ਹੋਇਆ ਹੈ।

ਇਸ ਨਾਲ ਮੱਧ ਪੂਰਬ ਵਿੱਚ ਤਣਾਅ ਵਧਣ ਨਾਲ ਹਿਜ਼ਬੁੱਲਾ (ਲੇਬਨਾਨ) ਅਤੇ ਹੂਤੀ (ਯਮਨ) ਵਰਗੇ ਸਮੂਹ ਸਰਗਰਮ ਹੋ ਸਕਦੇ ਹਨ, ਜਿਸ ਨਾਲ ਖੇਤਰੀ ਸੰਘਰਸ਼ ਵਧੇਗਾ ਤੇ ਮਹਾਸ਼ਕਤੀਆਂ ਦੀ ਸ਼ਮੂਲੀਅਤ ਨਾਲ ਰੂਸ ਅਤੇ ਚੀਨ ਈਰਾਨ ਦਾ ਸਮਰਥਨ ਕਰ ਸਕਦੇ ਹਨ, ਜਦਕਿ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਇਜ਼ਰਾਈਲ ਦੇ ਨਾਲ ਹਨ। ਇਸ ਨਾਲ ਵਿਸ਼ਵ ਜੰਗ ਦੀ ਸੰਭਾਵਨਾ ਵੱਧ ਸਕਦੀ ਹੈ। ਕੂਟਨੀਤਕ ਤਣਾਅ ਹੁਣ ਇਹ ਹੈ ਕਿ ਜਪਾਨ ਵਰਗੇ ਦੇਸ਼ਾਂ ਨੇ ਇਜ਼ਰਾਈਲੀ ਹਮਲਿਆਂ ਦੀ ਨਿੰਦਾ ਕੀਤੀ, ਜਦਕਿ ਇਰਾਕ ਨੇ ਅਮਰੀਕਾ ਨੂੰ ਆਪਣੀ ਹਵਾਈ ਸੀਮਾ ਦੀ ਵਰਤੋਂ ਰੋਕਣ ਲਈ ਕਿਹਾ। ਇਸ ਜੰਗ ਨਾਲ ਸ਼ਰਨਾਰਥੀ ਸੰਕਟ ਵੱਧ ਸਕਦਾ ਹੈ, ਕਿਉਂਕਿ ਈਰਾਨ ਅਤੇ ਇਜ਼ਰਾਈਲ ਦੇ ਨਾਗਰਿਕ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਕੋਸ਼ਿਸ਼ ਕਰਨਗੇ। ਉਧਰ ਮਨੁੱਖੀ ਅਧਿਕਾਰ ਸੰਗਠਨਾਂ ਨੇ ਦੋਵਾਂ ਦੇਸ਼ਾਂ ਦੀਆਂ ਕਾਰਵਾਈਆਂ ਨੂੰ ਜੰਗੀ ਅਪਰਾਧ ਦੱਸਿਆ ਹੈ।

ਇਸ ਈਰਾਨ-ਇਜ਼ਰਾਈਲ ਜੰਗ ਦਾ ਭਾਰਤ 'ਤੇ ਸਿੱਧਾ ਅਤੇ ਅਸਿੱਧਾ ਅਸਰ ਪਵੇਗਾ। ਭਾਰਤ ਆਪਣੇ ਤੇਲ ਦਾ 85% ਅਤੇ LNG ਗੈਸ ਦਾ ਅੱਧਾ ਹਿੱਸਾ ਮੱਧ ਪੂਰਬ ਤੋਂ ਆਯਾਤ ਕਰਦਾ ਹੈ। ਹੋਰਮੁਜ਼ ਜਲਡਮਰੂ ਦੇ ਬੰਦ ਹੋਣ ਨਾਲ ਤੇਲ ਅਤੇ ਗੈਸ ਦੀ ਸਪਲਾਈ ਰੁਕ ਸਕਦੀ ਹੈ, ਜਿਸ ਨਾਲ ਕੀਮਤਾਂ ਵਧਣਗੀਆਂ। ਇਸ ਨਾਲ ਭਾਰਤ ਵਿੱਚ ਬਾਲਣ, ਟਰਾਂਸਪੋਰਟ ਅਤੇ ਉਦਯੋਗਿਕ ਲਾਗਤਾਂ ਵਧਣਗੀਆਂ, ਜੋ ਮਹਿੰਗਾਈ ਦਾ ਕਾਰਨ ਬਣੇਗਾ। ਆਰਥਿਕ ਪ੍ਰਭਾਵਿਤ ਭਾਰਤੀ ਸਟਾਕ ਮਾਰਕੀਟ ਪਹਿਲਾਂ ਹੀ ਪ੍ਰਭਾਵਿਤ ਹੋਈ ਹੈ ਅਤੇ ਲੰਮੀ ਜੰਗ ਨਾਲ ਨਿਵੇਸ਼ਕਾਂ ਦਾ ਵਿਸ਼ਵਾਸ ਹੋਰ ਘਟੇਗਾ। ਵਪਾਰਕ ਮਾਰਗਾਂ (ਖਾਸ ਕਰਕੇ ਸਮੁੰਦਰੀ) ਦੇ ਬੰਦ ਹੋਣ ਨਾਲ ਆਯਾਤ-ਨਿਰਯਾਤ ਪ੍ਰਭਾਵਿਤ ਹੋਵੇਗਾ, ਜਿਸ ਨਾਲ ਵਪਾਰਕ ਘਾਟਾ ਵੱਧ ਸਕਦਾ ਹੈ। ਪ੍ਰਵਾਸੀ ਭਾਰਤੀਆਂ ਦੀ ਮੁਸੀਬਤ ਇਹ ਹੈ ਕਿ ਮੱਧ ਪੂਰਬ ਵਿੱਚ ਲੱਖਾਂ ਭਾਰਤੀ ਪ੍ਰਵਾਸੀ ਕੰਮ ਕਰਦੇ ਹਨ। ਜੰਗ ਵਧਣ ਨਾਲ ਉਨ੍ਹਾਂ ਦੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਭਾਰਤ ਦੀ ਸਥਿਤੀ ਹੋਰ ਵੀ ਖ਼ਰਾਬ ਹੈ ਕਿਉਂਕਿ ਇਜ਼ਰਾਈਲ ਤੇ ਈਰਾਨ ਨਾਲ ਉਸਦੇ ਦੋਵਾਂ ਦੇਸ਼ਾਂ ਨਾਲ ਚੰਗੇ ਸੰਬੰਧ ਰਹੇ ਹਨ। ਭਾਰਤ ਦੇ ਈਰਾਨ ਅਤੇ ਇਜ਼ਰਾਈਲ ਨਾਲ ਚੰਗੇ ਸਬੰਧ ਹਨ। ਇਸ ਜੰਗ ਨੇ ਭਾਰਤ ਨੂੰ ਇੱਕ ਨਾਜ਼ੁਕ ਕੂਟਨੀਤਕ ਸਥਿਤੀ ਵਿੱਚ ਰੱਖਿਆ ਹੈ। ਭਾਰਤ ਨੂੰ ਨਿਰਪੱਖ ਰਹਿੰਦੇ ਹੋਏ ਆਪਣੇ ਹਿੱਤਾਂ ਦੀ ਰੱਖਿਆ ਕਰਨੀ ਪਵੇਗੀ। ਚਾਬਹਾਰ ਬੰਦਰਗਾਹ, ਜਿਸ ਵਿੱਚ ਭਾਰਤ ਨੇ ਨਿਵੇਸ਼ ਕੀਤਾ ਹੈ, ਜੰਗ ਕਾਰਨ ਪ੍ਰਭਾਵਿਤ ਹੋ ਸਕਦੀ ਹੈ, ਜੋ ਭਾਰਤ ਦੀ ਕੇਂਦਰੀ ਏਸ਼ੀਆ ਤੱਕ ਪਹੁੰਚ ਨੂੰ ਰੋਕੇਗੀ।

ਇਸ ਤਰ੍ਹਾਂ ਮੱਧ ਪੂਰਬ ਵਿੱਚ ਅਸਥਿਰਤਾ ਨਾਲ ਅੱਤਵਾਦੀ ਸਮੂਹ ਸਰਗਰਮ ਹੋ ਸਕਦੇ ਹਨ, ਜਿਸ ਦਾ ਅਸਰ ਭਾਰਤ ਦੀ ਅੰਦਰੂਨੀ ਸੁਰੱਖਿਆ 'ਤੇ ਪੈ ਸਕਦਾ ਹੈ।ਇਸ ਮੌਕੇ 'ਤੇ ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਜੰਗਬੰਦੀ ਲਈ ਅੱਗੇ ਆਉਣਾ ਚਾਹੀਦਾ ਹੈ ਤੇ ਮਹਾਸ਼ਕਤੀਆਂ ਨੂੰ ਜੰਗ ਨੂੰ ਵਧਣ ਤੋਂ ਰੋਕਣ ਲਈ ਸੰਜਮ ਵਰਤਣਾ ਚਾਹੀਦਾ। ਈਰਾਨ-ਇਜ਼ਰਾਈਲ ਜੰਗ ਨੇ ਮੱਧ ਪੂਰਬ ਨੂੰ ਇੱਕ ਵੱਡੇ ਸੰਕਟ ਵਿੱਚ ਧੱਕ ਦਿੱਤਾ ਹੈ, ਜਿਸ ਦੇ ਵਿਸ਼ਵ ਅਤੇ ਭਾਰਤ 'ਤੇ ਗੰਭੀਰ ਅਸਰ ਹੋ ਰਹੇ ਹਨ। ਅਮਰੀਕਾ ਦੀ ਸਿੱਧੀ ਸ਼ਮੂਲੀਅਤ ਦੀ ਸੰਭਾਵਨਾ ਜੰਗ ਦੀ ਗੰਭੀਰਤਾ 'ਤੇ ਨਿਰਭਰ ਕਰੇਗੀ, ਪਰ ਮੌਜੂਦਾ ਸਥਿਤੀ ਵਿੱਚ ਕੂਟਨੀਤਕ ਹੱਲ ਹੀ ਸਭ ਤੋਂ ਵਧੀਆ ਵਿਕਲਪ ਹੈ।

ਕੀ ਟਰੰਪ ਦੀ ਸਨਕ ਮੁੱਖ ਕਾਰਨ ਟਰੰਪ ਦੀ ਬਿਆਨਬਾਜ਼ੀ ਅਤੇ ਅਣਕਿਆਸੀ ਫੈਸਲਿਆਂ ਨੇ ਸੰਘਰਸ਼ ਨੂੰ ਵਧਾਉਣ ਵਿੱਚ ਯੋਗਦਾਨ ਪਾਇਆ ਹੈ, ਪਰ ਇਹ ਕਹਿਣਾ ਕਿ ਇਹ ਜੰਗ ਦਾ ਵੱਡਾ ਕਾਰਨ ਹੈ। ਈਰਾਨ ਅਤੇ ਇਜ਼ਰਾਈਲ ਵਿਚਕਾਰ ਲੰਬੇ ਸਮੇਂ ਦੀ ਦੁਸ਼ਮਣੀ, ਇਜ਼ਰਾਈਲ ਦੀ ਪਹਿਲਕਦਮੀ, ਅਤੇ ਖੇਤਰੀ ਸ਼ਕਤੀਆਂ ਸਾਊਦੀ ਅਰਬ, ਰੂਸ, ਚੀਨ ਦੀਆਂ ਰਣਨੀਤੀਆਂ ਵੀ ਮਹੱਤਵਪੂਰਨ ਕਾਰਕ ਹਨ। ਸਨਕ ਟਰੰਪ ਦੀ ਸਖਤ ਬਿਆਨਬਾਜ਼ੀ, ਇਜ਼ਰਾਈਲ ਦਾ ਮਜ਼ਬੂਤ ਸਮਰਥਨ ਅਤੇ ਅਣਕਿਆਸੀ ਫੈਸਲਿਆਂ ਨੇ ਈਰਾਨ-ਇਜ਼ਰਾਈਲ ਸੰਘਰਸ਼ ਨੂੰ ਵਧਾਉਣ ਵਿੱਚ ਭੂਮਿਕਾ ਨਿਭਾਈ ਹੈ, ਪਰ ਇਹ ਕਹਿਣਾ ਕਿ ਉਸ ਦੀ ਸਨਕ ਜੰਗ ਦਾ ਵੱਡਾ ਕਾਰਨ ਹੈ, ਸ਼ਾਇਦ ਪੂਰੀ ਤਰ੍ਹਾਂ ਸਹੀ ਨਹੀਂ। ਜੰਗ ਦੇ ਮੂਲ ਵਿੱਚ ਖੇਤਰੀ ਦੁਸ਼ਮਣੀਆਂ, ਇਜ਼ਰਾਈਲ ਦੀਆਂ ਸੁਰੱਖਿਆ ਚਿੰਤਾਵਾਂ ਅਤੇ ਈਰਾਨ ਦੀਆਂ ਕਾਰਵਾਈਆਂ ਵੀ ਸ਼ਾਮਲ ਹਨ। ਟਰੰਪ ਦੀਆਂ ਨੀਤੀਆਂ ਨੇ ਸੰਘਰਸ਼ ਨੂੰ ਭੜਕਾਉਣ ਵਿੱਚ ਯੋਗਦਾਨ ਪਾਇਆ ਹੈ।

# ਸੁਧਾਰ ਲਹਿਰ: ਫ਼ੌਜਾਂ ਜਿੱਤ ਕੇ ਹਾਰ ਨਾ ਜਾਣ

ਕਮਲਜੀਤ ਸਿੰਘ ਬਨਵੈਤ
98147 34035



- ☛ ਸੁਧਾਰ ਲਹਿਰ ਵਿੱਚੋਂ ਜ਼ਿਆਦਾਤਰ ਪ੍ਰਧਾਨ ਦੇ ਅਹੁਦੇ ਲਈ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਰਾਜ਼ੀ
- ☛ ਪੰਜ ਮੈਂਬਰੀ ਕਮੇਟੀ ਨੇ ਢਾਂਚਾ ਖੜ੍ਹਾ ਕਰਨ ਤੋਂ ਪਹਿਲਾਂ ਸਿੱਖ ਸੰਪਰਦਾਵਾਂ ਨਾਲ ਸੰਪਰਕ ਕਰਨ ਦਾ ਲਿਆ ਫੈਸਲਾ
- ☛ ਮੁਲਕ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਪਾਇਆ ਜਾਵੇਗਾ ਦਬਾਅ
- ☛ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਨਹੀਂ ਹੋਣਗੇ ਪ੍ਰਧਾਨ ਦੇ ਲਈ ਉਮੀਦਵਾਰ

ਸ਼੍ਰੋਮਣੀ ਅਕਾਲੀ ਦਲ ਜਦੋਂ ਦੋ ਧਿਰਾਂ 'ਚ ਵੰਡਿਆ ਗਿਆ ਤਾਂ ਇੱਕ ਬਾਗੀ ਅਤੇ ਦੂਜਾ ਦਾਗੀ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ।ਹੁਣ ਦੋਹਾਂ ਵਿੱਚੋਂ ਇੱਕ ਦੀ ਪਛਾਣ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਅਤੇ ਦੂਜੇ ਦੀ ਭਗੌੜੇ ਵਜੋਂ ਹੋਣ ਲੱਗੀ ਹੈ। ਇਕ ਲੋਕਤੰਤਰ ਢੰਗ ਨਾਲ ਢਾਂਚਾ ਖੜ੍ਹਾ ਕਰਨ ਦੇ ਰਾਹ ਤੁਰਿਆ ਹੈ ਜਦ ਕਿ ਦੂਜੇ ਨੇ ਪ੍ਰਧਾਨ ਥੋਪਣ ਦੀ ਰਵਾਇਤ ਨਹੀਂ ਛੱਡੀ ਹੈ। ਦੋਹਾਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਸੱਤਾ ਨੂੰ ਹੱਥ ਪਾਉਣ ਦੀ ਝਾਕ ਦੋਵੇਂ ਰੱਖਦੇ ਹਨ। ਇਸ ਮੱਤ 'ਤੇ ਵੀ ਇੱਕਸੁਰ ਹਨ ਕਿ ਸਿਆਸਤ ਵਿੱਚ ਭਾਜਪਾ ਬਿਨਾ ਪੈਰ ਲੱਗਣੇ ਮੁਸ਼ਕਲ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਦੁਬਾਰਾ ਤੋਂ ਪ੍ਰਧਾਨ ਚੁਣਨ ਤੋਂ ਬਾਅਦ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਪੂਰੀ ਤਾਕਤ ਝੋਕੀ ਗਈ ਹੈ। ਦੂਜੇ ਬੰਨੇ ਸੁਧਾਰ ਲਹਿਰ ਵਾਲਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਨਵਾਂ ਢਾਂਚਾ ਖੜ੍ਹਾ ਕਰਨ ਦੀ ਠਾਣ ਰੱਖੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨਾਂ ਹੇਠ ਭਰਤੀ ਹੋ ਰਹੀ ਹੈ। ਲੰਘੇ ਕੱਲ ਦੀ ਮੀਟਿੰਗ ਵਿੱਚ ਭਾਰਤੀ ਮੁਹਿੰਮ 30 ਜੂਨ ਤੱਕ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਹੈ, ਨਾਲ ਹੀ ਜੁਲਾਈ ਵਿੱਚ ਢਾਂਚਾ ਖੜ੍ਹਾ ਕਰਨ ਉੱਤੇ ਸਹਿਮਤੀ ਬਣੀ ਹੈ।

ਸਿਆਸੀ ਮਾਹਿਰ ਜ਼ਿਆਦਾਤਰ ਇਹ ਮਹਿਸੂਸ ਕਰਦੇ ਹਨ ਕਿ ਸੁਧਾਰ ਲਹਿਰ ਸਿਆਸੀ ਸਰਗਰਮੀਆਂ ਨਾ ਕਰਨ ਕਰਕੇ ਸਿਆਸਤ ਵਿੱਚੋਂ ਮਨਫੀ ਹੋ ਕੇ ਰਹਿ ਗਈ ਹੈ। ਸਿਆਸੀ ਮਾਹਿਰਾਂ ਦੀ ਚਿੰਤਾ ਕਿਸੇ ਹੱਦ ਤੱਕ ਜਾਇਜ਼ ਹੈ ਪਰ ਸੁਧਾਰ ਲਹਿਰ ਦੇ ਆਗੂ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਤੋਂ ਪਿੱਠ ਨਹੀਂ ਮੋੜਨਾ ਚਾਹੁੰਦੇ ਹਨ। ਪੰਜ ਮੈਂਬਰੀ ਕਮੇਟੀ ਅਤੇ ਸੁਧਾਰ ਲਹਿਰ ਵਿੱਚ ਵੀ ਸਿਆਸੀ ਸਰਗਰਮੀਆਂ ਸ਼ੁਰੂ ਕਰਨ ਨੂੰ ਲੈ ਕੇ ਦੋ ਵਿਚਾਰ ਪਾਏ ਜਾਂਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੇ ਸੰਦਰਭ ਵਿੱਚ ਗੱਲ ਕਰੀਏ ਤਾਂ ਪੰਜ ਸਿੰਘ ਸਾਹਿਬਾਨ ਨੇ ਤਾਂ ਸੱਤ ਮੈਂਬਰੀ ਕਮੇਟੀ ਨੂੰ ਭਰਤੀ ਕਰਕੇ ਨਵਾਂ ਢਾਂਚਾ ਖੜ੍ਹਾ ਕਰਨ ਦੇ ਆਦੇਸ਼ ਦਿੱਤੇ ਸਨ। ਹੁਕਮਨਾਮੇ ਵਿੱਚ ਨਾਲ ਹੀ ਇਹ ਵੀ ਕਿਹਾ ਗਿਆ ਸੀ ਕਿ ਪੁਰਾਣੀ ਲੀਡਰਸ਼ਿਪ ਕੌਮ ਦੀ ਅਗਵਾਈ ਕਰਨ ਦੇ ਯੋਗ ਨਹੀਂ ਰਹੀ ਹੈ ਅਤੇ ਇਹ ਨੈਤਿਕ ਆਧਾਰ ਵੀ ਗੁਆ ਚੁੱਕੀ ਹੈ। ਸੁਧਾਰ ਲਹਿਰ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ 18 ਜੂਨ ਦੀ ਮੀਟਿੰਗ ਵਿੱਚ ਇੱਕ ਫੈਸਲਾ ਲਿਆ ਗਿਆ ਕਿ ਪੰਜ ਮੈਂਬਰੀ ਭਰਤੀ ਕਮੇਟੀ ਵਿੱਚੋਂ ਕੋਈ ਵੀ ਪ੍ਰਧਾਨ ਦੇ ਅਹੁਦੇ ਦੀ ਝਾਕ ਨਹੀਂ ਰੱਖੇਗਾ। ਇਥੇ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਸੱਤ ਮੈਂਬਰੀ ਕਮੇਟੀ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਇੱਕ ਹੋਰ ਮੈਂਬਰ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਅਸਤੀਫਾ ਦੇ ਗਏ ਸਨ। ਉਸ ਤੋਂ ਬਾਅਦ ਪੰਜ ਮੈਂਬਰੀ ਕਮੇਟੀ ਭਾਰਤੀ ਮੁਹਿੰਮ ਚਲਾ ਰਹੀ ਹੈ। ਪਤਾ ਤਾਂ ਇਹ ਵੀ ਲੱਗਿਆ ਹੈ ਕਿ ਪੰਜ ਮੈਂਬਰੀ ਕਮੇਟੀ ਦੀ ਆਖ਼ਰੀ ਮੀਟਿੰਗ ਵਿੱਚ ਅਕਾਲੀ ਦਲ ਦਾ ਢਾਂਚਾ ਖੜ੍ਹਾ ਕਰਨ ਤੋਂ ਪਹਿਲਾਂ ਸਿੱਖ ਸੰਪਰਦਾਵਾਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਅਹੁਦੇਦਾਰਾਂ ਦੀ ਚੋਣ ਕਰਨ ਉੱਤੇ ਸਹਿਮਤੀ ਬਣੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿੱਚ 2007 ਤੋਂ 2017 ਤੱਕ ਮੰਤਰੀ ਰਹੇ ਲੀਡਰਾਂ ਵੀ ਆਪਣੇ ਆਪ ਨੂੰ ਅਹੁਦੇਦਾਰੀਆਂ ਤੋਂ ਪਾਸੇ ਰੱਖਣਗੇ। ਸਮਝਿਆ ਜਾ ਰਿਹਾ ਹੈ ਕਿ ਕਿਸੇ ਸਰਬ ਪ੍ਰਵਾਣਿਤ ਸ਼ਖਸੀਅਤ ਨੂੰ ਹੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਸੌਂਪੀ ਜਾਵੇਗੀ। ਇਸ ਤੋਂ ਪਹਿਲਾਂ ਪੰਜ ਮੈਂਬਰੀ ਕਮੇਟੀ ਦੀ ਮੈਂਬਰ ਬੀਬੀ ਸਤਵੰਤ ਕੌਰ ਜਿਹੜੇ ਕਿ ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਹਨ, ਦਾ ਨਾਂ ਵੀ ਚੱਲਿਆ ਸੀ। ਸੁਧਾਰ ਲਹਿਰ ਦੇ ਧਨਾਢ ਨੇਤਾ ਸੁਰਜੀਤ ਸਿੰਘ ਰੱਖੜਾ ਦੇ ਨਾਂ ਬਾਰੇ ਵੀ ਚਰਚਾ ਚੱਲੀ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਨਾਂ ਪ੍ਰਧਾਨਗੀ ਲਈ ਸਭ ਤੋਂ ਉੱਤੇ ਬੋਲਦਾ ਹੈ। ਸਮਝਿਆ ਜਾ ਰਿਹਾ ਹੈ ਕਿ ਉਹ ਸੁਖਬੀਰ ਸਿੰਘ ਬਾਦਲ ਨੂੰ ਟੱਕਰ ਦੇਣ ਦੇ ਸਮਰੱਥ ਹਨ ਅਤੇ ਲੋਕ ਉਹਨਾਂ ਨੂੰ ਸੁਣਨਾ ਵੀ ਪਸੰਦ ਕਰਦੇ ਹਨ। ਰਾਖਵੇਂ ਵਰਗ ਦੀ ਸਿਰਕੱਢ ਸ਼ਖਸੀਅਤ ਦੇ ਹੱਥ ਸ਼੍ਰੋਮਣੀ ਅਕਾਲੀ ਦਲ ਕਮਾਨ ਦੇਣ ਨਾਲ ਇੱਕ ਵੱਡਾ ਬਦਲਾਅ ਦੇਖਣ ਨੂੰ ਮਿਲੇਗਾ। ਗਿਆਨੀ ਹਰਪ੍ਰੀਤ ਸਿੰਘ ਸ਼ਾਇਦ ਇਹ ਮਹਿਸੂਸ ਵੀ ਕਰਦੇ ਹਨ ਕਿ ਉਹ ਸੁਖਬੀਰ ਸਿੰਘ ਬਾਦਲ ਨੂੰ ਦੋ ਦੇ ਚਾਰ ਮੋੜ ਕੇ ਅਕਾਲੀ ਦਲ ਦੀ ਗੱਡੀ ਲੀਹ ਉੱਤੇ ਲਿਆ ਸਕਦੇ ਹਨ। ਕੁਝ ਵੀ ਹੋ ਜਾਏ ਪੰਜ ਮੈਂਬਰੀ ਕਮੇਟੀ ਨੂੰ ਭਰਤੀ ਮੁਹਿੰਮ ਸਮੇਟ ਕੇ ਸ਼੍ਰੋਮਣੀ ਅਕਾਲੀ ਦਲ ਦਾ ਢਾਂਚਾ ਖੜ੍ਹਾ ਕਰਨ ਵਿੱਚ ਹੋਰ ਦੇਰੀ ਨਹੀਂ ਕਰਨੀ ਚਾਹੀਦੀ ਹੈ। ਇੱਕ ਸੱਚ ਇਹ ਵੀ ਹੈ ਕਿ ਸਿਆਸਤ ਵਿੱਚੋਂ ਮਨਫੀ ਹੋਣ ਨਾਲ ਪਹਿਲਾਂ ਜਿੰਨਾ ਮੁੱਲ ਨਹੀਂ ਰਹਿੰਦਾ ਪਰ ਪੰਜ ਮੈਂਬਰੀ ਕਮੇਟੀ ਤੇ ਸੁਧਾਰ ਲਹਿਰ ਨੂੰ ਮਿਲ ਰਹੇ ਹੁੰਗਾਰੇ ਤੋਂ ਲੱਗਦਾ ਹੈ ਕਿ ਲੋਕ ਪਲਕਾਂ ਉੱਤੇ ਬਿਠਾਉਣ ਲਈ ਤਿਆਰ ਬੈਠੇ ਹਨ।

ਦੋ ਦਿਨ ਪਹਿਲਾਂ ਪੰਜ ਮੈਂਬਰੀ ਕਮੇਟੀ ਦੀ ਹੋਈ ਮੀਟਿੰਗ ਵਿੱਚ ਇੱਕ ਹੋਰ ਅਹਿਮ ਫੈਸਲਾ ਲਿਆ ਗਿਆ ਕਿ ਪੰਥਕ ਧਿਰਾਂ ਨੂੰ ਨਾਲ ਲੈ ਕੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਕਰਕੇ ਉਹਨਾਂ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਦਬਾਅ ਪਾਇਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋ ਜਾਂਦੀਆਂ ਹਨ ਤਾਂ ਨਿਖੇੜਾ ਹੋ ਜਾਵੇਗਾ ਕਿ ਸਿੱਖ, ਕੌਮ ਦੀ ਕਮਾਨ ਬਾਗ਼ੀਆਂ ਹੱਥ ਦੇਣਾ ਚਾਹੁੰਦੇ ਹਨ ਜਾਂ ਦਾਗੀਆਂ ਦੇ ਹੱਥਾਂ ਵਿੱਚ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਿੱਖ ਪੰਥ ਅੰਦਰ ਚੱਲ ਰਹੀ ਦੁਬਿਧਾ ਦਾ ਨਿਖੇੜਾ ਕਰਨ ਲਈ ਕਾਫ਼ੀ ਹੋਣਗੀਆਂ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਮੁਕਾਬਲਾ ਦਾਗੀਆਂ ਤੇ ਬਾਗੀਆਂ ਵਿੱਚ ਹੀ ਨਹੀਂ ਹੋਵੇਗਾ ਸਗੋਂ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸਮੇਤ ਹੋਰ ਪੰਥਕ ਧਿਰਾਂ ਵੀ ਮੈਦਾਨ ਵਿੱਚ ਨਿੱਤਰਣਗੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਖ਼ਰੀ ਵਾਰ ਚੋਣਾਂ 2011 ਨੂੰ ਹੋਈਆਂ ਸਨ। ਨੌ ਸਾਲ ਪਹਿਲਾਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਹੋਂਦ ਵਿੱਚ ਆ ਗਈ ਸੀ ਜਿਸ ਨਾਲ ਸ਼੍ਰੋਮਣੀ ਕਮੇਟੀ ਦਾ ਸਰੂਪ ਬਦਲ ਗਿਆ ਹੈ।

ਇੱਥੇ ਚੇਤੇ ਕਰਾਉਣਾ ਜ਼ਰੂਰੀ ਹੋਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ 2017 ਤੋਂ ਲੈ ਕੇ 2024 ਤੱਕ ਲਗਾਤਾਰ ਚੋਣਾਂ ਵਿੱਚ ਹੋਈ ਹਾਰ ਦਾ ਭਾਂਡਾ ਸੁਖਬੀਰ ਸਿੰਘ ਬਾਦਲ ਸਿਰ ਭੰਨਦਿਆਂ ਇੱਕ ਧੜੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਓਟ ਲੈ ਲਈ ਸੀ। ਇਸ ਧੜੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਮੂਹਰੇ ਆਪਣੇ ਗੁਨਾਹਾਂ ਦਾ ਇਕਬਾਲ ਕਰਦਿਆਂ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਦੋਸ਼ੀ ਦੱਸਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ। ਪੰਜ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਸਮੇਤ ਕਈ ਹੋਰ ਨੇਤਾਵਾਂ ਨੂੰ ਤਨਖ਼ਾਹ ਲਾਈ ਗਈ। ਇਹ ਪਹਿਲੀ ਵਾਰ ਸੀ ਜਦੋਂ ਸਿੰਘ ਸਾਹਿਬਾਨ ਵੱਲੋਂ ਸੁਖਬੀਰ ਨੂੰ ਲਾਈ ਧਾਰਮਿਕ ਸਜ਼ਾ ਵਿੱਚ ਸਿਆਸੀ ਤਨਖ਼ਾਹ ਵੀ ਜੋੜ ਦਿੱਤੀ ਗਈ ਸੀ। ਸੁਖਬੀਰ ਸਿੰਘ ਬਾਦਲ ਨਿਵ ਕੇ ਧਾਰਮਿਕ ਤਨਖ਼ਾਹ ਪੂਰੀ ਕਰਨ ਤੋਂ ਬਾਅਦ ਰਾਜਨੀਤਿਕ ਸਜ਼ਾ ਤੋਂ ਪਾਸਾ ਵੱਟ ਗਏ। ਪੰਜ ਸਿੰਘ ਸਾਹਿਬਾਨ ਵੱਲੋਂ ਦੋ ਦਸੰਬਰ ਨੂੰ ਜਾਰੀ ਕੀਤੇ ਹੁਕਮਨਾਮੇ ਵਿੱਚ ਸੱਤ ਮੈਂਬਰੀ ਕਮੇਟੀ ਦਾ ਗਠਨ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਢਾਂਚਾ ਖੜ੍ਹਾ ਕਰਨ ਲਈ ਭਰਤੀ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਸੁਖਬੀਰ ਸਿੰਘ ਬਾਦਲ ਧੜੇ ਨੇ ਭਾਰਤੀ ਕਮੇਟੀ ਨੂੰ ਕਾਨੂੰਨ ਦੀ ਆੜ ਵਿੱਚ ਮਾਨਤਾ ਦੇਣ ਤੋਂ ਨਾ ਕਰ ਦਿੱਤੀ ਸੀ। ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਪੱਧਰ ਉੱਤੇ ਨਵੀਂ ਭਰਤੀ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਮੁੜ ਤੋਂ ਪ੍ਰਧਾਨ ਚੁਣ ਲਿਆ ਗਿਆ। ਚੋਣ ਨੂੰ ਦੋ ਮਹੀਨੇ ਬੀਤਣ ਤੋਂ ਬਾਅਦ ਵੀ ਹਾਲੇ ਤੱਕ ਨਾ ਤਾਂ ਵਰਕਿੰਗ ਕਮੇਟੀ ਬਣਾਈ ਗਈ ਹੈ ਅਤੇ ਨਾ ਹੀ ਦੂਜੇ ਅਹੁਦੇਦਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਚਰਚਾ ਤਾਂ ਇਹ ਵੀ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਤੋਂ ਹੀ ਮੁੱਖ ਨਹੀਂ ਮੋੜਿਆ ਸਗੋਂ ਤਿੰਨ ਸਿੰਘ ਸਾਹਿਬਾਨ ਜਿਨ੍ਹਾਂ ਨੇ ਹੁਕਮਨਾਮਾ ਸੁਣਾਇਆ ਸੀ, ਨੂੰ ਵੀ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਤਖ਼ਤਾਂ ਦੇ ਜਥੇਦਾਰਾਂ ਨੂੰ ਲਾਉਣ ਅਤੇ ਹਟਾਉਣ ਦਾ ਅਧਿਕਾਰ ਹੈ। ਮੰਨਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਰਿਮੋਟ ਸੁਖਬੀਰ ਸਿੰਘ ਬਾਦਲ ਦੇ ਹੱਥ ਹੈ। ਕਮੇਟੀ ਦੀ ਕਾਰਜਕਾਰਨੀ ਨੇ ਸੁਖਬੀਰ ਸਿੰਘ ਬਾਦਲ ਦੇ ਅੱਧੇ ਬੋਲਾਂ ਉੱਤੇ ਫੁੱਲ ਚੜ੍ਹਾਏ। ਸਿੱਖ ਜਗਤ ਵਿੱਚ ਇਹ ਵੀ ਰੋਸ ਹੈ ਕਿ ਸਿੱਖਾਂ ਦੀਆਂ ਸਰਵ ਉੱਚ ਸੰਸਥਾਵਾਂ ਦੇ ਜਥੇਦਾਰਾਂ ਨੂੰ ਜ਼ਲੀਲ ਕਰਕੇ ਅਹੁਦਿਆਂ ਤੋਂ ਹਟਾਇਆ ਗਿਆ ਹੈ। ਇਹ ਗੱਲ ਵੀ ਨਹੀਂ ਭੁੱਲੀ ਜਾ ਸਕਦੀ ਕਿ ਬਾਗ਼ੀ ਧੜੇ ਨੇ ਬਗ਼ਾਵਤ ਦਾ ਝੰਡਾ ਉਦੋਂ ਚੱਕਿਆ ਜਦੋਂ ਉਹਨਾਂ ਨੂੰ ਇਹ ਪੱਕਾ ਹੋ ਗਿਆ ਕਿ ਸੁਖਬੀਰ ਸਿੰਘ ਬਾਦਲ ਰਾਹੀਂ ਸੱਤਾ ਨੂੰ ਹੱਥ ਪਾਉਣਾ ਅਸੰਭਵ ਜਿਹਾ ਹੋ ਗਿਆ ਹੈ। ਉਹਨਾਂ ਨੇ ਬਾਦਲਕਿਆਂ ਉੱਤੇ ਪਰਿਵਾਰਵਾਦ ਦੇ ਦੋਸ਼ ਵੀ ਲਾਏ ਹਾਲਾਂਕਿ ਉਹਨਾਂ ਵਿੱਚੋਂ ਜ਼ਿਆਦਾਤਰ ਆਪ ਵੀ ਉਸੇ ਬੇੜੇ ਵਿੱਚ ਸਵਾਰ ਸਨ। ਸੁਖਬੀਰ ਸਿੰਘ ਬਾਦਲ ਨੇ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਪੂਰੇ ਦਮ ਖ਼ਮ ਨਾਲ ਲੜੀ ਹੈ। ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਨਾਲੋਂ ਵੱਧ ਵੋਟਾਂ ਲੈ ਕੇ ਸ਼ਾਇਦ ਆਪਣੇ ਚੜ੍ਹਤ ਦਾ ਸੁਨੇਹਾ ਦੇਣਾ ਚਾਹੁੰਦੇ ਹੋਣਗੇ। ਉਹਨਾਂ ਵੱਲੋਂ ਲੁਧਿਆਣਾ ਵਿੱਚ ਕੀਤੇ ਇਕੱਠ ਤੋਂ ਤਾਂ ਇਹੋ ਸੁਨੇਹਾ ਮਿਲਦਾ ਹੈ ਪਰ ਪਿਛਲੇ ਸਮੇਂ 'ਤੇ ਝਾਤ ਮਾਰੀਏ ਤਾਂ ਉਹਨਾਂ ਦੇ ਸਪੋਰਟਰ ਵੋਟਰਾਂ ਵਿੱਚ ਨਹੀਂ ਬਦਲ ਸਕੇ ਹਨ। ਪੰਜ ਮੈਂਬਰੀ ਕਮੇਟੀ ਨੂੰ ਜਿੰਨਾ ਹੁੰਗਾਰਾ ਮਿਲ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਆਉਣ ਵਾਲਾ ਸਮਾਂ ਸੁਧਾਰ ਲਹਿਰ ਦੇ ਹਿੱਸੇ ਹੋਵੇਗਾ। ਖ਼ਬਰਾਂ ਇਸ ਤਰ੍ਹਾਂ ਦੀਆਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਸੁਧਾਰ ਲਹਿਰ ਅੰਦਰ ਵੀ ਸਭ ਅੱਛਾ ਨਹੀਂ ਹੈ। ਲੋੜ ਬਿਨਾਂ ਦੇਰੀ ਭਾਰਤੀ ਦਾ ਕੰਮ ਮੁਕੰਮਲ ਕਰਕੇ ਨਵਾਂ ਢਾਂਚਾ ਖੜ੍ਹਾ ਕਰਨ ਅਤੇ ਸਿਆਸਤ ਵਿੱਚ ਭਰਵੀਂ ਹਾਜ਼ਰੀ ਲਵਾਉਣ ਦੀ ਹੈ, ਨਹੀਂ ਤਾਂ ਕਿਧਰੇ ਫੌਜਾਂ ਜਿੱਤ ਗਏ ਹਾਰ ਨਾ ਜਾਣ।



ਵਿੰਕਲਜੀਤ ਸਿੰਘ ਸਰਾ
9501477889

# ਪਾਣੀ ਦੀ ਕਮੀ, ਗਲੋਬਲ ਮੰਗ ਅਤੇ ਹਾਲਾਤਾਂ ਨੇ ਕਿਸਾਨਾਂ ਨੂੰ ਬਾਸਮਤੀ ਵੱਲ ਮੋੜਿਆ

## ਪੰਜਾਬ ਦੇ ਜ਼ਿਲ੍ਹਿਆਂ ਅਨੁਸਾਰ ਕਿਸਾਨਾਂ ਦੀ ਹਾਲਤ, ਮੁੱਖ ਮੁੱਦੇ ਅਤੇ ਖੇਤੀ ਦੀ ਸਥਿਤੀ ਦਾ ਵਿਸ਼ਲੇਸ਼ਣ

ਪੰਜਾਬ ਦੀ ਜਿੱਥੇ ਇੱਕ ਵਕਤ ਜੀਰੀ ਦੀ ਖੇਤੀ ਕਰਕੇ ਪਹਿਚਾਣ ਸੀ, ਹੁਣ ਉੱਥੇ ਕਿਸਾਨ ਬਾਸਮਤੀ ਵੱਲ ਵਧ ਰਹੇ ਹਨ। ਇਹ ਤਬਦੀਲੀ ਕੋਈ ਸਧਾਰਨ ਨਹੀਂ, ਸਗੋਂ ਇਹ ਇੱਕ ਸਮੇਂ ਦੀ ਲੋੜ, ਵਾਤਾਵਰਣੀ ਤਣਾਅ, ਆਰਥਿਕ ਮਜਬੂਰੀ ਅਤੇ ਅੰਤਰਰਾਸ਼ਟਰੀ ਮਾਰਕੀਟ ਦੀ ਮੰਗ ਦਾ ਨਤੀਜਾ ਹੈ।

ਪੰਜਾਬ ਦੇ ਮਾਝਾ ਖੇਤਰ (ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ) ਵਿੱਚ ਹੁਣ ਰਵਾਇਤੀ ਜੀਰੀ ਦੀ ਥਾਂ ਬਾਸਮਤੀ ਦੀ ਖੇਤੀ ਵੱਧ ਰਹੀ ਹੈ। ਇਹ ਰੁਝਾਨ ਕਿਸਾਨਾਂ ਲਈ ਨਵੇਂ ਆਸਰੇ, ਪਰ ਇਸ ਪਿੱਛੇ ਓਹਨਾਂ ਦੀਆਂ ਮਜਬੂਰੀਆਂ ਅਤੇ ਬਦਲਦੇ ਹਾਲਾਤ ਵੀ ਵੱਡਾ ਕਾਰਨ ਹਨ।

**ਬਾਸਮਤੀ ਕਿਉਂ ਬਣੀ ਪਹਿਲੀ ਪਸੰਦ ?**

1. ਘੱਟ ਪਾਣੀ ਦੀ ਲੋੜ: ਪੰਜਾਬ ਵਿਚ ਪਾਣੀ ਦੀ ਭਿਆਨਕ ਘਾਟ ਬਣੀ ਹੋਈ ਹੈ। ਡਿੱਗਦੇ ਜ਼ਮੀਨੀ ਪਾਣੀ ਦੇ ਪੱਧਰ ਨੇ ਰਵਾਇਤੀ ਫ਼ਸਲ ਦੀ ਖੇਤੀ ਨੂੰ ਅਸਥਿਰ ਬਣਾ ਦਿੱਤਾ ਹੈ। ਬਾਸਮਤੀ ਅਜਿਹੀ ਫ਼ਸਲ ਹੈ ਜੋ ਘੱਟ ਪਾਣੀ 'ਚ ਵੀ ਤਿਆਰ ਹੋ ਜਾਂਦੀ ਹੈ।

2.ਬਿਹਤਰ ਕੀਮਤ ਅਤੇ ਨਿਰਯਾਤ ਮੌਕੇ: ਪਿਛਲੇ ਸਾਲ ਬਾਸਮਤੀ ਦੀ ਔਸਤ ਕੀਮਤ 3,300 ਰੁਪਏ ਪ੍ਰਤੀ ਕੁਇੰਟਲ ਰਹੀ, ਜਦ ਕਿ MSP ਦੇ ਤਹਿਤ ਸਿਰਫ 2,400 ਰੁਪਏ ਮਿਲੇ। ਉੱਪਰੋਂ ਮੱਧ ਏਸ਼ੀਆ ਅਤੇ ਗਲਫ ਦੇਸ਼ਾਂ ਵਿੱਚ ਬਾਸਮਤੀ ਦੀ ਵੱਧ ਰਹੀ ਮੰਗ ਨੇ ਨਿਰਯਾਤ ਦੇ ਰਾਹ ਖੋਲ੍ਹੇ ਹਨ।

3.ਤੀਜੀ ਫ਼ਸਲ: ਛੋਟੇ ਸਮੇਂ ਦੀਆਂ ਕਿਸਮਾਂ (ਜਿਵੇਂ PUSA 1509, 1692) ਕਿਸਾਨਾਂ ਨੂੰ ਸਾਲ 'ਚ ਸਿਰਫ਼ ਦੋ ਧਾਨ ਦੀਆਂ ਫ਼ਸਲਾਂ ਨਹੀਂ ਸਗੋਂ ਇਹਨਾਂ ਤੋਂ ਇਲਾਵਾ ਮਟਰ, ਆਲੂ ਵਰਗੀਆਂ ਹੋਰ ਫ਼ਸਲਾਂ ਵੀ ਉਗਾਉਣ ਦਾ ਮੌਕਾ ਦਿੰਦੀਆਂ ਹਨ।

**ਮੌਜੂਦਾ ਪੰਜਾਬੀ ਹਾਲਾਤ ਅਤੇ ਬਦਲਦੇ ਹਾਲਾਤਾਂ ਦਾ ਅਸਰ:** ਪੰਜਾਬ ਦਾ ਕਿਸਾਨ ਪਾਣੀ ਦੀ ਕਮੀ, ਬੇਰੁਜ਼ਗਾਰੀ, ਕਰਜ਼ਿਆਂ ਅਤੇ ਸਰਕਾਰੀ ਬੇਧਿਆਨੀਆਂ ਨਾਲ ਜੂਝ ਰਿਹਾ ਹੈ।ਜੀਰੀ ਦੀ ਖੇਤੀ ਨਾ ਸਿਰਫ਼ ਪਾਣੀ ਨੂੰ ਖਤਮ ਕਰ ਰਹੀ ਸੀ, ਸਗੋਂ ਖ਼ਰਚਾ ਜ਼ਿਆਦਾ ਤੇ ਲਾਭ ਘੱਟ ਸੀ। ਹੁਣ ਕਿਸਾਨ ਬਾਸਮਤੀ ਵਰਗੀ ਫ਼ਸਲ ਨੂੰ ਤਰਜੀਹ ਦੇ ਰਹੇ ਹਨ, ਜਿਸ ਨਾਲ ਉਹ ਘੱਟ ਖ਼ਰਚ ਵਿੱਚ ਜ਼ਿਆਦਾ ਆਮਦਨ ਕਮਾ ਸਕਣ। ਹਰ ਇਕ ਦਿਨ ਵਿਧਵਾ ਹੋ ਰਹੀਆਂ ਔਰਤਾਂ, ਕਿਸਾਨਾਂ ਦੀਆਂ ਆਤਮਹੱਤਿਆਵਾਂ, ਤੇ ਨੌਜਵਾਨਾਂ ਦਾ ਖੇਤੀ ਛੱਡ ਕੇ ਵਿਦੇਸ਼ਾਂ ਦੀ ਭਾਲ ਕਰਨਾ, ਇਹ ਦਰਸਾਉਂਦੇ ਹਨ ਕਿ ਪੰਜਾਬ ਵਿੱਚ ਆਰਥਿਕਤਾ ਕੰਮਜ਼ਰ ਹੋ ਚੁੱਕੀ ਹੈ। ਇੱਥੇ ਕਿਸਾਨ ਹੰਝੂ-ਹੰਝੂ ਹੋਕੇ ਫਸਲਾਂ ਬਦਲ ਰਹੇ ਹਨ ਨਾ ਕਿ ਚੰਗੇ ਲਾਭਾਂ ਲਈ, ਸਗੋਂ ਜ਼ਿੰਦ ਬਚਾਉਣ ਲਈ।

**ਕਿਸਾਨਾਂ ਦੀ ਗੱਲਬਾਤ** :ਕਿਸਾਨ ਦੱਸਦੇ ਹਨ, ਜੀਰੀ ਦੀ ਥਾਂ ਬਾਸਮਤੀ ਲਾਈ, ਹੁਣ ਆਲੂ ਵੀ ਲਾ ਲਏ, ਪਾਣੀ ਦੀ ਵੀ ਬਚਤ ਹੋਈ ਤੇ ਖਰਚਾ ਵੀ ਘੱਟ ਆਇਆ। ਪਰ ਕਦੇ MSP ਨਹੀਂ ਮਿਲਦਾ, ਨਿਰਯਾਤ ਵਾਲਿਆਂ ਨੂੰ ਭਰੋਸਾ ਨਹੀਂ।ਕਿਸਾਨ ਮੰਨਦੇ ਹਨ ਕਿ PUSA 1509 ਵਰਗੀ ਛੋਟੀ ਮਿਆਦ ਵਾਲੀ ਕਿਸਮ ਬਹੁਤ ਮਦਦਗਾਰ ਸਾਬਤ ਹੋ ਰਹੀ ਹੈ। ਫਸਲ ਚੱਕਰ ਚੰਗਾ ਬਣਿਆ ਤੇ ਆਮਦਨ ਵਧੇਗੀ।

**ਮਾਰਕੀਟ ਦੀ ਭੂਮਿਕਾ ਅਤੇ ਚੁਣੌਤੀਆਂ:**

**ਮੰਡੀ ਪ੍ਰਣਾਲੀ ਦੀ ਅਣਗਹਿਲੀ:** ਅਜੇ ਤੱਕ ਬਾਸਮਤੀ ਨੂੰ MSP 'ਤੇ ਪੂਰਾ ਸਹਾਰਾ ਨਹੀਂ, ਜਿਸ ਕਰਕੇ ਕਿਸਾਨ ਖੁਦ ਨਿੱਜੀ ਖਰੀਦਦਾਰਾਂ 'ਤੇ ਨਿਰਭਰ ਹਨ।

**ਜਲਵਾਯੂ ਤਬਦੀਲੀ:** ਬਦਲ ਰਹੀ ਮੌਸਮ ਵਿਵਸਥਾ ਫ਼ਸਲ ਦੇ ਸਮੇਂ ਅਤੇ ਪੈਦਾਵਾਰ ਉੱਤੇ ਅਸਰ ਪਾ ਰਹੀ ਹੈ।

**ਸਰਕਾਰੀ ਸਹਾਇਤਾ ਦੀ ਕਮੀ:** ਜਦ ਤੱਕ ਬਾਸਮਤੀ ਲਈ ਸਹੀ ਸਰਕਾਰੀ ਗਾਈਡਲਾਈਨ, MSP ਅਤੇ ਨਿਰਯਾਤ ਲਈ ਸੁਚਾਰੂ ਰਾਹ ਨਹੀਂ ਬਣਾਇਆ ਜਾਂਦਾ, ਇਹ ਲਾਭਕਾਰੀ ਵਿਕਲਪ ਸਿਰਫ਼ ਥੋੜੇ ਸਮੇਂ ਲਈ ਹੀ ਰਹੇਗਾ।

**ਪੰਜਾਬ ਦੇ ਜ਼ਿਲ੍ਹਿਆਂ ਅਨੁਸਾਰ ਕਿਸਾਨਾਂ ਦੀ ਹਾਲਤ:**

1. ਮੁਕਤਸਰ/ਬਠਿੰਡਾ/ਫ਼ਾਜ਼ਿਲਕਾ (ਮਾਲਵਾ ਖੇਤਰ) :**ਮੁੱਖ ਮੁੱਦੇ**: ਜ਼ਮੀਨ ਦਾ ਲੂਣਾਪਨ (ਕੱਲਰ), ਪਾਣੀ ਦੀ ਗੰਭੀਰ ਘਾਟ, ਨੱਕੀ ਖੇਤੀ। **ਖੇਤੀ ਦਾ ਰੁਝਾਨ**: ਕਪਾਹ, ਮੱਕੀ, ਤੇ ਨਕਦੀ ਫਸਲਾਂ। **ਮੁਸ਼ਕਲਾਂ**: ਕਪਾਹ 'ਚ ਨਕਲੀ ਬੀਜ, ਪਿੰਕ ਬੋਲਵਰਮ ਹਮਲੇ, ਮੌਸਮ ਬਦਲਾਅ ਨਾਲ ਖੇਤੀ ਥੱਪ

2. **ਮਾਨਸਾ/ਸੰਗਰੂਰ/ਬਰਨਾਲਾ ਮੁੱਖ ਮੁੱਦੇ**: ਕਪਾਹ ਅਤੇ ਜੀਰੀ ਤੋਂ ਨੁਕਸਾਨ, ਆਤਮਹੱਤਿਆ ਦੇ ਵਧਦੇ ਮਾਮਲੇ। **ਖੇਤੀ ਦਾ ਰੁਝਾਨ**: ਕਪਾਹ, ਬਾਸਮਤੀ ਤੇ ਨਵੀਂਆਂ ਆਰਗੈਨਿਕ ਫਸਲਾਂ। **ਵਿਸ਼ੇਸ਼ ਪਹਿਚਾਣ**: ਕਈ ਕਿਸਾਨ ਜੈਵਿਕ ਖੇਤੀ ਵੱਲ ਵੱਧ ਰਹੇ ਹਨ ਪਰ ਮਾਰਕੀਟ ਨਹੀਂ।

3. **ਅੰਮ੍ਰਿਤਸਰ/ਤਰਨਤਾਰਨ / ਗੁਰਦਾਸਪੁਰ (ਮਾਝਾ ਖੇਤਰ)** : **ਮੁੱਖ ਮੁੱਦੇ**: ਪਾਣੀ ਦੀ ਵਧਦੀ ਲੋੜ, ਦਾਖਲ ਖੇਤੀ ਤੇ ਸਰਹੱਦੀ ਪਟੀਆਂ 'ਚ ਨਕਲ ਖੇਤੀ। **ਖੇਤੀ ਦਾ ਰੁਝਾਨ**: ਬਾਸਮਤੀ ਦੀ ਵਧੀ ਹੋਈ ਬਿਜਾਈ। **ਵਿਕਾਸ**: ਨਵੀਆਂ ਕਿਸਮਾਂ (PUSA 1509, 1692) ਤੇ ਨਿਰਯਾਤ ਮਾਰਕੀਟ ਵੱਲ ਧਿਆਨ।

4. **ਹੁਸ਼ਿਆਰਪੁਰ/ ਨਵਾਂਸ਼ਹਿਰ / ਰੂਪਨਗਰ (ਸ਼ਿਵਾਲਿਕ ਖੇਤਰ)** : **ਮੁੱਖ ਮੁੱਦੇ**: ਥੋੜ੍ਹੀ ਉੱਪਜ, ਪਹਾੜੀ ਹਵਾਵਾਂ, ਬਾਰਸ਼ ਉੱਤੇ ਨਿਰਭਰਤਾ। **ਖੇਤੀ ਦਾ ਰੁਝਾਨ**: ਮੱਕੀ, ਆਲੂ, ਤੇ ਸਬਜ਼ੀਆਂ। **ਮੁਸ਼ਕਲਾਂ**: ਪੇਂਡੂ ਇਲਾਕਿਆਂ ਵਿੱਚ ਕਨੈਕਟੀਵਿਟੀ ਤੇ ਮਾਰਕੀਟ ਦੀ ਘਾਟ।

5. **ਲੁਧਿਆਣਾ/ਫ਼ਿਰੋਜ਼ਪੁਰ/ਮੋਗਾ/ਫਰੀਦਕੋਟ ਮੁੱਖ ਮੁੱਦੇ**: ਜੀਰੀ ਦੀ ਓਵਰਡਿਪੈਂਡੈਂਸੀ, ਨਕਲੀ ਕੀਟਨਾਸ਼ਕ। **ਖੇਤੀ ਦਾ ਰੁਝਾਨ**: ਜੀਰੀ, ਕਣਕ, ਬਾਸਮਤੀ। **ਮੁਸ਼ਕਲਾਂ**: ਖੇਤੀ ਦਾ ਉੱਚਾ ਖ਼ਰਚ, ਪਰ ਫ਼ਸਲ ਦਾ ਲਾਭ ਘੱਟ।

6. **ਪਟਿਆਲਾ/ਮੋਹਾਲੀ/ਸੰਗਰੂਰ: ਮੁੱਖ ਮੁੱਦੇ**: ਸ਼ਹਿਰੀਕਰਨ ਕਾਰਨ ਖੇਤਾਂ ਦੀ ਘੱਟਦੀ ਉਪਲਬਧਤਾ। **ਖੇਤੀ ਦਾ ਰੁਝਾਨ**: ਮਿਸ਼ਰਤ ਫਸਲਾਂ, ਨਵੇਂ ਨਕਦੀ ਵਿਕਲਪ (ਬੇਲੀ, ਸਬਜ਼ੀ)। **ਵਿਕਾਸ**: ਨਵੀਂ ਪੀੜ੍ਹੀ ਵੱਲੋਂ ਐਗ੍ਰੋ ਸਟਾਰਟਅਪ ਅਤੇ ਆਰਗੈਨਿਕ ਫਾਰਮਿੰਗ।

7. **ਜਲੰਧਰ/ਕਪੂਰਥਲਾ/ਤਰਨਤਾਰਨ (ਦੋਆਬਾ ਖੇਤਰ)** : **ਮੁੱਖ ਮੁੱਦੇ**: ਵਿਦੇਸ਼ ਜਾਣ ਦੀ ਹੋੜ, ਖਾਲੀ ਪਏ ਪਿੰਡ। **ਖੇਤੀ ਦਾ ਰੁਝਾਨ**: ਵਧੇਰੇ ਮਕਈ ਤੇ ਸਬਜ਼ੀ। **ਮੁਸ਼ਕਲਾਂ**: ਕਮਰਸ਼ੀਅਲ ਖੇਤੀ ਦੀ ਘਾਟ, ਨੌਜਵਾਨਾਂ ਦੀ ਦਿਲਚਸਪੀ ਘੱਟ।

8. **ਰਾਜਪੁਰਾ, ਡੇਰਾ ਬਸੀ, ਖਰੜ (ਪਟਿਆਲਾ ਸ਼ਹਿਰੀ ਇਲਾਕੇ) : ਮੁੱਖ ਮੁੱਦੇ**: ਉਦਯੋਗੀਕਰਨ ਕਾਰਨ ਖੇਤੀ ਦੀ ਜ਼ਮੀਨ ਘੱਟ ਰਹੀ। **ਖੇਤੀ ਦਾ ਰੁਝਾਨ**: ਆਧੁਨਿਕ ਤਰੀਕੇ, ਡ੍ਰਿਪ ਇਰੀਗੇਸ਼ਨ। **ਚੁਣੌਤੀਆਂ**: ਸ਼ਹਿਰੀ ਰਕਬੇ ਵਿੱਚ ਖੇਤੀ ਕਰਨਾ ਮੁਸ਼ਕਲ।

**ਆਮ ਆਖਰੀ ਚੁਣੌਤੀਆਂ** : ਬਿਜਲੀ ਸੰਕਟ, ਟਾਈਮ ਬਾਊਂਡ MSP ਭੁਗਤਾਨ, ਕੀਟਨਾਸ਼ਕਾਂ ਦੀ ਲੁੱਟ, ਮਾਨਸੂਨ ਉੱਤੇ ਨਿਰਭਰਤਾ, ਫਸਲਾਂ ਦਾ ਬੀਮਾ ਨਾ ਮਿਲਣਾ, ਪਿਛੜੀ ਖੇਤੀ ਦੀ ਕੋਈ ਸਹਾਇਤਾ ਨਹੀਂ।

**ਆਸ ਰੱਖੀ ਪਰ ਅਨਿਸ਼ਚਿਤਤਾ ਕਾਇਮ:** ਬਾਸਮਤੀ ਨੇ ਇੱਕ ਨਵਾਂ ਰਸਤਾ ਦਿਖਾਇਆ ਹੈ, ਪਰ ਇਹ ਵੀ ਸਿਰਫ਼ ਤਦ ਤੱਕ ਹੀ ਲਾਭਕਾਰੀ ਹੈ ਜਦ ਤੱਕ ਸਰਕਾਰ, ਮਾਰਕੀਟ ਅਤੇ ਖੇਤੀ ਨੀਤੀਆਂ ਇਸਨੂੰ ਸਥਿਰ ਬਣਾ ਕੇ ਚਲਾਉਣਗੀਆਂ। ਪੰਜਾਬ ਦੇ ਕਿਸਾਨਾਂ ਨੇ ਜ਼ਮੀਨ, ਮਿਹਨਤ ਅਤੇ ਭਰੋਸਾ ਲਾਇਆ ਹੈ-ਹੁਣ ਸਰਕਾਰ ਅਤੇ ਨਿਰਯਾਤ ਮੰਡੀਆਂ ਦੀ ਵਾਰੀ ਹੈ ਕਿ ਉਹ ਕਿਸਾਨ ਦੀ ਕਦਰ ਕਰਨ। ਜੇ ਪੰਜਾਬ ਦੀਆਂ ਜੜ੍ਹਾਂ ਨੂੰ ਬਚਾਉਣਾ ਹੈ ਤਾਂ ਬਾਸਮਤੀ ਵਰਗੀਆਂ ਟਿਕਾਊ ਫ਼ਸਲਾਂ ਦੀ ਯੋਜਨਾ, ਆਧੁਨਿਕ ਤਰੀਕੇ ਅਤੇ ਮਾਰਕੀਟ ਸੁਰੱਖਿਆ ਤੇ ਨਿਰਯਾਤ ਨੀਤੀਆਂ ਅਤੀ ਜ਼ਰੂਰੀ ਹਨ। ਨਹੀਂ ਤਾਂ ਅਸੀਂ ਇੱਕ ਹੋਰ "ਹਰਾ ਭਰਾ ਪੰਜਾਬ" ਵੀ ਗੁਆ ਬੈਠਾਂਗੇ।



# ਮਾਝਾ-ਦੁਆਬਾ

ਆਸ ਪਾਸ



## ਈਰਾਨ-ਇਜ਼ਰਾਈਲ 'ਚ ਜੰਗ ਦੇ ਮੱਦੇਨਜ਼ਰ ਪਾਵਨ ਸਰੂਪ ਲਿਆਉਣ ਦਾ ਪ੍ਰਬੰਧ ਕਰੇ ਕੇਂਦਰ : ਐਡਵੋਕੇਟ ਧਾਮੀ

ਅੰਮ੍ਰਿਤਸਰ, 19 ਜੂਨ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਈਰਾਨ ਅਤੇ ਇਜ਼ਰਾਈਲ ਵਿੱਚ ਚੱਲ ਰਹੇ ਆਪਸੀ ਜੰਗ ਵਾਲੇ ਹਾਲਾਤਾਂ ਦੇ ਮੱਦੇਨਜ਼ਰ ਉੱਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਢੁੱਕਵੇਂ ਕਦਮ ਚੁੱਕਣ ਲਈ ਕਿਹਾ ਹੈ। ਐਡਵੋਕੇਟ ਧਾਮੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਕੌਮ ਲਈ ਸਰਵਉੱਚ ਹਨ, ਜਿਨ੍ਹਾਂ ਦਾ ਸਤਿਕਾਰ ਤੇ ਸੁਰੱਖਿਆ ਸਿੱਖ ਪੰਥ ਲਈ ਸਭ ਤੋਂ ਅਹਿਮ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਈਰਾਨ ਤੇ ਇਜ਼ਰਾਈਲ ਵਿੱਚ ਜੰਗ ਦੇ ਨਾਜ਼ੁਕ ਹਾਲਾਤਾਂ ਕਾਰਨ ਉੱਥੇ ਸਥਿਤ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਰਕਾਰਾਂ ਦੀ ਜ਼ੁੰਮੇਵਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਸਰਕਾਰ ਨੂੰ ਆਪਣੇ ਕੂਟਨੀਤਕ ਸਬੰਧਾਂ ਅਤੇ ਅੰਤਰਰਾਸ਼ਟਰੀ ਮੰਚਾਂ ਦੀ ਵਰਤੋਂ ਕਰਦਿਆਂ ਈਰਾਨ ਅਤੇ ਇਜ਼ਰਾਈਲ ਦੀਆਂ ਸਰਕਾਰਾਂ ਨਾਲ ਸੰਪਰਕ ਕਰਕੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚੇ ਅਤੇ ਉਨ੍ਹਾਂ ਦਾ ਸਤਿਕਾਰ ਬਣਿਆ ਰਹੇ। ਇਸ ਦੇ ਨਾਲ ਹੀ ਐਡਵੋਕੇਟ ਧਾਮੀ ਨੇ ਈਰਾਨ ਅਤੇ ਇਜ਼ਰਾਈਲ ਵਿਚ ਵੱਸਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਸਥਾਨਕ ਸਰਕਾਰਾਂ ਅਤੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਕੇ ਗੁਰਦੁਆਰਾ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਭਾਰਤ ਸਰਕਾਰ ਤੋਂ ਉਮੀਦ ਕਰਦੀ ਹੈ ਕਿ ਇਸ ਸੰਵੇਦਨਸ਼ੀਲ ਮਾਮਲੇ 'ਤੇ ਤੁਰੰਤ ਕਾਰਵਾਈ ਕਰੇਗੀ।



## ਡੀ.ਸੀ. ਵੱਲੋਂ ਲੂਅ ਤੋਂ ਬੱਚਣ ਲਈ ਲੋਕਾਂ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ

ਜਲੰਧਰ, 19 ਜੂਨ, (ਸੰਦੀਪ ਕੌਲ) : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਲੋਕਾਂ ਨੂੰ ਲੂਅ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ।

ਡਾ. ਅਗਰਵਾਲ ਨੇ ਕਿਹਾ ਕਿ ਜੁਲਾਈ ਤੱਕ ਚੱਲਣ ਵਾਲੀਆਂ ਗਰਮ ਹਵਾਵਾਂ ਤੋਂ ਬਚਣ ਲਈ ਜਾਗਰੂਕਤਾ ਤੇ ਸਾਵਧਾਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾ ਗਰਮੀ ਹੋਣ 'ਤੇ ਸਾਡਾ ਸਰੀਰ ਪਸੀਨੇ ਦੇ ਰੂਪ ਵਿੱਚ ਗਰਮੀ ਬਾਹਰ ਕੱਢਦਾ ਹੈ ਅਤੇ ਤਾਪਮਾਨ ਨੂੰ ਨਿਯੰਤਰਿਤ ਰੱਖਦਾ ਹੈ, ਜਿਸ ਨਾਲ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ। ਇੱਕ ਨਿਸ਼ਚਿਤ ਸੀਮਾ ਤੋਂ ਬਾਅਦ ਸਾਡੇ ਸਰੀਰ ਦਾ ਇਹ ਸਿਸਟਮ ਕੰਮ ਕਰਨਾ ਬੰਦ ਕਰ ਦਿੰਦਾ ਹੈ ਅਤੇ ਸਰੀਰ ਬਾਹਰ ਦੇ ਤਾਪਮਾਨ ਦੇ ਸਮਾਨ ਗਰਮ ਹੋ ਜਾਂਦਾ ਹੈ। ਜਿਸ ਨੂੰ ਲੂਅ ਲੱਗਣਾ ਕਹਿੰਦੇ ਜਾਂ ਫਿਰ ਹੀਟ ਸਟ੍ਰੋਕ ਕਹਿੰਦੇ ਹਨ।ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਲੋਕ ਇਸਨੂੰ ਹਲਕੇ ਵਿਚ ਲੈਂਦੇ ਹਨ ਪਰ ਲੂਅ ਲੱਗਣਾ (ਹੀਟ ਸਟ੍ਰੋਕ) ਬਹੁਤ ਖਤਰਨਾਕ ਹੈ। ਬੱਚਿਆਂ ਅਤੇ ਬਜ਼ੁਰਗਾਂ, ਗਰਭਵਤੀ ਔਰਤਾਂ, ਮੋਟਾਪੇ ਤੋਂ ਪੀੜਤ ਲੋਕ, ਦਿਲ ਦੇ ਮਰੀਜ਼, ਸਰੀਰਕ ਰੂਪ ਨਾਲ ਕਮਜ਼ੋਰ ਲੋਕਾਂ ਨੂੰ ਗਰਮੀ ਲੱਗਣ ਦਾ ਜ਼ਿਆਦਾ ਖਤਰਾ ਹੁੰਦਾ ਹੈ। ਇਸ ਤੋਂ ਇਲਾਵਾ ਮਜ਼ਦੂਰ ਵਰਗ, ਦਿਹਾੜੀਦਾਰ ਅਤੇ ਬੇਘਰ ਹੋ ਕੇ ਸੜਕਾਂ ਆਦਿ ਉੱਤੇ ਰਹਿਣ ਵਾਲੇ ਲੋਕ ਇਸ ਦਾ ਜਲਦ ਸ਼ਿਕਾਰ ਹੋ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਲੂਅ ਲੱਗਣ ਨਾਲ ਸਰੀਰ ਨੂੰ ਬੇਚੈਨੀ ਅਤੇ ਘਬਰਾਹਟ ਹੋ ਸਕਦੀ ਹੈ ਅਤੇ ਜ਼ਿਆਦਾ ਸਮਾਂ ਧੁੱਪ ਵਿਚ ਰਹਿਣ ਨਾਲ ਅੱਖਾਂ ਦੇ ਸਾਹਮਣੇ ਹਨੇਰਾ ਛਾ ਜਾਣਾ, ਚੱਕਰ ਖਾ ਕੇ ਡਿੱਗ ਪੈਣਾ, ਗੱਲ ਸਮਝਣ ਵਿਚ ਮੁਸ਼ਕਲ ਆਉਣੀ, ਚਿੜਚਿੜਾਪਣ, ਜ਼ੁਬਾਨ ਦਾ ਲੜਖੜਾਉਣਾ, ਤੁਰਨ ਸਮੇਂ ਲੜਖੜਾਉਣਾ, ਦੌਰਾ ਪੈਣਾ ਆਦਿ ਹੋ ਸਕਦੇ ਹਨ।

ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਗਰਮੀ 'ਚ ਲੂਅ ਤੋਂ ਬਚਣ ਦੇ ਲਈ ਸਾਨੂੰ ਸਾਵਧਾਨੀਆਂ ਵਰਤਣ ਦੀ ਲੋੜ ਹੈ ਜਿਵੇਂ ਕਿ ਜਦੋਂ ਵੀ ਘਰ ਤੋਂ ਬਾਹਰ ਜਾਣਾ ਹੋਵੇ ਤਾਂ ਜ਼ਿਆਦਾ ਮਾਤਰਾ ਵਿੱਚ ਪਾਣੀ ਪੀਤਾ ਜਾਵੇ, ਸੂਤੀ, ਹਲਕੇ ਅਤੇ ਆਰਾਮਦਾਇਕ ਕੱਪੜੇ ਪਾ ਕੇ ਅਤੇ ਸਿਰ ਨੂੰ ਢੱਕ ਕੇ ਰੱਖਿਆ ਜਾਵੇ, ਤਰਲ ਪਦਾਰਥਾਂ ਜਿਵੇਂ ਪਾਣੀ, ਨਿੰਬੂ ਪਾਣੀ, ਲੱਸੀ, ਓ.ਆਰ.ਐੱਸ. ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕੀਤਾ ਜਾਵੇ ਅਤੇ ਦੁਪਹਿਰ ਦੇ ਵੇਲੇ ਘਰ ਤੋਂ ਬਾਹਰ ਬਹੁਤ ਜ਼ਿਆਦਾ ਜ਼ਰੂਰੀ ਹੋਣ 'ਤੇ ਹੀ ਨਿਕਲਿਆ ਜਾਵੇ।

ਡਿਪਟੀ ਕਮਿਸ਼ਨਰ ਨੇ ਅਪੀਲ ਕਰਦਿਆਂ ਕਿਹਾ ਕਿ ਸਾਵਧਾਨੀ ਵਰਤ ਕੇ ਜ਼ਿਲ੍ਹਾ ਵਾਸੀ ਲੂਅ ਤੋਂ ਆਪਣਾ ਬਚਾਅ ਕਰ ਸਕਦੇ ਹਨ।



## ਸਰਕਾਰੀ ਸਕੂਲਾਂ ਦੇ 61 ਬੱਚਿਆਂ ਨੇ ਨੀਟ ਦੀ ਪ੍ਰੀਖਿਆ ਪਾਸ ਕੀਤੀ : ਡਿਪਟੀ ਕਮਿਸ਼ਨਰ



ਅੰਮ੍ਰਿਤਸਰ, 19 ਜੂਨ, (ਬਬਲੂ ਮਹਾਜਨ) : ਸਿੱਖਿਆ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਹਾਲ ਹੀ ਵਿੱਚ ਐਲਾਨੇ ਗਏ ਨੀਟ ਦੇ ਨਤੀਜੇ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਪਾਸ ਹੋਏ 61 ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਵਿਭਾਗ ਦੇ ਅਧਿਕਾਰੀਆਂ ਅਤੇ ਅਧਿਆਪਕਾਂ ਨੂੰ ਸ਼ਾਬਾਸ਼ ਦਿੱਤੀ। ਉਹਨਾਂ ਦੱਸਿਆ ਕਿ ਇਸ ਸਾਲ ਨੀਟ ਤੋਂ ਇਲਾਵਾ ਜੇਈਈ ਦੀ ਪ੍ਰੀਖਿਆ ਵੀ ਸਰਕਾਰੀ ਸਕੂਲਾਂ ਦੇ 11 ਬੱਚਿਆਂ ਨੇ ਪਾਸ ਕੀਤੀ ਹੈ।

ਉਹਨਾਂ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੜ੍ਹਾਈ ਵਿੱਚ ਕਮਜ਼ੋਰ ਬੱਚਿਆਂ ਦੀਆਂ ਵਾਧੂ ਕਲਾਸਾਂ ਲਗਾਉਣ। ਡਿਪਟੀ ਕਮਿਸ਼ਨਰ ਨੇ ਗਰਮੀਆਂ ਦੀਆਂ ਇਹਨਾਂ ਛੁੱਟੀਆਂ ਵਿੱਚ ਸਕੂਲਾਂ ਵਿੱਚ ਲੱਗੀਆਂ ਸਰਕਾਰੀ ਪਾਣੀ ਦੀਆਂ ਟੈਂਕੀਆਂ ਸਾਫ ਕਰਨ ਦੀ ਹਦਾਇਤ ਕਰਦੇ ਕਿਹਾ ਕਿ ਛੁੱਟੀਆਂ ਤੋਂ ਤੁਰੰਤ ਬਾਅਦ ਸਕੂਲਾਂ ਦੇ ਪਾਣੀ ਦੇ ਨਮੂਨੇ ਲਏ ਜਾਣਗੇ ਅਤੇ ਯਕੀਨੀ ਬਣਾਇਆ ਜਾਵੇਗਾ ਕਿ ਬੱਚਿਆਂ ਨੂੰ ਸਾਫ ਪਾਣੀ ਮਿਲ ਰਿਹਾ ਹੈ। ਉਹਨਾਂ ਸਿੱਖਿਆ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਉਹ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਸਕੂਲਾਂ ਨੂੰ ਵੱਖ-ਵੱਖ ਕੰਮਾਂ ਲਈ ਮਿਲਣ ਵਾਲੀ ਗਰਾਂਟ ਕਿਸ ਵੀ ਹਾਲਤ ਵਿੱਚ ਬਿਨਾਂ ਵਰਤੇ ਤੋਂ ਵਾਪਸ ਨਹੀਂ ਜਾਣੀ ਚਾਹੀਦੀ ਅਤੇ ਇਹ ਇੱਕ-ਇੱਕ ਪੈਸਾ ਬੱਚਿਆਂ ਦੀ ਭਲਾਈ ਲਈ ਲੱਗਣਾ ਚਾਹੀਦਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਵਧੀਆ ਕਾਰਗੁਜ਼ਾਰੀ ਲਈ ਸਕੂਲ ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ ਅਤੇ ਅਧਿਆਪਕਾਂ ਦੇ ਨਾਲ ਨਾਲ ਸਕੂਲਾਂ ਦੀਆਂ ਰਸੋਈਆਂ ਸੰਭਾਲਦੇ ਉਨ੍ਹਾਂ ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਜੋ ਕਿ ਮਿਡ ਡੇਅ ਮੀਲ ਦੇ ਵਿੱਚ ਬਹੁਤ ਵਧੀਆ ਕੰਮ ਕਰ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਬੱਚਿਆਂ ਦੀਆਂ ਇਨ੍ਹਾਂ ਪ੍ਰਾਪਤੀਆਂ ਉੱਤੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਛੁੱਟੀਆਂ ਤੋਂ ਬਾਅਦ ਉਹ ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਸਹਾਇਕ ਗਤੀਵਿਧੀਆਂ ਵਿੱਚੋਂ ਮੋਹਰੀ ਰਹਿ ਬੱਚਿਆਂ ਨੂੰ ਵਿਸ਼ੇਸ਼ ਤੌਰ ਉੱਤੇ ਮਿਲ ਕੇ ਸਨਮਾਨਿਤ ਕਰਨ ਦੀ ਖੁਸ਼ੀ ਵੀ ਲੈਣਗੇ। ਉਹਨਾਂ ਸਿੱਖਿਆ ਅਧਿਕਾਰੀਆਂ ਨੂੰ ਕਿਹਾ ਕਿ ਉਹ ਬੱਚਿਆਂ ਨੂੰ ਆਪਣੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਚੱਲਦੇ ਵੱਖ ਵੱਖ ਪ੍ਰੋਜੈਕਟਾਂ ਦਾ ਦੌਰਾ ਕਰਾ ਕੇ ਉਹਨਾਂ ਤੋਂ ਵੀ ਜਾਣੂ ਕਰਵਾਉਣ ਤਾਂ ਜੋ ਉਹਨਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ, ਜ਼ਿਲ੍ਹਾ ਸਿੱਖਿਆ ਅਧਿਕਾਰੀ ਕੰਵਲਜੀਤ ਸਿੰਘ, ਡਿਪਟੀ ਡੀਓ ਸ੍ਰੀ ਰਜੇਸ਼ ਕੁਮਾਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਕੈਨੇਡੀਅਨ ਖ਼ੁਫ਼ੀਆ ਏਜੰਸੀ ਦੀ ਰਿਪੋਰਟ ਨੇ ਭਾਰਤ ਦੇ ਦਾਅਵਿਆਂ ਦੀ ਕੀਤੀ ਪੁਸ਼ਟੀ : ਪ੍ਰੋ. ਖਿਆਲਾ

ਅੰਮ੍ਰਿਤਸਰ, 19 ਜੂਨ, (ਗੁਰਦਿਆਲ ਸਿੰਘ) : ਭਾਜਪਾ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕੈਨੇਡਾ ਦੀ ਪ੍ਰਮੁੱਖ ਖ਼ੁਫ਼ੀਆ ਏਜੰਸੀ (CSIS) ਵੱਲੋਂ ਕੈਨੇਡੀਅਨ ਧਰਤੀ ਨੂੰ ਖਾਲਿਸਤਾਨੀ ਵੱਖਵਾਦੀ ਭਾਰਤ ਵਿੱਚ ਹਿੰਸਾ ਨੂੰ ਉਤਸ਼ਾਹਿਤ ਕਰਨ, ਫ਼ੰਡ ਇਕੱਠਾ ਕਰਨ ਅਤੇ ਯੋਜਨਾ ਬਣਾਉਣ ਲਈ ਵਰਤ ਰਹੇ ਹੋਣ ਬਾਰੇ ਅਧਿਕਾਰਤ ਖ਼ੁਲਾਸੇ ਨੇ ਭਾਰਤ ਦੇ ਦਾਅਵਿਆਂ ਦੀ ਪੁਸ਼ਟੀ ਕੀਤੀ ਹੈ, ਕਿ ਕੈਨੇਡਾ ਭਾਰਤ ਵਿਰੋਧੀ ਤੱਤਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਅਤੇ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਹੈ, ਜਿਸ ਨੂੰ ਪਿਛਲੀ ਟਰੂਡੋ ਸਰਕਾਰ ਨੇ ਰਾਜਨੀਤਿਕ ਸਵਾਰਥਾਂ ਕਾਰਨ ਹਮੇਸ਼ਾ ਨਜ਼ਰਅੰਦਾਜ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਉਠਾਏ ਗਏ ਨੁਕਤਿਆਂ ਨੂੰ ਪ੍ਰਖਤਾ ਕੀਤਾ ਹੈ। ਓਹ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ, ਜੋ ਭਾਰਤ ਨਾਲ ਚੰਗੇ ਸਬੰਧ ਚਾਹੁੰਦੇ ਹਨ ਅਤੇ ਵਿਸ਼ਵ ਮਾਮਲਿਆਂ ਵਿੱਚ ਭਾਰਤ ਦੀ ਮਹੱਤਤਾ ਨੂੰ ਸਮਝਦੇ ਹਨ, ਇਸ ਰਿਪੋਰਟ ਦੇ ਵਿਸ਼ੇ 'ਤੇ ਵਿਸ਼ੇਸ਼ ਧਿਆਨ ਦੇਣਗੇ।



ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕੈਨੇਡਾ ਵਿੱਚ ਜੀ-7 ਸੰਮੇਲਨ ਵਿੱਚ ਸ਼ਾਮਲ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਪਿਛਲੇ ਡੇਢ ਸਾਲ ਤੋਂ ਚੱਲ ਰਹੀ ਖਟਾਸ ਨੂੰ ਖ਼ਤਮ ਕਰਨ ਅਤੇ ਦੋਵਾਂ ਦੇਸ਼ਾਂ ਵਿੱਚ ਹਾਈ ਕਮਿਸ਼ਨਰਾਂ ਅਤੇ ਡਿਪਲੋਮੈਟਾਂ ਨੂੰ ਬਹਾਲ ਕਰਨ 'ਤੇ ਪ੍ਰਗਟਾਈ ਸਹਿਮਤੀ ਨਾਲ ਦੋਹਾਂ ਦੇਸ਼ਾਂ ਦੇ ਲੋਕ ਬਹੁਤ ਖ਼ੁਸ਼ ਹਨ। ਉਨ੍ਹਾਂ ਵਪਾਰ, ਊਰਜਾ, ਪੁਲਾੜ, ਖਣਿਜ ਅਤੇ ਸੁਰੱਖਿਆ ਦੇ ਖੇਤਰ ਵਿੱਚ ਇਕੱਠੇ ਕੰਮ ਕਰਨ, ਮਨੁੱਖੀ ਸ਼ਕਤੀ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੀਆਂ ਸੰਭਾਵਨਾਵਾਂ ਨੂੰ ਨਵੀਂ ਦਸ਼ਾ ਤੇ ਦਿਸ਼ਾ ਕਰਾਰ ਦਿੱਤਾ।

ਪ੍ਰੋ. ਸਰਚਾਂਦ ਸਿੰਘ ਨੇ ਅੱਗੇ ਕਿਹਾ ਕਿ ਕੈਨੇਡਾ ਅੱਤਵਾਦ ਦਾ ਸ਼ਿਕਾਰ ਰਿਹਾ ਹੈ, 1985 ਵਿੱਚ ਏਅਰ ਇੰਡੀਆ ਦੇ 'ਕਨਿਸ਼ਕ' ਨੂੰ ਕੈਨੇਡਾ ਵਿੱਚ ਉਡਾ ਦਿੱਤਾ ਗਿਆ ਸੀ, ਜਿਸ ਵਿੱਚ 331 ਲੋਕ ਮਾਰੇ ਗਏ ਸਨ, ਜੋ ਕਿ 9/11 ਤੋਂ ਪਹਿਲਾਂ ਦੁਨੀਆ ਦੇ ਹਵਾਈ ਖੇਤਰ ਵਿੱਚ ਸਭ ਤੋਂ ਭਿਆਨਕ ਅੱਤਵਾਦੀ ਹਮਲਿਆਂ ਵਿੱਚੋਂ ਇੱਕ ਸੀ। ਉਨ੍ਹਾਂ ਕਿਹਾ ਕਿ ਕੈਨੇਡਾ ਨੇ ਦੇਸ਼ ਵਿੱਚ ਅੱਤਵਾਦ ਦੇ ਖ਼ਤਰੇ ਬਾਰੇ ਆਪਣੀ 2018 ਦੀ ਰਿਪੋਰਟ ਵਿੱਚ 'ਸਿੱਖ ਕੱਟੜਪੰਥੀਆਂ' ਦੇ ਵਧ ਰਹੇ ਖ਼ਤਰੇ ਦਾ ਜ਼ਿਕਰ ਕੀਤਾ ਸੀ, ਜਿਸ ਨੂੰ ਸਿੱਖ ਭਾਈਚਾਰੇ ਦੇ ਦਬਾਅ ਕਾਰਨ ਹਟਾ ਦਿੱਤਾ ਗਿਆ ਸੀ। ਕੈਨੇਡੀਅਨ ਸਰਕਾਰ ਵੱਲੋਂ ਦੇਸ਼ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਆਪਣੀ ਵਚਨਬੱਧਤਾ ਵਿੱਚ ਅਪਰਾਧਿਕ ਜ਼ਾਬਤੇ ਅਧੀਨ ਸੂਚੀਬੱਧ 77 ਅੱਤਵਾਦੀ ਸਮੂਹਾਂ ਵਿੱਚ 2 ਸਿੱਖ ਸੰਗਠਨ ਸ਼ਾਮਲ ਹਨ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਖਾਲਿਸਤਾਨੀ ਤੱਤ ਜੂਨ 84 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਵਰਗੀਆਂ ਦੁਖਦਾਈ ਘਟਨਾਵਾਂ ਨੂੰ ਹਿੰਦੂਆਂ ਅਤੇ ਸਿੱਖਾਂ ਵਿੱਚ ਨਫ਼ਰਤ ਅਤੇ ਤਣਾਅ ਭੜਕਾਉਣ ਲਈ ਵਰਤਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਉਹ ਅਸਲ ਦੋਸ਼ੀਆਂ, ਕਾਂਗਰਸ ਪਾਰਟੀ ਅਤੇ ਸ੍ਰੀਮਤੀ ਇੰਦਰਾ ਗਾਂਧੀ ਦੀ ਅਗਵਾਈ ਨੂੰ ਸਿਰਫ਼ ਭਾਰਤੀ ਰਾਜ ਦੁਆਰਾ ਹਮਲਾ ਕਹਿ ਕੇ ਛੁਪਾਉਣ ਦੀ ਅਸਫਲ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਕੁਝ ਗੁਰਦੁਆਰਿਆਂ 'ਤੇ ਖਾਲਿਸਤਾਨੀਆਂ ਦਾ ਕਬਜ਼ਾ ਹੈ, ਜਿੱਥੋਂ ਸਰਬੱਤ ਦੇ ਭਲੇ ਦੀ ਅਰਦਾਸ, ਸਾਂਝੀਵਾਲਤਾ ਅਤੇ ਸਿੱਖ ਸਿਧਾਂਤਾਂ ਦੇ ਪ੍ਰਚਾਰ ਕੀਤੀ ਜਾਣੀ ਚਾਹੀਦੀ ਹੈ, ਉਥੇ ਕੁਝ ਲੋਕ ਖ਼ਾਲਿਸਤਾਨ ਦੇ ਨਾਮ ਦੀ ਵਰਤੋਂ ਹਿੰਦੂਆਂ ਅਤੇ ਸਿੱਖਾਂ ਵਿੱਚ ਨਫ਼ਰਤ ਫੈਲਾਉਣ ਅਤੇ ਭਾਰਤ ਵਿਰੁੱਧ ਭੜਕਾਊ ਬਿਆਨ ਅਤੇ ਭਾਸ਼ਣ ਦੇਣ ਲਈ ਕਰ ਰਹੇ ਹਨ।

## ਪੁਲਿਸ ਨੇ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕਰਵਾਇਆ




ਅੰਮ੍ਰਿਤਸਰ, 19 ਜੂਨ, (ਬਬਲੂ ਮਹਾਜਨ) : ਅੰਮ੍ਰਿਤਸਰ ਪੁਲਿਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਕਰਵਾਇਆ ਗਿਆ, ਜਿਸ ਵਿਚ ਡੀ ਜੀ ਪੀ ਸਪੈਸ਼ਲ ਸ਼ਸ਼ੀ ਪ੍ਰਭਾ ਤਰੀਵੇਦੀ ਵੀ ਪਹੁੰਚੇ ਅਤੇ ਉਨ੍ਹਾਂ ਨੇ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਨਸ਼ਿਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਇਸ ਨਾਲ ਸਾਡੀ ਨੌਜਵਾਨ ਪੀੜ੍ਹੀ ਬਰਬਾਦ ਹੋ ਰਹੀ ਹੈ। ਇਸ ਮੌਕੇ ਡਾਕਟਰ ਇੰਦਰ ਪਾਲ ਜ਼ਿਲ੍ਹਾ ਪ੍ਰਧਾਨ ਐਸੀ ਵਿੰਗ ਅੰਮ੍ਰਿਤਸਰ ਨੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਕਮਿਸ਼ਨਰ ਅੰਮ੍ਰਿਤਸਰ ਪੁਲਿਸ ਗੁਰਪ੍ਰੀਤ ਸਿੰਘ ਭੁੱਲਰ ਅਤੇ ਡੀ ਜੀ ਪੀ ਸਪੈਸ਼ਲ ਸ਼ਸ਼ੀ ਪ੍ਰਭਾ ਤ੍ਰਿਵੇਦੀ ਵੱਲੋਂ ਡਾਕਟਰ ਇੰਦਰ ਪਾਲ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀ ਸੀ ਪੀ ਆਲਮ ਵਿਜੇ ਸਿੰਘ ਆਦਿ ਪੁਲਿਸ ਅਫਸਰ ਮੌਜੂਦ ਸਨ

## ਖ਼ਾਲਸਾ ਕਾਲਜ ਲਾਅ ਵਿਖੇ ਗ੍ਰੀਨ ਹਾਊਸ ਦਾ ਨਿਰਮਾਣ

ਅੰਮ੍ਰਿਤਸਰ, 19 ਜੂਨ, (ਬਬਲੂ ਮਹਾਜਨ/ਗੁਰਦਿਆਲ ਸਿੰਘ) : ਖ਼ਾਲਸਾ ਕਾਲਜ ਆਫ਼ ਲਾਅ ਵਿਖੇ ਵਾਤਾਵਰਨ ਸਥਿਰਤਾ, ਸਿੱਖਿਆ ਅਤੇ ਖੋਜ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਤਹਿਤ ਗ੍ਰੀਨ ਹਾਊਸ ਦਾ ਨਿਰਮਾਣ ਕੀਤਾ ਗਿਆ। ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੇ ਮਾਰਗਦਰਸ਼ਨ ਤਹਿਤ ਪੰਜਾਬ ਸਟੇਟ ਕੌਂਸਲ ਆਫ਼ ਸਾਇੰਸ ਐਂਡ ਟੈਕਨਾਲੋਜੀ (ਨੋਡਲ ਏਜੰਸੀ) ਦੁਆਰਾ ਸਮਰਪਿਤ ਅਤੇ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਵੱਲੋਂ ਪ੍ਰਾਪਤ ਫੰਡ ਸਦਕਾ ਕਾਲਜ ਦੇ ਈਕੋ ਕਲੱਬ ਨੇ ਕੈਂਪਸ ਵਿਖੇ ਉਕਤ ਹਾਊਸ ਦੇ ਨਿਰਮਾਣ ਕੀਤਾ।

ਇਸ ਸਬੰਧੀ ਡਾ. ਜਪਸਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਇਤਿਹਾਸਕ ਪਹਿਲਕਦਮੀ ਦਾ ਉਦੇਸ਼ ਕੈਂਪਸ 'ਚ ਵਾਤਾਵਰਨ ਸਥਿਰਤਾ, ਸਿੱਖਿਆ ਅਤੇ ਖੋਜ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਨਵਾਂ ਸਥਾਪਿਤ ਗ੍ਰੀਨ ਹਾਊਸ ਇਕ ਵਿਹਾਰਕ ਸਿੱਖਣ ਦੀ ਜਗ੍ਹਾ ਵਜੋਂ ਕੰਮ ਕਰੇਗਾ, ਜੋ ਵਿਦਿਆਰਥੀਆਂ ਨੂੰ ਟਿਕਾਊ ਖੇਤੀਬਾੜੀ ਅਤੇ ਜਲਵਾਯੂ-ਲਚਕੀਲੇ ਖੇਤੀ ਤਕਨੀਕਾਂ ਦਾ ਵਿਹਾਰਕ ਐਕਸਪੋਜ਼ਰ ਪ੍ਰਦਾਨ ਕਰੇਗਾ।

ਇਸ ਮੌਕੇ ਈਕੋ ਕਲੱਬ ਦੇ ਇੰਚਾਰਜ ਡਾ. ਪਵਨਦੀਪ ਕੌਰ ਨੇ ਉਸਾਰੀ ਪ੍ਰੀਕ੍ਰਿਆ 'ਚ ਕੀਤੇ ਗਏ ਸਹਿਯੋਗੀ ਯਤਨਾਂ 'ਤੇ ਚਾਨਣਾ ਪਾਉਂਦਿਆਂ ਵਾਤਾਵਰਨ ਸਿੱਖਿਆ 'ਤੇ ਗ੍ਰੀਨ ਹਾਊਸ ਦੇ ਲੰਬੇ ਸਮੇਂ ਦੇ ਪ੍ਰਭਾਵ ਸਬੰਧੀ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਡਾ. ਰੇਣੂ ਸੈਣੀ, ਪ੍ਰੋ. ਜਸਦੀਪ ਸਿੰਘ, ਪ੍ਰੋ. ਰਿਚਾ, ਪ੍ਰੋ. ਪ੍ਰੇਰਨਾ, ਪ੍ਰੋ. ਸੁਗਮ, ਸੁਪਰਡੈਂਟ ਸ. ਰਣਜੀਤ ਸਿੰਘ ਸਮੇਤ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ।

## ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਦੇ ਵਿਦਿਆਰਥੀ ਨੇ ਗੀਤ ਮੁਕਾਬਲੇ 'ਚ ਦੂਜਾ ਸਥਾਨ ਹਾਸਲ ਕੀਤਾ



ਅੰਮ੍ਰਿਤਸਰ, 19 ਜੂਨ, (ਬਬਲੂ ਮਹਾਜਨ) : ਸਥਾਨਕ ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਨੇ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਸੰਸਥਾ ਦੇ 10+1 ਕਲਾਸ ਦੇ ਵਿਦਿਆਰਥੀ ਗੁਰਪਰਤਾਪ ਸਿੰਘ ਸਪੁੱਤਰ ਹਰਭਜਨ ਸਿੰਘ ਨੇ ਜਸਟ ਸੇਵਾ ਸੁਸਾਇਟੀ ਵੱਲੋਂ ਕਰਵਾਏ ਗਏ ਗੀਤ ਮੁਕਾਬਲੇ ਵਿੱਚ ਹਿੱਸਾ ਲੈ ਕੇ ਅਵਾਜ਼ ਅੰਮ੍ਰਿਤਸਰ ਦੇ ਫਾਈਨਲ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਵਿਦਿਆਰਥੀ ਨੇ ਇਸ ਸਫਲਤਾ ਨਾਲ ਆਪਣੇ ਮਾਤਾ-ਪਿਤਾ ਅਤੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿੰਦਗੀ ਵਿੱਚ ਜੋ ਵੀ ਨਿਸ਼ਾਨਾ ਰੱਖੋ ਉਹ ਸਖ਼ਤ ਮਿਹਨਤ ਨਾਲ ਹਾਸਲ ਕੀਤਾ ਜਾ ਸਕਦਾ ਹੈ। ਕਾਲਜ ਪ੍ਰਿੰਸੀਪਲ ਅਤੇ ਸਟਾਫ ਨੇ ਵਿਦਿਆਰਥੀ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖ਼ੁਸ਼ੀ ਜ਼ਾਹਰ ਕੀਤੀ ਅਤੇ ਵਿਦਿਆਰਥੀ ਨੂੰ ਭਵਿੱਖ ਵਿੱਚ ਹੋਰ ਸਫਲਤਾ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਕਾਲਜ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਵਿਦਿਆਰਥੀ ਦਾ ਕਾਲਜ ਪਹੁੰਚਣ 'ਤੇ ਵਿਸ਼ੇਸ਼ ਸਨਮਾਨ ਕੀਤਾ।



ਦਰਗਾਹ ਅਜਮੇਰ ਸ਼ਰੀਫ ਦੇ ਗੱਦੀ ਨਸ਼ੀਨ ਸ਼ਾਇਦ ਆਸ਼ਿਕ ਅਲੀ ਚਿਸ਼ਤੀ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਪੁੱਜੇ। ਸੂਚਨਾ ਕੇਂਦਰ ਵਿਖੇ ਸੂਚਨਾ ਅਧਿਕਾਰੀ ਸਰਬਜੀਤ ਸਿੰਘ ਨੇ ਉਹਨਾਂ ਨੂੰ ਧਾਰਮਿਕ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨ ਕੀਤਾ। ਉਹਨਾਂ ਦੇ ਨਾਲ ਅਜਮੇਰ ਸ਼ਰੀਫ ਤੋਂ ਪੁੱਜੇ ਸ਼ਾਇਦ ਇਜਗਾਰ ਅਲੀ ਚਿਸ਼ਤੀ ਅਤੇ ਸ਼ਾਇਦ ਸ਼ਾਹ ਅਲੀ ਚਿਸਤੀ ਨੂੰ ਵੀ ਧਾਰਮਿਕ ਪੁਸਤਕਾਂ ਦਿੱਤੀਆਂ। (ਫੋਟੋ ਵੇਰਵਾ : ਗੁਰਦਿਆਲ ਸਿੰਘ)

## ਭਾਰਤ-ਕੈਨੇਡਾ ਰਿਸ਼ਤਿਆਂ 'ਚ ਪ੍ਰਧਾਨ ਮੰਤਰੀ ਮੋਦੀ ਦੇ ਯਤਨਾਂ ਨਾਲ ਆਪਸੀ 'ਤਾਲਮੇਲ' ਹੋਣਾ ਸੂਬੇ ਲਈ ਇੱਕ ਚੰਗਾ ਸੰਕੇਤ : ਛੀਨਾ

ਅੰਮ੍ਰਿਤਸਰ, 19 ਜੂਨ, (ਗੁਰਦਿਆਲ ਸਿੰਘ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਨੇਡਾ ਫ਼ੇਰੀ ਦੌਰਾਨ ਭਾਰਤ ਅਤੇ ਕੈਨੇਡਾ ਦੇ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਹੋਈ ਸਹਿਮਤੀ ਨੂੰ ਭਾਜਪਾ ਦੇ ਸੀਨੀਅਰ ਆਗੂ ਰਜਿੰਦਰ ਮੋਹਨ ਸਿੰਘ ਛੀਨਾ ਨੇ ਭਾਰਤ ਵਾਸੀਆਂ ਤੇ ਖਾਸ ਕਰਕੇ ਪੰਜਾਬੀਆਂ ਲਈ ਇਕ ਚੰਗਾ ਸੰਕੇਤ ਦੱਸਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਸਬੰਧਾਂ ਨਾਲ ਭਵਿੱਖ 'ਚ ਜਿੱਥੇ ਵਿੱਦਿਅਕ, ਕਾਰੋਬਾਰ ਅਤੇ ਹੋਰ ਮਹੱਤਵਪੂਰਨ ਸਮੌਝਿਆਂ ਨਾਲ ਲੋਕਾਂ ਨੂੰ ਫ਼ਾਇਦਾ ਮਿਲੇਗਾ, ਉੱਥੇ ਸੂਬੇ ਦੀ ਤਰੱਕੀ ਲਈ ਮਜ਼ਬੂਤ ਜਰੀਏ ਵਜੋਂ ਉਭਰੇਗਾ।



ਇਸ ਮੌਕੇ ਛੀਨਾ ਨੇ ਗਲੋਬਲ ਦੀ ਇਕ ਵੱਡੀ ਸ਼ਕਤੀ ਭਾਰਤ ਹੈ, ਜਿਸ ਨੂੰ ਕਿਸੇ ਵੀ ਪਲੇਟਫਾਰਮ 'ਤੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਅਤੇ ਜੀ-7 ਸੰਮੇਲਨ ਦੌਰਾਨ ਦੋਹਾਂ ਮੁਲਕਾਂ ਦੇ ਸਬੰਧਾਂ ਦੀ ਪੁਨਰ ਸੁਰਜੀਤੀ ਹੋਣਾ ਸ੍ਰੀ ਮੋਦੀ ਦੇ 'ਵਿਕਸਿਤ ਭਾਰਤ' ਦੇ ਉਦੇਸ਼ ਨੂੰ ਸਮੂਹ ਦੇਸ਼ਵਾਸੀਆਂ ਲਈ ਮਹੱਤਵਪੂਰਨ ਕੜੀ ਵਜੋਂ ਕਾਰਜਸ਼ੀਲ ਕਰੇਗਾ। ਉਨ੍ਹਾਂ ਕਿਹਾ ਕਿ ਇਸ ਸੰਮੇਲਨ ਦੌਰਾਨ ਕਈ ਨਾਮਵਰ ਸਿੱਖ ਜਥੇਬੰਦੀਆਂ ਵੱਲੋਂ ਸ੍ਰੀ ਮੋਦੀ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਗਿਆ, ਜੋ ਕਿ ਪੁਰਾਤਨ ਤੋਂ ਚੱਲੀ ਆ ਰਹੀ ਮਿਹਨਤਕਸ਼ ਪੰਜਾਬੀਆਂ ਦੀ ਦਰਿਆ ਦਿਲੀ ਅਤੇ ਮਿਲਵਰਤਨ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ।

ਛੀਨਾ ਨੇ ਕਿਹਾ ਕਿ ਬੀਤੇ ਸਮੇਂ ਦੌਰਾਨ ਉਕਤ ਦੋਹਾਂ ਮੁਲਕਾਂ ਦੀ ਆਪਸੀ ਕੁਰਤਣ ਦਾ ਖਮਿਆਜ਼ਾ ਦੇਸ਼ ਅਤੇ ਵਿਦੇਸ਼ ਦੇ ਉਕਤ ਭਾਰਤ ਦੇ ਹਰੇਕ ਭਾਈਚਾਰੇ ਦੇ ਲੋਕਾਂ ਨੂੰ ਭੁਗਤਣਾ ਪਿਆ ਹੈ। ਜਿਸ ਨਾਲ ਉਕਤ ਮੁਲਕਾਂ ਨੂੰ ਆਪਸੀ ਤਰੱਕੀ 'ਚ ਖੜੋਤ ਦਾ ਕਿਤੇ ਨਾ ਕਿਤੇ ਨੁਕਸਾਨ ਝੱਲਣਾ ਪਿਆ ਹੈ। ਉਨ੍ਹਾਂ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੁਆਰਾ ਸ੍ਰੀ ਮੋਦੀ ਨੂੰ ਜੀ-7 ਸੰਮੇਲਨ 'ਚ ਕਨਾਨਾਸਕਿਸ ਵਿਖੇ ਸ਼ਿਰਕਤ ਕਰਨ ਲਈ ਸੱਦਾ ਦੇਣ ਬਹੁਤ ਹੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ। ਜਿਸ ਦੌਰਾਨ ਮੋਦੀ ਨੇ ਫ਼ੇਰੀ ਨੂੰ 'ਉਤਪਾਦਕ' ਦੱਸਦਿਆਂ ਵਿਭਿੰਨ ਵਿਸ਼ਵ ਮੁੱਦਿਆਂ 'ਤੇ ਚਰਚਾ ਕੀਤੀ।

ਛੀਨਾ ਨੇ ਕਿਹਾ ਕਿ ਪਿਛਲੇ ਸਾਲ ਹਾਈ ਕਮਿਸ਼ਨਾਂ ਦੇ ਬੰਦ ਹੋਣ ਨਾਲ ਖਾਸ ਕਰਕੇ ਵੀਜ਼ਾ ਪ੍ਰੋਸੈਸਿੰਗ ਅਤੇ ਕੌਂਸਲਰ ਸੇਵਾਵਾਂ ਵਰਗੀਆਂ ਮਹੱਤਵਪੂਰਨ ਚੁਣੌਤੀਆਂ ਪੈਦਾ ਹੋਈਆਂ। ਇਸ ਮੌਕੇ ਛੀਨਾ ਨੇ ਦੋਹਾਂ ਮੁਲਕਾਂ 'ਚ ਇਕ ਨਵੀਂ ਸ਼ੁਰੂਆਤ ਹੋਣ 'ਤੇ ਪ੍ਰਧਾਨ ਮੰਤਰੀ ਮੋਦੀ ਅਤੇ ਪ੍ਰਧਾਨ ਮੰਤਰੀ ਕਾਰਨੀ ਦਾ ਧੰਨਵਾਦ ਵੀ ਕੀਤਾ।

## ਭਾਰਤ ਤੇ ਕੈਨੇਡਾ ਦਰਮਿਆਨ ਮੁੜ ਸਦਭਾਵੀ ਰਿਸ਼ਤਿਆਂ ਦੀ ਬਹਾਲੀ ਸੁਆਗਤਯੋਗ : ਧਾਲੀਵਾਲ

ਅਜਨਾਲਾ, 19 ਜੂਨ, (ਸੁਖਦੇਵ ਸਿੰਘ ਖਾਲਸਾ) : ਅੱਜ ਇੱਥੇ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਆਪਣੇ ਮੁੱਖ ਦਫਤਰ ਵਿਖੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਸੁਣਨ ਤੇ ਹੱਲ ਕਰਵਾਉਣ ਲਈ ਸਬ ਡਵੀਜ਼ਨਲ ਪੱਧਰੀ ਸਿਵਲ ਤੇ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਹਾਜਰੀ ਯਕੀਨੀ ਬਣਾ ਕੇ ਖੁੱਲ੍ਹਾ ਜਨਤਾ ਦਰਬਾਰ ਲਗਾਇਆ, ਜਿਸ ਦੌਰਾਨ ਦਰਜਨਾਂ ਪ੍ਰਭਾਵਿਤ ਲੋਕਾਂ ਦੀਆਂ ਪੁਲਿਸ, ਪੰਚਾਇਤੀ ਰਾਜ, ਪਾਵਰਕਾਮ ਆਦਿ ਵਿਭਾਗਾਂ ਨਾਲ ਜੁੜੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਹੱਲ ਕਰਵਾ ਕੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਪਹੁੰਚਾਈ। ਉਪਰੰਤ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਧਾਲੀਵਾਲ ਨੇ ਭਾਰਤ ਤੇ ਕੈਨੇਡਾ ਵੱਲੋਂ ਦੂਰ ਅੰਦੇਸ਼ ਕੂਟਨੀਤੀ ਤਹਿਤ ਆਪਸੀ ਸੰਬੰਧਾਂ ਨੂੰ ਮੁੜ ਬਹਾਲ ਕਰਕੇ ਹਾਈ ਕਮਿਸ਼ਨਰਾਂ ਦੀ ਤੁਰੰਤ ਬਹਾਲੀ ਲਈ ਲਏ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਭਾਰਤ ਤੇ ਕੈਨੇਡਾ ਦਰਮਿਆਨ ਆਪਸੀ ਦੁਵੱਲੇ ਸੰਬੰਧ ਸਦਭਾਵੀ ਹੋਣ ਨਾਲ ਦੋਹਾਂ ਦੇਸ਼ਾਂ ਵਿਚਕਾਰ ਅਰਬਾਂ ਰੁਪਏ ਦੇ ਹੋਣ ਵਾਲੇ ਆਪਸੀ ਵਪਾਰ ਨਾਲ ਜਿੱਥੇ ਅਰਥਚਾਰਾ ਮਜ਼ਬੂਤ ਹੋਵੇਗਾ, ਉੱਥੇ ਦੋਹਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਇਕ-ਦੂਜੇ ਦੇਸ਼ ਵਿੱਚ ਸੈਰ ਸਪਾਟਾ, ਪੂੰਜੀ ਨਿਵੇਸ਼ ਕਰਨ ਨਾਲ ਭਰੋਸੇਯੋਗਤਾ ਤੇ ਸੁਰੱਖਿਆ ਨੂੰ ਬੱਲ ਮਿਲੇਗਾ। ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਪੰਜਾਬ ਧਾਲੀਵਾਲ ਨੇ ਅਮਰੀਕਾ ਦੇਸ਼ ਦੀ ਟਰੰਪ ਸਰਕਾਰ ਵੱਲੋਂ ਅਮਰੀਕਾ 'ਚੋਂ ਪ੍ਰਵਾਸੀ ਭਾਰਤੀਆਂ ਵੱਲੋਂ ਪੰਜਾਬ ਸਮੇਤ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਆਪਣੇ ਪਿੱਛੇ ਘਰ ਪਰਿਵਾਰ ਜਾਂ ਕਾਰੋਬਾਰ ਲਈ ਭੇਜੇ ਜਾਣ ਵਾਲੇ ਪੈਸਿਆਂ ਉੱਪਰ 3.5 ਫੀਸਦੀ ਟੈਕਸ ਲਗਾਉਣ ਦੇ ਲਏ ਫੈਸਲੇ ਨੂੰ ਪ੍ਰਵਾਸੀ ਭਾਰਤੀ ਨਾਗਰਿਕਾਂ ਦੀ ਗੂੜ੍ਹੀ ਖੂਨ ਪਸੀਨੇ ਦੀ ਕਮਾਈ ਤੇ ਬੇਲੋੜੀ ਕਟੌਤੀ ਦਾ ਆਰਥਿਕ ਕੁਹਾੜਾ ਕਰਾਰ ਦਿੱਤਾ। ਉਨ੍ਹਾਂ ਨੇ ਭਾਰਤ ਦੇ ਵਿਦੇਸ਼ ਮੰਤਰਾਲੇ 'ਤੇ ਜ਼ੋਰ ਦਿੱਤਾ ਕਿ ਪ੍ਰਵਾਸੀ ਭਾਰਤੀਆਂ ਵੱਲੋਂ ਭਾਰਤ 'ਚ ਆਪਣੇ ਮਾਤਾ ਪਿਤਾ ਦੀਆਂ ਦਵਾਈਆਂ, ਪਰਿਵਾਰਕ ਮੈਂਬਰਾਂ ਦੀ ਉਚੇਰੀ ਪੜ੍ਹਾਈ, ਨਵੇਂ ਘਰ ਉਸਾਰਣ, ਅਤੇ ਵਿਦੇਸ਼ਾਂ 'ਚ ਜਾਣ ਸਮੇਂ ਲਏ ਗਏ ਕਰਜਿਆਂ ਦੀ ਅਦਾਇਗੀ ਲਈ ਭੇਜੀ ਜਾਣ ਵਾਲੀ ਆਪਣੀ ਕਿਰਤ ਕਮਾਈ 'ਤੇ ਅਮਰੀਕਾ ਦੇ ਟਰੰਪ ਪ੍ਰਸ਼ਾਸਨ ਵੱਲੋਂ ਠੋਕੇ ਗਏ 3.5 ਫੀਸਦੀ ਟੈਕਸ ਦੇ ਮਾਮਲੇ ਨੂੰ ਟਰੰਪ ਪ੍ਰਸ਼ਾਸਨ ਕੋਲ ਉਠਾ ਕੇ ਇਹ ਫੈਸਲਾ ਵਾਪਸ ਕਰਵਾਇਆ ਜਾਵੇ, ਕਿਉਂਕਿ ਅਮਰੀਕਾ 'ਚ ਰਹਿਣ ਵਾਲੇ ਭਾਰਤੀਆਂ ਵੱਲੋਂ ਇਕੱਲੇ ਸਾਲ 2023 'ਚ 119 ਅਰਬ ਡਾਲਰ ਭਾਰਤ 'ਚ ਆਪਣੇ ਘਰ ਪਰਿਵਾਰ ਨੂੰ ਭੇਜੇ ਗਏ ਸਨ, ਅਤੇ ਇਨ੍ਹਾਂ ਪੈਸਿਆਂ ਨਾਲ ਭਾਰਤੀ ਮੁਦਰਾ ਕਰੰਸੀ ਕਈ ਗੁਣਾ ਮਜਬੂਤ ਹੋਣ ਨਾਲ ਭਾਰਤ ਦੀ ਅਰਥਵਿਵਸਥਾ ਨੂੰ ਭਰਵੀਂ ਮਜ਼ਬੂਤੀ ਮਿਲੀ ਸੀ। ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ, ਡੀ.ਐਸ.ਪੀ. ਅਜਨਾਲਾ ਗੁਰਵਿੰਦਰ ਸਿੰਘ ਔਲਖ, ਬੀ.ਡੀ.ਪੀ.ਓ ਅਜਨਾਲਾ ਸਿਤਾਰਾ ਸਿੰਘ ਵਿਰਕ, ਐਸ.ਐਚ.ਓ. ਅਜਨਾਲਾ ਇੰਸਪੈਕਟਰ ਮੁਖਤਿਆਰ ਸਿੰਘ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਨਗਰ ਪੰਚਾਇਤ ਅਜਨਾਲਾ ਪ੍ਰਧਾਨ ਭੱਟੀ ਜਸਪਾਲ ਸਿੰਘ ਢਿਲੋਂ, ਪਾਰਟੀ ਦੇ ਸ਼ਹਿਰੀ ਪ੍ਰਧਾਨ ਅਮਿਤ ਔਲ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਆਦਿ ਮੌਜੂਦ ਸਨ।



## ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਚੁਪਹਿਰਾ ਸਾਹਿਬ ਦੇ ਪ੍ਰਬੰਧਾਂ ਨੂੰ ਲੈ ਕੇ ਮੀਟਿੰਗ

ਅੰਮ੍ਰਿਤਸਰ, 19 ਜੂਨ, (ਬਬਲੂ ਮਹਾਜਨ) : ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਹਫਤਾਵਾਰੀ ਚੁਪਹਿਰਾ ਸਾਹਿਬ ਦੇ ਸਮਾਗਮ ਦੀ ਦੇਖ ਰੇਖ ਅਤੇ ਸੰਗਤਾਂ ਦੇ ਲਈ ਹਰ ਸੁਵਿਧਾ ਬੇਹਤਰੀਨ ਕਰਨ ਸੰਬਧੀ ਅੱਜ ਮੈਨੇਜਰ ਗੁਰਦੁਆਰਾ ਸ਼ਹੀਦਾਂ ਸਾਹਿਬ ਵੱਲੋਂ ਚੁਪਹਿਰਾ ਸਾਹਿਬ ਦੇ ਸੇਵਾਦਾਰਾਂ ਨਾਲ ਇਕ ਅਹਿਮ ਮੀਟਿੰਗ ਕਰ ਪ੍ਰਬੰਧ ਪੁਖਤਾ ਕਰਨ ਦੀ ਗੱਲ ਆਖੀ ਹੈ। ਇਸ ਸੰਬਧੀ ਗਲਬਾਤ ਕਰਦਿਆਂ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਮੈਨੇਜਰ ਜਤਿੰਦਰ ਪਾਲ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ਼ਹੀਦਾਂ ਸਾਹਿਬ ਵਿਖੇ ਹਫਤਾਵਾਰੀ ਚੁਪਹਿਰਾ ਸਾਹਿਬ ਸਮਾਗਮ ਵਿਚ ਆਉਣ ਲਈ ਸੰਗਤਾਂ ਵਿਚ ਭਾਰੀ ਉਤਸ਼ਾਹ ਨੂੰ ਦੇਖਦਿਆਂ ਸੰਗਤਾਂ ਦੀ ਸੁਵਿਧਾ ਲਈ ਖਾਸ ਅਤੇ ਪੁਖਤਾ ਪ੍ਰਬੰਧ ਕਰਨ ਸੰਬਧੀ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਸਖਤ ਆਦੇਸ਼ ਜਾਰੀ ਕਰ ਹਰ ਪ੍ਰਬੰਧ ਨੂੰ ਪੂਰਨ ਤੌਰ 'ਤੇ ਅਮਲੀ ਜਾਮਾ ਪਹਿਨਾਉਣ ਲਈ ਕਿਹਾ। ਮੈਨੇਜਰ ਸ਼ਹੀਦਾਂ ਸਾਹਿਬ ਨੇ ਦੱਸਿਆ ਸੰਗਤਾਂ ਨੂੰ ਗਰਮੀ ਤੋਂ ਨਿਜਾਤ ਦਿਵਾਉਣ ਲਈ ਕੂਲਰ,ਪੱਖੇ ਅਤੇ ਏਅਰਕੰਡੀਸ਼ਨ ਦੇ ਨਾਲ ਪੀਣ ਵਾਲੇ ਜਲ ਦਾ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਅੱਜ ਇੱਥੇ ਸਮਾਗਮ ਦੀ ਸਟੇਜ ਦੇ ਸੇਵੇਦਾਰਾਂ ਨਾਲ ਮੀਟਿੰਗ ਕਰ ਹਰ ਪਹਿਲੂ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ ਤਾਂ ਜੋ ਸੰਗਤਾਂ ਨੂੰ ਚੁਪਹਿਰੇ ਵਿਚ ਹਾਜਰੀ ਭਰਦਿਆਂ ਕੋਈ ਮੁਸ਼ਕਿਲ ਨਾ ਆਵੇ। ਇਸ ਦੇ ਨਾਲ ਹੀ ਉਹਨਾਂ ਨੇ ਦੱਸਿਆ ਗੁਰਦੁਆਰਾ ਸਾਹਿਬ ਦੇ ਅੰਦਰ ਸੰਗਤਾਂ ਦੇ ਮੱਥਾ ਟੇਕਣ ਲਈ ਵੀ ਸੇਵਾਦਾਰਾਂ ਦੀਆਂ ਖਾਸ ਡਿਊਟੀਆਂ ਲਗਾਈਆਂ ਗਈਆਂ ਹਨ ਤਾਂ ਜੋ ਇੰਨੇ ਭਰਵੇਂ ਇਕੱਠ ਵਿੱਚ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਮੈਨੇਜਰ ਸਾਹਿਬ ਨੇ ਦੱਸਿਆ ਚੁਪਹਿਰੇ ਵਾਲੇ ਦਿਨ ਉਹ ਖਾਸ ਤੌਰ 'ਤੇ ਖੁਦ ਗੁਰਦੁਆਰਾ ਸਾਹਿਬ ਵਿੱਚ ਹਾਜ਼ਰ ਰਹਿੰਦੇ ਹਨ ਤਾਂ ਜੋ ਆਪਣੀ ਹਾਜ਼ਰੀ ਵਿੱਚ ਸਾਰੇ ਪ੍ਰਬੰਧ ਨੂੰ ਦੇਖ ਸਕਣ। ਇਸ ਮੌਕੇ ਚੁਪਹਿਰੇ ਵਾਲੇ ਸੁਆਮੀ ਜੀ, ਜਗਜੀਤ ਸਿੰਘ ਇੰਚਾਰਜ ਨਾਲ ਸਨ।



## ਡੀ.ਸੀ. ਵੱਲੋਂ ਮਾਨਸੂਨ ਤੋਂ ਪਹਿਲਾਂ ਧੋਗੜੀ ਰੋਡ ਨੂੰ ਵਾਹਨਾਂ ਦੀ ਆਵਾਜਾਈ ਦੇ ਯੋਗ ਬਣਾਉਣ ਦੇ ਨਿਰਦੇਸ਼

ਜਲੰਧਰ, 19 ਜੂਨ, (ਸੰਦੀਪ ਕੌਲ) : ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਧੋਗੜੀ ਰੋਡ 'ਤੇ ਨਿਰਵਿਘਨ ਆਵਾਜਾਈ ਯਕੀਨੀ ਬਣਾਉਣ ਅਤੇ ਅਸੁਵਿਧਾ ਨੂੰ ਦੂਰ ਕਰਨ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜਲ ਸਪਲਾਈ ਤੇ ਸੀਵਰੇਜ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਨੂੰ ਧੋਗੜੀ ਰੋਡ ਨੂੰ ਬਰਸਾਤ ਤੋਂ ਪਹਿਲਾਂ ਵਾਹਨਾਂ ਦੀ ਆਵਾਜਾਈ ਯੋਗ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਨ੍ਹਾਂ ਹਦਾਇਤਾਂ ਦਾ ਉਦੇਸ਼ ਖਾਸ ਕਰਕੇ ਉਦਯੋਗਾਂ ਨੂੰ ਸੁਵਿਧਾ ਪ੍ਰਦਾਨ ਕਰਨਾ ਹੈ, ਜੋ ਕਿ ਸੁਚਾਰੂ ਸੰਪਰਕ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ।

ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਉਪ ਮੰਡਲ ਮੈਜਿਸਟ੍ਰੇਟ (ਐਸ.ਡੀ.ਐਮ.) ਸ਼ਾਇਰੀ ਮਲਹੋਤਰਾ ਨੇ ਵੀਰਵਾਰ ਨੂੰ ਮੌਕੇ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਤੇ ਉਦਯੋਗਾਂ ਦੇ ਪ੍ਰਤੀਨਿਧੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਉਦਯੋਗਿਕ ਇਕਾਈਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਮੁੱਦੇ ਖਾਸ ਕਰ ਬਰਸਾਤ ਦੇ ਮੌਸਮ ਦੌਰਾਨ ਸੁਚਾਰੂ ਆਵਾਜਾਈ ਨਾਲ ਸਬੰਧਤ, ਨੂੰ ਹੱਲ ਕਰਨ ਲਈ ਵਚਨਬੱਧ ਹੈ।



ਐਸ.ਡੀ.ਐਮ. ਨੇ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਧੋਗੜੀ ਸੜਕ ਨੂੰ ਪੂਰੀ ਤਰ੍ਹਾਂ ਆਵਾਜਾਈ ਯੋਗ ਬਣਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਸੜਕ ਸਰਫੇਸ ਵਾਟਰ ਪ੍ਰਾਜੈਕਟ ਅਧੀਨ ਪਾਣੀ ਸਪਲਾਈ ਪਾਈਪਲਾਈਨ ਲਈ ਪੁੱਟੀ ਗਈ ਸੀ, ਜੋ ਕਿ ਇਸ ਪਾਈਪਲਾਈਨ ਵਿਛਾਉਣ ਤੋਂ ਬਾਅਦ ਹੁਣ ਨਿਰਮਾਣ ਅਧੀਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਸਬੰਧਤ ਵਿਭਾਗਾਂ ਨੂੰ ਇਸ ਪ੍ਰਾਜੈਕਟ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਧੋਗੜੀ ਰੋਡ ਨੂੰ ਬਾਰਿਸ਼ਾਂ ਤੋਂ ਪਹਿਲਾਂ ਚਾਲੂ ਕੀਤਾ ਜਾ ਸਕੇ।

ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਧਿਕਾਰੀਆਂ ਨੂੰ ਕਨਾਲ ਰੋਡ (ਵਿਕਲਪਿਕ), ਜਿਸ ਦੀ ਵਰਤੋਂ ਲੋਕਾਂ ਵੱਲੋਂ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ, 'ਤੇ ਲੁੱਕ ਵਿਛਾਉਣ (ਪੱਕਾ ਕਰਨ) ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਵੀ ਕਿਹਾ ਗਿਆ ਹੈ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਡਾ. ਸੁਖਵਿੰਦਰ ਸਿੰਘ ਵਾਲੀਆ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 19 ਜੂਨ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਦੀਵਾਨ ਦੇ ਮੈਂਬਰ ਡਾ ਸੁਖਵਿੰਦਰ ਸਿੰਘ ਵਾਲੀਆ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ। ਦੀਵਾਨ ਦੇ ਪ੍ਰਧਾਨ ਡਾ ਇੰਦਰਬੀਰ ਸਿੰਘ ਨਿੱਜਰ ਨੇ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਸੀ ਕੇ ਡੀ ਇੰਟਰਨੈਸ਼ਨਲ ਨਰਸਿੰਗ ਕਾਲਜ ਦੇ ਚੇਅਰਮੈਨ ਵਜੋਂ ਸੇਵਾਵਾਂ ਨਿਭਾ ਰਹੇ ਡਾ. ਸੁਖਵਿੰਦਰ ਸਿੰਘ ਵਾਲੀਆ ਲੰਬੇ ਅਰਸੇ ਤੋਂ ਚੀਫ ਖਾਲਸਾ ਦੀਵਾਨ ਨਾਲ ਜੁੜੇ ਸਨ ਅਤੇ ਉਹ ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਅਤੇ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸ ਅੰਮ੍ਰਿਤਸਰ ਦੇ ਸਾਬਕਾ ਡਾਇਰੈਕਟਰ-ਪ੍ਰਿੰਸੀਪਲ ਵੀ ਰਹੇ ਹਨ। ਉਹਨਾਂ ਕਿਹਾ ਕਿ ਨਿੱਘੇ ਸੁਭਾਅ ਦੇ ਮਾਲਕ ਅਤੇ ਗੁਰੂ ਘਰ ਨਾਲ ਜੁੜੇ ਡਾ. ਸੁਖਵਿੰਦਰ ਸਿੰਘ ਵਾਲੀਆ ਵੱਲੋਂ ਨਰਸਿੰਗ ਕਾਲਜ ਦੇ ਵਿਕਾਸ ਲਈ ਅਤੇ ਦੀਵਾਨ ਪ੍ਰਤੀ ਨਿਭਾਈਆਂ ਗਈਆਂ ਆਪਣੀਆਂ ਵਡਮੁੱਲੀਆਂ ਅਤੇ ਨਿਸ਼ਕਾਮ ਸੇਵਾਵਾਂ ਲਈ ਉਹ ਹਮੇਸ਼ਾ ਯਾਦ ਰੱਖੇ ਜਾਣਗੇ। ਇਸ ਮੌਕੇ ਸਮੂਹ ਦੀਵਾਨ ਅਹੁਦੇਦਾਰਾਂ ਅਤੇ ਸੀਕੇਡੀ ਨਰਸਿੰਗ ਕਾਲਜ ਦੇ ਪ੍ਰਬੰਧਕਾਂ ਅਤੇ ਸਟਾਫ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਦਿਆਂ ਡਾ ਸੁਖਵਿੰਦਰ ਸਿੰਘ ਵਾਲੀਆ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਗਈ ਅਤੇ ਉਹਨਾਂ ਦੀ ਆਤਮਕ ਸ਼ਾਂਤੀ ਲਈ ਅਤੇ ਪਿੱਛੋਂ ਪਰਿਵਾਰ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਗਈ।



# ਅਰੋੜਾ ਨੇ ਪਰਿਵਾਰ ਸਮੇਤ ਆਪਣੀ ਵੋਟ ਪਾਈ, ਸ਼ਾਨਦਾਰ ਜਿੱਤ ਦਾ ਭਰੋਸਾ ਪ੍ਰਗਟਾਇਆ



ਲੁਧਿਆਣਾ, 19 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ (ਪੱਛਮੀ) ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਵੀਰਵਾਰ ਸਵੇਰੇ ਗੁਰੂ ਨਾਨਕ ਪਬਲਿਕ ਸਕੂਲ ਸਰਾਭਾ ਨਗਰ ਵਿਖੇ ਸਥਾਪਤ ਪੋਲਿੰਗ ਸਟੇਸ਼ਨ 'ਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਆਪਣੇ ਪਰਿਵਾਰ ਪਤਨੀ ਸੰਦਿਆ ਅਰੋੜਾ,ਪੁੱਤਰ ਕਾਵਿਆ ਅਰੋੜਾ,ਪੁੱਤਰੀ ਕੇਤਕੀ ਅਰੋੜਾ ਅਤੇ ਨੂੰਹ ਗੁਨੀਤ ਅਰੋੜਾ ਦੇ ਨਾਲ ਅਰੋੜਾ ਵੋਟ ਪਾਉਣ ਤੋਂ ਬਾਅਦ ਬਾਹਰ ਨਿਕਲਦੇ ਸਮੇਂ ਉਤਸ਼ਾਹਿਤ ਅਤੇ ਆਤਮਵਿਸ਼ਵਾਸੀ ਦਿਖਾਈ ਦਿੱਤੇ। ਵੋਟ ਪਾਉਣ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਅਰੋੜਾ ਨੇ ਸਾਂਝਾ ਕੀਤਾ ਕਿ ਉਨ੍ਹਾਂ ਨੇ ਆਪਣੇ ਦਿਨ ਦੀ ਸ਼ੁਰੂਆਤ ਬ੍ਰਹਮ ਅਸ਼ੀਰਵਾਦ ਪ੍ਰਾਪਤ ਕਰਨ ਲਈ ਅਧਿਆਤਮਿਕ ਯਾਤਰਾਵਾਂ ਨਾਲ ਕੀਤੀ ਹੈ।ਪੋਲਿੰਗ ਬੂਥ ਵੱਲ ਜਾਣ ਤੋਂ ਪਹਿਲਾਂ ਉਨ੍ਹਾਂ ਫਿਲੌਰ ਕਿਲ੍ਹੇ ਵਿਖੇ ਦਰਗਾਹ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਅਤੇ ਜਗਰਾਓਂ ਪੁਲ ਨੇੜੇ ਦੁਰਗਾ ਮਾਤਾ ਮੰਦਰ ਦੇ ਦਰਸ਼ਨ ਕੀਤੇ। ਲੁਧਿਆਣਾ ਦੇ ਵਿਕਾਸ ਲਈ ਵੋਟ ਪਾਉਣ ਨਾਲ ਮੈਨੂੰ ਬਹੁਤ ਸੰਤੁਸ਼ਟੀ ਮਿਲਦੀ ਹੈ। ਮੇਰੀ ਮੁਹਿੰਮ ਤਰੱਕੀ 'ਤੇ ਕੇਂਦ੍ਰਿਤ ਸੀ ਅਤੇ ਮੈਨੂੰ ਵਿਸ਼ਵਾਸ ਹੈ ਕਿ ਵੋਟਰਾਂ ਨੇ ਉਸ ਦ੍ਰਿਸ਼ਟੀਕੋਣ ਨੂੰ ਸਮਝਿਆ ਹੈ ਅਤੇ ਉਸਦੀ ਕਦਰ ਕੀਤੀ ਹੈ ਉਸਨੇ ਕਿਹਾ।ਆਪਣੀ 100 ਦਿਨਾਂ ਦੀ ਚੋਣ ਮੁਹਿੰਮ 'ਤੇ ਵਿਚਾਰ ਕਰਦੇ ਹੋਏ ਅਰੋੜਾ ਨੇ ਜਨਤਾ ਦੇ ਹੁੰਗਾਰੇ ਨੂੰ ਭਾਰੀ ਅਤੇ ਡੂੰਘਾ ਉਤਸ਼ਾਹਜਨਕ ਦੱਸਿਆ। ਉਨ੍ਹਾਂ ਨੇ ਲੁਧਿਆਣਾ (ਪੱਛਮੀ) ਹਲਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਮਰਥਨ ਨੇ ਉਨ੍ਹਾਂ ਨੂੰ ਆਰਾਮਦਾਇਕ ਜਿੱਤ ਦਾ ਭਰੋਸਾ ਦਿੱਤਾ ਹੈ। ਅੱਜ ਵੋਟਰ ਜਿਸ ਜੋਸ਼ ਨਾਲ ਵੋਟ ਪਾਉਣ ਲਈ ਆਏ ਹਨ ਉਹ ਦਰਸਾਉਂਦਾ ਹੈ ਕਿ ਉਹ ਸ਼ਹਿਰ ਵਿੱਚ ਸਕਾਰਾਤਮਕ ਬਦਲਾਅ ਅਤੇ ਵਿਕਾਸ ਲਿਆਉਣ ਲਈ ਦ੍ਰਿੜ ਹਨ, ਉਨ੍ਹਾਂ ਅੱਗੇ ਕਿਹਾ। ਅਰੋੜਾ ਨੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਵੋਟਰਾਂ ਦੀ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਹਰ ਵੋਟ ਮਾਇਨੇ ਰੱਖਦੀ ਹੈ। ਮੈਂ ਹਰੇਕ ਨਾਗਰਿਕ ਨੂੰ ਅੱਗੇ ਆਉਣ ਅਤੇ ਵੋਟ ਪਾਉਣ ਦੀ ਅਪੀਲ ਕਰਦਾ ਹਾਂ ਇਹ ਸਿਰਫ਼ ਇੱਕ ਅਧਿਕਾਰ ਨਹੀਂ ਹੈ ਸਗੋਂ ਇੱਕ ਜ਼ਿੰਮੇਵਾਰੀ ਹੈ ਜੋ ਸਾਡੇ ਦੇਸ਼ ਦੇ ਲੋਕਤੰਤਰੀ ਤਾਣੇ-ਬਾਣੇ ਨੂੰ ਬਰਕਰਾਰ ਰੱਖਦੀ ਹੈ ਉਨ੍ਹਾਂ ਟਿੱਪਣੀ ਕੀਤੀ। ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਭਵਿੱਖ ਦੀਆਂ ਯੋਜਨਾਵਾਂ ਬਾਰੇ ਪੁੱਛਿਆ ਗਿਆ ਤਾਂ ਅਰੋੜਾ ਨੇ ਕੂਟਨੀਤਕ ਤੌਰ 'ਤੇ ਕਿਹਾ ਕਿ ਉਹ ਅਗਲੇ ਕਦਮਾਂ ਦਾ ਐਲਾਨ ਕਰਨ ਤੋਂ ਪਹਿਲਾਂ 23 ਜੂਨ ਨੂੰ ਹੋਣ ਵਾਲੇ ਚੋਣ ਨਤੀਜਿਆਂ ਦੀ ਉਡੀਕ ਕਰਨਗੇ। ਜਨਤਾ ਦੇ ਫਤਵੇ ਨੂੰ ਆਉਣ ਦਿਓ ਮੈਨੂੰ ਉਮੀਦ ਹੈ ਕਿ ਮੁਹਿੰਮ ਦੌਰਾਨ ਮੈਨੂੰ ਮਿਲੀ ਸਕਾਰਾਤਮਕਤਾ ਅਤੇ ਸਮਰਥਨ ਨਤੀਜਿਆਂ ਵਿੱਚ ਵੀ ਪ੍ਰਤੀਬਿੰਬਤ ਹੋਵੇਗਾ ਉਸਨੇ ਕਿਹਾ। ਵੋਟਿੰਗ ਤੋਂ ਬਾਅਦ ਅਰੋੜਾ ਨੇੜਲੇ 'ਆਪ' ਪਾਰਟੀ ਬੂਥ 'ਤੇ ਥੋੜ੍ਹੀ ਦੇਰ ਲਈ ਰੁਕੇ ਤਾਂ ਜੋ ਉੱਥੇ ਤਾਇਨਾਤ ਵਲੰਟੀਅਰਾਂ ਦਾ ਧੰਨਵਾਦ ਕੀਤਾ ਜਾ ਸਕੇ। ਹੱਥ ਜੋੜ ਕੇ ਉਨ੍ਹਾਂ ਵਰਕਰਾਂ ਦਾ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਪਾਰਟੀ ਅਤੇ ਮੇਰੇ ਲਈ ਦਿਨ ਰਾਤ ਅਣਥੱਕ ਮਿਹਨਤ ਕੀਤੀ।

# ਐਨ.ਜ਼ੈਡ.ਆਰ.ਈ. ਸੁਸਾਇਟੀ ਦੇ ਸ਼ੇਅਰ ਹੋਲਡਰਾਂ ਨੇ ਕੀਤਾ ਰੋਸ ਪ੍ਰਦਰਸ਼ਨ



ਲੁਧਿਆਣਾ, 19 ਜੂਨ (ਰਵਿੰਦਰ ਸਿੰਘ ਨਿੱਝਰ/ਕਰਨੈਲ ਸਿੰਘ ਐੱਮ.ਏ.) : ਰੇਲਵੇ ਵਿਭਾਗ ਨਾਲ ਸਬੰਧਤ ਦੀ ਐਨ ਜੈਡ ਆਰ ਈ / ਸੀ ਟੀ ਸੀ / ਸੁਸਾਇਟੀ ਲਿਮਟਿਡ ਦੇ ਸ਼ੇਅਰ ਹੋਲਡਰਾਂ ਵੱਲੋਂ ਆਪਣੀ ਹੀ ਮੈਨੇਜਮੈਂਟ ਦੇ ਖਿਲਾਫ ਐਨ ਜੈਡ ਆਰ ਈ ਸੁਸਾਇਟੀ ਬੈਂਕ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਸ਼ੇਅਰ ਹੋਲਡਰਾਂ ਦਾ ਕਹਿਣਾ ਸੀ ਕਿ ਸਾਡੇ ਹੀ ਜਮ੍ਹਾਂ ਹੋਏ ਪੈਸਿਆਂ ਨਾਲ ਇਹ ਸੁਸਾਇਟੀ ਚੱਲ ਰਹੀ ਹੈ। ਪਰ ਜਦ ਸਾਨੂੰ ਹੀ ਪੈਸਿਆਂ ਦੀ ਲੋੜ ਪੈਂਦੀ ਹੈ ਤਾਂ ਕਰਜ਼ ਦੇ ਰੂਪ ਵਿੱਚ ਦਿੱਤੇ ਜਾਣ ਵਾਲੇ ਪੈਸਿਆਂ ਲਈ ਮਹੀਨੇ ਬੱਧੀ ਚੱਕਰ ਲਗਾਉਣੇ ਪੈਂਦੇ ਹਨ। ਗੱਲਬਾਤ ਕਰਦਿਆਂ ਸ਼ੇਅਰ ਹੋਲਡਰ ਸੰਜੇ ਕੁਮਾਰ ਨੇ ਸੁਸਾਇਟੀ ਦੇ ਬੋਰਡ ਆਫ ਡਾਇਰੈਕਟਰ 'ਤੇ ਦੋਸ਼ ਲਗਾਇਆ ਕਿ ਜਿੰਨੇ ਵੀ ਮੈਂਬਰ ਮੈਨੇਜਮੈਂਟ ਵਿੱਚ ਭਰਤੀ ਕੀਤੇ ਗਏ ਹਨ ਉਹ ਕਥਿਤ ਤੌਰ 'ਤੇ ਰਿਸਤੇਦਾਰ, ਭੈਣ-ਭਰਾ, ਧੀਆਂ-ਪੁੱਤਰ ਰਿਸ਼ਤੇਦਾਰ ਆਦਿ ਹਨ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਮੈਨੇਜਮੈਂਟ ਵੱਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ ਬੰਦ ਕੀਤੀਆਂ ਜਾਣ ਅਤੇ ਭਰਤੀ ਪ੍ਰਕਿਰਿਆ ਨੂੰ ਜਨਤਕ ਕੀਤਾ ਜਾਵੇ।

# ਏਅਰ ਫੋਰਸ ਸਟੇਸ਼ਨ ਹਲਵਾਰਾ ਵਿਖੇ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਲੁਧਿਆਣਾ, 19 ਜੂਨ (ਵਿਸ਼ਾਲ ਸ਼ਰਮਾ) : 19 ਜੂਨ 25 ਨੂੰ ਏਅਰ ਫੋਰਸ ਸਟੇਸ਼ਨ ਹਲਵਾਰਾ ਵਿਖੇ 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਥੀਮ ਵਾਲਾ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ (IDY) ਮਨਾਇਆ ਗਿਆ। ਵਾਯੂ ਯੋਧਿਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਯੋਗ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਹਵਾਈ ਯੋਧਿਆਂ ਨੇ ਆਪਣੀ ਮੁਹਾਰਤ ਨਾਲ ਯੋਗ ਇੰਸਟਰਕਟਰ ਵਜੋਂ ਸਿਖਲਾਈ ਲਈ ਅਤੇ ਸਾਂਝੇ ਯੋਗ ਪ੍ਰੋਟੋਕੋਲ ਦੀ ਪਾਲਣਾ ਕਰਕੇ ਸਮੂਹਿਕ ਯੋਗ ਗਤੀਵਿਧੀਆਂ ਦਾ ਸੰਚਾਲਨ ਕੀਤਾ।

# ਅਰੋੜਾ ਨੇ ਲੁਧਿਆਣਾ ਪੱਛਮੀ ਦੇ ਵੋਟਰਾਂ ਦਾ ਭਾਰੀ ਸਮਰਥਨ ਲਈ ਧੰਨਵਾਦ ਕੀਤਾ



ਲੁਧਿਆਣਾ, 19 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਲਈ ਵੋਟਿੰਗ ਅੱਜ ਸ਼ਾਮ ਸ਼ਾਂਤੀਪੂਰਵਕ ਸਮਾਪਤ ਹੋਈ। ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਵੋਟਿੰਗ ਖਤਮ ਹੋਣ ਤੋਂ ਤੁਰੰਤ ਬਾਅਦ, ਵੋਟਰਾਂ ਦਾ ਚੰਗੀ ਗਿਣਤੀ ਵਿੱਚ ਆਉਣ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਦਿਲੋਂ ਧੰਨਵਾਦ ਕੀਤਾ। ਵੋਟਿੰਗ ਬੰਦ ਹੋਣ ਤੋਂ ਬਾਅਦ ਜਾਰੀ ਇੱਕ ਬਿਆਨ ਵਿੱਚ, ਅਰੋੜਾ ਨੇ ਕਿਹਾ ਮੈਂ ਲੁਧਿਆਣਾ ਪੱਛਮੀ ਦੇ ਲੋਕਾਂ ਦਾ ਅੱਜ ਦੀ ਚੋਣ ਵਿੱਚ ਉਨ੍ਹਾਂ ਦੇ ਨਿੱਘ ਉਤਸ਼ਾਹ ਅਤੇ ਉਤਸ਼ਾਹੀ ਭਾਗੀਦਾਰੀ ਲਈ ਤਹਿ ਦਿਲੋਂ ਧੰਨਵਾਦੀ ਹਾਂ। ਇਸ ਮੁਹਿੰਮ ਦੌਰਾਨ ਤੁਹਾਡਾ ਸਮਰਥਨ ਸਭ ਤੋਂ ਵੱਡੀ ਤਾਕਤ ਰਿਹਾ ਹੈ। ਹਲਕੇ ਦੇ ਹਰ ਵਰਗ ਤੋਂ ਮਿਲੇ ਪਿਆਰ ਅਤੇ ਵਿਸ਼ਵਾਸ ਤੋਂ ਮੈਂ ਸੱਚਮੁੱਚ ਨਿਮਰ ਮਹਿਸੂਸ ਕਰਦਾ ਹਾਂ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਮੁਹਿੰਮ ਸਕਾਰਾਤਮਕਤਾ, ਸਾਫ਼-ਸੁਥਰੀ ਰਾਜਨੀਤੀ ਅਤੇ ਵਿਕਾਸ-ਮੁਖੀ ਮੁੱਦਿਆਂ 'ਤੇ ਕੇਂਦ੍ਰਿਤ ਰਹੀ। ਉਨ੍ਹਾਂ ਕਿਹਾ ਕਿ ਵੋਟਰਾਂ ਨੇ ਸ਼ਬਦਾਂ ਰਾਹੀਂ ਨਹੀਂ ਸਗੋਂ ਕੰਮ ਰਾਹੀਂ ਬਦਲਾਅ ਦੇ ਉਨ੍ਹਾਂ ਦੇ ਸੰਦੇਸ਼ ਦਾ ਗਰਮਜੋਸ਼ੀ ਨਾਲ ਜਵਾਬ ਦਿੱਤਾ। ਮੈਂ ਚਿੱਕੜ ਸੁੱਟਣ ਜਾਂ ਨਿੱਜੀ ਹਮਲਿਆਂ ਵਿੱਚ ਸ਼ਾਮਲ ਨਾ ਹੋਣ ਦੀ ਚੋਣ ਕੀਤੀ। ਮੇਰਾ ਟੀਚਾ ਹਮੇਸ਼ਾ ਲੁਧਿਆਣਾ ਪੱਛਮੀ ਲਈ ਇੱਕ ਦ੍ਰਿਸ਼ਟੀਕੋਣ ਪੇਸ਼ ਕਰਨਾ ਰਿਹਾ ਹੈ ਜੋ ਲੋਕਾਂ ਦੀ ਭਲਾਈ ਨੂੰ ਪਹਿਲ ਦਿੰਦਾ ਹੈ। ਇਹ ਦੇਖ ਕੇ ਖੁਸ਼ੀ ਹੁੰਦੀ ਹੈ ਕਿ ਇਹ ਪਹੁੰਚ ਵੋਟਰਾਂ ਨਾਲ ਗੂੰਜਦੀ ਹੈ ਉਨ੍ਹਾਂ ਅੱਗੇ ਕਿਹਾ। ਉਨ੍ਹਾਂ ਨੇ ਚੋਣ ਕਮਿਸ਼ਨ, ਸੁਰੱਖਿਆ ਕਰਮਚਾਰੀਆਂ ਅਤੇ ਪੋਲਿੰਗ ਸਟਾਫ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਇੱਕ ਸੁਚਾਰੂ ਅਤੇ ਨਿਰਪੱਖ ਵੋਟਿੰਗ ਪ੍ਰਕਿਰਿਆ ਨੂੰ ਯਕੀਨੀ ਬਣਾਇਆ। ਉਨ੍ਹਾਂ ਕਿਹਾ ਮੈਂ ਉਨ੍ਹਾਂ ਸਾਰੇ ਅਧਿਕਾਰੀਆਂ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਾ ਹਾਂ ਜਿਨ੍ਹਾਂ ਨੇ ਇਸ ਚੋਣ ਨੂੰ ਸੁਰੱਖਿਅਤ, ਸ਼ਾਂਤੀਪੂਰਨ ਅਤੇ ਕੁਸ਼ਲ ਬਣਾਉਣ ਲਈ ਸਖ਼ਤ ਮਿਹਨਤ ਕੀਤੀ। ਅਰੋੜਾ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਲੋਕਾਂ ਦਾ ਫਤਵਾ ਚੰਗੇ ਸ਼ਾਸਨ, ਪਾਰਦਰਸ਼ਤਾ ਅਤੇ ਤਰੱਕੀ ਦੇ ਹੱਕ ਵਿੱਚ ਹੋਵੇਗਾ। ਉਨ੍ਹਾਂ ਕਿਹਾ ਮੈਨੂੰ ਇੱਕ ਅਨੁਕੂਲ ਫਤਵਾ ਮਿਲਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੇ ਲੋਕਾਂ ਦੀ ਸੇਵਾ ਕਰਨ ਦੀ ਉਨ੍ਹਾਂ ਦੀ ਵਚਨਬੱਧਤਾ ਅਟੱਲ ਰਹੇਗੀ। ਉਹ ਲੁਧਿਆਣਾ ਦੀ ਬਿਹਤਰੀ ਲਈ ਕੰਮ ਕਰਦੇ ਰਹਿਣਗੇ, ਜਿਵੇਂ ਕਿ ਉਨ੍ਹਾਂ ਨੇ ਹਮੇਸ਼ਾ ਕੀਤਾ ਹੈ। ਉਨ੍ਹਾਂ ਨੇ ਸਾਰੇ ਨਿਵਾਸੀਆਂ ਨੂੰ ਲੋਕਤੰਤਰ ਅਤੇ ਤਰੱਕੀ ਦੀ ਭਾਵਨਾ ਵਿੱਚ ਇੱਕਜੁੱਟ ਰਹਿਣ ਦੀ ਅਪੀਲ ਕਰਦੇ ਹੋਏ ਸਮਾਪਤ ਕੀਤਾ ਅਤੇ ਵਾਅਦਾ ਕੀਤਾ ਕਿ, ਜੇਕਰ ਚੁਣੇ ਗਏ, ਤਾਂ ਉਹ ਲੁਧਿਆਣਾ ਪੱਛਮੀ ਦੇ ਹਰ ਨਾਗਰਿਕ ਦੀ ਆਵਾਜ਼ ਬਣਨਗੇ।

# ਮੁੰਡੀਆਂ ਦੀ ਲੋਕਾਂ ਨੂੰ ਅਪੀਲ, ਰਿਸ਼ਵਤ ਮੰਗਣ ਵਾਲਿਆਂ ਦੇ ਨਾਮ ਨਸ਼ਰ ਕਰੋ ਕਾਰਵਾਈ ਕਰਨਾ ਸਾਡੀ ਜ਼ਿੰਮੇਵਾਰੀ



ਲੁਧਿਆਣਾ, 19 ਜੂਨ (ਵਿਸ਼ਾਲ ਸ਼ਰਮਾ) : ਸੂਬੇ ਨੂੰ ਭ੍ਰਿਸ਼ਟਾਚਾਰ ਤੋਂ ਮੁਕੰਮਲ ਤੌਰ ਉੱਤੇ ਮੁਕਤ ਕਰਨ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਵਾਸੀਆਂ ਨੂੰ ਕੰਮ ਕਰਵਾਉਣ ਬਦਲੇ ਰਿਸ਼ਵਤ ਮੰਗਣ ਵਾਲਿਆਂ ਦੇ ਨਾਮ ਨਸ਼ਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹੇ ਭ੍ਰਿਸ਼ਟ ਅਨਸਰਾਂ ਦੇ ਖਿਲਾਫ਼ ਸਰਕਾਰ ਸਖ਼ਤ ਤੋਂ ਸਖ਼ਤ ਕਾਰਵਾਈ ਕਰੇਗੀ। ਅੱਜ ਇੱਥੇ ਸਬ-ਤਹਿਸੀਲ ਦਫ਼ਤਰ ਅਤੇ ਸੇਵਾ ਕੇਂਦਰ ਸਾਹਨੇਵਾਲ ਦਾ ਅਚਨਚੇਤੀ ਦੌਰਾ ਕਰਨ ਮੌਕੇ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ ਉੱਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੰਮ ਕਰਵਾਉਣ ਦੇ ਬਦਲੇ ਰਿਸ਼ਵਤ ਲੈਣ ਦੀ ਸ਼ਿਕਾਇਤ ਸਾਹਮਣੇ ਆਉਂਦੀ ਹੈ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਰਿਸ਼ਵਤ ਮੰਗਣ ਵਾਲਿਆਂ ਦੀ ਸ਼ਿਕਾਇਤ ਕਰਨ ਲਈ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵੀ ਸਥਾਪਤ ਕੀਤੀ ਹੈ ਅਤੇ ਹੁਣ ਤੱਕ ਇਸ ਉੱਪਰ ਹਾਸਲ ਹੋਈਆਂ ਸ਼ਿਕਾਇਤਾਂ ਦੇ ਆਧਾਰ ਉੱਤੇ ਭ੍ਰਿਸ਼ਟਾਚਾਰੀਆਂ ਖਿਲਾਫ਼ ਕਾਰਵਾਈ ਕੀਤੀ ਵੀ ਜਾ ਚੁੱਕੀ ਹੈ। ਕੈਬਨਿਟ ਮੰਤਰੀ ਮੁੰਡੀਆਂ ਨੇ ਲੋਕਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਜੇਕਰ ਕੋਈ ਵੀ ਤੁਹਾਡੇ ਕੋਲੋਂ ਰਿਸ਼ਵਤ ਮੰਗਦਾ ਹੈ ਤਾਂ ਤੁਰੰਤ ਸਾਨੂੰ ਦੱਸੋ। ਅਜਿਹੇ ਰਿਸ਼ਵਤਖੋਰਾਂ ਦੇ ਖਿਲਾਫ਼ ਕਾਰਵਾਈ ਕਰਨਾ ਸਾਡੀ ਜ਼ਿੰਮੇਵਾਰੀ ਹੈ। ਤੁਹਾਡੇ ਸਹਿਯੋਗ ਨਾਲ ਹੀ ਸ਼ਾਸਨ ਨੂੰ ਭ੍ਰਿਸ਼ਟਾਚਾਰ ਤੋਂ ਮੁਕੰਮਲ ਤੌਰ ਉੱਤੇ ਮੁਕਤ ਕਰਨਾ ਯਕੀਨੀ ਬਣਾਇਆ ਜਾਵੇਗਾ। ਵੱਖ-ਵੱਖ ਵਿਭਾਗਾਂ ਦੀ ਕਾਰਜਪ੍ਰਣਾਲੀ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸਾਰੇ ਵਿਭਾਗਾਂ ਦੀ ਸਥਿਤੀ ਵਿਚ ਸੁਧਾਰ ਲਿਆਉਣ ਲਈ ਵੱਡੇ ਪੱਧਰ ਉੱਤੇ ਯਤਨ ਕਰ ਰਹੀ ਹੈ ਤਾਂ ਕਿ ਲੋਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਹਾਸਲ ਕਰਨ ਵਿਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ 70 ਸਾਲਾਂ ਦੀ ਉਲਝੀ ਹੋਈ ਤਾਣੀ ਨੂੰ ਠੀਕ ਕੀਤਾ ਜਾ ਰਿਹਾ ਹੈ, ਜਿਸ ਕਰਕੇ ਕੁਝ ਸਮੇਂ ਬਾਅਦ ਵੱਡੇ ਸੁਧਾਰ ਦੇਖਣ ਨੂੰ ਮਿਲਣਗੇ।

# ਪੰਥ ਨੂੰ ਦੋਫਾੜ ਕਰਨ ਵਾਲਿਆਂ ਤੋਂ ਬਚਣ ਦੀ ਲੋੜ : ਐਡਵੋਕੇਟ ਧਾਮੀ



ਲੁਧਿਆਣਾ, 19 ਜੂਨ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਦੀਪ ਸਿੰਘ ਲੀਲ ਦੇ ਗ੍ਰਹਿ ਹਾਊਸਿੰਗ ਬੋਰਡ ਕਲੋਨੀ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਹਰਜਿੰਦਰ ਸਿੰਘ ਧਾਮੀ ਪਹੁੰਚੇ ਉਨ੍ਹਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਰਜਿੰਦਰ ਸਿੰਘ ਮਹਿਤਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ਼੍ਰੋਮਣੀ ਕਮੇਟੀ ਮੈਂਬਰ ਡਿਵੀਜ਼ਨਲ ਸਾਬਕਾ ਚੇਅਰਮੈਨ ਬਾਬਾ ਅਜੀਤ ਸਿੰਘ, ਸਾਬਕਾ ਕੌਂਸਲਰ ਸਵਰਨ ਸਿੰਘ ਮਹੌਲੀ , ਤਰਨਜੀਤ ਸਿੰਘ ਨਿਮਾਣਾ, ਯੂਥ ਆਗੂ ਬੀਬੀ ਜਸਵੀਰ ਕੌਰ ਪਹੁੰਚੇ। ਜਿਨ੍ਹਾਂ ਨੂੰ ਜੀ ਆਇਆਂ ਜਥੇਦਾਰ ਪੂਰਨ ਸਿੰਘ ਬੇਦੀ ਨੇ ਕਿਹਾ। ਇਸ ਸਮੇਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਪੰਥ ਨੂੰ ਦੋਫਾੜ ਕਰਨ ਵਾਲਿਆਂ ਤੋਂ ਬਚਣ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਦੀ ਲੋੜ ਹੈ। ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਪੰਜਾਬ ਨੂੰ ਜੇ ਵਿਕਾਸ ਤੇ ਤਰੱਕੀ ਦੀਆ ਲੀਹਾ ਤੇ ਲਿਜਾ ਸਕਦੀ ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾ ਸਕਦੀ ਹੈ ਤਾਂ ਉਹ ਸਿਰਫ ਸ਼੍ਰੋਮਣੀ ਅਕਾਲੀ ਦਲ ਹੈ। ਇਸ ਸਮੇ ਗੁਰਦੀਪ ਸਿੰਘ ਲੀਲ , ਨਰਿੰਦਰ ਸਿੰਘ ਸਿੱਧੂ, ਰਘਬੀਰ ਸਿੰਘ ਅਤੇ ਡਾਕਟਰ ਮਹਿੰਦਰ ਸਿੰਘ ਨੇ ਸਾਰਿਆਂ ਨੂੰ ਸਿਰੋਪਾਓ ਨਾਲ ਸਨਮਾਨ ਕੀਤਾ ਗੁਰਦੀਪ ਸਿੰਘ ਲੀਲ ਨੇ ਸ ਦਾਸ ਦੇ ਗ੍ਰਹਿ ਵਿੱਖੇ ਪਹੁੰਚਣ 'ਤੇ ਧੰਨਵਾਦ ਕੀਤਾ। ਇਸ ਸਮੇ ਡਾਕਟਰ ਮਹਿੰਦਰ ਸਿੰਘ, ਜਥੇਦਾਰ ਨਛੱਤਰ ਸਿੰਘ ਸਿੱਧੂ, ਜਥੇਦਾਰ ਰਘਬੀਰ ਸਿੰਘ ਬਰੀਕੇ, ਜਥੇਦਾਰ ਚਰਨ ਸਿੰਘ, ਡਾਕਟਰ ਮੰਗਲ ਸਿੰਘ , ਪ੍ਰਧਾਨ ਰਘਬੀਰ ਸਿੰਘ, ਕੁਲਦੀਪ ਸਿੰਘ ਖਾਲਸਾ, ਜਗਤਾਰ ਸਿੰਘ ਐਤੀਆਣਾ, ਕਰਨਵੀਰ ਸਿੰਘ, ਜਗਦੀਪ ਸਿੰਘ ਗਰੇਵਾਲ, ਜਗਦੀਸ ਸਿੰਘ ਬਿੱਟੂ, ਪੂਰਨ ਸਿੰਘ ਬੇਦੀ , ਰਜਿੰਦਰ ਸਿੰਘ ਰਾਜੂ, ਕਰਮਿੰਦਰ ਸਿੰਘ ਰੂਬਲ, ਰਵਿੰਦਰ ਸਿੰਘ ਬੇਦੀ, ਬਿਕਰਮਜੀਤ ਸਿੰਘ ਬੇਦੀ , ਸਰਦੂਲ ਸਿੰਘ, ਅਵਤਾਰ ਸਿੰਘ ਨਿਰਵਾਣ, ਤੇਜਿੰਦਰ ਸਿੰਘ ਲੀਲ , ਸੰਦੀਪ ਸਿੰਘ ਸੰਨੀ , ਬਲਦੀਪ ਸਿੰਘ ਧਾਲੀਵਾਲ, ਗੁਰਦੀਪ ਸਿੰਘ, ਰਤਨ ਚੋਪੜਾ, ਨਰਿੰਦਰ ਸਿੰਘ ਨੋਕਵਾਲ, ਜਸਵਿੰਦਰ ਸਿੰਘ ਖੱਟੜ, ਭਾਈ ਬੁਲੰਦ ਪ੍ਰੀਤ ਸਿੰਘ , ਬੀਬੀ ਸੀਤਲਪ੍ਰਕਾਸ ਕੌਰ, ਬੀਬੀ ਰੁਪਿੰਦਰ ਕੌਰ ਲੀਲ, ਪਰਮਜੀਤ ਕੌਰ ਲੀਲ , ਗੁਰਲੀਨ ਕੌਰ ਲੀਲ ਆਦਿ ਹਾਜ਼ਰ ਸਨ।

# ਸਾਲਾਨਾ ਸਿਖਲਾਈ ਕੈਂਪ ਖ਼ਾਲਸਾ ਕਾਲਜ ਫਾਰ ਵੂਮੈਨ ਲੁਧਿਆਣਾ ਵਿਖੇ ਲਗਾਇਆ



ਲੁਧਿਆਣਾ, 19 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਸਾਲਾਨਾ ਸਿਖਲਾਈ ਕੈਂਪ ਦੌਰਾਨ ਫਾਇਰਿੰਗ ਵਿੱਚ ਸਿਖਲਾਈ ਪ੍ਰਾਪਤ ਐਨਸੀਸੀ ਗਰਲ ਕੈਡਿਟਾਂ 17 ਜੂਨ ਤੋਂ 26 ਜੂਨ 2025 ਤੱਕ ਇਤਿਹਾਸਕ ਖਾਲਸਾ ਕਾਲਜ ਫਾਰ ਵੂਮੈਨ, ਲੁਧਿਆਣਾ ਵਿਖੇ ਆਯੋਜਿਤ ਕੀਤੇ ਜਾ ਰਹੇ 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ, ਲੁਧਿਆਣਾ ਦੇ ਚੱਲ ਰਹੇ ਸਾਲਾਨਾ ਸਿਖਲਾਈ ਕੈਂਪ ਦੇ ਹਿੱਸੇ ਵਜੋਂ, ਐਨਸੀਸੀ ਗਰਲ ਕੈਡਿਟਾਂ ਨੂੰ ਸਿਖਲਾਈ ਪ੍ਰਾਪਤ ਇੰਸਟ੍ਰਕਟਰਾਂ ਅਤੇ ਸਟਾਫ ਦੀ ਮਾਹਰ ਨਿਗਰਾਨੀ ਹੇਠ ਰਾਈਫਲ ਫਾਇਰਿੰਗ ਦੀ ਹੱਥੀਂ ਸਿਖਲਾਈ ਦਿੱਤੀ ਗਈ। ਇਹ ਕੈਂਪ ਕੈਂਪ ਕਮਾਂਡੈਂਟ ਕਰਨਲ ਆਰ.ਐਸ. ਚੌਹਾਨ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਹੈ। ਫਾਇਰਿੰਗ ਅਭਿਆਸ ਸੈਸ਼ਨ ਦਿਨ ਦਾ ਇੱਕ ਮੁੱਖ ਆਕਰਸ਼ਣ ਸੀ, ਜਿੱਥੇ ਕੈਡਿਟਾਂ ਨੂੰ ਰਾਈਫਲ ਹੈਂਡਲਿੰਗ, ਨਿਸ਼ਾਨਾ ਬਣਾਉਣ ਦੀਆਂ ਤਕਨੀਕਾਂ, ਸਰੀਰ ਦੀ ਸਥਿਤੀ, ਸੁਰੱਖਿਆ ਸਾਵਧਾਨੀਆਂ ਅਤੇ ਰੇਂਜ 'ਤੇ ਲਾਈਵ ਫਾਇਰਿੰਗ ਦੇ ਬੁਨਿਆਦੀ ਸਿਧਾਂਤ ਸਿਖਾਏ ਗਏ। ਇਹ ਵਿਹਾਰਕ ਐਕਸਪੋਜ਼ਰ ਐਨਸੀਸੀ ਸਿਖਲਾਈ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਕੈਡਿਟਾਂ ਵਿੱਚ ਅਨੁਸ਼ਾਸਨ, ਸ਼ੁੱਧਤਾ ਅਤੇ ਧਿਆਨ ਕੇਂਦਰਿਤ ਕਰਨਾ। ਕਰਨਲ ਆਰ.ਐਸ. ਚੌਹਾਨ ਨੇ ਅਜਿਹੀ ਸਿਖਲਾਈ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ ਗੋਲੀਬਾਰੀ ਨਾ ਸਿਰਫ਼ ਕੈਡੇਟ ਦੇ ਹੁਨਰ ਨੂੰ ਵਧਾਉਂਦੀ ਹੈ ਬਲਕਿ ਆਤਮਵਿਸ਼ਵਾਸ, ਇਕਾਗਰਤਾ ਅਤੇ ਨਿਯੰਤਰਣ ਵੀ ਵਧਾਉਂਦੀ ਹੈ ਇੱਕ ਜ਼ਿੰਮੇਵਾਰ ਅਤੇ ਤਿਆਰ ਨਾਗਰਿਕ ਦੇ ਮੁੱਖ ਗੁਣ। ਕੈਡਿਟਾਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸ਼ਲਾਘਾਯੋਗ ਸ਼ੁੱਧਤਾ ਅਤੇ ਅਨੁਸ਼ਾਸਨ ਦਾ ਪ੍ਰਦਰਸ਼ਨ ਕੀਤਾ।ਉਨ੍ਹਾਂ ਵਿੱਚੋਂ ਬਹੁਤਿਆਂ ਨੇ ਪਹਿਲੀ ਵਾਰ ਲਾਈਵ ਫਾਇਰਿੰਗ ਦਾ ਅਨੁਭਵ ਕੀਤਾ, ਜਿਸ ਨਾਲ ਇਹ ਇੱਕ ਯਾਦਗਾਰੀ ਅਤੇ ਸਸ਼ਕਤੀਕਰਨ ਅਨੁਭਵ ਬਣ ਗਿਆ। ਇਹ ਫਾਇਰਿੰਗ ਅਭਿਆਸ ਇੱਕ ਵਿਆਪਕ ਸ਼ਡਿਊਲ ਦਾ ਹਿੱਸਾ ਹੈ ਜਿਸਦਾ ਉਦੇਸ਼ ਸੰਪੂਰਨ ਸਿਖਲਾਈ ਅਤੇ ਸ਼ਖਸੀਅਤ ਵਿਕਾਸ ਹੈ, ਜਿੱਥੇ ਕੈਡਿਟਾਂ ਨੂੰ ਸਰੀਰਕ ਤੰਦਰੁਸਤੀ, ਮਸ਼ਕ, ਹਥਿਆਰ ਸੰਭਾਲਣ, ਸਵੈ-ਰੱਖਿਆ ਅਤੇ ਲੀਡਰਸ਼ਿਪ ਵਿੱਚ ਸਿਖਲਾਈ ਦਿੱਤੀ ਜਾ ਰਹੀ ਹੈ।ਸਾਲਾਨਾ ਸਿਖਲਾਈ ਕੈਂਪ ਐਨਸੀਸੀ ਦੇ ਮੁੱਖ ਮੁੱਲਾਂ ਏਕਤਾ ਅਤੇ ਅਨੁਸ਼ਾਸਨ ਪ੍ਰਤੀ ਸੱਚ ਰਹਿਣ ਵਾਲੀਆਂ ਲਚਕੀਲੇ, ਆਤਮਵਿਸ਼ਵਾਸੀ ਅਤੇ ਸਮਰੱਥ ਨੌਜਵਾਨ ਔਰਤਾਂ ਨੂੰ ਆਕਾਰ ਦੇਣ ਲਈ ਇੱਕ ਵਿਆਪਕ ਪਲੇਟਫਾਰਮ ਪ੍ਰਦਾਨ ਕਰਨਾ ਜਾਰੀ ਰੱਖਦਾ ਹੈ।

# ਮੀਰੀ-ਪੀਰੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ

**ਗੁ: ਗੋਪਾਲਸਰ ਸਾਹਿਬ ਪਿੰਡ ਗਗੜਾ ਵਿਖੇ 3,4,5 ਜੁਲਾਈ ਨੂੰ ਪਾਠਾਂ ਦੇ ਭੋਗ ਪਾਏ ਜਾਣਗੇ**



ਜਗਰਾਓਂ, 19 ਜੂਨ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਮੀਰੀ ਪੀਰੀ ਦੇ ਮਾਲਕ ਬੰਦੀ ਛੋੜ ਦਾਤੇ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਮਿਤੀ 3,4,5 ਜੁਲਾਈ ਨੂੰ ਗੁਰਦੁਆਰਾ ਗੋਪਾਲਸਰ ਸਾਹਿਬ ਯਾਦਗਾਰ ਸ਼੍ਰੋਮਣੀ ਭਗਤ ਧੰਨਾ ਜੀ ਪਿੰਡ ਗਗੜਾ ਜਗਰਾਉਂ ਵਿਖੇ ਮਨਾਇਆ ਜਾਵੇਗਾ। ਬਾਬਾ ਅਮਰਜੀਤ ਸਿੰਘ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਧੰਨ ਧੰਨ ਸ਼੍ਰੀ ਗੁਰੂ ਹਰਿ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸੰਤ ਬਾਬਾ ਕਮਲਜੀਤ ਸਿੰਘ ਅਤੇ ਸੰਤ ਬਾਬਾ ਅਮਰਜੀਤ ਸਿੰਘ, ਸਮੂਹ ਇਲਾਕਾ ਨਿਵਾਸੀ ਅਤੇ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਬਾਬਾ ਜੀ ਨੇ ਦੱਸਿਆ ਕਿ 3 ਜੁਲਾਈ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 5 ਜੁਲਾਈ ਦਾ ਸ਼ਨੀਵਾਰ ਨੂੰ ਸਵੇਰੇ 9:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਭੋਗ ਤੋਂ ਉਪਰੰਤ ਭਾਰੀ ਕੀਰਤਨ ਦਰਬਾਰ ਸਜੇਗਾ ਅਤੇ ਜਿਸ ਵਿੱਚ ਮਹਾਨ ਗੁਣੀ ਗਿਆਨੀ ਸੰਤ ਮਹਾਂਪੁਰਖ ਰਾਗੀ ਅਤੇ ਢਾਡੀ ਵੀ ਪਹੁੰਚ ਰਹੇ ਹਨ। ਬਾਬਾ ਜੀ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਮੀਰੀ ਪੀਰੀ ਦੇ ਮਾਲਕ ਧੰਨ ਧੰਨ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਮਾਗਮ ਵਿੱਚ ਸੰਗਤਾਂ ਵੱਧ ਚੜ ਕੇ ਗੁਰਬਾਣੀ ਨਾਲ ਜੁੜਨਾ ਤੇ ਸੇਵਾ ਕਰਕੇ ਆਪਣਾ ਮਨੁੱਖੀ ਜੀਵਨ ਸਫਲਾ ਕਰਨ।

# ਘੱਟ ਪੋਲਿੰਗ ਹੋਣ 'ਤੇ ਸਮਾਜਿਕ ਕਾਰਕੁਨਾਂ ਨੇ ਸਿਆਸਤਦਾਨਾਂ ਤੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਜ਼ਿੰਮੇਵਾਰ ਠਹਿਰਾਇਆ



ਲੁਧਿਆਣਾ, 19 ਜੂਨ (ਵਿਸ਼ਾਲ ਸ਼ਰਮਾ) : ਲੁਧਿਆਣਾ ਪੱਛਮੀ ਪੋਲਿੰਗ ਵਿੱਚ ਵੋਟਰਾਂ ਦੀ ਘੱਟ ਵੋਟਿੰਗ ਤੋਂ ਸ਼ਹਿਰ ਦੇ ਜਾਗਰੂਕ ਸਮਾਜਿਕ ਕਾਰਕੁੰਨ ਨਿਰਾਸ਼ ਹਨ। ਉਹ ਜ਼ਿਲ੍ਹਾ ਚੋਣ ਅਧਿਕਾਰੀ ਅਤੇ ਸਿਆਸਤਦਾਨਾਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ। ਕਰਨਲ ਜਸਜੀਤ ਸਿੰਘ ਗਿੱਲ ਅਤੇ ਬ੍ਰਿਜ ਭੂਸ਼ਣ ਗੋਇਲ ਕਹਿੰਦੇ ਹਨ ਕਿ ਸਪੱਸ਼ਟ ਤੌਰ 'ਤੇ ਜ਼ਿਲ੍ਹਾ ਚੋਣ ਮਸ਼ੀਨਰੀ ਆਪਣੇ ਜਾਗਰੂਕਤਾ ਮੁਹਿੰਮਾਂ ਰਾਹੀਂ ਵੋਟਰਾਂ ਨੂੰ ਵੱਡੀ ਗਿਣਤੀ ਵਿੱਚ ਵੋਟ ਪਾਉਣ ਲਈ ਪ੍ਰੇਰਿਤ ਕਰਨ ਵਿੱਚ ਆਪਣੀ ਸਰਵਉੱਚ ਡਿਊਟੀ ਵਿੱਚ ਅਸਫਲ ਰਹੀ, ਜੋ ਕਿ ਵੋਟਰਾਂ ਨੂੰ ਸਿੱਖਿਅਤ ਕਰਨ ਲਈ ਕਿਤੇ ਵੀ ਦਿਖਾਈ ਨਹੀਂ ਦੇ ਰਹੀ ਸੀ। ਯਕੀਨਨ, ਇਹ ਲੋਕਤੰਤਰ ਲਈ ਇੱਕ ਸਿਹਤਮੰਦ ਰੁਝਾਨ ਨਹੀਂ ਹੈ 9 ਗੋਇਲ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਗਏ ਪ੍ਰਚਾਰ ਵਿਅਰਥ ਸਾਬਤ ਹੋਏ ਕਿਉਂਕਿ ਵੋਟਰ ਵੱਡੀ ਗਿਣਤੀ ਵਿੱਚ ਵੋਟ ਪਾਉਣ ਲਈ ਬਾਹਰ ਨਹੀਂ ਆਏ। ਕਰਨਲ ਗਿੱਲ ਦਾ ਇਹ ਵੀ ਵਿਚਾਰ ਸੀ ਕਿ ਇਹ ਬਿਲਕੁਲ ਵੀ ਭਾਗੀਦਾਰੀ ਵਾਲਾ ਲੋਕਤੰਤਰ ਨਹੀਂ ਹੈ।

ਉਮੀਦਵਾਰਾਂ ਦੁਆਰਾ ਚੋਣ ਮੁਹਿੰਮਾਂ ਵਿੱਚ ਭਾਰੀ ਖਰਚਾ ਅਤੇ ਨਾਲ ਹੀ ਇੰਨੇ ਦਿਨਾਂ ਲਈ ਤਾਇਨਾਤ ਪੁਲਿਸ ਸਮੇਤ ਅਤੇ ਹੋਰ ਸਰਕਾਰੀ ਤੰਤਰ ਅੰਤ ਵਿੱਚ ਬੇਕਾਰ ਸਾਬਤ ਹੋਏ। ਉਮੀਦਵਾਰਾਂ ਵਿੱਚ ਚੋਣਾਂ ਤੋਂ ਪਹਿਲਾਂ ਮੁੱਦੇ-ਅਧਾਰਤ ਚਰਚਾਵਾਂ ਗਾਇਬ ਸਨ। ਇੱਕ ਹੋਰ ਕਾਰਕੁਨ ਪ੍ਰੋ. ਪੀ. ਕੇ. ਸ਼ਰਮਾ ਨੇ ਕਿਹਾ ਕਿ ਇਹ ਸੱਚਮੁੱਚ ਬਹੁਤ ਹੀ ਮਾੜੀ ਸਥਿਤੀ ਹੈ, ਜੇਕਰ ਜਨਤਾ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨ ਵਿੱਚ ਸੁਸਤ ਹੈ। ਹਲਕੇ ਦੇ ਇੱਕ ਵੋਟਰ ਕੇ. ਬੀ. ਸਿੰਘ ਦਾ ਕਹਿਣਾ ਹੈ ਕਿ ਵੋਟਰਾਂ ਦੀ ਬੇਰੁਖੀ ਦਰਸਾਉਂਦੀ ਹੈ ਕਿ ਉਹ ਸਿਆਸਤਦਾਨਾਂ ਵਿੱਚ ਦਿਲਚਸਪੀ ਗੁਆ ਰਹੇ ਹਨ ਕਿਉਂਕਿ ਕਦੇ ਵੀ ਸਿਆਸਤਦਾਨ ਉਨ੍ਹਾਂ ਮੁੱਦਿਆਂ 'ਤੇ ਗੱਲ ਨਹੀਂ ਕਰਦੇ ਜੋ ਸਾਲਾਂ ਤੋਂ ਲਟਕਦੇ ਰਹਿੰਦੇ ਹਨ।



ਲੁਧਿਆਣਾ, ਪੱਛਮੀ ਵਿਧਾਨ ਸਭਾ ਹਲਕੇ ਦੀ ਹੋਈ ਉਪ ਚੋਣ ਵਿੱਚ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਆਪਣੀ ਵੋਟ ਪਾਉਣ ਤੋਂ ਬਾਅਦ ਬਾਹਰ ਆ ਕੇ ਨਿਸ਼ਾਨ ਦਿਖਾਉਂਦੇ ਹੋਏ।

***ਫੋਟੋ ਤੇ ਵੇਰਵਾ ਰਵਿੰਦਰ ਸਿੰਘ ਨਿੱਝਰ***



ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਵਿਖੇ ਹੋਈਆਂ ਚੋਣਾਂ ਵਿੱਚ ਵੋਟ ਪਾ ਕੇ ਬਾਹਰ ਆਉਣ ਮੌਕੇ ਭਾਜਪਾ ਦੀ ਪੰਜਾਬ ਕਾਰਜਕਾਰਨੀ ਦੇ ਮੈਂਬਰ ਤੇ ਪੰਜਾਬ ਮੀਡੀਅਮ ਇੰਡਸਟਰੀਜ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਟਿੱਕਾ ਅਤੇ ਉਨ੍ਹਾਂ ਦੀ ਐਡਵੋਕੇਟ ਪਤਨੀ।

***ਫੋਟੋ ਤੇ ਵੇਰਵਾ ਰਵਿੰਦਰ ਸਿੰਘ ਨਿੱਝਰ***



ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਵਿਖੇ ਹੋਈਆਂ ਚੋਣਾਂ ਵਿੱਚ ਵੋਟ ਪਾ ਕੇ ਬਾਹਰ ਆਉਣ ਮੌਕੇ ਸੀਨੀਅਰ ਅਕਾਲੀ ਨੇਤਾ ਗੁਰਦੀਪ ਸਿੰਘ ਲੀਲ।

***ਫੋਟੋ ਤੇ ਵੇਰਵਾ ਰਵਿੰਦਰ ਸਿੰਘ ਨਿੱਝਰ***



ਲੁਧਿਆਣਾ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀਆਂ ਵੋਟਾਂ ਪੈਣ ਮੌਕੇ ਬੂਥ ਤੇ ਬੈਠੇ ਆਪ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ, ਸੀਨੀਅਰ ਆਪ ਆਗੂ ਮਨਪ੍ਰੀਤ ਸਿੰਘ ਬੰਟੀ ਤੇ ਹੋਰ ਆਮ ਆਦਮੀ ਪਾਰਟੀ ਦਾ ਚੋਣ ਨਿਸ਼ਾਨ ਝਾੜੂ ਦਿਖਾਉਂਦੇ ਹੋਏ।

***ਫੋਟੋ ਤੇ ਵੇਰਵਾ ਰਵਿੰਦਰ ਸਿੰਘ ਨਿੱਝਰ***

# ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਦੇ ਪਾਠ ਪੜ੍ਹਾਉਣ ਵਾਲੀ ਕੰਪਨੀ ਦੇ ਟਰੱਕ ਖ਼ੁਦ ਦੇ ਰਹੇ ਹਨ ਹਾਦਸਿਆਂ ਨੂੰ ਸੱਦਾ




ਸਾਹਨੇਵਾਲ ਕੁਹਾੜਾ, 19 ਜੂਨ (ਕੁਲਦੀਪ ਸਿੰਘ ਕੁਹਾੜਾ) : ਕੁਹਾੜਾ ਵਿਖੇ ਬਣੀ ਟੀ. ਕੇ. ਸਟੀਲ ਕੰਪਨੀ ਵੱਲੋਂ ਚੰਡੀਗੜ੍ਹ ਮਾਰਗ ਉੱਤੇ ਆਪਣੀ ਫੈਕਟਰੀ ਨੂੰ ਜਾਂਦੇ ਰਸਤੇ ਨੂੰ ਦਰਸਾਉਂਦਾ ਫਲੈਕਸ ਬੋਰਡ ਜਿਸ ਉੱਤੇ ਲੋਕਾਂ ਨੂੰ ਦੁਰਘਟਨਾ ਨਾਲੋਂ ਦੇਰ ਚੰਗੀ ਦੇ ਟਰੈਫਿਕ ਨਿਯਮ ਦਾ ਪਾਠ ਪੜ੍ਹਾਉਣ ਦਾ ਸਲੋਗਨ ਲਿਖਿਆ ਹੋਇਆ ਹੈ । ਜਦੋਂ ਕਿ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ ਲੋਕਾਂ ਨੂੰ ਟਰੈਫਿਕ ਨਿਯਮਾਂ ਦੇ ਪਾਠ ਪੜ੍ਹਾਉਣ ਵਾਲੀ ਕੰਪਨੀ ਦੇ ਰੋਜ਼ਾਨਾ ਭਾਰੀ ਗਿਣਤੀ ਵਿੱਚ ਵਾਹਨ ਕੁਹਾੜਾ ਤੋਂ ਲੁਧਿਆਣਾ ,ਅਤੇ ਸਾਹਨੇਵਾਲ ਦੀਆਂ ਸੜਕਾਂ ਤੇ ਓਵਰ ਲੋਡ ਤੇ ਓਵਰ ਲੈਂਥ ਸ਼ਰੀਆ ਲੱਦਕੇ ਸੜ੍ਹਕਾਂ ਉਤੇ ਘੁੰਮਦੇ ਦੇਖੇ ਜਾ ਸਕਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਟਰੈਫਿਕ ਨਿਯਮਾਂ ਦਾ ਪਾਠ ਪੜ੍ਹਾਉਣ ਵਾਲੀ ਇਹ ਸਟੀਲ ਕੰਪਨੀ ਆਪ ਕਿਹੜੇ ਨਿਯਮਾਂ ਦੀ ਪਾਲਣਾ ਕਰਦੀ ਹੈ ਅਤੇ ਚੌਂਕਾਂ ਵਿੱਚ ਤਾਇਨਾਤ ਟਰੈਫਿਕ ਪੁਲਿਸ ਵੀ ਇਨ੍ਹਾਂ ਜਮਦੂਤ ਬਣ ਕੇ ਘੁੰਮ ਰਹੇ ਓਵਰ ਲੈਂਥ ਸ਼ਰੀਆ ਵਾਲੇ ਟਰੱਕ ਨੂੰ ਦੇਖ ਕੇ ਅਣਦੇਖਿਆ ਕਰ ਦਿੰਦੀ ਹੈ, ਜਿਸ ਨਾਲ ਰੋਜ਼ਾਨਾ ਸੜਕ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਕਈ ਸੜਕ ਹਾਦਸਿਆਂ ਵਿੱਚ ਕਈ ਕੀਮਤੀ ਜਾਨਾਂ ਵੀ ਜਾ ਚੁੱਕੀਆਂ ਹਨ ਲੋਕਾਂ ਦੀ ਮੰਗ ਹੈਂ ਕਿ ਅਜਿਹੀਆਂ ਫੈਕਟਰੀਆਂ ਦੀਆਂ ਓਵਰ ਲੋਡ ਤੇ ਓਵਰ ਲੈਂਥ ਸ਼ਰੀਆ ਵਾਲੇ ਟਰੱਕ ਚਾਲਕਾਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇ।

## ਕੀ ਕਹਿਣਾ ਡੀ.ਐਸ.ਪੀ. ਟ੍ਰੈਫ਼ਿਕ ਪੁਲਿਸ ਦਾ

ਜਦੋਂ ਇਸ ਸਬੰਧੀ ਟ੍ਰੈਫ਼ਿਕ ਪੁਲਿਸ ਦੇ ਏਸੀਪੀ ਗੁਰਪ੍ਰੀਤ ਸਿੰਘ ਸਿੱਧੂ ਨਾਲ ਉਹਨਾਂ ਦੇ ਮੋਬਾਇਲ ਫੋਨ ਤੇ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਹੁਣ ਸਾਡੀ ਇਲੈਕਸ਼ਨ ਡਿਊਟੀ ਚੱਲ ਰਹੀ ਹੈ ਅਸੀਂ ਇਹਨਾਂ ਖਿਲਾਫ਼ ਪਹਿਲਾਂ ਵੀ ਕਈ ਵਾਰ ਇਹਨਾਂ ਦੀਆਂ ਗੱਡੀਆਂ ਦੇ ਚਲਾਣ ਕਰ ਚੁੱਕੇ ਹਾਂ ਕੁਝ ਦਿਨ ਬਾਅਦ ਫਿਰ ਇਹਨਾਂ ਓਵਰ ਲੈਂਥ ਤੇ ਓਵਰ ਲੋਡ ਸਰੀਏ ਵਾਲੀਆਂ ਗੱਡੀਆਂ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ।

# ਜਵੱਦੀ ਟਕਸਾਲ ਵੱਲੋਂ ਤਿੰਨ ਰੋਜ਼ਾ ਸਾਲਾਨਾ ਗੁਰਮਤਿ ਸੰਗੀਤ ਕਾਰਜਸ਼ਾਲਾ-2025 ਸੰਪੰਨ




ਲੁਧਿਆਣਾ, 19 ਜੂਨ (ਕਰਨੈਲ ਸਿੰਘ ਐੱਮ.ਏ.) : ਅਜੋਕੇ ਯੁੱਗ ਵਿੱਚ ਵਿਸ਼ਵ ਭਰ 'ਚ ਪੁਰਾਤਨ ਗੁਰਮਤਿ ਸੰਗੀਤ ਲਈ ਨਿਰੰਤਰ ਸੇਵਾਵਾਂ ਨਿਭਾਉਣ, ਗੁਰਬਾਣੀ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਜਵੱਦੀ ਟਕਸਾਲ ਵੱਲੋਂ ਹਰ ਸਾਲ ਦੀ ਤਰ੍ਹਾਂ ਕਰਵਾਏ ਸਲਾਨਾਂ ਗੁਰਮਤਿ ਸੰਗੀਤ ਕਾਰਜਸ਼ਾਲਾ-2025 ਦੇ ਅੱਜ ਅੰਤਲੇ ਦਿਨ ਵੱਖ-ਵੱਖ ਨਗਰਾਂ ਤੋਂ, ਵੱਖ-ਵੱਖ ਸੰਗੀਤਕ ਅਕੈਡਮੀਆਂ ਦੇ ਪੁੱਜੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਵਿਸ਼ਵ ਪ੍ਰਸਿੱਧ ਸਿਤਾਰ ਵਾਦਕ ਪਦਮ ਸ਼੍ਰੀ ਸ਼ਾਹਿਦ ਪਰਵੇਜ਼ ਜੀ ਦੀ ਸਿਤਾਰ ਸਰਵਣ ਕਰਨ ਅਤੇ ਉਨ੍ਹਾਂ ਦੇ ਤਜ਼ਰਬੇ ਨੂੰ ਸਮਝਣ ਦਾ ਸੁਭਾਗ ਅਵਸਰ ਪ੍ਰਾਪਤ ਹੋਇਆ, ਉੱਥੇ ਸਿਤਾਰ ਵਜਾਉਂਦਿਆਂ ਉਨ੍ਹਾਂ ਸਰੋਤਿਆਂ ਨੂੰ ਵੀ ਕੀਲਿਆ।

ਇਨ੍ਹਾਂ ਤੋਂ ਇਲਾਵਾ ਕੁਮਾਰੀ ਸਮਰਾਜੰਨੀ ਬੈਨਰਜੀ ਕੋਲਕਾਤਾ, ਭਾਈ ਸਹਿਜਦੀਪ ਸਿੰਘ ਨੇ ਵੀ ਪੇਸ਼ਕਾਰੀ ਕੀਤੀ। ਜਦਕਿ ਉਸਤਾਦ ਜਤਿੰਦਰਪਾਲ ਸਿੰਘ, ਉਸਤਾਦ ਇੰਦਰਜੀਤ ਸਿੰਘ ਬਿੰਦੂ, ਉਸਤਾਦ ਮਨਿੰਦਰ ਸਿੰਘ, ਪੰਡਿਤ ਰਮਾਂਕਾਂਤ ਜੀ, ਪ੍ਰੋ: ਗੋਬਿੰਦਰ ਸਿੰਘ ਆਲਮਪੁਰੀ ਆਦਿ ਤੋਂ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਸੁਰ ਤੇ ਸੰਗੀਤਕ ਸ਼ੈਲੀ ਅਨੁਸਾਰ ਵਕਤੀ ਰਾਗ 'ਚ ਗਾਇਨ ਕਿਵੇਂ ਕਰਨਾ।ਸੁਰ ਅਤੇ ਲੈਅ ਵਿੱਚ ਕਿਸੇ ਵੀ ਵਾਦਨ ਸਾਜ਼ ਨੂੰ ਪ੍ਰਪੱਕਤਾ ਤੇ ਨਿਪੁੰਨਤਾ ਨਾਲ ਕਿਵੇਂ ਵਜਾਉਣਾ। ਵਿਲੰਬਤ ਲੈਅ, ਮੱਧ ਤੇ ਤਾਰ, ਸਪਤਕ ਲੈਅਕਾਰੀ, ਅੰਦਰ ਗਾਇਨ ਕਰਦਿਆਂ ਸਵਰ, ਅਲਾਪ, ਤਾਨਾਂ, ਮੁਰਕਿਆਂ, ਮੀਡਾਂ, ਗਮਕਾਂ, ਖਿਰਨਾ, ਸਪਾਟ ਤਾਨਾਂ ਦੀ ਕਾਇਦੇ ਮੁਤਾਬਿਕ ਪੇਸ਼ਕਾਰੀ ਆਦਿ ਸੰਗੀਤ ਕਲਾ ਦੀਆਂ ਬਾਰੀਕੀਆਂ ਨੂੰ ਬਾਖੂਬੀ ਪੇਸ਼ ਕਿਵੇਂ ਕਰਨਾ ਆਦਿ ਪੱਖਾਂ ਨੂੰ ਬਾਰੀਕੀ ਨਾਲ ਸਮਝਣ ਦਾ ਸ਼ੁਭ ਮੌਕਾ ਮਿਲਿਆ। ਭਾਈ ਜਸਪ੍ਰੀਤ ਸਿੰਘ ਬਠਿੰਡਾ, ਡਾ: ਗੁਰਿੰਦਰ ਸਿੰਘ ਬਟਾਲਾ, ਪ੍ਰੋ: ਪ੍ਰੇਮ ਸਾਗਰ ਜੀ, ਰਾਜੇਸ਼ ਮਾਲਵੀਆ, ਡਾ: ਗੁਰਦਿਆਲ ਸਿੰਘ ਲਾਲੀ, ਮੈਡਮ ਅਵਤਾਰ ਕੌਰ ਆਦਿ ਨੇ ਵੀ ਵਿਦਿਆਰਥੀਆਂ ਨਾਲ ਸੰਗੀਤ ਦੀਆਂ ਬਾਰੀਕੀਆਂ ਸਾਂਝੀਆਂ ਕੀਤੀਆਂ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1 'ਚ ਗੁਰਮਤਿ ਕੈਂਪ ਦੇ ਦੂਸਰੇ ਦਿਨ : ਬੈਨੀਪਾਲ



ਲੁਧਿਆਣਾ, 19 ਜੂਨ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਸਿੱਖ ਮਿਸ਼ਨਰੀ ਕਾਲਜ ਪੱਖੋਵਾਲ ਸਰਕਲ ਲੁਧਿਆਣਾ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਗੁਰਮਤਿ ਕੈਂਪ ਦੀ ਆਰੰਭਤਾ 16 ਜੂਨ ਨੂੰ ਹੋਈ ਸੀ। ਅੱਜ ਕੈਂਪ ਦੇ ਦੂਸਰੇ ਦਿਨ ਜਿਸ ਵਿੱਚ ਗੁਰਬਾਣੀ ਕੰਠ, ਸਿੱਖ ਇਤਿਹਾਸ, ਦਸਤਾਰ ਸਿਖਲਾਈ, ਕੀਰਤਨ ਸਿਖਲਾਈ, ਗਤਕਾ ਸਿਖਲਾਈ ਦੀ ਬੱਚਿਆਂ ਨੂੰ ਸਿਖਲਾਈ ਦਿੱਤੀ ਗਈ। ਅੱਜ ਦੂਸਰੇ ਦਿਨ ਕਾਫੀ ਬੱਚਿਆਂ ਦਾ ਉਤਸ਼ਾਹ ਦੇਖਣ ਨੂੰ ਮਿਲਿਆ। ਜਿਸ ਵਿੱਚ ਪਹਿਲੀ ਕਲਾਸ ਤੋਂ ਲੈ ਕੇ ਕਾਲਜ ਤੱਕ ਦੇ ਵਿਦਿਆਰਥੀ ਨੇ ਭਾਗ ਲਿਆ। ਮਿਊਜ਼ਿਕ ਸਿਖਲਾਈ ਬੀਬੀ ਤੇਜਿੰਦਰ ਕੌਰ ਅਤੇ ਰਣਧੀਰ ਸਿੰਘ, ਗੁਰਬਾਣੀ ਸਿਖਲਾਈ ਬੀਬੀ ਪਰਮਜੀਤ ਕੌਰ, ਸਿੱਖ ਇਤਿਹਾਸ ਪਰਵਿੰਦਰ ਸਿੰਘ, ਦਸਤਾਰ ਅਤੇ ਦੁਮਾਲਾ ਸਿਖਲਾਈ ਗੁਰਜੋਤ ਸਿੰਘ, ਗਤਕਾ ਸਿਖਲਾਈ ਗੁਰਪ੍ਰੀਤ ਸਿੰਘ ਅਤੇ ਟਰੈਫਿਕ ਨਿਯਮਾਂ ਦੀ ਸਿਖਲਾਈ ਇੰਸਪੈਕਟਰ ਜਸਵੀਰ ਸਿੰਘ ਅਤੇ ਬੀਬੀ ਸੁਮਨਜੀਤ ਕੌਰ ਨੇ ਬੱਚਿਆਂ ਨੂੰ ਸਿਖਲਾਈ ਸ਼ਾਮ 4 ਵਜੇ ਤੋਂ 6 ਵਜੇ ਤੱਕ ਦਿੱਤੀ ਅਤੇ ਬਾਅਦ ਵਿੱਚ ਬੱਚਿਆਂ ਨੂੰ ਚਾਹ ਪਕੌੜਿਆਂ ਦਾ ਲੰਗਰ ਵੀ ਦਿੱਤਾ ਗਿਆ।

ਇਸ ਤਰ੍ਹਾਂ ਬੱਚਿਆਂ ਨੂੰ ਗੁਰਬਾਣੀ, ਕੀਰਤਨ ਅਤੇ ਗੱਤਕੇ ਜੋੜਨ ਦਾ ਇੱਕ ਵਧੀਆ ਉਪਰਾਲਾ ਕੀਤਾ। ਜਿਹੜੇ ਬੱਚਿਆਂ ਨੇ ਗੁਰਬਾਣੀ ਕੀਰਤਨ ਵਿੱਚ ਹਿੱਸਾ ਲਿਆ ਹਰਸ਼ੀਨ ਕੌਰ, ਸੀਰਤ ਕੌਰ ਸਿਮਰਜੀਤ ਸਿੰਘ, ਤਾਰਨਪ੍ਰੀਤ ਕੌਰ, ਤਨਵੀਰ ਕੌਰ, ਹਰਰਹਿਮਤ ਸਿੰਘ, ਗੁਰਮੇਹਰ ਕੌਰ, ਗੁਰਆਸੀਸ ਸਿੰਘ, ਰੁਤਵੀਰ ਸਿੰਘ, ਰਹਿਮਤ ਸਿੰਘ, ਪਰਵਨੀਤ ਸਿੰਘ, ਹਰਜੱਸ ਸਿੰਘ, ਗੁਰਕੀਰਤ ਸਿੰਘ, ਤਵਨੀਤ ਕੌਰ, ਜਸਨੂਰ ਸਿੰਘ, ਨਵਰੀਤ ਕੌਰ, ਮਨਪ੍ਰੀਤ ਕੌਰ, ਜੈਸਮੀਨ ਕੌਰ, ਭਾਵਨਾ ਕੌਰ, ਸਤਿੰਦਰ ਕੌਰ, ਕਮਲਜੋਤ ਸਿੰਘ, ਜਸਵੀਰ ਸਿੰਘ, ਅੰਗਰੇਜ ਸਿੰਘ ਬੱਚਿਆਂ ਨੇ ਭਾਗ ਲਿਆ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਸਾਰੇ ਬੱਚੇ ਵਧਾਈ ਦੇ ਪਾਤਰ ਹਨ। ਸਾਰੇ ਪਰਿਵਾਰਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਸਾਰੇ ਪਰਿਵਾਰ ਬੱਚਿਆਂ ਨੂੰ ਗੁਰਬਾਣੀ, ਕੀਰਤਨ ਅਤੇ ਸਿੱਖ ਇਤਿਹਾਸ ਨਾਲ ਜੋੜਨ।

# 'ਮਨੋਵਿਗਿਆਨੀਆਂ, ਮਨੋਰੋਗ ਮਾਹਿਰਾਂ ਨੂੰ ਪੋਰਨੋਗ੍ਰਾਫ਼ੀ ਦੇਖਣ ਦੇ ਰੁਝਾਨ ਨੂੰ ਰੋਕਣ ਲਈ ਮਾਰਗਦਰਸ਼ਨ ਕਰਨ ਲਈ ਅੱਗੇ ਆਉਣਾ ਚਾਹੀਦੈ'

ਲੁਧਿਆਣਾ, 19 ਜੂਨ (ਵਿਸ਼ਾਲ ਸ਼ਰਮਾ) : ਪੰਜਾਬ ਵਿੱਚ ਇੱਕ ਨੌਜਵਾਨ ਔਰਤ ਸੋਸ਼ਲ ਮੀਡੀਆ ਸਮੱਗਰੀ ਨਿਰਮਾਤਾ ਦਾ ਕੁਝ ਸਵੈ-ਘੋਸ਼ਿਤ ਸਮਾਜ ਸੁਧਾਰਕਾਂ ਨੇ ਕਾਨੂੰਨ ਤੋਂ ਉੱਪਰ ਉੱਠ ਕੇ ਕਤਲ ਕਰ ਦਿੱਤਾ, ਜੋ ਕਿ ਇੱਕ ਬਹੁਤ ਹੀ ਬੇਰਹਿਮ ਕਾਰਵਾਈ ਹੈ।ਮਨੁੱਖੀ ਜੀਵਨ ਬਹੁਤ ਕੀਮਤੀ ਹੈ ਅਤੇ ਸਾਨੂੰ ਆਪਣੇ ਇਮਾਨਦਾਰ ਯਤਨਾਂ ਨਾਲ ਲੋਕਾਂ ਦੀਆਂ ਜਾਨਾਂ ਨੂੰ ਅਜਿਹੀ ਹਿੰਸਾ ਤੋਂ ਬਚਾਉਣਾ ਚਾਹੀਦਾ ਹੈ। ਸਾਡੇ ਗੁਰੂਆਂ ਨੇ ਕਦੇ ਵੀ ਅਜਿਹੀ ਹਿੰਸਾ ਦੀ ਇਜਾਜ਼ਤ ਨਹੀਂ ਦਿੱਤੀ। ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥਾਂ ਵਿੱਚ ਨਹੀਂ ਲੈਣਾ ਚਾਹੀਦਾ। ਇਸ ਦੇ ਨਾਲ ਹੀ, ਸਾਨੂੰ ਸਾਰਿਆਂ ਨੂੰ ਪੋਰਨੋਗ੍ਰਾਫੀ ਨੂੰ ਉਤਸ਼ਾਹਿਤ ਕਰਨ ਦੀ ਪ੍ਰਵਿਰਤੀ ਦੀ ਸਖ਼ਤ ਨਿੰਦਾ ਕਰਨੀ ਚਾਹੀਦੀ ਹੈ। ਔਨਲਾਈਨ ਅਸ਼ਲੀਲਤਾ ਅਤੇ ਪੋਰਨੋਗ੍ਰਾਫੀ ਸਮੱਗਰੀ ਨਿਰਮਾਤਾ ਸਿਰਫ ਉਸ ਸਮੱਗਰੀ ਵਿੱਚ ਦਿਲਚਸਪੀ ਦੁਆਰਾ ਪ੍ਰੇਰਿਤ ਹੁੰਦੇ ਹਨ ਜੋ ਲੋਕ ਦੇਖਣਾ ਚਾਹੁੰਦੇ ਹਨ ਅਤੇ ਇਹ ਨਿਸ਼ਚਤ ਤੌਰ 'ਤੇ ਇੱਕ ਸਮਾਜਿਕ ਸਰਾਪ ਹੈ। ਬਹੁਤ ਸਾਰੇ ਲੋਕ ਇਸਨੂੰ ਇੱਕ ਧਾਰਮਿਕ ਮੁੱਦਾ ਬਣਾ ਰਹੇ ਹਨ, ਜੋ ਕਿ ਨਿਰਪੱਖ ਨਹੀਂ ਹੈ, ਕਿਉਂਕਿ ਅਜਿਹੀ ਸਮੱਗਰੀ ਦੇਖਣ ਵਾਲੇ ਲੋਕ ਹਰ ਜਾਤ, ਧਰਮ ਅਤੇ ਧਰਮ ਦੇ ਹਨ। ਸਾਡਾ ਦੇਸ਼ ਸਾਰੇ ਭਾਈਚਾਰਿਆਂ ਦਾ ਸਮੂਹ ਹੈ ਅਤੇ ਦੂਜਿਆਂ ਨਾਲ ਨਫ਼ਰਤ ਕਰਨਾ ਉਚਿਤ ਨਹੀਂ ਹੈ।

ਲੋਕ ਭਾਈਚਾਰਿਆਂ ਵਿੱਚ ਦੁਸ਼ਮਣੀ ਪੈਦਾ ਕਰ ਰਹੇ ਹਨ। ਸਾਨੂੰ ਨੌਜਵਾਨਾਂ ਦੇ ਜੀਵਨ ਨਾਲ ਹਿੰਸਾ ਕੀਤੇ ਬਿਨਾਂ ਇਸ ਚੁਣੌਤੀ ਦਾ ਸਾਹਮਣਾ ਕਰਨ ਦੇ ਤਰੀਕੇ ਲੱਭਣੇ ਚਾਹੀਦੇ ਹਨ ਅਤੇ ਇਸਨੂੰ ਸੰਪੂਰਨ ਤੌਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਭਾਰਤੀ ਸਮਾਜ ਵਿੱਚ ਸੈਕਸ ਬਾਰੇ ਗੱਲ ਕਰਨਾ ਵਰਜਿਤ ਹੈ ਅਸੀਂ ਚਰਚਾਵਾਂ ਨੂੰ ਦਬਾਉਂਦੇ ਹਾਂ ਅਤੇ ਨਿਰਾਸ਼ ਨੌਜਵਾਨਾਂ ਨੂੰ ਸੈਕਸ ਅਤੇ ਵਾਸਨਾ ਨਾਲ ਸਬੰਧਤ ਸਮੱਸਿਆਵਾਂ ਬਾਰੇ ਇਮਾਨਦਾਰ ਮਾਰਗਦਰਸ਼ਨ ਨਹੀਂ ਦਿੱਤਾ ਜਾਂਦਾ।ਅਸੀਂ ਨਾ ਤਾਂ ਆਪਣੇ ਆਪ ਮਜ਼ਬੂਤ ਸਵੈ-ਸਹਾਇਤਾ ਪ੍ਰਾਪਤ ਨੈਤਿਕ, ਧਾਰਮਿਕ ਅਤੇ ਮਨੋਵਿਗਿਆਨਕ ਸਮਰਥਨ ਨਾਲ ਲੈਸ ਹਾਂ ਅਤੇ ਨਾ ਹੀ ਕਿਸੇ ਪ੍ਰਭਾਵਸ਼ਾਲੀ ਕਾਨੂੰਨੀ ਢਾਂਚੇ ਦੁਆਰਾ ਸੁਰੱਖਿਅਤ ਹਾਂ, ਜੋ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਅਜਿਹੀ ਸਮੱਗਰੀ ਦੀ ਆਗਿਆ ਦੇਣ ਤੋਂ ਰੋਕਣ ਲਈ ਹੋਣਾ ਚਾਹੀਦਾ ਹੈ।ਅਸੀਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਅਸਮਰੱਥ ਮਹਿਸੂਸ ਕਰਦੇ ਹਾਂ, ਕਿਉਂਕਿ ਸਾਡੀ ਵਿਦਿਅਕ ਅਤੇ ਸਮਾਜਿਕ-ਧਾਰਮਿਕ ਪ੍ਰਣਾਲੀ ਨੇ ਸਾਡੀ ਤਰਕਸ਼ੀਲ ਸੋਚ ਨੂੰ ਵਿਕਸਤ ਨਹੀਂ ਹੋਣ ਦਿੱਤਾ ਹੈ। ਨੌਜਵਾਨਾਂ ਨੂੰ ਆਪਣੇ ਪਰਿਵਾਰਾਂ ਦਾ ਸਮਰਥਨ ਕਰਨ ਲਈ ਨਿਯਮਤ ਅਰਥਪੂਰਨ ਰੁਜ਼ਗਾਰ ਵਿੱਚ ਰੁੱਝਿਆ ਹੋਣਾ ਚਾਹੀਦਾ ਹੈ ਤਾਂ ਜੋ ਉਹ ਅਜਿਹੇ ਸਸਤੇ ਕਮਾਈ ਦੇ ਤਰੀਕਿਆਂ ਦਾ ਸ਼ਿਕਾਰ ਨਾ ਹੋਣ।

ਅਜਿਹੇ ਮੁੱਦੇ ਸਾਡੇ ਸਮਾਜ ਦੀ ਅਯੋਗਤਾ ਅਤੇ ਸਾਡੀ ਕਮਜ਼ੋਰ ਸਿੱਖਿਆ ਪ੍ਰਣਾਲੀ ਨੂੰ ਦਰਸਾਉਂਦੇ ਹਨ ਜੋ ਨੌਜਵਾਨਾਂ ਨੂੰ ਸੰਤੁਲਿਤ ਦਿਮਾਗ ਨਾਲ ਤਿਆਰ ਨਹੀਂ ਕਰ ਰਹੀ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਅਜਿਹੀ ਸਮੱਗਰੀ ਤੋਂ ਪੈਸਾ ਕਮਾਉਣ ਲਈ ਮਜਬੂਰ ਕੀਤਾ ਹੈ। ਇਹ ਸੱਚਮੁੱਚ ਬਹੁਤ ਮੰਦਭਾਗਾ ਹੈ ਕਿ ਸਾਡੇ ਸਿਆਸਤਦਾਨ ਜੋ ਹਰ ਮੁੱਦੇ 'ਤੇ ਬੋਲਦੇ ਹਨ, ਅਜਿਹੇ ਮੁੱਦੇ 'ਤੇ ਇੱਕ ਸ਼ਬਦ ਵੀ ਨਹੀਂ ਬੋਲੇ। ਕੀ ਉਹ ਸਮਾਜ ਵਿੱਚ ਅਜਿਹੀਆਂ ਚੁਣੌਤੀਆਂ ਤੋਂ ਅਣਜਾਣ ਹਨ ? ਅਖ਼ਬਾਰਾਂ, ਟੀਵੀ ਅਤੇ ਫਿਲਮ ਇੰਡਸਟਰੀ ਵਿੱਚ ਕਾਮੁਕ ਇਸ਼ਤਿਹਾਰਾਂ ਵਿਰੁੱਧ ਕਦੇ ਕਿਸੇ ਨੇ ਆਵਾਜ਼ ਨਹੀਂ ਉਠਾਈ।ਪੈਸਾ ਕਮਾਉਣਾ ਸਭ ਕੁਝ ਕਿਉਂ ਹੈ ? ਸਰਕਾਰਾਂ ਨੈਤਿਕ ਗਿਰਾਵਟ 'ਤੇ ਚੁੱਪ ਕਿਉਂ ਹਨ ? ਰਾਸ਼ਟਰੀ ਅਤੇ ਰਾਜ ਪੱਧਰ 'ਤੇ ਮਹਿਲਾ ਕਮਿਸ਼ਨਾਂ ਨੇ ਅਜਿਹੀਆਂ ਸਾਈਟਾਂ 'ਤੇ ਪਾਬੰਦੀ ਲਗਾਉਣ ਵਿੱਚ ਕਦੇ ਵੀ ਸਰਗਰਮ ਭੂਮਿਕਾ ਨਹੀਂ ਨਿਭਾਈ ਕਿਉਂਕਿ ਉਹ ਇਸ ਮੁੱਦੇ 'ਤੇ ਸੁੱਤੇ ਪਏ ਹਨ।

ਮਹਿਲਾ ਕਮਿਸ਼ਨਾਂ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਵੈੱਬ ਪੋਰਟਲਾਂ 'ਤੇ ਔਰਤਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਨਿਯਮ ਬਣਾਉਣੇ ਚਾਹੀਦੇ ਹਨ ਅਤੇ ਲਾਗੂ ਕਰਨੇ ਚਾਹੀਦੇ ਹਨ। ਮਾਪਿਆਂ ਅਤੇ ਅਧਿਆਪਕਾਂ ਦਾ ਆਪਣੇ ਬੱਚਿਆਂ ਨਾਲ ਬਹੁਤ ਨਜ਼ਦੀਕੀ ਅਤੇ ਚੌਕਸ ਰਿਸ਼ਤਾ ਹੋਣਾ ਚਾਹੀਦਾ ਹੈ ਤਾਂ ਜੋ ਉਹ ਗਲਤ ਰਸਤੇ 'ਤੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਸੁਧਾਰ ਸਕਣ। ਸਮਾਜ ਦੇ ਬਿਹਤਰ ਭਵਿੱਖ ਲਈ ਸਿਰਫ ਸਿੱਖਿਆ ਮਹੱਤਵਪੂਰਨ ਹੈ ਅਤੇ ਅਧਿਆਪਕਾਂ ਦੀ ਬਹੁਤ ਵੱਡੀ ਭੂਮਿਕਾ ਹੈ ਅਤੇ ਉਨ੍ਹਾਂ ਨੂੰ ਨੌਜਵਾਨਾਂ ਨੂੰ ਸਰਗਰਮੀ ਨਾਲ ਮਾਰਗਦਰਸ਼ਨ ਕਰਨ ਦੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ।ਸੋਸ਼ਲ ਮੀਡੀਆ 'ਤੇ ਅਸ਼ਲੀਲਤਾ ਅਤੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਅਜਿਹੇ ਦ੍ਰਿਸ਼ ਨੂੰ ਦੇਖਦੇ ਹੋਏ, ਸਾਨੂੰ ਐਮਰਜੈਂਸੀ ਕਦਮ ਚੁੱਕਣੇ ਚਾਹੀਦੇ ਹਨ। ਸਾਡੇ ਸਮਾਜ ਨੂੰ ਹਜ਼ਾਰਾਂ ਮਨੋਵਿਗਿਆਨੀ ਅਤੇ ਮਨੋਚਿਕਿਤਸਕਾਂ ਦੀ ਲੋੜ ਹੈ। ਦੁੱਖ ਦੀ ਗੱਲ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਵਿੱਚ ਇਸ ਲੋੜ ਦਾ ਧਿਆਨ ਨਹੀਂ ਰੱਖਿਆ ਗਿਆ ਹੈ ਤਾਂ ਜੋ ਅਸੀਂ ਕਾਫ਼ੀ ਗਿਣਤੀ ਵਿੱਚ ਪੇਸ਼ੇਵਰ ਤਿਆਰ ਕਰ ਸਕੀਏ।

# ਕਾਰ ਬਣੀ ਅੱਗ ਦਾ 'ਗੋਲਾ', ਵਿਆਹ ਤੋਂ ਪਰਤ ਰਹੇ ਪਰਿਵਾਰ ਦੇ 5 ਜੀਆਂ ਦੀ ਮੌਤ

ਬੁਲੰਦਸ਼ਹਿਰ, 19 ਜੂਨ (ਚ.ਨ.ਸ.): ਉੱਤਰ ਪ੍ਰਦੇਸ਼ ਦੇ ਬਦਾਊਂ 'ਚ ਵਿਆਹ ਸਮਾਗਮ 'ਚ ਸ਼ਾਮਲ ਹੋਣ ਤੋਂ ਬਾਅਦ ਦਿੱਲੀ ਪਰਤ ਰਹੇ ਇਕ ਪਰਿਵਾਰ ਦੇ 5 ਜੀਆਂ ਦੀ ਬੁੱਧਵਾਰ ਸਵੇਰੇ ਸੜਕ ਹਾਦਸੇ 'ਚ ਮੌਤ ਹੋ ਗਈ ਅਤੇ ਇਕ ਵਿਅਕਤੀ ਜ਼ਖਮੀ ਹੋ ਗਿਆ। ਇਹ ਜਾਣਕਾਰੀ ਦਿੰਦੇ ਹੋਏ ਪੁਲਿਸ ਨੇ ਦੱਸਿਆ ਕਿ ਡਰਾਈਵਰ ਨੂੰ ਨੀਂਦ ਆਉਣ ਕਾਰਨ ਕਾਰ ਬੇਕਾਬੂ ਹੋ ਗਈ ਅਤੇ ਸੜਕ 'ਤੇ ਇਕ ਪੁਲ ਨਾਲ ਟਕਰਾ ਗਈ। ਇਸ ਤੋਂ ਬਾਅਦ ਕਾਰ ਪਲਟ ਗਈ ਅਤੇ ਉਸ 'ਚ ਅੱਗ ਲੱਗ ਗਈ। ਵਧੀਕ ਪੁਲਿਸ ਸੁਪਰਡੈਂਟ (ਦਿਹਾਤੀ) ਤੇਜਵੀਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਜ਼ਿਲ੍ਹੇ ਦੇ ਜਹਾਂਗੀਰਾਬਾਦ ਥਾਣਾ ਖੇਤਰ ਦੇ ਜਾਨੀਪੁਰ ਪਿੰਡ ਨੇੜੇ ਸਵੇਰੇ 5.30 ਵਜੇ ਦੇ ਕਰੀਬ ਵਾਪਰੀ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇਕ



ਸਵਿਫਟ ਕਾਰ ਹਾਦਸਾਗ੍ਰਸਤ ਹੋ ਗਈ ਹੈ ਅਤੇ ਉਸ 'ਚ ਅੱਗ ਲੱਗ ਗਈ ਹੈ। ਸਥਾਨਕ ਪੁਲਿਸ ਅਤੇ ਫਾਇਰ ਬ੍ਰਿਗੇਡ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤਾ। ਸਿੰਘ ਨੇ ਦੱਸਿਆ ਕਿ "ਗੁਲਨਾਜ਼ (28) ਨਾਮੀ ਇਕ ਜ਼ਖਮੀ ਔਰਤ ਨੂੰ ਬਾਹਰ ਕੱਢਿਆ ਗਿਆ ਅਤੇ ਇਲਾਜ ਲਈ ਕਮਿਊਨਿਟੀ ਹੈਲਥ ਸੈਂਟਰ (ਸੀਐੱਚਸੀ) ਲਿਜਾਇਆ ਗਿਆ। ਕਾਰ ਸਵਾਰ 5 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਦੇ ਨਾਂ ਜ਼ੁਬੈਰ, ਤੰਜੀਮ, ਮੋਮਿਨਾ, ਜ਼ੈਨੁਲ ਅਤੇ ਜ਼ੇਬਾ ਹਨ।" ਉਨ੍ਹਾਂ ਕਿਹਾ," ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਸਾਰੇ 6 ਲੋਕ ਬਦਾਊਂ ਜ਼ਿਲ੍ਹੇ 'ਚ ਇਕ ਵਿਆਹ ਸਮਾਰੋਹ 'ਚ ਸ਼ਾਮਲ ਹੋਣ ਗਏ ਸਨ ਅਤੇ ਉੱਥੋਂ ਦਿੱਲੀ ਦੇ ਮਾਲਵੀਯ ਨਗਰ ਪਰਤ ਰਹੇ ਸਨ। ਸਵੇਰ ਦੇ ਸਮੇਂ ਕਾਰ ਦੇ ਡਰਾਈਵਰ ਨੂੰ ਨੀਂਦ ਆ ਗਈ ਅਤੇ ਗੱਡੀ ਬੇਕਾਬੂ ਹੋ ਕੇ ਇਕ ਪੁਲ ਨਾਲ ਜਾ ਟਕਰਾਈ। ਇਸ ਤੋਂ ਬਾਅਦ ਕਾਰ ਪਲਟੀ ਅਤੇ ਉਸ 'ਚ ਅੱਗ ਲੱਗ ਗਈ।" ਸਿੰਘ ਨੇ ਕਿਹਾ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਮਹਾਰਾਸ਼ਟਰ ਦੇ ਸਕੂਲਾਂ 'ਚ ਹਿੰਦੀ ਨੂੰ ਤੀਜੀ ਭਾਸ਼ਾ ਬਣਾਉਣ ਦਾ ਆਦੇਸ਼

ਮੁੰਬਈ, 19 ਜੂਨ (ਚ.ਨ.ਸ.): ਮਹਾਰਾਸ਼ਟਰ ਸਰਕਾਰ ਨੇ ਮਰਾਠੀ ਅਤੇ ਅੰਗਰੇਜ਼ੀ ਮੀਡੀਅਮ ਵਾਲੇ ਸਕੂਲਾਂ ਵਿੱਚ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਲਈ ਹਿੰਦੀ ਨੂੰ ਲਾਜ਼ਮੀ ਤੀਜੀ ਭਾਸ਼ਾ ਬਣਾਉਣ ਦਾ ਆਦੇਸ਼ ਜਾਰੀ ਕੀਤਾ ਹੈ। ਮੰਗਲਵਾਰ ਨੂੰ ਜਾਰੀ ਕੀਤੇ ਗਏ ਸੋਧੇ ਹੋਏ ਸਰਕਾਰੀ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਹਿੰਦੀ ਲਾਜ਼ਮੀ ਹੋਣ ਦੀ ਬਜਾਏ 'ਆਮ ਤੌਰ 'ਤੇ' ਤੀਜੀ ਭਾਸ਼ਾ ਹੋਵੇਗੀ, ਪਰ ਜੇਕਰ ਕਿਸੇ ਸਕੂਲ ਵਿੱਚ ਪ੍ਰਤੀ ਜਮਾਤ 20 ਵਿਦਿਆਰਥੀ ਹਿੰਦੀ ਤੋਂ ਇਲਾਵਾ ਕਿਸੇ ਹੋਰ ਭਾਰਤੀ ਭਾਸ਼ਾ ਦਾ ਅਧਿਐਨ ਕਰਨ ਦੀ ਇੱਛਾ ਪ੍ਰਗਟਾਉਂਦੇ ਹਨ ਤਾਂ ਉਨ੍ਹਾਂ ਨੂੰ ਇਸ ਤੋਂ ਬਾਹਰ ਰਹਿਣ ਦਾ ਬਦਲ ਦਿੱਤਾ ਜਾਵੇਗਾ। ਦੂਜੇ ਪਾਸੇ, ਮਰਾਠੀ ਭਾਸ਼ਾ ਦੇ ਹਮਾਇਤੀਆਂ ਨੇ ਦੋਸ਼ ਲਗਾਇਆ ਹੈ ਕਿ ਸਰਕਾਰ ਸ਼ੁਰੂ ਵਿੱਚ ਇਸ ਨੀਤੀ ਤੋਂ ਪਿੱਛੇ ਹਟਣ ਤੋਂ ਬਾਅਦ 'ਚੁੱਪ-ਚੁਪੀਤੇ' ਇਸ ਨੂੰ ਮੁੜ ਲਾਗੂ ਕਰ ਰਹੀ ਹੈ, ਜਦੋਂ ਕਿ ਕਾਂਗਰਸ ਨੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ 'ਤੇ ਮਰਾਠੀ ਲੋਕਾਂ ਦੀ ਛਾਤੀ ਵਿੱਚ ਛੁਰਾ ਮਾਰਨ ਦਾ ਦੋਸ਼ ਲਗਾਇਆ ਹੈ। ਆਲੋਚਕਾਂ ਦਾ ਦਾਅਵਾ ਹੈ ਕਿ ਸਰਕਾਰ ਦਾ ਇਹ ਤਾਜ਼ਾ ਕਦਮ ਸਕੂਲੀ ਸਿੱਖਿਆ ਮੰਤਰੀ ਦਾਦਾ ਭੁਸੇ ਦੇ ਪਹਿਲੇ ਬਿਆਨਾਂ ਦੇ ਉਲਟ ਹੈ, ਜਿਨ੍ਹਾਂ ਵਿੱਚ ਉਨ੍ਹਾਂ ਕਿਹਾ ਸੀ ਕਿ ਪ੍ਰਾਇਮਰੀ ਕਲਾਸਾਂ ਲਈ ਹਿੰਦੀ ਲਾਜ਼ਮੀ ਨਹੀਂ ਹੋਵੇਗੀ। ਹਾਲਾਂਕਿ ਸਰਕਾਰੀ ਆਦੇਸ਼ ਵਿਦਿਆਰਥੀਆਂ ਨੂੰ ਹਿੰਦੀ ਦੀ ਬਜਾਏ ਕੋਈ ਹੋਰ ਭਾਰਤੀ ਭਾਸ਼ਾ ਚੁਣਨ ਦਾ ਸ਼ਰਤੀਆ ਬਦਲ ਦਿੰਦਾ ਹੈ ਪਰ ਇਹ ਵੀ ਕਹਿੰਦਾ ਹੈ ਕਿ ਹਰੇਕ ਸਕੂਲ ਵਿੱਚ ਘੱਟੋ-ਘੱਟ 20 ਵਿਦਿਆਰਥੀਆਂ ਨੂੰ ਇਸ ਬਦਲ ਦੀ ਚੋਣ ਕਰਨੀ ਹੋਵੇਗੀ। ਹੁਕਮ ਵਿੱਚ ਕਿਹਾ ਗਿਆ ਹੈ ਕਿ ਜੇਕਰ ਅਜਿਹੀ ਮੰਗ ਉੱਠਦੀ ਹੈ ਤਾਂ ਤਾਂ ਇਕ ਅਧਿਆਪਕ ਨਿਯੁਕਤ ਕੀਤਾ ਜਾਵੇਗਾ ਜਾਂ ਭਾਸ਼ਾ ਨੂੰ ਆਨਲਾਈਨ ਪੜ੍ਹਾਇਆ ਜਾਵੇਗਾ। ਆਦੇਸ਼ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਤੀਜੀ ਮੀਡੀਅਮ ਤੋਂ ਪੜ੍ਹਾਈ ਕਰਵਾਉਣ ਵਾਲੇ ਸਕੂਲਾਂ ਵਿੱਚ ਤ੍ਰਿ-ਭਾਸ਼ਾ ਸੂਤਰ ਵਿੱਚ ਮੀਡੀਅਮ ਭਾਸ਼ਾ, ਮਰਾਠੀ ਤੇ ਅੰਗਰੇਜ਼ੀ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

# 'ਸਾਨੂੰ ਜਲਦ ਤੋਂ ਜਲਦ ਇਥੋਂ ਕੱਢੋ' ਈਰਾਨ 'ਚ ਫਸੇ ਭਾਰਤੀ ਵਿਦਿਆਰਥੀਆਂ ਨੇ ਸੁਣਾਈ ਹੱਡਬੀਤੀ

ਚੰਡੀਗੜ੍ਹ, 19 ਜੂਨ (ਚ.ਨ.ਸ.): ਇਜ਼ਰਾਈਲ-ਈਰਾਨ ਟਕਰਾਅ : ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਇਜ਼ਰਾਈਲ ਈਰਾਨੀ ਸ਼ਹਿਰਾਂ 'ਤੇ ਲਗਾਤਾਰ ਡਰੋਨ ਅਤੇ ਮਿਜ਼ਾਈਲ ਹਮਲੇ ਕਰ ਰਿਹਾ ਹੈ। ਇਸ ਟਕਰਾਅ ਦੇ ਵਿਚਕਾਰ, ਲਗਭਗ ਚਾਰ ਹਜ਼ਾਰ ਭਾਰਤੀ ਵਿਦਿਆਰਥੀ ਈਰਾਨ ਵਿੱਚ ਫਸੇ ਹੋਏ ਹਨ। ਜ਼ਿਆਦਾਤਰ ਵਿਦਿਆਰਥੀ ਉੱਥੇ, ਤਹਿਰਾਨ ਅਤੇ ਹੋਰ ਸ਼ਹਿਰਾਂ ਵਿੱਚ ਮੈਡੀਕਲ ਦੀ ਪੜ੍ਹਾਈ ਕਰਦੇ ਹਨ। ਭਾਰਤ ਸਰਕਾਰ ਨੇ ਇਨ੍ਹਾਂ ਵਿਦਿਆਰਥੀਆਂ ਦੀ ਸੁਰੱਖਿਅਤ ਵਾਪਸੀ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਇਸ ਤਹਿਤ ਕਸ਼ਮੀਰ ਦੇ 90 ਵਿਦਿਆਰਥੀ ਬੁੱਧਵਾਰ ਨੂੰ ਅੱਜ ਰਾਤ ਅਰਮੀਨੀਆ ਤੋਂ ਨਵੀਂ ਦਿੱਲੀ ਪਹੁੰਚ



ਰਹੇ ਹਨ। ਹਵਾਈ ਅੱਡੇ 'ਤੇ ਮੌਜੂਦ ਵਿਦਿਆਰਥੀਆਂ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਬਹੁਤ ਖੁਸ਼ੀ ਹੈ ਕਿ ਭਾਰਤ ਸਰਕਾਰ ਸਾਨੂੰ ਸੁਰੱਖਿਅਤ ਵਾਪਸ ਲਿਆ ਰਹੀ ਹੈ। **ਵਿਦਿਆਰਥੀ ਤਹਿਰਾਨ ਛੱਡ ਕੇ ਸੁਰੱਖਿਅਤ ਥਾਂ 'ਤੇ ਪਹੁੰਚ ਰਹੇ:** ਈਰਾਨ ਵਿੱਚ ਭਾਰਤੀ ਵਿਦਿਆਰਥੀਆਂ ਬਾਰੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ, ਤਹਿਰਾਨ ਵਿੱਚ ਭਾਰਤੀ ਦੂਤਾਵਾਸ ਸਥਿਤੀ 'ਤੇ ਨਜ਼ਰ ਰੱਖ ਰਿਹਾ ਹੈ। ਸਰਕਾਰ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ। ਕੁਝ ਵਿਦਿਆਰਥੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ ਗਿਆ ਹੈ। ਭਾਰਤ ਸਰਕਾਰ ਨੇ ਆਪਣੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਲਦੀ ਤੋਂ ਜਲਦੀ ਤਹਿਰਾਨ ਛੱਡ ਕੇ ਸੁਰੱਖਿਅਤ ਥਾਂ 'ਤੇ ਪਹੁੰਚ ਜਾਣ। ਮੰਗਲਵਾਰ ਨੂੰ ਵਿਦੇਸ਼ ਮੰਤਰਾਲੇ ਨੇ ਭਾਰਤੀ ਨਾਗਰਿਕਾਂ ਦੀ ਸਹਾਇਤਾ ਲਈ ਇੱਕ ਸਹਾਇਤਾ ਕੇਂਦਰ ਵੀ ਸ਼ੁਰੂ ਕੀਤਾ। ਪਿਛਲੇ 6 ਦਿਨਾਂ ਵਿੱਚ, ਈਰਾਨ ਵਿੱਚ ਮੌਜੂਦ 585 ਲੋਕ ਮਾਰੇ ਗਏ ਹਨ ਅਤੇ 1,326 ਹੋਰ ਜ਼ਖਮੀ ਹੋਏ ਹਨ। ਇਜ਼ਰਾਈਲ ਦੇ 16 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ।

ਜਾ ਰਹੇ ਹਨ। ਉਰਮੀਆ ਯੂਨੀਵਰਸਿਟੀ ਆਫ਼ ਮੈਡੀਕਲ ਸਾਇੰਸਜ਼ ਦੇ ਬਹੁਤ ਸਾਰੇ ਵਿਦਿਆਰਥੀ ਵੀ ਭਾਰਤ ਵਾਪਸ ਆ ਰਹੇ ਹਨ।

# ਪੰਜਾਬ ਸਰਕਾਰ ਨੇ ਸੂਬੇ ਦੀ ਤਰੱਕੀ ਲਈ ਸ਼ੁਰੂ ਕੀਤੀ ਪੰਜਾਬ ਉਦਯੋਗ ਕ੍ਰਾਂਤੀ ਮੁਹਿੰਮ: ਵਿਧਾਇਕ ਬੜਿੰਗ

☛ ਸੂਬੇ ਦੇ 52 ਫੋਕਲ ਪੁਆਇੰਟਾਂ 'ਚ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ 'ਤੇ ਖਰਚੇ ਜਾ ਰਹੇ ਨੇ 300 ਕਰੋੜ

ਅਮਲੋਹ, 19 ਜੂਨ (ਜਸਵੰਤ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਮੁੜ ਤੋਂ ਸੋਨੇ ਦੀ ਚਿੜੀ ਬਣਾਉਣ ਲਈ ਵੇਖੇ ਗਏ ਸੁਪਨੇ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਉਦਯੋਗਿਕ ਵਿਕਾਸ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਪੰਜਾਬ ਉਦਯੋਗ ਕ੍ਰਾਂਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਮਿਲੇਗਾ। ਇਹ ਪ੍ਰਗਟਾਵਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸੂਬਾ ਸਰਕਾਰ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ, ਉਸੇ ਤਰ੍ਹਾਂ ਪੰਜਾਬ ਉਦਯੋਗ ਕ੍ਰਾਂਤੀ ਅਧੀਨ ਕੀਤੇ ਜਾਣ ਵਾਲੇ ਉਪਰਾਲਿਆਂ ਸਦਕਾ ਸੂਬੇ ਵਿੱਚ ਨਿਵੇਸ਼ ਲਈ ਵੀ ਰਾਹ ਸੌਖਾ ਹੋਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਉਦਯੋਗ ਕ੍ਰਾਂਤੀ ਅਧੀਨ ਕਾਰੋਬਾਰ ਸ਼ੁਰੂ ਕਰਨ ਜਾਂ ਅੱਗੇ ਵਧਾਉਣ ਲਈ 45 ਦਿਨਾਂ ਦੇ ਅੰਦਰ ਸਾਰੀਆਂ ਮਨਜ਼ੂਰੀਆਂ ਪ੍ਰਾਪਤ ਹੋਣਗੀਆਂ ਅਤੇ ਜੇਕਰ ਮਨਜ਼ੂਰੀਆਂ ਸਮੇਂ ਸਿਰ ਜਾਰੀ ਨਹੀਂ ਹੁੰਦੀਆਂ ਤਾਂ ਡੀਮਡ ਮਨਜ਼ੂਰੀ 46ਵੇਂ ਦਿਨ ਆਪਣੇ ਆਪ ਮਿਲ ਜਾਵੇਗੀ।



ਉਨ੍ਹਾਂ ਦੱਸਿਆ ਕਿ ਪੰਜਾਬ ਉਦਯੋਗ ਕ੍ਰਾਂਤੀ ਅਧੀਨ ਪਲਾਂਟ ਅਤੇ ਮਸ਼ੀਨਰੀ ਵਿੱਚ 125 ਕਰੋੜ ਤੱਕ ਦੇ ਨਿਵੇਸ਼ਾਂ ਨੂੰ ਕਾਰੋਬਾਰ ਅਧਿਕਾਰ ਕਾਨੂੰਨ ਅਧੀਨ 3 ਕੰਮਕਾਜੀ ਦਿਨਾਂ ਵਿੱਚ ਸਿਧਾਂਤਕ ਪ੍ਰਵਾਨਗੀਆਂ ਮਿਲ ਜਾਣਗੀਆਂ, ਜਿਸ ਦੀ ਮਿਆਦ 3.5 ਸਾਲ ਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਉਦਯੋਗਿਕ ਪਲਾਂਟ ਮਾਲਕ ਜਲਦੀ ਆਪਣੇ ਪਲਾਂਟਾਂ ਨੂੰ ਲੀਜ਼ਹੋਲਡ ਤੋਂ ਫਰੀਹੋਲਡ ਵਿੱਚ ਤਬਦੀਲ ਕਰ ਸਕਣਗੇ ਜੋ ਕਿ ਇੱਕ ਆਨਲਾਈਨ ਅਤੇ ਪੂਰੀ ਤਰ੍ਹਾਂ ਪਾਰਦਰਸ਼ੀ ਹੋਵੇਗੀ। ਉਨ੍ਹਾਂ ਦੱਸਿਆ ਕਿ ਫ਼ਾਸਟ ਟਰੈਕ ਪੰਜਾਬ ਪੋਰਟਲ ਉੱਤੇ ਆਨਲਾਈਨ ਅਪਲਾਈ ਕਰਨ ਦੇ 15 ਦਿਨਾਂ ਵਿੱਚ ਮਾਲ ਅਧਿਕਾਰੀ ਆਪਣੀ ਰਿਪੋਰਟ ਜਾਰੀ ਕਰਨਗੇ। ਉਨ੍ਹਾਂ ਦੱਸਿਆ ਕਿ ਹੁਣ ਉਦਯੋਗਪਤੀ ਆਪਣੀਆਂ ਇਮਾਰਤੀ ਯੋਜਨਾਵਾਂ ਅਤੇ ਸਥਿਰਤਾ ਸਰਟੀਫਿਕੇਟ ਨੂੰ ਸਵੈ ਪ੍ਰਮਾਣਿਤ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਨਵੰਬਰ 2025 ਤੱਕ 52 ਫੋਕਲ ਪੁਆਇੰਟਾਂ ਵਿੱਚ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਅਪਗ੍ਰੇਡ ਕਰਨ ਲਈ 300 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ 260 ਫੋਕਲ ਪੁਆਇੰਟ ਨਿਲਾਮੀ ਅਧੀਨ ਹਨ, ਜਿਸ ਸਦਕਾ ਨਵੇਂ ਨਿਵੇਸ਼ਾਂ ਲਈ ਹੁਣ ਜ਼ਮੀਨ ਦੀ ਕੋਈ ਦਿੱਕਤ ਨਹੀਂ ਰਹੇਗੀ। ਉਨ੍ਹਾਂ ਦੱਸਿਆ ਕਿ ਪਰਿਵਰਤਨ ਨੀਤੀ ਨੂੰ ਅਪਡੇਟ ਕੀਤਾ ਗਿਆ ਹੈ ਕਿ ਅਤੇ ਹੋਟਲਾਂ, ਹਸਪਤਾਲਾਂ, ਦਫ਼ਤਰਾਂ, ਵਪਾਰਕ, ਆਈ.ਟੀ. ਆਦਿ ਸਮੇਤ 10 ਭੂਮੀ ਵਰਤੋਂ ਸ਼੍ਰੇਣੀਆਂ ਨੂੰ ਛੋਟੀ ਕਵਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿੱਤੀ ਵਰ੍ਹੇ 2025-26 ਦੇ ਤਿੰਨ ਮਹੀਨਿਆਂ ਵਿੱਚ ਸਰਕਾਰ ਵੱਲੋਂ ਉਦਯੋਗਪਤੀਆਂ ਨੂੰ 250 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਜਾਰੀ ਕੀਤੀ ਗਈ ਹੈ ਜੋ ਕਿ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹੈ।

# ਫੌਜ ਮੁਖੀ ਅਸੀਮ ਮੁਨੀਰ ਤੇ ਡੋਨਾਲਡ ਟਰੰਪ ਨੇ ਵਾਸ਼ਿੰਗਟਨ 'ਚ ਵਪਾਰ ਕ੍ਰਿਪਟੋ ਬਾਰੇ ਚਰਚਾ ਕੀਤੀ

ਵਾਸ਼ਿੰਗਟਨ, 19 ਜੂਨ (ਚ.ਨ.ਸ): ਪਾਕਿਸਤਾਨ ਫੌਜ ਮੁਖੀ ਅਸੀਮ ਮੁਨੀਰ ਨੇ ਵ੍ਹਾਈਟ ਹਾਊਸ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕੀਤੀ ਅਤੇ ਆਰਥਿਕ ਵਿਕਾਸ ਅਤੇ ਕ੍ਰਿਪਟੋਕਰੰਸੀ ਬਾਰੇ ਚਰਚਾ ਕੀਤੀ। ਪਾਕਿਸਤਾਨ ਫੌਜ ਨੇ ਕਿਹਾ ਕਿ ਪਾਕਿਸਤਾਨ ਦੇ ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਵ੍ਹਾਈਟ ਹਾਊਸ ਵਿੱਚ ਆਪਣੀ ਮੁਲਾਕਾਤ ਦੌਰਾਨ ਵਪਾਰ, ਆਰਥਿਕ ਵਿਕਾਸ ਅਤੇ



ਕ੍ਰਿਪਟੋਕਰੰਸੀ ਬਾਰੇ ਚਰਚਾ ਕੀਤੀ। ਫੌਜ ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਲੰਬੇ ਸਮੇਂ ਦੇ ਰਣਨੀਤਕ ਕਨਵਰਜੈਂਸ ਅਤੇ ਸਾਂਝੇ ਹਿੱਤਾਂ ਦੇ ਅਧਾਰ 'ਤੇ ਪਾਕਿਸਤਾਨ ਨਾਲ ਆਪਸੀ ਲਾਭਦਾਇਕ ਵਪਾਰਕ ਭਾਈਵਾਲੀ ਬਣਾਉਣ ਵਿੱਚ ਡੂੰਘੀ ਦਿਲਚਸਪੀ ਦਿਖਾਈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਪਾਕਿਸਤਾਨ ਫੌਜ ਮੁਖੀ ਅਸੀਮ ਮੁਨੀਰ ਦੀ ਮੇਜ਼ਬਾਨੀ ਕੀਤੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁਨੀਰ ਅਤੇ ਟਰੰਪ ਨੇ ਇਜ਼ਰਾਈਲ ਅਤੇ ਈਰਾਨ ਵਿਚਕਾਰ ਮੌਜੂਦਾ ਤਣਾਅ 'ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

# ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਵੱਲੋਂ ਨੌਜਵਾਨ ਖਿਡਾਰੀਆਂ ਨੂੰ ਖੇਡ ਕਿੱਟਾਂ ਦੀ ਵੰਡ



ਫ਼ਾਜ਼ਿਲਕਾ, 19 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਫ਼ਾਜ਼ਿਲਕਾ ਵੱਲੋਂ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਉਨ੍ਹਾਂ ਵਿਚ ਖੇਡਾਂ ਪ੍ਰਤੀ ਰੁਝਾਨ ਵਧਾਉਣ ਲਈ ਮਦਦਗਾਰ ਪਹਿਲ ਕੀਤੀ ਗਈ। ਅੱਜ ਇਸ ਮੁਹਿੰਮ ਤਹਿਤ ਪਿੰਡ ਚੂੜੀਵਾਲਾ ਚਿਸ਼ਤੀ, ਕੇਰੀਆਂ, ਸਾਬੂਆਣਾ, ਪਿੰਡ ਸਾਬੂਆਣਾ, ਮੌਜਮ ਸਣੇ ਫ਼ਾਜ਼ਿਲਕਾ ਦੇ ਵੱਖ-ਵੱਖ ਵਾਰਡਾਂ ਦੇ ਨੌਜਵਾਨ ਖਿਡਾਰੀਆਂ ਨੂੰ ਖੇਡ ਕਿੱਟਾਂ ਦੀ ਵੰਡ ਕੀਤੀ ਗਈ। ਇਸ ਮੌਕੇ ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਨੌਜਵਾਨ ਖਿਡਾਰੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਬੈਟ, ਸਪੋਰਟਸ ਬੂਟ, ਵਾਲੀਬਾਲ ਤੇ ਹੋਰ ਖੇਡ ਸਮੱਗਰੀ ਮੁਹੱਈਆ ਕਰਵਾਈ ਗਈ ਹੈ। ਇਸ ਪਹਿਲ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਤੇ ਇਲਾਕੇ ਨੂੰ ਨਸ਼ਾ ਮੁਕਤ ਬਣਾਉਣਾ ਹੈ। ਚੇਅਰਮੈਨ ਅਜੈ ਸਚਦੇਵਾ ਨੇ ਦੱਸਿਆ ਕਿ ਸੋਸਾਇਟੀ ਦਾ ਮੁੱਖ ਟੀਚਾ ਨੌਜਵਾਨ ਪੀੜੀ ਨੂੰ ਸਿਹਤਮੰਦ ਜੀਵਨ ਸ਼ੈਲੀ ਵੱਲ ਲਿਜਾਣਾ ਤੇ ਉਨ੍ਹਾਂ ਨੂੰ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਖੇਡਾਂ ਨਾ ਸਿਰਫ਼ ਸਰੀਰਕ ਸਿਹਤ ਨੂੰ ਬਿਹਤਰ ਬਣਾਉਂਦੀਆਂ ਹਨ, ਸਗੋਂ ਨੌਜਵਾਨਾਂ ਵਿੱਚ ਟੀਮ ਵਰਕ, ਅਨੁਸ਼ਾਸਨ ਤੇ ਆਤਮ-ਵਿਸ਼ਵਾਸ ਵਰਗੇ ਗੁਣ ਵੀ ਪੈਦਾ ਕਰਦੀਆਂ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸੋਸਾਇਟੀ ਦਾ ਇਹ ਉਪਰਾਲਾ ਭਵਿੱਖ ਵਿੱਚ ਵੀ ਜਾਰੀ ਰਹੇਗਾ ਅਤੇ ਨੌਜਵਾਨ ਖਿਡਾਰੀਆਂ ਦੀ ਮੰਗ ਅਨੁਸਾਰ ਖੇਡ ਸਮੱਗਰੀ ਦੀ ਵੰਡ ਕੀਤੀ ਜਾਵੇਗੀ।

# ਸ੍ਰੀ ਧਿਆਨਪੁਰ ਧਾਮ ਦੇ ਗੋਪਾਲ ਦਾਸ ਮਹਾਰਾਜ ਨੇ ਹਜ਼ਾਰਾਂ ਸ਼ਰਧਾਲੂਆਂ ਨੂੰ ਦਰਸ਼ਨ ਤੇ ਅਸ਼ੀਰਵਾਦ ਦਿੱਤਾ

ਮੰਡੀ ਗੋਬਿੰਦਗੜ੍ਹ, 19 ਜੂਨ (ਸੂਦ): ਸ਼੍ਰੀ ਬਾਵਾ ਲਾਲ ਦਿਆਲ ਟਰੱਸਟ ਦੁਆਰਾ ਸਤਿਸੰਗ ਭਵਨ ਅਤੇ ਧਰਮਸ਼ਾਲਾ ਵਿਖੇ 16ਵੇਂ ਮੂਰਤੀ ਸਥਾਪਨਾ ਦਿਵਸ ਦੇ ਸ਼ੁਭ ਮੌਕੇ 'ਤੇ ਸ਼੍ਰੀ 1008 ਯੋਗੀਰਾਜ ਬਾਵਾ ਲਾਲ ਦਿਆਲ ਜੀ ਮਹਾਰਾਜ ਦੀ ਕਿਰਪਾ ਨਾਲ ਸ਼੍ਰੀ ਗੋਪਾਲ ਦਾਸ ਜੀ ਮਹਾਰਾਜ ਨੇ ਸ਼੍ਰੀ ਧਿਆਨਪੁਰ ਧਾਮ ਦੇ ਮੌਜੂਦਾ ਗੱਦੀ ਨਸ਼ੀਨ ਦੇਵਚਾਰਿਆ ਸ਼੍ਰੀ 1008 ਸ਼੍ਰੀ ਰਾਮ ਸੁੰਦਰ ਦਾਸ ਜੀ ਮਹਾਰਾਜ ਦੇ ਅਸ਼ੀਰਵਾਦ ਸਦਕਾ ਹਜ਼ਾਰਾਂ ਸ਼ਰਧਾਲੂਆਂ ਨੂੰ ਦਰਸ਼ਨ ਅਤੇ ਅਸ਼ੀਰਵਾਦ ਦਿੱਤਾ। ਇਸ ਮੌਕੇ 16ਵੇਂ ਮੂਰਤੀ ਸਥਾਪਨਾ ਦਿਵਸ ਦੇ ਮੌਕੇ 'ਤੇ ਮੁੱਖ ਮਹਿਮਾਨ ਸ਼੍ਰੀਮਤੀ ਰਿਤੂ ਗਰਗ ਅਤੇ ਸਮਾਜ ਸੇਵਕ ਵਿਸ਼ਾਲ ਗਰਗ ਨੇ ਮੰਦਰ ਦੇ ਪੁਜਾਰੀ ਬਦਰੀ ਪ੍ਰਸਾਦ, ਟਰੱਸਟ ਦੇ ਮੁਖੀ ਦਰਸ਼ਨ ਲਾਲ ਭਾਟੀਆ ਅਤੇ ਟਰੱਸਟ ਦੇ ਕਾਰਜਕਾਰੀ ਮੈਂਬਰਾਂ ਦੁਆਰਾ ਪੂਜਾ ਅਰਚਨਾ ਕਰਵਾਉਣ ਤੋਂ ਬਾਅਦ ਸੰਕੀਰਤਨ ਦੀ ਸ਼ੁਰੂਆਤ ਕਰਵਾਈ । ਸ਼੍ਰੀ ਧਿਆਨਪੁਰ ਧਾਮ ਦੇ ਸ਼੍ਰੀ ਗੋਪਾਲ ਦਾਸ ਮਹਾਰਾਜ ਨੂੰ ਤਿਲਕ ਉਪਰੰਤ ਫੁੱਲ ਮਾਲਾ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਤੋਂ ਹਜ਼ਾਰਾਂ ਸ਼ਰਧਾਲੂ ਆਸ਼ੀਰਵਾਦ ਲੈਣ ਲਈ ਪਹੁੰਚੇ। ਸ਼੍ਰੀ ਬਾਵਾ ਲਾਲ ਦਿਆਲ ਸੰਕੀਰਤਨ ਮੰਡਲ ਦੇ ਮੀਨੂ ਅਰੋੜਾ, ਦਵਿੰਦਰ



ਸਚਦੇਵਾ ਅਤੇ ਦਿੱਲੀ ਤੋਂ ਧਾਰਮਿਕ ਭਜਨ ਗਾਇਕਾ ਰੇਣੂ ਮਹਿਤਾ ਨੇ ਸ਼੍ਰੀ ਬਾਵਾ ਲਾਲ ਦਿਆਲ ਦਾ ਗੁਣਗਾਨ ਕੀਤਾ। ਭਜਨਾ ਵਿਚ 'ਭਗਤੋ, ਲਾਲ ਦਵਾਰੇ ਦਰਸ਼ਨ ਕਰਲੋ ਭਗਤੋ ਬਾਵਾ ਲਾਲ ਦੇ', 'ਅਸੀਂ ਲਾਲ ਦਵਾਰੇ ਦਰਸ਼ਨ ਪਾਉਣ ਆਏ ਹਾਂ', 'ਗੁਰੂ ਹੁੰਦੇ ਰੂਪ ਰੱਬ ਦਾ', 'ਫਕੀਰ ਤੇਰੇ ਦਰ ਤੋਂ ਖੈਰਾਂ ਮੰਗਦੇ ਰਹਿਣਾ', 'ਮੈਨੂੰ ਲਾਓ ਚਰਨਾਂ ਦੇ ਨਾਲ ਨਾਵ ਮੇਰੀ ਗੋਤੇ ਖਾਂਦੀ ਹੈ', 'ਅਗਰ ਬਾਵਾ ਲਾਲ ਨਾ ਹੋਤੇ ਤੋਂ ਹਮ ਜੈਸੋਂ ਕਾ ਕਯਾ ਹੋਤਾ' ਆਦਿ ਸ਼ਾਮਲ ਸਨ, ਦਾ ਗੁਣਗਾਣ ਕੀਤਾ। ਗੁਰੂ ਮਹਾਰਾਜ ਨੇ ਸ਼ਰਧਾਲੂਆਂ ਦੀਆਂ ਝੋਲੀਆਂ ਵਿੱਚ ਫ਼ਲ ਪ੍ਰਸ਼ਾਦ ਪਾਇਆ। ਬਾਅਦ ਵਿਚ ਅਤੁੱਟ ਲੰਗਰ ਚਲਾਇਆ ਗਿਆ। ਸਾਈਂ ਕੇ ਦੀਵਾਨੇ ਕਲੱਬ ਨੇ ਪਬਲਿਕ ਕੰਟਰੋਲ ਵਧੀਆ ਢੰਗ ਨਾਲ ਕੀਤਾ, ਜੋੜਿਆਂ ਦੀ ਸੇਵਾ ਸ਼੍ਰੀ ਨੈਣਾ ਦੇਵੀ ਸੇਵਾ ਦਲ ਨੇ ਕੀਤੀ, ਜਦੋਂ ਕਿ ਵਿਜੇ ਭਾਰਤੀ, ਅਨਿਲ ਭਾਟੀਆ ਬੰਟੀ, ਸੰਦੀਪ ਸ਼ਰਮਾ ਅਤੇ ਚਰਨਜੀਤ ਸਿੰਘ ਬਾਜਵਾ ਨੇ ਲੰਗਰ ਅਤੇ ਜਲ ਜ਼ੀਰਾ ਦੀ ਛਬੀਲ ਸੇਵਾ ਸਰਹਿੰਦ ਤੋਂ ਬਲਜਿੰਦਰ ਪਾਲ ਬੱਬੀ ਨੇ ਕੀਤੀ। ਇਸ ਮੌਕੇ ਪਵਨ ਸ਼ਰਮਾ ਸਿੰਘਾਪੁਰ, ਰਾਜੀਵ ਰਤਨ, ਸੰਜੇ ਗਰਗ, ਓਮ ਸੈਨ, ਸੁਰਿੰਦਰ ਧੀਮਾਨ ਬੱਬਲੂ, ਲਵਲੀ ਅਰੋੜਾ, ਜਸਬੀਰ ਕੌਰ, ਗੁਡੀਆ, ਨੀਲਮ ਲੀਜ਼ਾ, ਸੁਸ਼ੀਲ, ਲਵਲੀ, ਪੂਨਮ ਮਾਟਾ, ਕਿਰਨ ਅਤੇ ਸ਼ਾਂਤੀ ਸ਼ਰਮਾ ਨੇ ਸ਼੍ਰੀ ਗੋਪਾਲ ਦਾਸ ਮਹਾਰਾਜ ਤੋਂ ਆਸ਼ੀਰਵਾਦ ਲਿਆ।

# ਸੋਸ਼ਲ ਮੀਡੀਆ 'ਤੇ ਅਨੈਤਿਕ ਸਮੱਗਰੀ ਪੋਸਟ ਕਰਨ ਵਾਲਿਆਂ ਨੂੰ ਪੁਲਿਸ ਸੁਰੱਖਿਆ ਦੇਣਾ ਮੰਦਭਾਗਾ : ਸਰਬਜੀਤ ਸਿੰਘ ਖ਼ਾਲਸਾ

ਬਠਿੰਡਾ, 19 ਜੂਨ (ਚ.ਨ.ਸ.): ਧਾਰਮਿਕ ਚੌਕਸੀ ਅੰਮ੍ਰਿਤਪਾਲ ਸਿੰਘ ਮਹਿਰੋਂ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੇ ਨੈਤਿਕ ਪੁਲਿਸਿੰਗ ਦੇ ਹਿੱਸੇ ਵਜੋਂ ਲੁਧਿਆਣਾ ਦੀ ਇੱਕ ਮਹਿਲਾ ਸੋਸ਼ਲ ਮੀਡੀਆ ਪ੍ਰਭਾਵਕ ਦੀ ਕਥਿਤ ਤੌਰ 'ਤੇ ਹੱਤਿਆ ਕਰਨ ਤੋਂ ਬਾਅਦ ਦੁਬਈ ਵਿੱਚ ਲੁਕਿਆ ਹੋਇਆ ਹੈ, ਨੂੰ ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਅਤੇ ਡਿਜੀਟਲ ਸਿਰਜਣਹਾਰ ਸਮੇਤ ਕਈ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਆਜ਼ਾਦ ਸੰਸਦ ਮੈਂਬਰ ਖ਼ਾਲਸਾ ਨੇ ਮੰਗਲਵਾਰ ਨੂੰ ਮੋਗਾ ਦੇ ਮਹਿਰੋਂ ਪਿੰਡ ਦਾ ਦੌਰਾ ਕੀਤਾ ਅਤੇ ਕਤਲ ਦੇ ਦੋਸ਼ੀ ਦੇ ਪਿਤਾ ਬਲਜਿੰਦਰ ਸਿੰਘ ਦਾ ਸਨਮਾਨ ਕੀਤਾ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਖਾਲਸਾ ਨੇ ਮਹਿਰੋਂ ਦਾ ਉਸਦੇ ਕਾਰਜ ਲਈ ਧੰਨਵਾਦ ਪ੍ਰਗਟ ਕੀਤਾ। ਜੋ ਵੀ ਹੋਇਆ ਹੈ ਅਸੀ ਉਸਦੀ ਸ਼ਾਲਾਘਾ ਕਰਦਾ ਹਾਂ (ਜੋ ਵੀ ਹੋਇਆ ਉਹ ਪ੍ਰਸ਼ੰਸਾ ਦੇ ਹੱਕਦਾਰ ਹੈ)। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਨੈਤਿਕ ਸਮੱਗਰੀ ਮੋਬਾਈਲ ਫੋਨ ਵਰਤਣ ਵਾਲੇ ਹਰ ਉਮਰ ਸਮੂਹ ਲਈ ਪਰੇਸ਼ਾਨੀ ਦਾ ਕਾਰਨ ਬਣਦੀ ਹੈ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਦੇ ਪੁੱਤਰ ਅਤੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਪਾਰਟੀ ਦੇ ਨੇਤਾ ਖਾਲਸਾ ਨੇ ਕਿਹਾ। ਸੰਸਦ ਮੈਂਬਰ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਅਨੈਤਿਕ ਸਮੱਗਰੀ ਪੋਸਟ ਕਰਨ ਵਾਲਿਆਂ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ, ਜਦੋਂ ਕਿ ਇਸਦੇ ਵਿਰੁੱਧ ਕੰਮ ਕਰਨ ਵਾਲਿਆਂ ਨੂੰ ਅਧਿਕਾਰੀਆਂ ਦੁਆਰਾ ਤੰਗ ਕੀਤਾ ਜਾ ਰਿਹਾ ਹੈ। ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਸੋਮਵਾਰ ਨੂੰ ਕੰਚਨ ਦੇ ਕਤਲ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਕਿ ਇਹ ਕਾਰਵਾਈ ਉਚਿਤ ਸੀ ਕਿਉਂਕਿ ਅਸ਼ਲੀਲਤਾ ਨੂੰ ਉਤਸ਼ਾਹਿਤ ਕਰਨ ਵਿੱਚ ਉਸਦੀ ਕਥਿਤ ਭੂਮਿਕਾ ਸੀ। ਹਰਿਆਣਾ ਦੇ ਅੰਬਾਲਾ ਦੇ ਇੱਕ ਨੌਜਵਾਨ ਕਿਸਾਨ ਕਾਰਕੁੰਨ, ਨਵਦੀਪ ਸਿੰਘ ਜਲਬੇੜਾ, ਜੋ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਦੌਰਾਨ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਸਨ, ਨੇ ਆਪਣੇ ਫੇਸਬੁੱਕ ਪੇਜ 'ਤੇ ਮਹਿਰੋਂ ਲਈ ਆਪਣਾ ਸਮਰਥਨ ਐਲਾਨ ਕੀਤਾ। ਨਵੰਬਰ 2020 ਵਿੱਚ ਅੰਤਰਰਾਸ਼ਟਰੀ ਮੀਡੀਆ ਦਾ ਧਿਆਨ ਖਿੱਚਣ 'ਤੇ ਜਲਬੇੜਾ ਨੂੰ 'ਵਾਟਰ ਕੈਨਨ ਬੁਆਏ' ਕਿਹਾ ਗਿਆ ਸੀ, ਜਦੋਂ ਹਰਿਆਣਾ ਅਤੇ ਪੰਜਾਬ ਦੇ ਕਿਸਾਨ ਟਰੈਕਟਰ-ਟਰਾਲੀਆਂ 'ਤੇ ਦਿੱਲੀ ਵੱਲ ਵੱਧ ਰਹੇ ਸਨ, ਪੁਲਿਸ ਬੈਰੀਕੇਡ ਤੋੜ ਰਹੇ ਸਨ, ਅਤੇ ਉਹ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਪਾਣੀ ਦੀ ਤੋਪ ਦੀ ਨੋਜ਼ਲ ਬੰਦ ਕਰਨ ਤੋਂ ਬਾਅਦ ਇੱਕ ਚੱਲਦੇ ਟਰੈਕਟਰ ਉੱਤੇ ਛਾਲ ਮਾਰ ਗਿਆ ਸੀ। ਜਲਬੇੜਾ, ਜਿਸਦੇ ਫੇਸਬੁੱਕ 'ਤੇ 1.14 ਲੱਖ ਫਾਲੋਅਰ ਹਨ, ਨੇ ਇੱਕ ਵੀਡੀਓ ਪੋਸਟ ਕੀਤੀ, ਜਿਸ ਵਿੱਚ ਮਹਿਰੋਂ ਨੂੰ ਕੌਮ ਦਾ ਹੀਰਾ ਕਿਹਾ ਗਿਆ ਹੈ ਤੇ ਉਸਦੀ ਕਾਰਵਾਈ ਲਈ ਉਸਦਾ ਬਹੁਤ ਸਤਿਕਾਰ ਹੈ। ਇੱਕ ਹੋਰ ਡਿਜੀਟਲ ਸਮੱਗਰੀ ਸਿਰਜਣਹਾਰ, ਭਾਨਾ ਸਿੱਧੂ, ਜਿਸਦੇ ਫੇਸਬੁੱਕ 'ਤੇ 1.42 ਲੱਖ ਫਾਲੋਅਰ ਹਨ, ਨੇ ਮਹਿਰੋਂ ਨਾਲ ਆਪਣੀ ਫੋਟੋ 'ਅੰਮ੍ਰਿਤਪਾਲ ਦੇ ਨਾਲ ਖੜਦੇ ਹਾਂ' ਕੈਪਸ਼ਨ ਨਾਲ ਪੋਸਟ ਕੀਤੀ। ਇਹ ਫੋਟੋ ਕੰਚਨ ਦੇ ਕਤਲ ਵਿੱਚ ਮੇਹਰੋਂ ਨੂੰ ਮੁੱਖ ਦੋਸ਼ੀ ਵਜੋਂ ਨਾਮਜ਼ਦ ਕੀਤੇ ਜਾਣ ਤੋਂ ਬਾਅਦ ਪੋਸਟ ਕੀਤੀ ਗਈ ਸੀ।

# ਏਅਰ ਇੰਡੀਆ ਕੰਪਨੀ ਦੇ ਸਾਰੇ ਜਹਾਜ਼ਾਂ ਦੀ ਪੂਰੀ ਤਕਨੀਕੀ ਜਾਂਚ ਤੋਂ ਬਾਅਦ ਹੀ ਆਵਾਜਾਈ ਲਈ ਆਗਿਆ ਦਿੱਤੀ ਜਾਵੇ: ਪ੍ਰੋ. ਬਡੂੰਗਰ

ਫਤਹਿਗੜ੍ਹ ਸਾਹਿਬ, 19 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਜਹਾਜ਼ਾਂ ਦੀ ਵੱਡੀ 'ਏਅਰ ਇੰਡੀਆ' ਕੰਪਨੀ ਦੇ ਇੱਕ ਮਹੀਨੇ ਵਿੱਚ ਲਗਭਗ ਪੰਜ ਹਾਦਸੇ ਸਾਹਮਣੇ ਆ ਚੁੱਕੇ ਹਨ, ਜੋ ਕਿ ਵੱਡੀ ਚਿੰਤਾ ਦਾ ਵਿਸ਼ਾ ਹੈ । ਉਹਨਾਂ ਕਿਹਾ ਕਿ ਜਹਾਜ਼ਾਂ ਦੀ ਨਾਮਵਰ 'ਏਅਰ ਇੰਡੀਆ ਕੰਪਨੀ' ਅਤੇ ਕੇਂਦਰੀ ਸ਼ਹਿਰੀ ਆਵਾਜਾਈ ਮੰਤਰੀ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਦਿਆਂ ਹੋਇਆਂ ਸਾਰੇ ਜਹਾਜ਼ਾਂ ਦੀ ਪੂਰੀ ਤਰ੍ਹਾਂ ਹਰ ਪੱਖ ਤੋਂ ਤਕਨੀਕੀ ਤੌਰ 'ਤੇ ਜਾਂਚ ਕੀਤੀ ਜਾਣੀ ਚਾਹੀਦੀ ਹੈ ਤੇ ਉਦੋਂ ਤੱਕ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਜਦੋਂ ਤੱਕ ਇਨ੍ਹਾਂ ਜਹਾਜ਼ਾਂ ਦੀ ਕਿਸੇ ਪੱਖ ਤੋਂ ਕੋਈ ਖਾਮੀ ਬਾਕੀ ਨਾ ਰਹੇ ਅਤੇ ਪੂਰੀਆਂ



ਐਨ.ਓ.ਸੀ ਪ੍ਰਾਪਤ ਕਰਨ 'ਤੇ ਹੀ ਇਹਨਾਂ ਦੀ ਆਵਾਜਾਈ ਬਹਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਮੁੜ ਕੇ ਅਜਿਹੀਆਂ ਦਰਦਨਾਕ ਘਟਨਾਵਾਂ ਨਾ ਵਾਪਰਨ ਤੇ ਹਾਦਸਿਆਂ ਵਿੱਚ ਕੀਮਤੀ ਅਜਾਈਂ ਜਾਨਾਂ ਨਾ ਜਾ ਸਕਣ। ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਪਹਿਲਾਂ ਅਹਿਮਦਾਬਾਦ 'ਚ ਏਅਰ ਇੰਡੀਆ ਦੇ ਹਾਦਸਾ ਗ੍ਰਸਤ ਹੋਏ ਜਹਾਜ਼ ਹਾਦਸੇ ਵਿੱਚ ਮਾਰੇ ਗਏ ਯਾਤਰੂਆਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ । ਉਹਨਾਂ ਕਿਹਾ ਕਿ ਇਹ ਅਤੀ ਦੁੱਖਦਾਇਕ ਘਟਨਾ ਹੋਈ ਹੈ ਤੇ ਦੇਸ਼ ਵਿੱਚ ਰੇਲਵੇ ਤੇ ਸੜਕੀ ਹਾਦਸਿਆਂ ਵਿੱਚ ਬਹੁਤ ਜਾਨਾਂ ਅਜਾਈਂ ਜਾ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਮੈਨੇਜਰ ਗੁਰਦੁਆਰਾ ਸ਼੍ਰੀ ਫਤਿਹਗੜ੍ਹ ਸਾਹਿਬ, ਨਰਿੰਦਰ ਸਿੰਘ ਰਸੀਦਪੁਰ, ਜੋਗਾ ਸਿੰਘ ਸੁਪਰਵਾਈਜ਼ਰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਜੱਗਾ ਸਿੰਘ ਮੀਤ ਮੈਨੇਜਰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਜਸਕੀਰਤ ਸਿੰਘ ਨੇ 'ਆਵਾਜ਼ ਅੰਮ੍ਰਿਤਸਰ ਦੀ 2025' ਦਾ ਖਿਤਾਬ ਜਿੱਤਿਆ




ਫ਼ਾਜ਼ਿਲਕਾ/ਜਲਾਲਾਬਾਦ, 19 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਜਸਟ ਸੇਵਾ ਸੋਸਾਇਟੀ ਵੱਲੋਂ ਕਰਵਾਏ ਗਏ ਸੰਗੀਤ ਮੁਕਾਬਲੇ 'ਆਵਾਜ਼ ਅੰਮ੍ਰਿਤਸਰ ਦੀ 2025' ਵਿੱਚ ਜਲਾਲਾਬਾਦ ਦੇ ਨਿਵਾਸੀ ਜਸਕੀਰਤ ਸਿੰਘ ਨੇ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਪਰਿਵਾਰ ਸਕੂਲ ਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੁਕਾਬਲੇ ਵਿੱਚ 152 ਪ੍ਰਤੀਯੋਗੀਆਂ ਵਿੱਚੋਂ ਜਸਕੀਰਤ ਸਿੰਘ ਨੇ ਆਪਣੀ ਸੁਰੀਲੀ ਆਵਾਜ਼ ਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਨਾਲ ਜੱਜਾਂ ਤੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਇਸ ਪ੍ਰਤੀਯੋਗਤਾ ਵਿੱਚ ਸ਼ਾਮਲ ਹੋਣ ਵਾਲੇ ਬੱਚੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਤੋਂ ਆਏ ਸਨ, ਜਿੱਥੇ ਹਰ ਇੱਕ ਨੇ ਆਪਣੀ ਗਾਇਕੀ ਦੇ ਜੌਹਰ ਵਿਖਾਏ, ਪਰ ਜਸਕੀਰਤ ਸਿੰਘ ਦੀ ਸੁਰੀਲੀ ਆਵਾਜ਼ ਨੇ ਜੱਜਾਂ ਤੇ ਦਰਸ਼ਕਾਂ ਦਾ ਧਿਆਨ ਖਿੱਚਿਆ। ਜਸਕੀਰਤ ਨੂੰ ਇਸ ਜਿੱਤ ਦੇ ਸਨਮਾਨ ਵਜੋਂ 31,000 ਰੁਪਏ ਦਾ ਨਕਦ ਇਨਾਮ, ਟਰਾਫ਼ੀ ਤੇ ਆਕਰਸ਼ਕ ਗਿਫ਼ਟ ਹੈਂਪਰ ਪ੍ਰਦਾਨ ਕੀਤਾ ਗਿਆ। ਮੁਕਾਬਲੇ ਦੇ ਜੱਜਾਂ ਨੇ ਜਸਕੀਰਤ ਦੀ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਸ ਦੀ ਆਵਾਜ਼ ਵਿੱਚ ਇੱਕ ਵਿਲੱਖਣ ਜਾਦੂ ਹੈ, ਜਿਸ ਨੇ ਸਰੋਤਿਆਂ ਨੂੰ ਆਕਰਸ਼ਿਤ ਕੀਤਾ। ਜਸਕੀਰਤ ਦੇ ਪਿਤਾ ਪਰਵਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖ਼ੁਸ਼ੀ ਜ਼ਾਹਿਰ ਕੀਤੀ ਤੇ ਕਿਹਾਮੇਰੇ ਬੇਟੇ ਜਸਕੀਰਤ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਅੱਜ ਉਸ ਦੀ ਇਸ ਜਿੱਤ ਨੇ ਸਾਡੇ ਸਾਰੇ ਪਰਿਵਾਰ ਨੂੰ ਗਰਵ ਮਹਿਸੂਸ ਕਰਵਾਇਆ ਹੈ। ਉਸ ਨੇ ਨਾ ਸਿਰਫ਼ ਆਪਣੇ ਪਰਿਵਾਰ ਦਾ, ਸਗੋਂ ਆਪਣੇ ਸਕੂਲ, ਅਧਿਆਪਕਾਂ ਤੇ ਜਲਾਲਾਬਾਦ ਦੇ ਲੋਕਾਂ ਦਾ ਮਾਣ ਵਧਾਇਆ ਹੈ ਉਨ੍ਹਾਂ ਨੇ ਅੱਗੇ ਦੱਸਿਆ ਕਿ ਜਸਕੀਰਤ ਨੂੰ ਸੰਗੀਤ ਦਾ ਸ਼ੌਕ ਬਚਪਨ ਤੋਂ ਹੀ ਸੀ ਤੇ ਉਹ ਹਮੇਸ਼ਾ ਸਕੂਲ ਦੀਆਂ ਸਭਿਆਚਾਰਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਾ ਰਿਹਾ ਹੈ। ਜਸਕੀਰਤ ਨੇ ਆਪਣੀ ਜਿੱਤ ਦਾ ਸਿਹਰਾ ਆਪਣੇ ਮਾਤਾ-ਪਿਤਾ, ਅਧਿਆਪਕਾਂ ਤੇ ਆਪਣੇ ਸਾਥੀਆਂ ਨੂੰ ਦਿੱਤਾ।

# ਸਿਹਤ ਸੈਮੀਨਾਰ ਤੇ ਸ਼ੂਗਰ ਕੈਂਪ 22 ਨੂੰ



ਮੰਡੀ ਗੋਬਿੰਦਗੜ੍ਹ, 19 ਜੂਨ (ਸੂਦ): ਟੀਮ ਏਕ ਨਈ ਉਡਾਨ ਮਹਿਲਾ ਸੰਗਠਨ 22 ਜੂਨ ਨੂੰ ਅਮਲੋਹ ਰੋਡ 'ਤੇ ਸ਼ਿਆਮ ਸਿਨੇਪਲੈਕਸ ਵਿਖੇ ਇੱਕ ਸਿਹਤ ਸੈਮੀਨਾਰ ਅਤੇ ਸ਼ੂਗਰ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸੰਸਥਾ ਦੀ ਸੰਸਥਾਪਕ ਸੀਮਾ ਕੌਸ਼ਲ ਨੇ ਦੱਸਿਆ ਕਿ 22 ਜੂਨ ਨੂੰ ਸਵੇਰੇ 10 ਵਜੇ ਸਿਹਤ ਕੋਚ ਅਤੇ ਆਯੁਰਵੈਦਿਕ ਖੁਰਾਕ ਅਤੇ ਪੋਸ਼ਣ ਮਾਹਿਰ ਮਨੀਸ਼ ਬਾਂਸਲ ਸਿਹਤਮੰਦ ਜੀਵਨ ਅਤੇ ਸ਼ੂਗਰ ਨੂੰ ਕੰਟਰੋਲ ਕਰਨ ਲਈ ਮਹੱਤਵਪੂਰਨ ਜਾਣਕਾਰੀ ਦੇਣਗੇ। ਅੱਜ ਕੱਲ੍ਹ ਭੱਜ-ਦੌੜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਲੋਕ ਆਪਣੀ ਸਿਹਤ ਦਾ ਧਿਆਨ ਨਹੀਂ ਰੱਖਦੇ, ਜਿਸ ਕਾਰਨ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਮੌਕੇ ਹੈਲਥ ਕੋਚ ਮਨੀਸ਼ ਬਾਂਸਲ, ਉਨ੍ਹਾਂ ਦੇ ਨਾਲ ਨੀਤੂ ਸਿੱਧੀ, ਮੋਨਾ ਮਿੱਤਲ, ਸ਼ਰੂਤੀ ਅਤੇ ਸ਼ਰਨਜੀਤ ਆਦਿ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਇਸ ਮੌਕੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਗੀਤਾ ਬਿਸ਼ਭੂ, ਲੁਧਿਆਣਾ ਦੇ ਵੈਟਰਨਰੀ ਆਫ਼ਿਸਰ ਡਾ. ਵਿਕਾਸ਼ ਸਰੈਨ, ਸੀਏ ਐਸਪੀ ਕਾਂਸਲ, ਸੀਏ ਅਭੀਨਵ ਕਾਂਸਲ, ਗੋਬਿੰਦਗੜ੍ਹ ਪਬਲਿਕ ਸਕੂਲ ਦੀ ਪ੍ਰਿੰਸੀਪਲ ਡਾ. ਨੀਨਾ ਸੇਠ ਪਜਨੀ ਅਤੇ ਡਾ. ਮਨਮੋਹਨ ਕੌਂਸਲ ਗੈਸਟ ਆਫ਼ ਆਨਰ ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।

# ਇਜ਼ਰਾਈਲੀ ਹਮਲਿਆਂ 'ਚ 24 ਘੰਟਿਆਂ ਵਿੱਚ ਗਾਜ਼ਾ 'ਚ 140 ਲੋਕਾਂ ਦੀ ਮੌਤ

ਕਾਹਿਰਾ, 19 ਜੂਨ (ਚ.ਨ.ਸ): ਸਥਾਨਕ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਇਜ਼ਰਾਈਲੀ ਗੋਲੀਬਾਰੀ ਅਤੇ ਹਮਲਿਆਂ ਵਿੱਚ ਪਿਛਲੇ 24 ਘੰਟਿਆਂ ਵਿੱਚ ਗਾਜ਼ਾ ਭਰ ਵਿੱਚ ਘੱਟੋ-ਘੱਟ 140 ਲੋਕ ਮਾਰੇ ਗਏ ਹਨ, ਕਿਉਂਕਿ ਪੱਟੀ ਦੇ ਕੁਝ ਫਲਸਤੀਨੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੀ ਦੁਰਦਸ਼ਾ ਨੂੰ ਭੁੱਲਿਆ ਜਾ ਰਿਹਾ



ਹੈ ਕਿਉਂਕਿ ਧਿਆਨ ਇਜ਼ਰਾਈਲ ਅਤੇ ਈਰਾਨ ਵਿਚਕਾਰ ਹਵਾਈ ਯੁੱਧ ਵੱਲ ਗਿਆ ਹੈ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਪਿਛਲੇ ਦਿਨ ਮਾਰੇ ਗਏ ਘੱਟੋ-ਘੱਟ 40 ਲੋਕਾਂ ਦੀ ਮੌਤ ਬੁੱਧਵਾਰ ਨੂੰ ਇਜ਼ਰਾਈਲੀ ਗੋਲੀਬਾਰੀ ਅਤੇ ਹਵਾਈ ਹਮਲਿਆਂ ਦੇ ਨਤੀਜੇ ਵਜੋਂ ਹੋਈ। ਇਨ੍ਹਾਂ ਮੌਤਾਂ ਵਿੱਚ ਇਜ਼ਰਾਈਲ ਵੱਲੋਂ ਖੇਤਰ 'ਤੇ ਪੂਰੀ ਤਰ੍ਹਾਂ ਨਾਕਾਬੰਦੀ ਹਟਾਏ ਜਾਣ ਤੋਂ ਬਾਅਦ ਤਿੰਨ ਹਫ਼ਤਿਆਂ ਵਿੱਚ ਸਹਾਇਤਾ ਦੀ ਮੰਗ ਕਰ ਰਹੇ ਫਲਸਤੀਨੀਆਂ ਦੀਆਂ ਲਗਭਗ ਰੋਜ਼ਾਨਾ ਹੋਣ ਵਾਲੀਆਂ ਮੌਤਾਂ ਸ਼ਾਮਲ ਹਨ। ਇਕ ਅਖਬਾਰ ਉਹ ਸਾਰੀਆਂ ਖ਼ਬਰਾਂ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀ ਤੁਰੰਤ ਆਪਣਾ ਦਿਨ ਸ਼ੁਰੂ ਕਰਨ ਲਈ ਲੋੜ ਹੈ। ਇੱਥੇ ਸਾਈਨਅੱਪ ਕਰੋ। ਡਾਕਟਰਾਂ ਨੇ ਕਿਹਾ ਕਿ ਮਾਘਾਜ਼ੀ ਸ਼ਰਨਾਰਥੀ ਕੈਂਪ, ਜ਼ੀਤੂਨ ਇਲਾਕੇ ਅਤੇ ਗਾਜ਼ਾ ਸ਼ਹਿਰ ਵਿੱਚ ਘਰਾਂ 'ਤੇ ਵੱਖ-ਵੱਖ ਹਵਾਈ ਹਮਲਿਆਂ ਵਿੱਚ ਘੱਟੋ-ਘੱਟ 21 ਲੋਕ ਮਾਰੇ ਗਏ, ਜਦੋਂ ਕਿ ਦੱਖਣੀ ਗਾਜ਼ਾ ਦੇ ਖਾਨ ਯੂਨਿਸ ਵਿੱਚ ਇੱਕ ਕੈਂਪ 'ਤੇ ਹਵਾਈ ਹਮਲੇ ਵਿੱਚ ਪੰਜ ਹੋਰ ਮਾਰੇ ਗਏ। ਡਾਕਟਰਾਂ ਨੇ ਕਿਹਾ ਕਿ ਮੱਧ ਗਾਜ਼ਾ ਵਿੱਚ ਸਲਾਹੁਦੀਨ ਸੜਕ 'ਤੇ ਸੰਯੁਕਤ ਰਾਸ਼ਟਰ ਦੁਆਰਾ ਲਿਆਂਦੇ ਗਏ ਸਹਾਇਤਾ ਟਰੱਕਾਂ ਦੀ ਉਡੀਕ ਕਰ ਰਹੇ ਫਲਸਤੀਨੀਆਂ ਦੀ ਭੀੜ 'ਤੇ ਇਜ਼ਰਾਈਲੀ ਗੋਲੀਬਾਰੀ ਵਿੱਚ ਚੌਦਾਂ ਹੋਰ ਲੋਕ ਮਾਰੇ ਗਏ। ਇਜ਼ਰਾਈਲੀ ਫੌਜ ਨੇ ਸੜਕ ਘਟਨਾ ਬਾਰੇ ਪੁੱਛੇ ਜਾਣ 'ਤੇ, ਇਜ਼ਰਾਈਲੀ ਰੱਖਿਆ ਬਲਾਂ ਨੇ ਕਿਹਾ ਕਿ ਵਾਰ-ਵਾਰ ਚੇਤਾਵਨੀਆਂ ਦੇਣ ਦੇ ਬਾਵਜੂਦ ਕਿ ਇਹ ਖੇਤਰ ਇੱਕ ਸਰਗਰਮ ਲੜਾਈ ਖੇਤਰ ਹੈ, ਵਿਅਕਤੀਆਂ ਨੇ ਕੇਂਦਰੀ ਗਾਜ਼ਾ ਪੱਟੀ ਦੇ ਨੁਸੀਰਤ ਖੇਤਰ ਵਿੱਚ ਕੰਮ ਕਰ ਰਹੇ ਫੌਜਾਂ ਨਾਲ ਇਸ ਤਰੀਕੇ ਨਾਲ ਸੰਪਰਕ ਕੀਤਾ, ਜਿਸ ਨਾਲ ਫੌਜਾਂ ਲਈ ਖ਼ਤਰਾ ਪੈਦਾ ਹੋਇਆ।

# ਪਸ਼ੂ ਪਾਲਣ ਵਿਭਾਗ ਵੱਲੋਂ ਗਊਵੰਸ਼ ਨੂੰ ਟੈਗਿੰਗ ਕਰਨ ਦਾ 10 ਦਿਨਾਂ ਅਭਿਆਨ ਸ਼ੁਰੂ



ਫ਼ਾਜ਼ਿਲਕਾ, 19 ਜੂਨ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਮਨਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪਸ਼ੂ ਪਾਲਣ ਵਿਭਾਗ ਵੱਲੋਂ ਗਊਵੰਸ਼ ਨੂੰ ਟੈਗਿੰਗ ਕਰਨ ਦਾ 10 ਦਿਨਾਂ ਅਭਿਆਨ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ ਸਲੇਮਸ਼ਾਹ ਵਿਖੇ ਰੋਜ਼ਾਨਾ 100 ਗਊਵੰਸ਼ ਨੂੰ ਟੈਗਿੰਗ ਕੀਤੀ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੇਅਰ ਟੇਕਰ ਸੋਨੂੰ ਵਰਮਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਗਊਵੰਸ਼ ਦੀ ਮੁਕੰਮਲ ਤਰੀਕੇ ਨਾਲ ਰੱਖ-ਰਖਾਵ ਅਤੇ ਚੰਗੇ ਤਰੀਕੇ ਨਾਲ ਸਾਂਭ-ਸੰਭਾਲ ਕਰਨ ਲਈ ਟੈਗਿੰਗ ਅਭਿਆਨ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਟੈਗਿੰਗ ਨਾਲ ਜਿਥੇ ਗਊਵੰਸ਼ ਦੀ ਮੁਕੰਮਲ ਜਾਣਕਾਰੀ ਹੋਵੇਗੀ, ਉਥੇ ਵਿਭਾਗ ਵੱਲੋਂ ਚਲਾਈ ਜਾਂਦੀ ਟੀਕਾਕਰਨ ਦੀ ਮੁਹਿੰਮ ਬਾਰੇ ਵੀ ਸੂਚਨਾ ਰਹੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ ਸਲੇਮਸ਼ਾਹ ਗਊਵੰਸ਼ ਦੀ ਸੁਚੱਜੇ ਢੰਗ ਨਾਲ ਰੱਖ ਰਖਾਵ ਕਰ ਰਹੀ ਹੈ। ਟੈਗਿੰਗ ਲਗਾਉਣ ਦਾ ਕਾਰਜ ਵਧੀਕ ਡਿਪਟੀ ਡਾਇਰੈਕਟਰ ਡਾ. ਰਾਜੇਸ਼ ਜਜੋਰੀਆ ਦੀ ਦੇਖ ਰੇਖ ਵਿਚ ਪਸ਼ੂ ਪਾਲਣ ਵਿਭਾਗ ਦੇ ਡਾ. ਸਾਹਿਲ ਸੇਤੀਆ ਦੀ ਅਗਵਾਈ ਹੇਠ ਪਸ਼ੂ ਪਾਲਣ ਤੇ ਜ਼ਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ ਦੀ ਟੀਮ ਵੈਟਰਨਰੀ ਇੰਸਪੈਕਟਰ ਸੁਰਿੰਦਰ ਕੰਬੋਜ, ਸੋਮ ਪ੍ਰਕਾਸ਼, ਹੈਲਪਰ ਰਾਕੇਸ਼ ਕੰਬੋਜ ਵੱਲੋਂ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕੈਟਲ ਪੌਂਡ ਸਲੇਮਸ਼ਾਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਹੈ, ਕੈਟਲ ਪੌਂਡ ਵਿਖੇ 1200 ਦੇ ਕਰੀਬ ਗਊਵੰਸ਼ ਦੀ ਬਿਹਤਰ ਤਰੀਕੇ ਨਾਲ ਸਾਂਭ ਸੰਭਾਲ ਕੀਤੀ ਜਾ ਰਹੀ ਹੈ।

# ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਦੀ ਜੂਨ ਮਹੀਨੇ ਦੀ ਮੀਟਿੰਗ ਚੋਖਾ ਅੰਪਾਇਰ 'ਚ ਹੋਈ

ਮੋਗਾ, 19 ਜੂਨ (ਸਰਬਜੀਤ ਰੌਲੀ): ਇਲੈਕਟਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਜੂਨ ਮਹੀਨੇ ਦੀ ਮੀਟਿੰਗ ਚੋਖਾ ਅੰਪਾਇਰ ਮੋਗਾ ਵਿੱਚ ਹੋਈ। ਮੀਟਿੰਗ ਵਿੱਚ ਪੰਜਾਬ ਹਰਿਆਣਾ ਦਿੱਲੀ, ਉੱਤਰ ਪ੍ਰਦੇਸ਼ ਤੋਂ ਲਗਭਗ 100 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ। ਅੱਜ ਇਸ ਮੀਟਿੰਗ ਦੀ ਸ਼ੁਰੂਆਤ ਡਾ. ਜਗਜੀਤ ਸਿੰਘ ਗਿੱਲ ਦੁਆਰਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਵਿੱਚ ਪੰਜਾਬ ਦੇ ਸਿਹਤ ਮੰਤਰੀ ਸ. ਬਲਬੀਰ ਸਿੰਘ ਨੂੰ ਇਲੈਕਟਰੋਹੋਮਿਓਪੈਥੀ ਨੂੰ ਮਾਨਤਾ ਦੇਣ ਲਈ ਮੰਗ ਪੱਤਰ ਦਿੱਤਾ ਗਿਆ। ਉਪਰੰਤ ਮੀਟਿੰਗ ਵਿੱਚ ਡਾ. ਜਗਤਾਰ ਸਿੰਘ ਸੇਖੋਂ ਨੇ ਨਾੜੀ ਦੁਆਰਾ ਬਿਮਾਰੀ ਦੀ ਸਮਾਂ ਅਵਿਧੀ ਨੂੰ ਜਾਂਚ ਕਰਨ ਦੀ ਨਵੀਂ ਤਕਨੀਕ ਬਾਰੇ ਦੱਸਿਆ। ਡਾ. ਪ੍ਰਮਿੰਦਰ ਪਾਠਕ ਨੇ ਇਲੈਕਟਰੋਹੋਮਿਓਪੈਥੀ ਦੀ ਵੈੱਨ 1 ਦਵਾਈ ਦੇ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਡਾ. ਸ਼ਿੰਦਰ ਸਿੰਘ ਨੇ ਗ੍ਰੀਨ ਇਲੈਕਟਰੀਸਿਟੀ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਡਾ. ਕਮਲਜੀਤ ਕੌਰ ਸੇਖੋਂ ਨੇ ਇਲੈਕਟਰੋਹੋਮਿਓਪੈਥੀ ਵਿੱਚ ਵਰਤੇ ਜਾਣ ਵਾਲੇ ਦੋ ਪੌਦਿਆਂ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਡਾ.




ਅੰਮ੍ਰਿਤਪਾਲ ਸਿੰਘ ਨੇ ਇਲੈਕਟਰੋਹੋਮਿਓਪੈਥੀ ਦੇ ਨਾਲ ਨਾਲ ਡਾਈਟ ਨੂੰ ਸਹੀ ਕਰਕੇ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਅੱਜ ਦੀ ਇਸ ਮੀਟਿੰਗ ਵਿੱਚ ਡਾ. ਪਰਮਜੀਤ ਸਿੰਘ ਨੇ ਗਠੀਆ, ਡਾ. ਰਾਜੇਸ਼ ਕੁਮਾਰ ਦੁਆਰਾ ਸ਼ੂਗਰ ਅਤੇ ਗੁਰਦੇ ਦੇ ਰੋਗਾਂ, ਡਾ. ਕਿਸ਼ੋਰ ਕੁਮਾਰ ਦੁਆਰਾ ਕੱਦ ਨੂੰ ਵਧਾਉਣ, ਡਾ. ਨਿਰਮਲਜੀਤ ਸਿੰਘ ਦੁਆਰਾ ਬੱਚੇਦਾਨੀ ਦੇ ਕੈਂਸਰ ਤੇ ਗਠੀਆ ਰੋਗ ਤੇ ਡਾ. ਅਵਤਾਰ ਸਿੰਘ ਦੇਵਗਨ ਨੇ ਬਾਂਝਪਣ ਦੇ ਇਲਾਜ ਸਬੰਧੀ ਆਪਣੇ ਕਲੀਨਿਕਲ ਤਜਰਬੇ ਸਾਂਝੇ ਕੀਤੇ। ਅੰਤ ਡਾ. ਜਗਜੀਤ ਸਿੰਘ ਗਿੱਲ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਤੇ ਅਗਲੇ ਮਹੀਨੇ ਦੀ ਮੀਟਿੰਗ ਵਿੱਚ ਆਉਣ ਦਾ ਸੱਦਾ ਦਿੱਤਾ। ਇਸ ਸਮੇਂ ਮੀਟਿੰਗ ਵਿੱਚ ਡਾ. ਜਸਵਿੰਦਰ ਸਿੰਘ, ਡਾ. ਸ਼ਮਸ਼ੇਰ ਸਿੰਘ, ਡਾ. ਸੰਤੋਖ ਸਿੰਘ, ਡਾ. ਜਸਵੀਰ ਸ਼ਰਮਾ, ਡਾ. ਸ਼ਹਿਜ਼ਾਦ ਹੁਸੈਨ, ਡਾ. ਰੌਬਿਨ ਅਰੋੜਾ, ਡਾ. ਵਰਿੰਦਰ ਸਿੰਘ, ਡਾ. ਸਤਾਰ ਮੁਹੰਮਦ, ਡਾ. ਚਮਕੌਰ ਸਿੰਘ, ਡਾ. ਗੁਰਮੀਤ ਸਿੰਘ, ਡਾ. ਜਗਜੀਤ ਸਿੰਘ, ਡਾ. ਅਨਿਲ ਅਗਰਵਾਲ, ਡਾ. ਲਵਪ੍ਰੀਤ ਸਿੰਘ, ਡਾ. ਜਸਵੀਰ ਕੌਰ, ਡਾ. ਕੰਵਰਜੀਤ ਕੌਰ, ਡਾ. ਪਰਮਿੰਦਰ ਪਾਠਕ, ਡਾ. ਮਨਦੀਪ ਸਿੰਘ, ਡਾ. ਪ੍ਰਿਅੰਕਾ, ਡਾ. ਇਮਰਾਨ ਕੁੰਜ, ਡਾ. ਰਣਜੀਤ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਅਮਰੀਕ ਕੌਰ, ਡਾ. ਵਰਿੰਦਰਜੀਤ ਕੌਰ, ਡਾ. ਸੁਖਮੰਦਰ ਸਿੰਘ, ਡਾ. ਕੁਲਦੀਪ ਕੌਰ, ਡਾ. ਮਨਜੀਤ ਸਿੰਘ, ਡਾ. ਪ੍ਰਦੀਪ ਕੁਮਾਰ, ਡਾ. ਮਨਦੀਪ ਸਿੰਘ, ਡਾ. ਹਰਮੰਦਰ ਸਿੰਘ ਹਾਜ਼ਰ ਸਨ।

# ਚੇਅਰਮੈਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਸਰਕਾਰ ਨੇ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਲਈ 12.79 ਕਰੋੜ ਰੁਪਏ ਜਾਰੀ ਕੀਤੇ



ਗੁਰਦਾਸਪੁਰ, 19 ਜੂਨ (ਜਗੀਰ ਸਿੰਘ ਮੰਡ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪੇਂਡੂ ਖੇਤਰ ਦੀਆਂ ਸੰਪਰਕ ਸੜਕਾਂ ਦੀ ਮੁਰੰਮਤ ਲਈ 12.79 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ। ਰਾਜ ਸਰਕਾਰ ਵੱਲੋਂ ਹਲਕਾ ਗੁਰਦਾਸਪੁਰ ਦੇ ਪਿੰਡਾਂ ਦੀਆਂ 62.42 ਕਿਲੋਮੀਟਰ ਲੰਬੀਆਂ ਸੰਪਰਕ ਸੜਕਾਂ ਦੀ ਮੁਰੰਮਤ ਕੀਤੀ ਜਾਵੇਗੀ। ਹਲਕਾ ਵਾਸੀਆਂ ਨਾਲ ਇਹ ਖ਼ੁਸ਼ਖ਼ਬਰੀ ਸਾਂਝੀ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੀਆਂ 62.42 ਕਿਲੋਮੀਟਰ ਲੰਬੀਆਂ ਸੜਕਾਂ ਦੀ ਮੁਰੰਮਤ ਲਈ 12.79 ਕਰੋੜ ਰੁਪਏ ਜਾਰੀ ਕੀਤੇ ਹਨ, ਜਿਸ ਦੇ ਟੈਂਡਰ ਅੱਜ 19 ਜੂਨ ਨੂੰ ਟੈਂਡਰ ਖੋਲ੍ਹ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅਗਲੇ 10 ਦਿਨਾਂ ਵਿੱਚ ਇਨ੍ਹਾਂ ਪੇਂਡੂ ਸੰਪਰਕ ਸੜਕਾਂ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਜਾਵੇਗਾ। ਰਮਨ ਬਹਿਲ ਨੇ ਦੱਸਿਆ ਕਿ ਇਹ ਸੰਪਰਕ ਸੜਕਾਂ ਹਲਕੇ ਦੇ ਪਿੰਡ ਹਰਦਾਨ, ਜੀਵਨਵਾਲ, ਮੰਗਲ ਸੈਨ, ਹਯਾਤ ਨਗਰ, ਪੀਰਾਂ ਬਾਗ, ਗਜ਼ਨੀਪੁਰ, ਤੱਤਲੇ, ਝਾਵਰ, ਰੰਡੇਵਾਲ, ਤਲਵੰਡੀ ਵਿਰਕ, ਬੱਬਰੀਆਂ, ਔਜਲਾ, ਸਰਾਵਨ, ਭੁੰਬਲੀਚੱਕ, ਹੇਮਪੁਰ, ਤਿੱਬੜ, ਕਾਲਾ ਨੰਗਲੀ ਹਰੀਮਨ ਬਸਤੀ, ਭੂਪੁਰ ਸੈਦਾਂ, ਲੱਲੋਨੰਗਲ, ਮੀਰਪੁਰ ਤੇ ਸੈਨਪੁਰ ਵਿਖੇ ਬਣਨਗੀਆਂ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੜਕਾਂ ਦੀ ਮੁਰੰਮਤ ਵਿੱਚ ਪਾਰਦਰਸ਼ਤਾ ਤੇ ਜਵਾਬਦੇਹੀ ਨੂੰ ਲਿਆਉਣ ਲਈ ਟੈਂਡਰਾਂ ਵਿੱਚ ਇੱਕ ਨਵੀਂ ਮੱਦ ਜੋੜੀ ਹੈ, ਜਿਸ ਤਹਿਤ ਜੋ ਠੇਕੇਦਾਰ ਸੜਕ ਬਣਾਵੇਗਾ, ਉਹ ਪੰਜ ਸਾਲਾਂ ਲਈ ਸੜਕ ਦੀ ਮੈਂਟੀਨੈਂਸ ਲਈ ਵੀ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਇਸ ਸਮੇਂ ਦੌਰਾਨ ਸੜਕ ਟੁੱਟਦੀ ਹੈ ਤਾਂ ਸੜਕ ਦੀ ਮੁਰੰਮਤ ਠੇਕੇਦਾਰ ਆਪਣੇ ਵੱਲੋਂ ਕਰੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਿੱਚ ਟੈਂਡਰਾਂ ਵਿੱਚ ਰਾਜਨੀਤਿਕ ਦਖ਼ਲ ਹੁੰਦਾ ਸੀ ਪਰ ਮਾਨ ਸਰਕਾਰ ਨੇ ਸਾਰੇ ਢਾਂਚੇ ਨੂੰ ਪਾਰਦਰਸ਼ੀ ਤੇ ਜਵਾਬਦੇਹ ਕਰ ਦਿੱਤਾ ਹੈ। ਇਸੇ ਦੌਰਾਨ ਹੀ ਚੇਅਰਮੈਨ ਰਮਨ ਬਹਿਲ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਨਿੰਦਿਆ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਪੰਜਾਬ ਨਾਲ ਧੱਕਾ ਤੇ ਧੋਖਾ ਕਰਦਿਆਂ ਸੂਬੇ ਦਾ 7757.40 ਕਰੋੜ ਰੁਪਏ ਦਾ ਆਰ.ਡੀ.ਐੱਫ. ਬਿਨਾਂ ਵਜ੍ਹਾ ਰੋਕ ਕੇ ਪੰਜਾਬੀਆਂ ਨਾਲ ਧ੍ਰੋਹ ਕਮਾਇਆ ਹੈ। ਉਨ੍ਹਾਂ ਦੱਸਿਆ ਕਿ 7757.40 ਕਰੋੜ ਰੁਪਏ ਦਾ ਆਰ.ਡੀ.ਐੱਫ. ਸੂਬੇ ਦੇ ਪਿੰਡਾਂ ਦੇ ਸਰਬਪੱਖੀ ਵਿਕਾਸ ਤੇ ਕਿਸਾਨਾਂ ਉੱਪਰ ਖ਼ਰਚਿਆ ਜਾਣਾ ਸੀ ਅਤੇ ਕੇਂਦਰ ਸਰਕਾਰ ਵੱਲੋਂ ਇਸ ਨੂੰ ਰੋਕਣਾ ਵੱਡੀ ਬੇਇਨਸਾਫ਼ੀ ਹੈ।

# ਸਰਕਾਰ ਮਹਿਲਾਵਾਂ, ਬਜ਼ੁਰਗਾਂ ਤੇ ਬੱਚਿਆਂ ਦੀ ਭਲਾਈ ਲਈ ਗੰਭੀਰ ਤੇ ਨਿਰੰਤਰ ਯਤਨ ਕਰ ਰਹੀ ਹੈ: ਵਿਧਾਇਕ ਕਲਸੀ



ਬਟਾਲਾ, 19 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ, ਵਿਸ਼ੇਸ਼ ਕਰਕੇ ਮਹਿਲਾਵਾਂ, ਬਜ਼ੁਰਗਾਂ ਤੇ ਬੱਚਿਆਂ ਦੀ ਭਲਾਈ ਲਈ ਗੰਭੀਰ ਤੇ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਸਮਾਜ ਦੀ ਤਰੱਕੀ ਉਸਦੇ ਗਰੀਬ, ਬਜ਼ੁਰਗ ਤੇ ਨਾਰੀ ਵਰਗ ਦੀ ਸਮਾਜਿਕ ਸੁਰੱਖਿਆ, ਸਿਹਤ ਤੇ ਸਿੱਖਿਆ ਉੱਤੇ ਨਿਰਭਰ ਕਰਦੀ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਰਾਜ ਸਰਕਾਰ ਵੱਲੋਂ ਹਰੇਕ ਵਰਗ ਦੇ ਹਿੱਤ ਵਿੱਚ ਵੱਡੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਲੋਕ ਭਲਾਈ ਸਕੀਮ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਹਨ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀਆਂ ਸਮਾਜਿਕ ਭਲਾਈ ਸਕੀਮਾਂ ਦਾ ਲਾਭ ਲੋੜਵੰਦ ਲੋਕਾਂ ਤੱਕ ਪਾਰਦਰਸ਼ੀ ਤੇ ਸਮੇਂ ਸਿਰ ਪਹੁੰਚਾਇਆ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਫ਼ਸਲ ਲਾਉਣ ਲਈ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਈ ਗਈ ਹੈ। ਖੇਤਾਂ ਤੱਕ ਨਹਿਰੀ ਪਾਣੀ ਨੂੰ ਪਹੁੰਚਾਉਣ ਵਿੱਚ ਸਰਕਾਰ ਵੱਲੋਂ ਸ਼ਲਾਘਾਯੋਗ ਕਦਮ ਚੁੱਕੇ ਗਏ ਹਨ। ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਨੂੰ ਪਹਿਲ ਦਿੱਤੀ ਗਈ ਹੈ ਤੇ ਸਰਕਾਰ ਹਰੇਕ ਵਰਗ ਦੀ ਭਲਾਈ ਲਈ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਮਹਿਲਾ ਸਸ਼ਕਤੀਕਰਨ, ਬਜ਼ੁਰਗ ਸੰਭਾਲ ਤੇ ਬਾਲ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਇਹ ਯਤਨ ਰੰਗਲਾ ਪੰਜਾਬ ਦੇ ਸੁਪਨੇ ਨੂੰ ਹਕੀਕਤ ਬਣਾਉਣ ਵੱਲ ਇੱਕ ਵਧੀਆ ਕਦਮ ਹੋਵੇਗਾ।

# ਡੀ.ਸੀ. ਵੱਲੋਂ ਸਰਕਾਰੀ ਨਸ਼ਾ ਛੁਡਾਊ ਕੇਂਦਰ ਬੱਬਰੀ ਦਾ ਦੌਰਾ



ਗੁਰਦਾਸਪੁਰ, 19 ਜੂਨ (ਜਸਵਿੰਦਰ ਸਿੰਘ/ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਸਰਕਾਰੀ ਨਸ਼ਾ ਛੁਡਾਊ ਕੇਂਦਰ ਬੱਬਰੀ (ਜ਼ਿਲ੍ਹਾ ਹਸਪਤਾਲ ਬੱਬਰੀ, ਗੁਰਦਾਸਪੁਰ) ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਨਸ਼ਾ ਛੁਡਾਊ ਕੇਂਦਰ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਇੱਥੇ ਦਾਖ਼ਲ ਮਰੀਜ਼ਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸਾਰੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ ਤੇ ਮਰੀਜ਼ਾਂ ਨਾਲ ਮਿਲਣ ਵਾਲੇ ਹਰ ਵਿਅਕਤੀ ਦੀ ਪਹਿਲਾਂ ਸ਼ਨਾਖ਼ਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਾ ਛੱਡ ਰਹੇ ਨੌਜਵਾਨਾਂ ਦੇ ਪੁਨਰਵਾਸ ਲਈ ਵੀ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ 20 ਜੂਨ ਨੂੰ ਗੁਰਦਾਸਪੁਰ ਦੇ ਕੀਤੇ ਜਾਣ ਵਾਲੇ ਦੌਰੇ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਨੇ ਸਿਹਤ ਵਿਭਾਗ ਵੱਲੋਂ ਨਸ਼ਾ ਮੁਕਤੀ ਮੁਹਿੰਮ ਤਹਿਤ ਕੀਤੇ ਜਾ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਓਟ ਕੇਂਦਰਾਂ ਤੋਂ ਇਲਾਵਾ ਨਸ਼ਾ ਛੁਡਾਊ ਕੇਂਦਰ ਤੇ ਪੁਨਰਵਾਸ ਕੇਂਦਰ ਚਲਾਏ ਜਾ ਰਹੇ ਹਨ ਜਿੱਥੇ ਮਰੀਜ਼ਾਂ ਦਾ ਮੁਫ਼ਤ ਇਲਾਜ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਐੱਮ.ਐੱਨ.ਐੱਸ. ਪ੍ਰੋਗਰਾਮ ਤਹਿਤ ਆਸ਼ਾ ਵਰਕਰਾਂ ਨੂੰ ਵੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਤੇ ਫੀਲਡ ਸਟਾਫ਼ ਵੱਲੋਂ ਨਸ਼ਾ ਛੱਡਣ ਵਾਲਿਆਂ ਦੀ ਪਛਾਣ ਕਰਕੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਭੇਜਿਆ ਜਾ ਰਿਹਾ ਹੈ। ਇਸ ਮੌਕੇ ਸਿਵਲ ਸਰਜਨ ਡਾ. ਜਸਪਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਡੇਂਗੂ ਤੇ ਚਿਕਨਗੁਨੀਆ ਬਿਮਾਰੀਆਂ ਦੀ ਰੋਕਥਾਮ ਲਈ ਵੀ ਅਗੇਤੇ ਪ੍ਰਬੰਧ ਕੀਤੇ ਗਏ ਹਨ ਤੇ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਤੇ ਸਿਵਲ ਹਸਪਤਾਲ ਬਟਾਲਾ ਵਿਖੇ ਇਨ੍ਹਾਂ ਦੋਵਾਂ ਬਿਮਾਰੀਆਂ ਦੇ ਟੈਸਟ ਤੇ ਇਲਾਜ ਬਿਲਕੁਲ ਮੁਫ਼ਤ ਉਪਲਬਧ ਹਨ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਗੁਰਮੀਤ ਸਿੰਘ, ਐੱਸ.ਡੀ.ਐੱਮ. ਬਟਾਲਾ ਵਿਕਰਮਜੀਤ ਸਿੰਘ, ਸਹਾਇਕ ਕਮਿਸ਼ਨਰ ਆਦਿੱਤਿਆ, ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਲੋਕ ਭਲਾਈ ਸੇਵਾ ਸੁਸਾਇਟੀ ਵੱਲੋਂ ਹੈੱਡ ਕਾਂਸਟੇਬਲ ਰਵੀ ਕੁਮਾਰ ਦਾ ਸਨਮਾਨ

## ਡੀ.ਜੀ.ਪੀ. ਡਿਸਕ ਮਿਲਣ 'ਤੇ ਦਿੱਤੀ ਵਧਾਈ: ਭਾਰਟਾ



ਨਵਾਂਸ਼ਹਿਰ, 19 ਜੂਨ (ਸੁਖਦੇਵ ਸਿੰਘ ਉਸਮਾਨਪੁਰ): ਲੋਕ ਭਲਾਈ ਸੇਵਾ ਸੁਸਾਇਟੀ ਦੇ ਸਰਪ੍ਰਸਤ ਕੁਲਵਿੰਦਰ ਸਿੰਘ ਭਾਰਟਾ ਵੱਲੋਂ ਹੈੱਡ ਕਾਂਸਟੇਬਲ ਰਵੀ ਕੁਮਾਰ ਨੂੰ ਡੀ.ਜੀ.ਪੀ. ਡਿਸਕ ਮਿਲਣ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਭਾਰਟਾ ਨੇ ਕਿਹਾ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਰਵੀ ਕੁਮਾਰ ਦੀਆਂ ਪੰਜਾਬ ਪੁਲਿਸ 'ਚ ਵਧੀਆ ਸੇਵਾਵਾਂ ਬਦਲੇ ਡੀ.ਜੀ.ਪੀ. ਡਿਸਕ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੈੱਡ ਕਾਂਸਟੇਬਲ ਰਵੀ ਕੁਮਾਰ ਵੱਲੋਂ ਨਸ਼ੇ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਸਨ। ਰਵੀ ਕੁਮਾਰ ਨੇ ਪੁਲਿਸ ਮਹਿਕਮੇ ਵਿੱਚ ਡਿਊਟੀ ਦੇ ਨਾਲ ਸਮਾਜ ਸੇਵਾ ਦੇ ਕੰਮਾਂ ਵਿੱਚ ਵੀ ਅਹਿਮ ਯੋਗਦਾਨ ਪਾਇਆ ਹੈ। ਇਸ ਮੌਕੇ ਐੱਸ.ਐੱਚ.ਓ. ਸਿਟੀ ਚੌਧਰੀ ਵਰਿੰਦਰ ਕੁਮਾਰ, ਸੀਨੀਅਰ ਕੌਂਸਲਰ ਚੇਤ ਰਾਮ ਰਤਨ, ਸੰਤੋਖ ਤਾਜਪੁਰੀ, ਸਰਬਜੀਤ ਸਾਬੀ, ਹਰਬੰਸ ਲਾਲ, ਰਾਮ ਕੁਮਾਰ ਆਦਿ ਹਾਜ਼ਰ ਸਨ।

# 21 ਨੂੰ ਐੱਸ.ਡੀ. ਕਾਲਜ ਵਿਖੇ ਯੋਗਾ ਦਿਵਸ ਮਨਾਇਆ ਜਾਵੇਗਾ: ਐੱਸ.ਡੀ.ਐੱਮ. ਕੁਲਦੀਪ ਚੰਦ



ਫਤਹਿਗੜ੍ਹ ਚੂੜੀਆਂ, 19 ਜੂਨ (ਰਾਜਨ ਸ਼ਰਮਾ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਬ-ਡਵੀਜ਼ਨ ਫਤਹਿਗੜ੍ਹ ਚੂੜੀਆਂ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਉਣ ਲਈ ਐੱਸ.ਡੀ.ਐੱਮ. ਕੁਲਦੀਪ ਚੰਦ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਐੱਸ.ਡੀ.ਐੱਮ. ਦਫ਼ਤਰ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਕੁਲਦੀਪ ਚੰਦ ਨੇ ਕਿਹਾ ਕਿ ਸਬ-ਡਵੀਜ਼ਨ ਫਤਹਿਗੜ੍ਹ ਚੂੜੀਆਂ ਵਿਖੇ 21 ਜੂਨ ਨੂੰ ਸਵੇਰੇ 6 ਤੋਂ 8 ਵਜੇ ਤੱਕ ਪੰਡਿਤ ਮੋਹਨ ਲਾਲ ਐੱਸ.ਡੀ. ਕਾਲਜ (ਲੜਕੀਆਂ) ਡੇਰਾ ਰੋਡ ਫਤਹਿਗੜ੍ਹ ਚੂੜੀਆਂ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਵੇਗਾ, ਜਿਸ ਦੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਸ ਦਿਨ ਨੂੰ ਮਨਾਉਣ ਵਾਸਤੇ ਪਾਬੰਦ ਕਰ ਦਿੱਤਾ ਗਿਆ ਹੈ। ਐੱਸ.ਡੀ.ਐੱਮ. ਨੇ ਲੋਕਾਂ ਨੂੰ ਵੱਧ ਤੋਂ ਵੱਧ ਇਸ ਦਿਨ ਨੂੰ ਮਨਾਉਣ ਤੇ ਪ੍ਰੋਗਰਾਮ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਜਿੱਥੇ ਸਾਡਾ ਸਰੀਰ ਤੰਦਰੁਸਤ ਰਹਿੰਦਾ ਹੈ, ਉੱਥੇ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਮੀਟਿੰਗ ਵਿੱਚ ਪਰਮਿੰਦਰ ਸਿੰਘ ਤਹਿਸੀਲਦਾਰ, ਪਰਮਜੀਤ ਕੌਰ ਬੀ.ਡੀ.ਪੀ.ਓ., ਪ੍ਰਿੰ. ਅਨੀਤਾ ਅਰੋੜਾ ਲੜਕੀਆਂ ਸਕੂਲ, ਪ੍ਰਿੰ. ਪ੍ਰੋ. ਪ੍ਰਦੀਪ ਕੌਰ ਐੱਸ.ਡੀ. ਕਾਲਜ, ਪ੍ਰਿੰ. ਵਰਿੰਦਰ ਕੌਰ ਪੰਡਿਤ ਮੋਹਨ ਲਾਲ ਗਲੋਬਲ ਸਕੂਲ, ਪ੍ਰਿੰ. ਮੁਨੀਸ਼ ਗਾਂਧੀ ਆਈ.ਟੀ.ਆਈ. ਫ਼ਤਹਿਗੜ੍ਹ ਚੂੜੀਆਂ, ਲੈਕ. ਨਰੇਸ਼ ਸੋਢੀ, ਡਾ. ਮਨਪ੍ਰੀਤ ਕੌਰ ਯੋਗਾ ਇੰਚਾਰਜ, ਕੁਲਜੀਤ ਕੌਰ ਸੁਪਰਵਾਈਜ਼ਰ ਸੀ.ਡੀ.ਪੀ.ਓ. ਦਫ਼ਤਰ, ਰੁਪਿੰਦਰਜੀਤ ਕੌਰ ਸੁਪਰਵਾਈਜ਼ਰ ਸੀ.ਡੀ.ਪੀ.ਓ. ਦਫ਼ਤਰ, ਹਰਮੀਤ ਸਿੰਘ ਫੂਡ ਸਪਲਾਈ ਇੰਸਪੈਕਟਰ, ਸੁਮਨਦੀਪ ਸਿੰਘ ਲੇਖਾਕਾਰ ਮਾਰਕੀਟ ਕਮੇਟੀ, ਹਰਜਿੰਦਰ ਸਿੰਘ ਕਲਰਕ ਨਗਰ ਕੌਂਸਲ ਦਫ਼ਤਰ, ਪਲਵਿੰਦਰ ਸਿੰਘ ਜੇ.ਈ. ਨਗਰ ਕੌਂਸਲ ਦਫ਼ਤਰ, ਪ੍ਰੋ. ਦੀਪਿੰਦਰ ਕੌਰ ਐੱਸ.ਡੀ. ਕਾਲਜ, ਡਾ. ਹਰਜਿੰਦਰ ਸਿੰਘ, ਪੰਕਜ ਕੁਮਾਰ ਸੀ.ਐੱਮ. ਯੋਗਸ਼ਾਲਾ, ਡਾ. ਰਵਿੰਦਰਪਾਲ ਸਿੰਘ ਮਾਨ ਖੇਤੀਬਾੜੀ ਵਿਭਾਗ, ਦਰਸ਼ਨ ਕੁਮਾਰ ਸਟੈਨੋ ਐੱਸ.ਡੀ.ਐੱਮ. ਦਫ਼ਤਰ, ਰਵੀ ਸਿੱਧੂ ਕਲਰਕ ਐੱਸ.ਡੀ.ਐੱਮ. ਦਫ਼ਤਰ ਆਦਿ ਹਾਜ਼ਰ ਸਨ।

# ਜੰਗਲਾਤ ਲੇਬਰ ਯੂਨੀਅਨ ਜ਼ਿਲ੍ਹਾ ਰੂਪਨਗਰ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਵੱਖ-ਵੱਖ ਰੇਂਜ ਦਫ਼ਤਰਾਂ ਵਿਖੇ ਦਿੱਤਾ ਜਾਵੇਗਾ ਧਰਨਾ



ਸ੍ਰੀ ਕੀਰਤਪੁਰ ਸਾਹਿਬ, 19 ਜੂਨ (ਬੀ.ਐੱਸ. ਰਾਣਾ): ਜੰਗਲਾਤ ਲੇਬਰ ਯੂਨੀਅਨ ਪੰਜਾਬ ਦੇ ਪ੍ਰਧਾਨ ਮੇਲਾ ਸਿੰਘ ਬਰੂਵਾਲ ਵੱਲੋਂ ਅੱਜ ਸਾਡੇ ਨਾਲ ਗੱਲਬਾਤ ਕਰਦਿਆਂ ਵੱਲੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਜਾਣਕਾਰੀ ਦਿੱਤੀ ਗਈ ਕਿ ਜੰਗਲਾਤ ਵਿਭਾਗ ਵਿੱਚ ਡੇਲੀਵੇਜ਼ ਦੇ ਤੌਰ 'ਤੇ ਪਿਛਲੇ ਤਕਰੀਬਨ 20-22 ਸਾਲਾਂ ਤੋਂ ਕੰਮ ਕਰਦੇ ਆ ਰਹੇ ਜੰਗਲਾਤ ਕਾਮਿਆਂ ਨੂੰ ਮਾਣਯੋਗ ਹਾਈਕੋਰਟ ਵੱਲੋਂ ਮਿਤੀ 26-2-2024 ਦੇ ਹੁਕਮ ਵਿੱਚ ਪੱਕਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ ਪਰ ਜੰਗਲਾਤ ਅਧਿਕਾਰੀਆਂ ਵੱਲੋਂ ਉਕਤ ਕਾਮਿਆਂ ਦੇ ਸਹੀ ਤਰੀਕੇ ਨਾਲ ਨਾਮ ਨਾ ਭੇਜਣ ਕਾਰਨ ਉਕਤ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੀਡਬਲਪੀ ਨੰਬਰ ਜੋਗਿੰਦਰ ਤੇ ਹੋਰ, ਸੀਡਬਲਪੀ ਨੰਬਰ ਅਮਰੀਕ ਸਿੰਘ ਤੇ ਹੋਰ, ਸੀਡਬਲਪੀ ਨੰਬਰ ਬੱਲੂ ਸਿੰਘ ਤੇ ਹੋਰ, ਸੀਡਬਲਪੀ ਨੰਬਰ ਰਾਣਾ ਸਿੰਘ ਤੇ ਹੋਰ, ਸੀਡਬਲਪੀ ਨੰਬਰ ਜੋਗਾ ਸਿੰਘ ਤੇ ਹੋਰ ਸੀਡਬਲਪੀ ਨੰਬਰ ਰਾਮ ਪ੍ਰਕਾਸ਼ ਤੇ ਹੋਰ ਕਾਮਿਆਂ ਨੂੰ ਅੱਠ ਹਫ਼ਤਿਆਂ 'ਚੋਂ ਉਕਤ ਹੁਕਮ ਨੂੰ ਲਾਗੂ ਕਰਨ ਦੇ ਹੁਕਮ ਹਾਈਕੋਰਟ ਵੱਲੋਂ ਦਿੱਤੇ ਗਏ ਸਨ ਪਰ ਵਣ ਰੇਂਜ ਅਫਸਰ ਨੂਰਪੁਰ ਬੇਦੀ, ਵਣ ਰੇਂਜ ਅਫਸਰ ਰੂਪਨਗਰ, ਵਣ ਰੇਂਜ ਅਫਸਰ ਸ੍ਰੀ ਅਨੰਦਪੁਰ ਸਾਹਿਬ, ਵਣ ਰੇਂਜ ਅਫਸਰ ਸ੍ਰੀ ਚਮਕੌਰ ਸਾਹਿਬ ਨੇ ਇਨ੍ਹਾਂ ਕਾਮਿਆਂ ਵਿੱਚੋਂ ਅੱਧੇ ਕਰਮਚਾਰੀਆਂ ਦੇ ਨਾਮ ਉੱਚ ਅਧਿਕਾਰੀਆਂ ਨੂੰ ਨਹੀਂ ਭੇਜੇ, ਜਿਸ ਕਰਕੇ ਕਾਮਿਆਂ ਵਿੱਚ ਕਾਫੀ ਜ਼ਿਆਦਾ ਰੋਸ ਹੈ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਕਾਮਿਆਂ ਨੂੰ 378 ਕਾਮਿਆਂ ਵਿੱਚ ਸ਼ਾਮਲ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਮਿਤੀ 25 ਜੂਨ 2025 ਨੂੰ ਰੇਂਜ ਦਫਤਰ ਨੂਰਪੁਰ ਬੇਦੀ, 26 ਜੂਨ ਨੂੰ ਰੇਂਜ ਦਫਤਰ ਸ੍ਰੀ ਅਨੰਦਪੁਰ ਸਾਹਿਬ, 27 ਜੂਨ ਨੂੰ ਸ੍ਰੀ ਚਮਕੌਰ ਸਾਹਿਬ ਤੇ 30 ਜੂਨ ਨੂੰ ਰੇਂਜ ਦਫਤਰ ਰੂਪਨਗਰ ਤੇ ਡੀ.ਐੱਫ.ਓ. ਦਫਤਰ ਰੂਪਨਗਰ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਦੌਰਾਨ ਨਿਕਲਣ ਵਾਲੇ ਸਿੱਟਿਆਂ ਦੀ ਸਮੁੱਚੀ ਜ਼ਿੰਮੇਵਾਰੀ ਉਕਤ ਵੱਖ-ਵੱਖ ਰੇਂਜਾਂ ਦੇ ਅਧਿਕਾਰੀਆਂ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਅਧਿਕਾਰੀ ਟਾਲ-ਮਟੋਲ ਵਾਲੀ ਨੀਤੀ ਅਪਣਾ ਕੇ ਸਮਾਂ ਟਪਾ ਰਹੇ ਹਨ ਤੇ ਮਾਣਯੋਗ ਹਾਈਕੋਰਟ ਦੇ ਹੁਕਮਾਂ ਦੀ ਉਲੰਘਣਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਦੇ ਜੰਗਲਾਤ ਲੇਬਰ ਯੂਨੀਅਨ ਕਾਮਿਆਂ ਦੀ ਇੱਕ ਮੀਟਿੰਗ ਕਰਨ ਤੋਂ ਬਾਅਦ ਪ੍ਰੈੱਸ ਨੋਟ ਜਾਰੀ ਕਰਨ ਦਾ ਅਧਿਕਾਰ ਜੰਗਲਾਤ ਲੇਬਰ ਯੂਨੀਅਨ ਪੰਜਾਬ ਦੇ ਪ੍ਰਧਾਨ ਮੇਲਾ ਸਿੰਘ ਬਰੂਵਾਲ ਨੂੰ ਦਿੱਤਾ ਗਿਆ। ਇਸ ਦੌਰਾਨ ਉਨ੍ਹਾਂ ਨਾਲ ਰੇਂਜ ਪ੍ਰਧਾਨ ਮੱਖਣ ਸਿੰਘ ਰੂਪਨਗਰ, ਰੇਂਜ ਪ੍ਰਧਾਨ ਅਵਤਾਰ ਸਿੰਘ ਨੂਰਪੁਰ ਬੇਦੀ, ਰੇਂਜ ਪ੍ਰਧਾਨ ਲਾਭ ਸਿੰਘ ਚਮਕੌਰ ਸਾਹਿਬ, ਰੇਂਜ ਪ੍ਰਧਾਨ ਬਲਵੀਰ ਸਿੰਘ ਸ੍ਰੀ ਅਨੰਦਪੁਰ ਸਾਹਿਬ, ਅਮਰੀਕ ਸਿੰਘ, ਨੰਦ ਲਾਲ, ਰਾਣਾ ਸਿੰਘ, ਕੁਲਵਿੰਦਰ ਸਿੰਘ, ਸੁਰਮਖ ਸਿੰਘ, ਲਾਲ ਸਿੰਘ, ਸੁਖਦੇਵ ਸਿੰਘ, ਦਰਸ਼ਨ ਸਿੰਘ ਰਾਏਪੁਰ, ਹਿੰਮਤ ਸਿੰਘ ਆਦਿ ਸਾਥੀ ਹਾਜ਼ਰ ਸਨ।

# ਈ-ਰਿਕਸ਼ਾ ਵਾਲੇ ਸਾਵਧਾਨ, ਲੰਬੇ ਰੂਟਾਂ 'ਤੇ ਨਹੀਂ ਚੱਲਣਗੇ ਈ-ਰਿਕਸ਼ੇ: ਟ੍ਰੈਫਿਕ ਇੰਚਾਰਜ



ਬਟਾਲਾ, 19 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਪੰਜਾਬ ਦੇ ਪਿੰਡਾਂ ਵੱਲੋਂ ਸ਼ਹਿਰਾਂ ਨੂੰ ਧੜਾ-ਧੜ ਚੱਲ ਰਹੇ ਈ-ਰਿਕਸ਼ਾ ਵਾਲਿਆਂ ਲਈ ਸਖ਼ਤ ਚੇਤਾਵਨੀ ਹੈ, ਕਿ ਲੰਬਿਆਂ ਰੂਟਾਂ 'ਤੇ ਈ-ਰਿਕਸ਼ੇ ਨਹੀਂ ਚੱਲਣਗੇ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਬਟਾਲਾ ਦੇ ਧਾਕੜ ਟ੍ਰੈਫਿਕ ਇੰਚਾਰਜ ਸੁਰਿੰਦਰ ਸਿੰਘ ਗੁਰਾਇਆ ਨੇ ਦੱਸਿਆ ਕਿ ਰਿਕਸ਼ਾ ਦਾ ਮਤਲਬ ਹੈ ਸ਼ਹਿਰ ਦੇ ਵਿੱਚ ਸਵਾਰੀ ਨੂੰ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ 'ਤੇ ਲੈ ਕੇ ਜਾਣਾ, ਪਰ ਰਿਕਸ਼ੇ ਨੂੰ ਹੁਣ ਮਾਡਰਨ ਦਿਖ ਦੇਣ ਕਰਕੇ ਜਾਂ ਇਲੈਕਟ੍ਰੋਨਿਕ ਰਿਕਸ਼ਾ ਬਣ ਜਾਣ ਕਾਰਨ ਸ਼ਹਿਰ ਵਿੱਚ ਚੱਲਣ ਵਾਲਾ ਰਿਕਸ਼ਾ ਹੁਣ ਪਿੰਡਾਂ ਤੋਂ ਸਵਾਰੀਆਂ ਚੁੱਕ ਕੇ ਸ਼ਹਿਰਾਂ ਵੱਲ ਨੂੰ ਲੈ ਕੇ ਆ ਰਿਹਾ ਹੈ, ਜਿਸ ਦਾ ਸਰਕਾਰ ਨੂੰ (ਪੰਜਾਬ ਰੋਡਵੇਜ਼ ਦੀਆਂ ਬੱਸਾਂ) ਤੇ ਨਿੱਜੀ ਬੱਸ ਮਾਲਕਾਂ ਨੂੰ ਬਹੁਤ ਵੱਡਾ ਘਾਟਾ ਝੱਲਣਾ ਪੈ ਰਿਹਾ ਹੈ। ਸ੍ਰ. ਗੁਰਾਇਆ ਨੇ ਦੱਸਿਆ ਕਿ ਇਸ ਸਬੰਧੀ ਮੇਰੇ ਕੋਲ ਬੱਸ ਚਾਲਕਾਂ ਵੱਲੋਂ ਐੱਸ.ਪੀ. ਸਾਹਿਬ ਨੂੰ ਦਿੱਤੀ ਇੱਕ ਦਰਖਾਸਤ ਆਈ ਸੀ, ਅੱਜ ਉਸ ਦਰਖਾਸਤ ਉੱਪਰ ਕਾਰਵਾਈ ਕਰਦਿਆਂ ਹੋਇਆਂ ਦੇਖਿਆ ਗਿਆ ਕਿ ਇੱਕ ਬੱਸ ਦੇ ਵਿੱਚ ਪੰਜ ਸਵਾਰੀਆਂ ਬੈਠੀਆਂ ਹੋਈਆਂ ਸਨ ਤੇ ਉਸਦੇ ਨਾਲ ਹੀ ਉਸੇ ਰੂਟ 'ਤੇ ਇੱਕ ਈ-ਰਿਕਸ਼ਾ ਆ ਰਿਹਾ ਸੀ, ਜਿਸ ਵਿੱਚ ਵੀ ਪੰਜ ਸਵਾਰੀਆਂ ਬੈਠੀਆਂ ਹੋਈਆਂ ਸਨ ਤੇ ਈ-ਰਿਕਸ਼ਾ ਵਾਲੇ ਕੋਲ ਕੋਈ ਕਾਗਜ਼ਾਤ ਵੀ ਨਹੀਂ ਸਨ। ਸੁਰਿੰਦਰ ਸਿੰਘ ਨੇ ਕਿਹਾ ਕਿ ਕਈ ਲੱਖ ਰੁਪਏ ਖਰਚ ਕੇ ਇਕ ਬੱਸ ਖਰੀਦੀ ਜਾਂਦੀ ਹੈ, ਫਿਰ ਉਸਦਾ ਪਰਮਿਟ ਲਿਆ ਜਾਂਦਾ ਹੈ, ਫਿਰ ਲੱਖਾਂ ਰੁਪਏ ਸਰਕਾਰ ਨੂੰ ਟੈਕਸ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ, ਡਰਾਈਵਰ, ਕੰਡਕਟਰ, ਹੈਲਪਰ ਆਦਿ ਸਟਾਫ ਨੂੰ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ ਤੇ ਜੇ ਫਿਰ ਵੀ ਉਨ੍ਹਾਂ ਦੀਆਂ ਸਵਾਰੀਆਂ ਜੁਗਾੜੂ ਵਹੀਕਲ, ਜਾਂ ਈ-ਰਿਕਸ਼ੇ ਵਾਲੇ ਲੈ ਕੇ ਜਾਣ ਤਾਂ ਫਿਰ ਟਰਾਂਸਪੋਰਟਰਾਂ ਦਾ ਤਾਂ ਰੱਬ ਹੀ ਰਾਖਾ ਤੇ ਉੱਪਰੋਂ ਵੱਡੀ ਸਿਤਮਜ਼ਰੀਫੀ ਇਹ ਕਿ ਮਨੁੱਖੀ ਜਾਨਾਂ ਨੂੰ ਜ਼ੋਖਮ ਵਿੱਚ ਪਾ ਕੇ ਖਿਲਵਾੜ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਐੱਸ.ਐੱਸ.ਪੀ. ਸੁਹੇਲ ਮੀਰ ਕਾਸਮ ਨੇ ਜਿਹੜੀ ਤੱਕੜੀ ਫੜਾਈ ਹੈ, ਉਸ ਤੱਕੜੀ ਅਨੁਸਾਰ ਪਬਲਿਕ ਦੇ ਹਰ ਬਸ਼ਿੰਦੇ ਨੂੰ ਇਨਸਾਫ ਦਿੱਤਾ ਜਾਵੇਗਾ ਤੇ ਸ਼ਹਿਰਾਂ ਤੋਂ ਬਾਹਰ ਚੱਲਣ ਵਾਲੇ ਈ-ਰਿਕਸ਼ਾ ਉਪਰ ਸਖਤ ਤੋਂ ਕਾਰਵਾਈ ਕੀਤੀ ਜਾਵੇਗੀ।

# ਪ੍ਰਸ਼ਾਸਨ ਨੇ ਅਣ-ਅਧਿਕਾਰਤ ਕਲੋਨੀ 'ਤੇ ਚਲਾਇਆ ਪੀਲਾ ਪੰਜਾ




ਬਟਾਲਾ/ਉਧਨਵਾਲ, 19 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਸੁੱਖ ਅੰਮ੍ਰਿਤ ਘੁਮਾਣ): ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹਰਜਿੰਦਰ ਸਿੰਘ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਹਿਲਾਂ ਵੀ ਅਣ-ਅਧਿਕਾਰਤ ਕਲੋਨੀਆਂ ਨੂੰ ਸਮੇਂ-ਸਮੇਂ 'ਤੇ ਪਾਪਰਾ ਐਕਟ 1995 ਦੀ ਉਲੰਘਣਾ ਤਹਿਤ ਨੋਟਿਸ ਜਾਰੀ ਕੀਤੇ ਗਏ ਤੇ ਸਮੇਂ-ਸਮੇਂ 'ਤੇ ਢਾਹਿਆ ਜਾ ਰਿਹਾ ਹੈ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹਰਜਿੰਦਰ ਸਿੰਘ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਕੁਲਵਿੰਦਰ ਸਿੰਘ, ਡਿਊਟੀ ਮੈਜਿਸਟਰੇਟ ਦੀ ਨਿਗਰਾਨੀ ਹੇਠ ਗੀਤਿਕਾ ਅਰੋੜਾ ਜ਼ਿਲ੍ਹਾ ਨਗਰ ਯੋਜਨਾਕਾਰ, ਪੁਨੀਤ ਡਿਗਰਾ ਸਹਾਇਕ ਨਗਰ ਯੋਜਨਾਕਾਰ, ਪ੍ਰਭਜੋਤ ਸਿੰਘ ਸਹਾਇਕ ਨਗਰ ਯੋਜਨਾਕਾਰ, ਦਿਨੇਸ਼ ਕੁਮਾਰ ਜੂਨੀਅਰ ਇੰਜੀਨੀਅਰ ਤੇ ਜ਼ਿਲ੍ਹਾ ਪ੍ਰਸ਼ਾਸਨ/ ਰੈਗੂਲੇਟਰੀ ਟੀਮ ਵੱਲੋਂ ਵੱਡੀ ਕਾਰਵਾਈ ਕਰਦਿਆਂ ਪਿੰਡ ਜੈਤੋ ਸਰਜਾ ਵਿਖੇ ਪਾਪਰਾ ਐਕਟ 1995 ਦੀ ਉਲੰਘਣਾ ਕਰਦੇ ਹੋਏ ਹੋਂਦ ਵਿੱਚ ਲਿਆਂਦੀਆਂ ਅਣ-ਅਧਿਕਾਰਤ ਕਲੋਨੀ ਨੂੰ ਢਾਹ ਦਿੱਤਾ ਗਿਆ। ਵਧੀਕ ਡਿਪਟੀ ਕਮਿਸ਼ਨਰ (ਜ) ਹਰਜਿੰਦਰ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਨ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਿੰਡ ਜੈਤੋ ਸਰਜਾ ਵਿਖੇ ਵਿਕਸਿਤ ਕੀਤੀ ਗਈ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਕਿ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ 'ਤੇ ਜ਼ਿਲ੍ਹਾ ਗੁਰਦਾਸਪੁਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਤ ਥਾਣਾ ਅਫ਼ਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।

# ਅੰਤਰਰਾਸ਼ਟਰੀ ਯੋਗਾ ਦਿਵਸ ਆਰ.ਡੀ. ਖੋਸਲਾ, ਡੀ.ਏ.ਵੀ. ਸੀਨੀ. ਸੈਕੰ. ਸਕੂਲ ਵਿਖੇ ਮਨਾਇਆ ਜਾਵੇਗਾ



ਬਟਾਲਾ/ਅਲੀਵਾਲ, 19 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਡਾ. ਸਤਨਾਮ ਸਿੰਘ ਸੰਧੂ): ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ, ਆਰ.ਡੀ. ਖੋਸਲਾ, ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਵਿਖੇ ਸਵੇਰੇ 6 ਵਜੇ ਤੋਂ ਸਵੇਰੇ 8:00 ਵਜੇ ਤੱਕ ਮਨਾਇਆ ਜਾਵੇਗਾ। ਇਸ ਮੌਕੇ ਡਾ. ਪ੍ਰਦੀਪ ਸਿੰਘ ਜ਼ਿਲ੍ਹਾ ਆਯੂਰਵੇਦਾ ਤੇ ਯੂਨਾਨੀ ਅਫਸਰ ਗੁਰਦਾਸਪੁਰ ਤੇ ਡਾ. ਅਮਿਤ ਵਰਮਾ ਆਯੂਰਵੈਦਿਕ ਅਫਸਰ ਵੀ ਮੌਜੂਦ ਸਨ। ਉਨ੍ਹਾਂ ਨੇ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਦੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਬ-ਡਵੀਜ਼ਨ ਪੱਧਰ 'ਤੇ ਅੰਤਰਰਾਸ਼ਟਰੀ ਯੋਗਾ ਦਿਵਸ ਬਟਾਲਾ ਵਿਖੇ ਮਨਾਇਆ ਜਾ ਰਿਹਾ ਹੈ ਤੇ ਇਸ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਐੱਸ.ਡੀ.ਐੱਮ. ਬਟਾਲਾ ਨੇ ਲੋਕਾਂ ਨੂੰ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਦੇ ਨਾਲ-ਨਾਲ ਯੋਗ ਦੇ ਫਾਇਦਿਆਂ ਬਾਰੇ ਜਾਣੂੰ ਕਰਵਾਇਆ ਜਾ ਸਕੇ।

# ਵਿਦਿਆਰਥੀ ਦਾ ਬੇਰਹਿਮੀ ਨਾਲ ਕਤਲ, ਦਰੱਖਤ ਨਾਲ ਲਟਕਦੀ ਮਿਲੀ ਲਾਸ਼



ਕਾਦੀਆਂ, 19 ਜੂਨ (ਸਲਾਮ ਤਾਰੀ/ਸਿਕੰਦਰ ਸੰਧੂ): ਗਿਆਰਵੀਂ ਵਿੱਚ ਪੜ੍ਹਦੇ ਵਿਦਿਆਰਥੀ ਦਾ ਸੜਕ ਕਿਨਾਰੇ ਦਰੱਖਤ ਨਾਲ ਉਸ ਦੀ ਲਾਸ਼ ਨੂੰ ਟੰਗ ਕੇ ਕਤਲ ਕੀਤੇ ਜਾਣ ਦੀ ਖਬਰ ਮਿਲੀ ਹੈ। ਜਾਣਕਾਰੀ ਅਨੁਸਾਰ ਜਸਕਰਨ ਸਿੰਘ ਪੁੱਤਰ ਰਾਜਿੰਦਰ ਸਿੰਘ 17 ਸਾਲ ਵਾਸੀ ਬੇਰੀ ਥਾਣਾ ਕਾਹਨੂੰਵਾਨ ਰਹਿਣ ਵਾਲਾ ਸੀ। ਬੀਤੀ ਰਾਤ ਪਿੰਡ ਬੇਰੀ ਤੋਂ ਜਸਕਰਨ ਸਿੰਘ ਫੋਟੋ ਸਟੇਟ ਕਾਪੀ ਕਰਵਾਉਣ ਲਈ ਘਰੋਂ ਗਿਆ ਸੀ, ਜੋ ਕਿ ਜਸਕਰਨ ਸਿੰਘ +1 ਵਿੱਚ ਹੋਲੀ ਫੈਮਲੀ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਹਰਗੋਬਿੰਦਪੁਰ ਲਾਈਟਾਂ ਵਾਲੇ ਚੌਕ 'ਚ ਪੜ੍ਹਦਾ ਸੀ ਗਰਮੀਆਂ ਦੀਆਂ ਛੁੱਟੀਆਂ ਹੋਣ ਕਾਰਨ ਸਕੂਲ ਨਹੀਂ ਸੀ ਜਾ ਰਿਹਾ। ਪਰ ਰਾਤ ਤੱਕ ਪਰਿਵਾਰਕ ਮੈਂਬਰਾਂ ਵੱਲੋਂ ਆਪਣੇ ਬੱਚੇ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਗਈ ਪਰ ਨਹੀਂ ਲੱਭਿਆ ਉਸ ਦਾ ਫੋਨ ਨੰਬਰ ਬੰਦ ਆ ਰਿਹਾ ਸੀ। ਜਦ ਸਵੇਰ ਸਮੇਂ ਥਾਣਾ ਦਸੂਹਾ ਮੁਕੇਰੀਆਂ ਪਿੰਡ ਚਕਰਾ ਦੇ ਨਜ਼ਦੀਕ ਰਸਤੇ ਰਾਹਦਾਰੀ ਲੋਕਾਂ ਨੇ ਲਾਸ਼ ਨੂੰ ਦਰੱਖਤ ਉੱਤੇ ਟੰਗੀ ਦੇਖਿਆ ਤਾਂ ਲੋਕਾਂ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਕਰਾਈਮ ਬ੍ਰਾਂਚ ਵੱਲੋਂ ਇਸ ਦੀ ਤਸਵੀਰ ਪਛਾਣ ਲਈ ਵੱਖ ਵੱਖ ਵਟਸਐਪ ਗਰੁੱਪਾਂ ਵਿੱਚ ਪਾ ਕੇ ਲੋਕਾਂ ਨੂੰ ਪਛਾਣ ਲਈ ਪੁੱਛਿਆ ਗਿਆ। ਜਦੋਂ ਇਸ ਘਟਨਾ ਬਾਰੇ ਇਸ ਦੇ ਪਰਿਵਾਕ ਮੈਂਬਰਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਤੁਰੰਤ ਥਾਣਾ ਦਸੂਹਾ ਮੁਕੇਰੀਆਂ ਪਹੁੰਚ ਕੇ ਬੱਚੇ ਦੀ ਪਛਾਣ ਕੀਤੀ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੇ ਬੱਚੇ ਦਾ ਕਤਲ ਹੋਇਆ। ਉਧਰ ਦੂਜੇ ਪਾਸੇ ਨੌਜਵਾਨ ਦੀ ਅਜਿਹੇ ਭੇਤਭਰੇ ਹਾਲਾਤਾਂ ਵਿੱਚ ਲਾਸ਼ ਮਿਲਣ ਤੋਂ ਬਾਅਦ ਪਿੰਡ ਬੇਰੀ ਦੇ ਵਿੱਚ ਸੋਗ ਦੀ ਲਹਿਰ ਸੀ। ਉਧਰ ਦੂਜੇ ਪਾਸੇ ਪੁਲਿਸ ਦੇ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤੇ ਇਸ ਸਬੰਧੀ ਬਾਰੀਕੀ ਨਾਲ ਪੁਲਿਸ ਕਤਲ ਦੀ ਜਾਂਚ ਪੜਤਾਲ ਕਰ ਰਹੀ ਹੈ।



ਥਾਣਾ ਧਾਰੀਵਾਲ ਦੇ ਨਵ-ਨਿਯੁਕਤ ਐੱਸ.ਐੱਚ.ਓ. ਪਰਮਿੰਦਰ ਸਿੰਘ ਨੂੰ ਸਨਮਾਨਤ ਕਰਦੇ ਹੋਏ ਸਰਪੰਚ ਰਾਮ ਸਰੂਪ ਪਿੰਡ ਫੱਜੂਪੁਰ, ਪ੍ਰਧਾਨ ਅਜੇ ਮੱਟੂ, ਬਲਾਕ ਯੂਥ ਪ੍ਰਧਾਨ ਤੇ ਸਾਬਕਾ ਐੱਮ.ਸੀ. ਅਮਿਤ ਸਹੋਤਾ, ਮੀਡੀਆ ਇੰਚਾਰਜ ਦਲਜੀਤ ਸਿੰਘ, ਜਤਿੰਦਰ ਭਗਤ ਦੀਨਪੁਰ, ਟਿੰਕੂ ਦੀਨਪੁਰ, ਪ੍ਰਦੀਪ ਉਰਫ ਗੁੱਲੂ, ਸੌਰਵ ਚੀਦਾ, ਰੋਹਿਤ ਆਸ਼ੀਸ਼, ਰੋਹਨ ਆਦਿ। (ਫੋਟੋ ਤੇ ਵੇਰਵਾ : ਅਸ਼ੋਕ ਕੁਮਾਰ)

# ਜੋਗਿੰਦਰ ਅੰਗੂਰਾਲਾ ਨੇ ਆਪਣਾ ਜਨਮ ਦਿਨ ਰਾਸ਼ਟਰਪਤੀ ਐਵਾਰਡੀ ਮਲਕੀਤ ਸਿੰਘ ਨੂੰ ਸਨਮਾਨਤ ਕਰਕੇ ਮਨਾਇਆ




ਬਟਾਲਾ, 19 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਮਜ਼ਬੂਤ ਰਾਸ਼ਟਰ ਸੰਗਠਨ ਦੇ ਕੌਮੀ ਪ੍ਰਧਾਨ ਜੋਗਿੰਦਰ ਅੰਗੂਰਾਲਾ ਨੇ ਸੀ.ਆਰ.ਪੀ.ਐੱਫ. ਸਿਪਾਹੀ ਰਾਸ਼ਟਰਪਤੀ ਐਵਾਰਡੀ ਮਲਕੀਤ ਸਿੰਘ ਸੇਖਵਾਂ ਦਾ ਸਨਮਾਨ ਕਰਨ ਲਈ ਇੱਕ ਵਿਲੱਖਣ ਤੇ ਨੇਕ ਇਰਾਦੇ ਨਾਲ ਆਪਣਾ ਜਨਮਦਿਨ ਮਨਾਇਆ, ਜਿਸ ਨੂੰ ਪਹਿਲਾਂ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਸਨਮਾਨਤ ਕੀਤਾ ਜਾ ਚੁੱਕਾ ਹੈ। ਇਸ ਸਮਾਗਮ ਵਿੱਚ ਮੁੱਖ ਮਹਿਮਾਨਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਅਗਰਵਾਲ ਸਭਾ ਬਟਾਲਾ ਦੇ ਪ੍ਰਧਾਨ ਬੁੱਧੀਸ਼ ਅਗਰਵਾਲ, ਲਾਇਨ ਗਵਰਨਰ 321 ਡੀ.ਵੀ.ਐੱਮ. ਗੋਇਲ, ਆਈ.ਟੀ.ਆਈ. ਕਾਦੀਆਂ ਤੇ ਚੀਮਾ ਖੁੱਡੀ ਦੇ ਚੇਅਰਮੈਨ ਸੁਖਜਿੰਦਰ ਸਿੰਘ (ਰਜਿੰਦਰਾ ਫਾਊਂਡਰੀ) ਤੇ ਲਾਇਨਜ਼ ਕਲੱਬ ਬਟਾਲਾ ਸੇਵਾ ਸਫਾਇਰ ਦੇ ਪ੍ਰਧਾਨ ਤੇ ਬਟਾਲਾ ਕਲੱਬ ਦੇ ਜਨਰਲ ਸਕੱਤਰ ਰਾਜੀਵ ਵਿੱਗ ਸ਼ਾਮਲ ਸਨ। ਇਸ ਸਾਦੇ ਤੇ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਦੌਰਾਨ ਕੌਮੀ ਪ੍ਰਧਾਨ ਜੋਗਿੰਦਰ ਅੰਗੂਰਾਲਾ ਨੇ ਮਲਕੀਤ ਸਿੰਘ ਸੇਖਵਾਂ ਦੇ ਸਮਰਪਣ ਤੇ ਬਹਾਦਰੀ ਦੀ ਪ੍ਰਸ਼ੰਸਾ ਕੀਤੀ, ਦੇਸ਼ ਪ੍ਰਤੀ ਉਨ੍ਹਾਂ ਦੇ ਯੋਗਦਾਨ ਨੂੰ ਉਜਾਗਰ ਕੀਤਾ। ਇਸ ਮੌਕੇ 'ਤੇ ਐਡਵੋਕੇਟ ਭਾਰਤ ਅਗਰਵਾਲ, ਲਾਇਨਜ਼ ਕਲੱਬ ਪ੍ਰਿੰਸ ਦੇ ਪ੍ਰਧਾਨ ਹਰਵੰਤ ਮਹਾਜਨ, ਲਾਇਨਜ਼ ਕਲੱਬ ਪਾਰਥ ਰਿਹਾਨ ਦੇ ਪ੍ਰਧਾਨ ਸੁਭਾਸ਼ ਓਹਰੀ, ਲਾਇਨਜ਼ ਕਲੱਬ ਮੁਸਕਾਨ ਦੇ ਪ੍ਰਧਾਨ ਗਗਨਦੀਪ ਸਿੰਘ, ਲਾਇਨਜ਼ ਕਲੱਬ ਬਟਾਲਾ ਸਮਾਰਟ ਪ੍ਰਧਾਨ ਸੁਭਾਸ਼ ਸ਼ਰਮਾ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਕੁਲਦੀਪ ਸਿੰਘ ਕਾਹਲੋਂ, ਰਸ਼ਪਾਲ ਸਿੰਘ ਬਿੱਟੂ, ਬਲਵਿੰਦਰ ਸਿੰਘ ਪੰਜਗਰਾਈਂ, ਲਾਡੇ ਸ਼ਾਹ ਭਾਗੋਵਾਲੀਆ, ਡਿਪਟੀ ਕਮਾਂਡੈਂਟ ਸੰਦੀਪ ਅਜਾਦ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਜੇ ਪ੍ਰਭਾਕਰ, ਮੈਨੇਜਰ ਅੱਤਰ ਸਿੰਘ, ਮਜ਼ਬੂਤ ਰਾਸ਼ਟਰ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਲਵਲੀ ਕੁਮਾਰ, ਕੈਸ਼ੀਅਰ ਵਿਨੋਦ ਗੋਰਾ, ਜਨਰਲ ਸਕੱਤਰ ਪ੍ਰਤੀਕ ਅੰਗੂਰਾਲਾ, ਯਾਦਵਿੰਦਰ ਬੱਬਲੂ, ਸੁਨਹਿਰਾ ਭਾਰਤ ਪਰਜੀਤ ਕੁਮਾਰ, ਅਸ਼ੀਸ ਕੁਮਾਰ, ਮਨੀਸ਼ ਤਰੇਹਨ, ਗੁਰਵਿੰਦਰ ਸ਼ਰਮਾ ਗੁੱਲੂ, ਲੋਕ ਅਦਾਲਤ ਮੈਂਬਰ ਕੰਚਨ ਚੌਹਾਨ, ਮਨਜਿੰਦਰ ਸੰਧੂ, ਵਿਕਰਮ ਚੋਪੜਾ, ਜੁਗਲ ਕਿਸ਼ੋਰ ਮੈਨੇਜਰ, ਮਨੋਹਰ ਲਾਲ ਸੋਨੀ, ਪ੍ਰਮੋਦ ਸ਼ਰਮਾ, ਸ਼ੰਮੀ ਕਪੂਰ ਪ੍ਰਧਾਨ ਵਿਸ਼ਵਾਸ ਫਾਊਂਡੇਸ਼ਨ, ਰਾਜਨ ਮੇਹਰਾ, ਮਦਨ ਲਾਲ ਸੇਠੀ, ਵਿਕਾਸ ਸ਼ਰਮਾ ਬ੍ਰਾਹਮਣ ਸਭਾ, ਰਿੰਕੂ ਜੋਸ਼ੀ ਆਦਿ ਹਾਜ਼ਰ ਸਨ

# ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ਼ ਐਜੂਕੇਸ਼ਨ ਵਿਖੇ ਬੀ.ਐੱਡ ਦਾਖ਼ਲੇ ਲਈ ਰਜਿਸਟ੍ਰੇਸ਼ਨ ਸ਼ੁਰੂ: ਚੇਅਰਮੈਨ ਚਾਹਲ



ਧਾਰੀਵਾਲ, 19 ਜੂਨ (ਅਸ਼ੋਕ ਕੁਮਾਰ): ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਧਾਰੀਵਾਲ ਵਿਖੇ ਬੀ.ਐੱਡ ਦੇ ਦਾਖਲੇ 2025-26 ਲਈ ਰਜਿਸਟ੍ਰੇਸ਼ਨ ਸ਼ੁਰੂ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਚੇਅਰਮੈਨ ਅਮਰਜੀਤ ਸਿੰਘ ਚਾਹਲ ਨੇ ਦੱਸਿਆ ਕਿ ਬੀ.ਐੱਡ ਦੇ ਦਾਖਲੇ ਸਬੰਧੀ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਕਾਲਜ ਵਿਖੇ ਪਹੁੰਚ ਕੇ ਵਿਦਿਆਰਥੀਆਂ ਵੱਲੋਂ ਰਜਿਸਟ੍ਰੇਸ਼ਨ ਕਰਵਾਈ ਜਾ ਰਹੀ ਹੈ। ਚੇਅਰਮੈਨ ਅਮਰਜੀਤ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਰਸਿਟੀ ਲਈ ਸਾਂਝੀ ਦਾਖਲਾ ਪ੍ਰਕਿਰਿਆ ਪ੍ਰੀਖਿਆ ਲਈ ਜਾਵੇਗੀ ਤੇ ਆਨਲਾਈਨ ਦਾਖਲਾ ਟੈਸਟ 3 ਅਗਸਤ 2025 ਦਿਨ ਐਤਵਾਰ ਨੂੰ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕਾਲਜ ਵਿੱਚ ਰਜਿਸਟ੍ਰੇਸ਼ਨ ਖੁੱਲ੍ਹੀ ਹੈ ਤੇ ਵਿਦਿਆਰਥੀਆਂ ਦੀ ਸਹਾਇਤਾ ਲਈ ਕਾਲਜ ਵਿਖੇ ਹੈਲਪ ਡੈਸਕ ਸਥਾਪਤ ਕੀਤੇ ਗਏ ਹਨ। ਚੇਅਰਮੈਨ ਅਮਰਜੀਤ ਸਿੰਘ ਚਾਹਲ ਨੇ ਦੱਸਿਆ ਕਿ ਜਿਸ ਵੀ ਵਿਦਿਆਰਥੀ ਨੂੰ ਕੋਰਸ ਸਬੰਧੀ ਜਾਣਕਾਰੀ ਚਾਹੀਦੀ ਹੋਵੇ ਤਾਂ ਉਹ ਕਾਲਜ ਨਾਲ 94634-94634 ਨੰਬਰ 'ਤੇ ਸੰਪਰਕ ਕਰ ਸਕਦਾ ਹੈ।

# ਗੁਰਦੁਆਰਾ ਸਿੰਘ ਸਭਾ ਦੀ ਨਵੀਂ ਇਮਾਰਤ ਜਲਦ ਹੋਵੇਗੀ ਤਿਆਰ



ਭੋਗਪੁਰ, 19 ਜੂਨ (ਅਮਰਜੀਤ ਸਿੰਘ ਸੈਣੀ): ਭੋਗਪੁਰ ਦੇ ਪਿੰਡ ਬਿਨਪਾਲਕੇ ਗੁਰਦੁਆਰਾ ਸਿੰਘ ਸਭਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਤੇ ਭਾਵਨਾ ਨਾਲ ਆਪਣੀ ਸੇਵਾ ਨੂੰ ਨਿਭਾਉਂਦੇ ਹੋਏ ਗੁਰਦੁਆਰਾ ਸਿੰਘ ਸਭਾ ਬਿਨਪਾਲਕੇ ਦੀ ਪੂਰੀ ਇਮਾਰਤ ਦੁਬਾਰਾ ਤਿਆਰ ਕੀਤੀ ਜਾ ਰਹੀ ਹੈ। ਅੱਜ ਇਮਾਰਤ ਵਿੱਚ ਲੈਂਟਰ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਕੰਮ ਕਰ ਰਹੀ ਲੇਬਰ ਦੱਸ ਰਹੀ ਸੀ ਕਿ ਪ੍ਰਬੰਧਕ ਕਮੇਟੀ ਆਪਣੇ ਫਰਜ਼ ਨੂੰ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਨਿਭਾ ਰਹੀ ਹੈ, ਜ਼ਿੰਮੇਵਾਰ ਅਧਿਕਾਰੀ ਦਿਨ-ਰਾਤ ਇੱਕ ਕਰਕੇ ਸੇਵਾ ਵਿੱਚ ਲੱਗੇ ਹੋਏ ਹਨ। ਪਿੰਡ ਦੇ ਸਰਪੰਚ ਜੋਗਾ ਸਿੰਘ, ਬਲਬੀਰ ਕੌਰ, ਹਰਬਲਿੰਦਰ ਸਿੰਘ ਬਲੀਨਾ, ਮਲਕੀਤ ਸਿੰਘ ਸੈਕਟਰੀ, ਦਲਜੀਤ ਸਿੰਘ ਖ਼ਾਲਸਾ, ਸੁਰਿੰਦਰ ਸਿੰਘ ਪ੍ਰਧਾਨ ਸਰਜੀਤ ਸਿੰਘ ਪੰਚ, ਗੁਰਮੇਲ ਸਿੰਘ ਨੂੰ ਅੱਜ ਲੈਂਟਰ ਦੀ ਸੇਵਾ ਮੌਕੇ ਸ਼ਰਧਾ ਤੇ ਭਾਵਨਾ ਨਾਲ ਜ਼ਿੰਮੇਵਾਰੀ ਨਿਭਾਉਂਦਿਆਂ ਹੋਇਆਂ ਦੇਖਿਆ ਗਿਆ ਤੇ ਗੁਰਦੁਆਰਾ ਸਾਹਿਬ ਵਿੱਚ ਲੇਬਰ ਵੱਲੋਂ ਜਿਸ ਤਰ੍ਹਾਂ ਲੈਂਟਰ ਪਾਉਣ ਦਾ ਕੰਮ ਚੱਲ ਰਿਹਾ ਸੀ ਲੱਗਦਾ ਨਹੀਂ ਸੀ ਕਿ ਲੇਬਰ ਕੰਮ ਦੀ ਸੰਪੂਰਨਤਾ ਨੂੰ ਬਹੁਤੇ ਦਿਨ ਲਗਾਵੇਗੀ। ਜਲਦ ਹੀ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕਰ ਦਿੱਤੀ ਜਾਵੇਗੀ। ਇਸ ਮੌਕੇ 'ਤੇ ਪ੍ਰਬੰਧਕ ਕਮੇਟੀ ਹਰਬਲਿੰਦਰ ਸਿੰਘ ਬਲੀਨਾ, ਜੋਗਾ ਸਿੰਘ, ਬਲਵੀਰ ਕੌਰ ਸਰਪੰਚ, ਗੁਰਮੇਲ ਸਿੰਘ ਨੰਬਰਦਾਰ, ਮਲਕੀਤ ਸਿੰਘ ਸੈਕਟਰੀ, ਸਰਜੀਤ ਪੰਚ, ਸੁਰਿੰਦਰ ਸਿੰਘ ਪ੍ਰਧਾਨ, ਦਲਜੀਤ ਸਿੰਘ ਖ਼ਾਲਸਾ ਚਰਨ ਸਿੰਘ, ਸਤਵੰਤ ਕੌਰ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।

# ਬਰਸਾਤੀ ਮੱਕੀ ਦੀ ਬਿਜਾਈ 30 ਤੱਕ ਕੀਤੀ ਜਾ ਸਕਦੀ ਹੈ: ਮੁੱਖ ਖੇਤੀਬਾੜੀ ਅਫ਼ਸਰ



ਗੁਰਦਾਸਪੁਰ, 19 ਜੂਨ (ਜਗੀਰ ਸਿੰਘ ਮੰਡ/ਜਗਮੋਹਣ ਬਾਂਗੋਵਾਣੀ): ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਹੇਠੋਂ ਰਕਬਾ ਕੱਢ ਕੇ ਮੱਕੀ ਹੇਠ ਲਿਆਉਣ ਲਈ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਤਹਿਤ 2000 ਹੈੱਕਟੇਅਰ ਰਕਬੇ ਵਿਚ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਵਾਈ ਜਾਵੇਗੀ ਤੇ ਸਾਉਣੀ ਰੁੱਤ ਦੀ ਮੱਕੀ ਦੀ ਬਿਜਾਈ ਜੂਨ ਮਹੀਨੇ ਦੇ ਅਖੀਰ ਤੱਕ ਕੀਤੀ ਜਾ ਸਕਦੀ ਹੈ। ਬਲਾਕ ਦੀਨਾਨਗਰ ਦੇ ਪਿੰਡ ਸਧਾਨਾ ਵਿਚ ਕਿਸਾਨ ਸ਼ੇਰ ਸਿੰਘ ਵੱਲੋਂ 6 ਏਕੜ ਰਕਬੇ ਵਿੱਚ ਬਿਜਾਈ ਕੀਤੀ ਮੱਕੀ ਦੀ ਫ਼ਸਲ ਜਾਇਜ਼ਾ ਲੈਣ ਸਮੇਂ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਗੱਲਬਾਤ ਕਰਦਿਆਂ ਕਹੇ। ਜ਼ਿਲ੍ਹਾ ਗੁਰਦਾਸਪੁਰ ਵਿਚ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਝੋਨੇ ਦੀ ਕਾਸ਼ਤ ਕਰਨ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ, ਜਿਸ ਕਾਰਨ ਭਵਿੱਖ ਵਿਚ ਖੇਤੀ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ। ਉਨ੍ਹਾਂ ਦੱਸਿਆ ਕਿ ਭਵਿੱਖ ਦੀ ਖੇਤੀ ਨੂੰ ਟਿਕਾਊ ਬਣਾਉਣ ਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ 2000 ਹੈੱਕਟੇਅਰ ਰਕਬਾ ਝੋਨੇ ਦੀ ਖੇਤੀ ਹੇਠੋਂ ਕੱਢ ਕੇ ਮੱਕੀ ਦੀ ਕਾਸ਼ਤ ਹੇਠਾਂ ਲਿਆਉਣ ਲਈ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਜੋ ਕਿਸਾਨ ਝੋਨੇ ਦੀ ਖੇਤੀ ਕਰਨ ਦੀ ਬਿਜਾਏ ਸਾਉਣੀ ਰੁੱਤ ਵਾਲੀ ਮੱਕੀ ਦੀ ਕਾਸ਼ਤ ਕਰੇਗਾ, ਉਨ੍ਹਾਂ ਨੂੰ ਪ੍ਰਤੀ ਹੈੱਕਟੇਅਰ 17500/- ਰੁਪਏ ਬਤੌਰ ਪ੍ਰੋਤਸਾਹਨ ਰਾਸ਼ੀ ਵਜੋਂ ਸਿੱਧੇ ਬੈਂਕ ਖਾਤਿਆਂ ਵਿਚ ਦਿੱਤੇ ਜਾਣਗੇ। ਉਨ੍ਹਾਂ ਨੂੰ ਦੱਸਿਆ ਕਿ ਇਸ ਵਾਰ ਪੰਜਾਬ ਸਰਕਾਰ ਵੱਲੋਂ ਮੱਕੀ ਦੀ ਖ਼ਰੀਦ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਮੱਕੀ ਦੀ ਖ਼ਰੀਦ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਮੱਕੀ ਦੀ ਖ਼ਰੀਦ ਘੱਟੋ-ਘੱਟ ਸਮਰਥਨ ਮੁੱਲ 'ਤੇ ਕਰਨ ਨੂੰ ਯਕੀਨੀ ਬਣਾਏਗੀ। ਉਨ੍ਹਾਂ ਦੱਸਿਆ ਕਿ ਸਾਉਣੀ ਦੀ ਰੁੱਤ ਦੀ ਮੱਕੀ ਦੀ ਬਿਜਾਈ ਜੂਨ ਦੇ ਅਖੀਰ ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਤੇ ਖੇਤੀਬਾੜੀ ਅਧਿਕਾਰੀਆਂ ਵਿਚ ਤਾਲਮੇਲ ਵਧਾਉਣ ਲਈ ਪਿੰਡਾਂ ਦੇ 30 ਅਗਾਂਹਵਧੂ ਨੌਜਵਾਨ ਬਤੌਰ ਕਿਸਾਨ ਮਿੱਤਰ ਨਿਯੁਕਤ ਕੀਤੇ ਗਏ ਹਨ ਤੇ ਹਰੇਕ ਕਿਸਾਨ ਮਿੱਤਰ ਲਈ ਮੱਕੀ ਦੀ ਕਾਸ਼ਤ ਕਰਨੀ ਜ਼ਰੂਰੀ ਹੋਵੇਗੀ। ਉਨ੍ਹਾਂ ਦੱਸਿਆ ਕਿ ਦੇਸ਼ ਵਿਚ ਇਥਾਨੋਲ ਦੀ ਮੰਗ ਦਿਨੋਂ ਦਿਨ ਵਧ ਰਹੀ ਹੈ ਤੇ ਇਥਾਨੋਲ ਮੱਕੀ ਜਾਂ ਚੌਲਾਂ ਦੇ ਟੋਟੇ ਤੋਂ ਹੀ ਬਣਾਇਆ ਜਾਂਦਾ ਹੈ।

## ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Muneesh Arora Additional District and Sessions Judge -1, Moga**
CNR No.PBMO01-005791-2024
Next Date:29.07.2025
Satyanarain Jalan
Versus
General Public
Notice to: General Public:- General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **29.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-05-2025
**Sd/- Additional District and Sessions Judge -1, Moga**

(U/o 5 Rule 20 CPC)
**In the Court of Ms. Mandeep Kaur Civil Judge (Junior Division), Amritsar**
CNR No. PBAS02-005650-2023
Next Date:-30-07-2025
State Bank of India
Versus
Karanbir Singh
Notice to: 3. Gurmeet Kaur W/o Balwant Singh R/o Village Taragarh, Tehsil and District Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.07.2025** at 10:00 A.M.
For details logon to https://highcourtchd.gov.in/?trs=district_notice&district=Amritsar
Dated this day of 23-05-2025
**Sd/- Civil Judge (Junior Division), Amritsar**

(U/o 5 Rule 20 CPC)
**In the Court of Sh. Neeraj Kumar Singla Civil Judge Senior Division, Muktsar**
CNR No. PBSM02-000424-2025
Next Date: 31.07.2025
Publication be effected till 18.06.2025
GW/04/2025
Hargunpreet Singh Brar
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 03-06-2025
**Sd/- Civil Judge Senior Division, Muktsar**

(U/o 5 Rule 20 CPC)
**In the Court of Sh. Neeraj Kumar Singla Civil Judge Senior Division, Muktsar**
CNR No. PBSM02-000177-2021
Next Date: 31.07.2025
CS/109/2021
Publication be effected on or before 18-06-2025
Bank of India
Versus
Arshnoordeep Singh
Mortgage suit for recovery
Notice to: Arshnoordeep Singh Son:- Of Davinder Singh Resident of Village Khunde Halal, Tehsil and District Sri Muktsar Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 11-06-2025
**Sd/- Civil Judge Senior Division, Muktsar**

(U/o 5 Rule 20 CPC)
**In the Court of Sh. Jagmeet Singh Additional Civil Judge (Senior Division), Rupnagar**
CNR No. PBRO02-000811-2025
Next Date: 31.07.2025
Succ/07/2025
Harmohan Singh Paul aged about 83 years on of Teja Singh permanent rs/o Chamkaur Sahib now rs/o H.NO. 1, Guru Tegh Bahadur Nagar, Opp. Raj Hotel, College Road, Rupnagar, Tehsil and District Rupnagar
Versus
General Public
Notice to: General Public
In above titled case the accused could not be served. It is ordered that accused should appear in person or through counsel on 31.07.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 11-06-2025
**Sd/- Additional Civil Judge (Senior Division), Rupnagar**

(U/o 5 Rule 20 CPC)
**In the Court of Ms. Nazmeen Singh Civil Judge (Junior Division), Pathankot**
CNR No. PBPO02-001861-2023
Next Date: 31.07.2025
Prem Lata
Versus
Sunita Devi
\Notice to: 1) Arun Kumar Son:- Late Sh. Balwinder Kumar Resident of Village Sujanpur Near Peeli Haveli old Post office Steet Pathankot 2) Shoba Rani Spouse:- Sh. Om Parkash Resident of Dera Baba Nanak Kan Chand Mohalla Tussiya Wali Gali District Gurdaspur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.07.2025** at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 06-06-2025
**Sd/- Civil Judge (Junior Division), Pathankot**

(U/o 5 Rule 20 CPC)
**In the Court of Ms. Tushar Kaur Thind Civil Judge (Junior Division),**
CNR No. PBSB02-000374-2024
Next Date: 28.07.2025
Kuldeep Singh
Versus
Hardev Singh
\Notice to: 1 Hardev Singh S/o Amrik Singh 2. Iqbal Kaur d/o Amrik Singh Both Rs/o Village Behram, Tehsil Banga, District SBS Nagar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.07.2025** at 10:00 A.M.
For details logon to https://highcourtchd.gov.in/?mod=district_notice&district=SbsNagar
Dated, this day of 16-06-2025
**Sd/- Civil Judge (Junior Division),**

(U/o 5 Rule 20 CPC)
**In the Court of Sh. Mandeep Singh Additional Civil Judge Senior Division Samana, Samana**
CNR No. PBPTC0-000508-2025
Next Date: 30.07.2025
Lakhvir Kaur
Versus
General Public
Notice to:General Public:- Samana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.07.2025** at 10:00 A.M.
For details logon to https://highcourtchd.gov.in/?mod=district_notice&district=patiala
Dated, this day of 10-06-2025
**Sd/- Additional Civil Judge Senior Division Samana, Samana**

(U/o 5 Rule 20 CPC)
**In the Court of Sh. Rajinder Singh Teji Additional Civil Judge Senior Division-2, Ferozepur**
CNR No. PBFZ02-004028-2024
Next Date: 21.07.2025
CS/2209/2024
Assa Singh
Versus
Union of India
Notice to: 1. Union of India.- Ministry of Home Affairs, Through its Secretary, New Delhi 2. State of Punjab Through Deputy Commissioner, Ferozepur. 3. Sub Divisional Magistrate, Ferozepur 4. Tehsildar Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-06-2025
**Sd/- Additional Civil Judge Senior Division-2, Ferozepur**

(U/o 5 Rule 20 CPC)
**In the Court of Ms. Amandeep Kaur Rathor Civil Judge Junior Division-5, Ferozepur**
CNR No. PBFZ02-000030-2023
Next Date: 18.07.2025
State Bank of India
Versus
Dalip Singh
In above titled case the defendant(s)/respondent(s) Dalip Singh S/o Darbara Singh S/o Inder Singh R/o Village Mohre Wala, Teh & Distt. Ferozepur could not be served. It is ordered that defendant(s)/respondent(s) should appear in person or through counsel on **18.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-06-2025
**Sd/- Civil Judge Junior Division-5, Ferozepur**

### ਬੇਦਖਲੀ ਸੂਚਨਾ

ਮੈਂ, ਜਗਜੀਤ ਸਿੰਘ ਪੁੱਤਰ ਸਤਪਾਲ ਸਿੰਘ ਪਿੰਡ ਮੰਨਣ ਡਾਕ. ਬਹਾਦਰਪੁਰ ਬਾਹੀਆਂ ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੀ ਪਤਨੀ ਰਮਨਦੀਪ ਕੌਰ, ਪੁੱਤਰ ਸਾਹਿਲ ਕਲੇਰ, ਪੁੱਤਰੀਆਂ ਦੀਕਸ਼ਾ ਅਤੇ ਯਸ਼ਮੀਨ ਕੌਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਮਨਜੀਤ ਸਿੰਘ ਪੁੱਤਰ ਮੋਹਨ ਸਿੰਘ ਪਿੰਡ ਨੂਰਪੁਰਾ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਆਪਣੇ ਲੜਕੇ ਉਦੈਪਾਲ ਸਿੰਘ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਸਮਝਾਉਣ 'ਤੇ ਨਹੀਂ ਸਮਝਦਾ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਸਬੰਧ ਨਹੀਂ ਰਿਹਾ।

### ਆਮ ਸੂਚਨਾ

ਮੈਂ, ਮੋਹਨਜੀਤ ਸਿੰਘ ਪੁੱਤਰ ਸ੍ਰ: ਜਸਕਰਨ ਸਿੰਘ ਵਾਸੀ ਮਕਾਨ ਨੰ.4594/5 ਉਪਕਾਰ ਨਗਰ ਫੈਕਟਰੀ ਏਰੀਆ ਪਟਿਆਲਾ (ਆਧਾਰ ਕਾਰਡ ਨੰ. 4196-6761-5124) ਦਾ ਕਿ ਮਾਲਕ ਹਰਚਰਨ ਸਿੰਘ ਪੁੱਤਰ ਸ. ਗੁਰਦਿੱਤ ਸਿੰਘ ਵਾਸੀ ਮਕਾਨ ਨੰ. 4594/5 ਉਪਕਾਰ ਨਗਰ ਫੈਕਟਰੀ ਏਰੀਆ ਪਟਿਆਲਾ ਨੇ ਆਪਣੀ ਮਲਕੀਅਤੀ ਵਾ ਮਕਬੂਜਾ ਇਕ ਪਲਾਟ ਨੰ. 829 (ਸੈਮੀ- ਬਿਲਟ) ਵਾਕਾ ਰਕਬਾ ਅਰਬਨ ਅਸਟੇਟ ਫੇਸ-1(ਵਾਈ.ਪੀ.ਐਸ.ਲੈਂਡ) ਪਟਿਆਲਾ ਸਬੰਧੀ ਇਕ ਮੁਖਤਿਆਰਨਾਮਾ ਆਮ ਰਾਹੀਂ ਵਸੀਕਾ ਨੰ.93 ਮਿਤੀ: 19/4/2022 ਨੂੰ ਦਫਤਰ ਸਬ-ਰਜਿਸਟਰਾਰ ਸਾਹਿਬ ਪਟਿਆਲਾ ਹਾਜ਼ਰ ਹੋ ਕਰ ਮੇਰੇ ਨਾਮ ਪਰ ਤਸਦੀਕ ਕਰਵਾਇਆ ਹੈ ਅਤੇ ਉਕਤ ਮੁਖਤਿਆਰਨਾਮਾ ਆਮ ਅੱਜ ਤੱਕ ਕੈਂਸਲ (ਰੱਦ) ਨਹੀਂ ਕਰਵਾਇਆ। ਹੁਣ ਮੈਂ ਪੀਡੀਏ ਪਟਿਆਲਾ ਪਾਸ ਐਨਓਸੀ ਲਈ ਬਿਨੈ ਕੀਤਾ ਹੈ ਕਿ ਜੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪੀਡੀਏ ਪਟਿਆਲਾ ਦੇ ਦਫਤਰ ਪੇਸ਼ ਕਰ ਸਕਦਾ ਹੈ। ਮੋਹਨਜੀਤ ਸਿੰਘ

### ਆਮ ਸੂਚਨਾ

ਨੰਬਰ 1774 ਮਿਤੀ 12/6/2025
ਸ੍ਰੀ ਜਗਮੋਹਨ ਸਿੰਘ ਪੁੱਤਰ ਲੇਟ ਸ੍ਰੀ ਸੁਭਾਸ ਚੰਦਰ ਭਾਰਦਵਾਜ ਵਾਸੀ 205 ਅਜੀਤ ਨਗਰ ਨੇੜੇ ਇਨਕਮ ਟੈਕਸ ਕੁਆਰਟਰ ਪਟਿਆਲਾ ਨੇ ਮਾਰੂਤੀ ਸਵਿਫਟ ਕਾਰ ਨੰ. PB-11-AS-0007 ਆਪਣੇ ਨਾਮ 'ਤੇ ਟਰਾਂਸਫਰ ਕਰਵਾਉਣ ਲਈ ਅਰਜ਼ੀ ਦਫਤਰ ਵਿਚ ਪੇਸ਼ ਕੀਤੀ ਹੈ। ਉਕਤ ਕਾਰ ਨੰ. PB-11-AS-0007 ਦੀ ਰਜਿਸਟਰੇਸ਼ਨ ਸੁਭਾਸ ਚੰਦਰ ਭਾਰਦਵਾਜ ਪੁੱਤਰ ਸ੍ਰੀ ਤੀਰਥ ਰਾਮ ਦੇ ਨਾਮ ਪਰ ਹੈ, ਜਿਸ ਦੀ ਮੌਤ ਮਿਤੀ 02.07.2021 ਨੂੰ ਹੋ ਚੁੱਕੀ ਹੈ, ਉਕਤ ਵਹੀਕਲ ਸਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ [illegible] ਦਫਤਰ ਵਿਖੇ ਸੰਪਰਕ ਕਰੇ।
ਸਹੀ/- [illegible]
ਟਰਾਂਸਪੋਰਟ ਅਥਾਰਟੀ ਪਟਿਆਲਾ।

### ਦਫਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਸੰਗਰੂਰ।

ਦੀ ਲਹਿਰਾਗਾਗਾ ਬਲਾਕ ਰੂਰਲ ਸਹਿਕਾਰੀ ਮਕਾਨ ਉਸਾਰੀ ਸਭਾ ਲਿਮ: ਲਹਿਰਾਗਾਗਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਿਤੀ 25.06.2025 ਤੋਂ 27.06.2025 ਨੂੰ ਕਰਵਾਉਣ ਲਈ ਚੋਣ ਪ੍ਰੋਗਰਾਮ ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤਕ ਹੈ। ਇਸ ਚੋਣ ਬਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਦਫਤਰ ਹਾਊਸਫੈਡ, ਗਲੀ ਨੰ. 1, ਪ੍ਰੇਮ ਬਸਤੀ ਸੰਗਰੂਰ ਵਿਖੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ।

**ਸਹੀ/- ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਸੰਗਰੂਰ**

### ਨਾਮ ਸੰਬੰਧੀ ਸੂਚਨਾ

ਮੈਂ ਸਪਿੰਦਰ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਪਿੰਡ ਢਕੋਰਾਂ ਖੁਰਦ, ਤਹਿਸੀਲ ਖਰੜ ਜ਼ਿਲ੍ਹਾ ਐਸ.ਏ.ਐਸ ਨਗਰ ਦਾ ਵਾਸੀ ਹਾਂ। ਮੇਰੇ ਪੁੱਤਰ ਦਾ ਨਾਮ ਧਵਨ ਦਰਸਵੀਰ ਸਿੰਘ (Dhaman Darshveer Singh) ਜੋ ਕਿ ਜਨਮ ਸਰਟੀਫ਼ਿਕੇਟ ਮੁਤਾਬਿਕ ਚਲਦਾ ਹੈ। ਮੈਂ ਆਪਣੇ ਪੁੱਤਰ ਦਾ ਨਾਮ ਬਦਲੀ ਕਰਕੇ (Darshveer Singh) ਰੱਖਣਾ ਚਾਹੁੰਦਾ ਹਾਂ। ਮੇਰੇ ਪੁੱਤਰ ਦਾ ਨਾਮ ਧਵਨਦਰਸਵੀਰ ਸਿੰਘ ਦੀ ਥਾਂ ਤੇ ਭਵਿੱਖ ਵਿੱਚ ਦਰਸਵੀਰ ਸਿੰਘ ਪੜ੍ਹਿਆ ਜਾਵੇ।

**BEFORE STATE TRANSPORT APPELLATE TRIBUNAL, PUNJAB ROOM NO. 106-112 FIRST FLOOR, OLD FOOD & DRUG TESTING LABORATORY (RED BUILDING), SECTOR-11-D, CHANDIGARH PRESIDED OVER BY MS.JATINDER KAUR DISTRICT AND SESSIONS JUDGE**
No. PO/STAT/208
Date: 3-6-25
Publication Notice Under Order 5 Rule 20 CPC
Sh. Sunil Kandapal & Anr.
Versus
State of Punjab through ADC cum. Adjudicating Officer, Rupnagar & Ors. Misc. No. 02 of 2024 under Section 5 of the Limitation Act for condonation of delay in filing the appeal against the order dated 26.10.2023.
Notice to:- Respondent No. 3: Nominee through Company Prem Kumar son of Rudam Kumar resident of House No. 139/L, Near Orient Cinema, Bhai Randhir Singh Nagar, Ludiana.
Whereas it has been proved to the satisfaction of this tribunal that respondents named above cannot be served in any ordinary way of service. Hence, publication under Order 5 Rule 20 CPC is hereby issued against respondent no. 3 to appear personally or through counsel on 21.07.2025 at 10.00 am before this Tribunal. Take notice that, in default of your appearance on the day above mentioned, the matter will be heard and determined exparte.
Given under my hand and the seal of the Court, this 20.06 June, 2025.
**SD/- PRESIDING OFFICER STATE TRANSPORT APPELLATE TRIBUNAL, PUNJAB, ROOM NO. 106-112, FIRST FLOOR, OLD FOOD & DRUG TESTING LABORATORY (RED BUILDING), SECTOR-11-D, CHANDIGARH**

**BEFORE STATE TRANSPORT APPELLATE TRIBUNAL, PUNJAB, ROOM NO. 106-112, FIRST FLOOR, OLD FOOD & DRUG TESTING LABORATORY (RED BUILDING), SECTOR-11-D, CHANDIGARH PRESIDED OVER BY MS.JATINDER KAUR DISTRICT AND SESSIONS JUDGE**
No. PO/STAT/207
Date: 03.06.25
Publication Notice Under Order 5 Rule 20 CPC
Sh. Sunil Kandapal & Anr.
State of Punjab through ADC cum Adjudicating Officer, Rupnagar & Ors Misc. No. 01 of 2024 under Section 5 of the Limitation Act for condonation of delay in filing the appeal against the order dated 26.10.2023.
Notice to:- Respondent No. 3: Nominee through Company Prem Kumar son of Rudam Kumar resident of House No. 139/L, Near Orient Cinema, Bhai Randhir Singh Nagar, Ludiana.
Whereas it has been proved to the satisfaction of this tribunal that respondents named above cannot be served in any ordinary way of service. Hence, publication under Order 5 Rule 20 CPC is hereby issued against respondent no. 3 to appear personally or through counsel on 21.07.2025 at 10.00 am before this Tribunal.
Take notice that, in default of your appearance on the day above mentioned, the matter will be heard and determined exparte.
Given under my hand and the seal of the Court, this 02nd of June, 2025.
**SD/- PRESIDING OFFICER STATE TRANSPORT APPELLATE TRIBUNAL, PUNJAB, ROOM NO. 106-112, FIRST FLOOR, OLD FOOD & DRUG TESTING LABORATORY (RED BUILDING), SECTOR-11-D, CHANDIGARH**

# ਭੋਗਪੁਰ ਇਲਾਕੇ ਦੇ ਆਮ ਲੋਕ ਹਮੇਸ਼ਾ ਹੀ ਗੁੰਮਰਾਹ ਹੁੰਦੇ ਰਹੇ ਨੇ : ਜੰਡੀਰ ਸੈਣੀ

ਭੋਗਪੁਰ 19 ਜੂਨ (ਅਮਰਜੀਤ ਸਿੰਘ ਸੈਣੀ ) ਭੋਗਪੁਰ ਇਲਾਕਾ ਸਦਾ ਹੀ ਸੁਰਖੀਆਂ ਵਿੱਚ ਰਿਹਾ ਹੈ। ਕਦੇ ਖੰਡ ਮਿੱਲ ਵਿੱਚ ਲੱਗ ਰਹੇ ਸੀਐਨਜੀ ਪਲਾਂਟ ਨੂੰ ਲੈ ਕੇ,ਕਦੇ ਟਰੈਫਕ ਨੂੰ ਲੈ ਕੇ,ਅਤੇ ਕਦੇ ਇਲਾਕੇ ਦੇ ਗੰਦੇ ਪਾਣੀ ਦੇ ਨਿਕਾਸ ਨੂੰ ਲੈ ਕੇ, ਸੱਚ ਤਾਂ ਇਹ ਹੈ ਕਿ ਸਦਾ ਹੀ ਭੋਗਪੁਰ ਇਲਾਕੇ ਦੇ ਲੋਕਾਂ ਨੂੰ ਗੁਮਰਾਹ ਕੀਤਾ ਗਿਆ ਹੈ ਜਨਤਾ ਨੂੰ ਕਦੇ ਵੀ ਸੱਚ ਨਹੀਂ ਦੱਸਿਆ ਗਿਆ ◆ ਕੁਝ ਸਮਾਂ ਪਹਿਲੇ ਲੋਕਾਂ ਨੂੰ ਦੱਸਿਆ ਗਿਆ ਸੀ ਕਿ ਭੋਗਪੁਰ ਦੀ ਖੰਡ ਮਿੱਲ ਵੱਡੀ ਮਿੱਲ ਹੋ ਰਹੀ ਹੈ ਕੰਮ ਦੀ ਮਾਰੋ ਮਾਰ ਪਈ ਰਹੀ ਇਲਾਕੇ ਦੇ ਲੋਕ ਖੁਸ਼ ਹੁੰਦੇ ਰਹੇ ◆ਕਿ ਖੰਡ ਮਿੱਲ ਵੱਡੀ ਹੋ ਰਹੀ ਹੈ ਪਰ ਹੁਣ ਇਹ ਦੱਸਿਆ ਗਿਆ ਕਿ ਖੰਡ ਮਿੱਲ ਵੱਡੀ ਹੋਈ ਹੀ ਨਹੀਂਹੈ ਉਹ ਤਾਂ ਮਸ਼ੀਨਾਂ ਲਗਾਈਆਂ ਗਈਆਂ ਸੀ ਜੋ ਕਿ ਖੋਰੀ ਪਰਾਲੀ ਤੋਂ ਕੰਮ ਲਿਆ ਜਾਵੇ ਤੇ ਕਿਸਾਨ ਅੱਗ ਲਾਉਣ ਦੀ ਵਜਾਏ ਖੋਰੀ ਖੰਡ ਮਿੱਲ ਭੋਗਪੁਰ ਵਿੱਚ ਲੈ ਕੇ ਆਉਣ ◆ ਅਧਿਕਾਰੀ ਦੱਸ ਰਹੇ ਹਨ ਕੇ ਇਹਨਾਂ ਮਸ਼ੀਨਾਂ ਨਾਲ ਖੋਰੀ ਰਾਹੀਂ ਬਿੱਜਲੀ ਪੈਦਾ ਕੀਤੀ ਜਾ ਰਹੀ ਹੈ◆ਉਸ ਤੋਂ ਬਾਅਦ ਸੀਐਨਜੀ ਪਲਾਟ ਦਾ ਉਦਘਾਟਨ ਕੀਤਾ ਗਿਆ ਸਾਰਾ ਇਲਾਕਾ ਖੁਸ਼ ਹੋ ਰਿਹਾ ਸੀ ਕਿ ਸਾਡੇ ਇਲਾਕੇ ਵਿੱਚ ਫੈਕਟਰੀ ਲੱਗ ਰਹੀ ਹੈ ◆ ਰਲ ਮਿਲ ਉਦਘਾਟਨ ਕੀਤੇ ਗਏ ◆ ਹੁਣ ਪਲਾਟ ਸ਼ੁਰੂ ਹੋ ਗਿਆ ਤਾਂ ਸਾਰੇ ਵਿਰੋਧ ਕਰ ਰਹੇ ਹਨ ◆ ਉਸ ਤੋਂ ਬਾਅਦ ਭੋਗਪੁਰ ਵਿੱਚ ਲੋਕਾਂ ਦੀ ਮੰਗ ਨੂੰ ਦੇਖਦੇ ਹੋਏ ਬੱਸ ਅੱਡਾ ਬਣਾਇਆ ਗਿਆ ਤਾਂ ਕਿ ਲੋਕਾਂ ਨੂੰ ਸਹੂਲਤ ਮਿਲ ਸਕੇ◆ ਲੋਕ ਸੜਕਾਂ ਤੇ ਖੜੇ ਹੋਣ ਦੀ ਵਜਾਏ ਬੱਸ ਅੱਡੇ ਤੇ ਬੈਠਿਆ ਕਰਨਗੇ, ਪਰ ਬੱਸ ਅਡੇ ਦਾ ਕੋਈ ਫਾਇਦਾ ਨਹੀਂ ਹੋਇਆ ਲੋਕ ਅੱਜ ਵੀ ਖੱਜਲ ਖੁਆਰ ਹੋ ਰਹੇ ਹਨ।

## ਚੰਡੀਗੜ੍ਹ ਪ੍ਰਸ਼ਾਸਨ
## ਆਬਕਾਰੀ ਅਤੇ ਕਰ ਵਿਭਾਗ

ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਪ੍ਰਚੂਨ ਵਿਕਰੀ ਵਿਕਰੇਤਾਵਾਂ (L-2/L-14ਏ) ਲਈ ਲਾਇਸੈਂਸ ਅਲਾਟ ਕਰਨ ਲਈ ਆਮ ਜਨਤਾ ਤੋਂ ਈ-ਟੈਂਡਰ ਮੰਗਵਾਉਣ ਲਈ ਨੋਟਿਸ

1. ਆਮ ਜਨਤਾ ਦੀ ਜਾਣਕਾਰੀ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਨੀਤੀ, 2025-26 (1 ਅਪ੍ਰੈਲ, 2025 ਤੋਂ 31 ਮਾਰਚ 2026 ਤੱਕ ਸ਼ੁਰੂ) ਲਈ ਲਾਇਸੈਂਸਿੰਗ ਯੂਨਿਟਾਂ ਦੇ ਰੂਪ ਵਿੱਚ 08 ਪ੍ਰਚੂਨ ਵਿਕਰੀ ਯਾਨੀ L-2/L-14ਏ ਲਾਇਸੈਂਸ ਦੇਣ ਲਈ ਈ-ਟੈਂਡਰ ਮੰਗੇ ਜਾਂਦੇ ਹਨ। ਹਰੇਕ ਲਾਇਸੈਂਸਿੰਗ ਯੂਨਿਟ ਵਿੱਚ ਇੱਕ ਛੱਤ ਹੇਠ L-2/L-14ਏ (ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਕੀਤੀ ਵਿਦੇਸ਼ੀ ਸ਼ਰਾਬ ਅਤੇ ਦੇਸੀ ਸ਼ਰਾਬ) ਸ਼ਾਮਲ ਹੋਣਗੇ।
2. ਪ੍ਰਚੂਨ ਵਿਕਰੀ ਵਾਲੇ ਠੇਕੇ ਸਭ ਤੋਂ ਵੱਧ ਯੋਗ ਬੋਲੀਕਾਰ ਨੂੰ ਅਲਾਟ ਕੀਤੇ ਜਾਣਗੇ, ਜੋ ਲਾਇਸੈਂਸਿੰਗ ਯੂਨਿਟ ਦੀ ਰਿਜ਼ਰਵ ਕੀਮਤ ਦੇ ਬਰਾਬਰ ਜਾਂ ਇਸ ਤੋਂ ਵੱਧ ਬੋਲੀ ਦੇਵੇਗਾ। ਜੇਕਰ ਇੱਕੋ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਇੱਕ ਤੋਂ ਵੱਧ ਬੋਲੀ ਪ੍ਰਾਪਤ ਹੁੰਦੀ ਹੈ, ਤਾਂ ਅਲਾਟਮੈਂਟ ਉਸੇ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਬੋਲੀਕਾਰਾਂ ਵਿਚਕਾਰ ਲਾਟ ਦੇ ਡਰਾਅ ਦੁਆਰਾ ਨਿਰਧਾਰਤ ਕੀਤੀ ਜਾਵੇਗੀ।
3. ਸਾਰੇ ਇੱਛੁਕ ਭਾਗੀਦਾਰ ਜਾਣਕਾਰੀ ਲਈ/ ਪ੍ਰਕਿਰਿਆ ਨੂੰ ਜਾਣਨ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline 'ਤੇ ਜਾ ਸਕਦੇ ਹਨ। ਆਬਕਾਰੀ ਨੀਤੀ 2025-26 ਦੇ ਅਨੁਸਾਰ, ਈ-ਟੈਂਡਰਾਂ ਅਤੇ ਭਾਗੀਦਾਰੀ ਫੀਸ ਅਤੇ ਬਿਆਨਾ ਜਮ੍ਹਾਂ ਕਰਵਾਉਣ ਲਈ ਵਿਸਤ੍ਰਿਤ ਪ੍ਰਕਿਰਿਆ, ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline ਦੇ ਨਾਲ-ਨਾਲ ਵਿਭਾਗ ਦੇ ਆਬਕਾਰੀ ਦਫਤਰ ਵਿੱਚ ਉਪਲਬਧ ਹੈ।
4. ਈ-ਬੋਲੀਆਂ ਜਮ੍ਹਾਂ ਕਰਾਉਣ ਲਈ, ਹਰੇਕ ਸੰਭਾਵੀ ਬੋਲੀਕਾਰ ਨੂੰ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੈ।
5. ਲਾਇਸੈਂਸਿੰਗ ਯੂਨਿਟ ਕੋਡ ਦੇ ਇਲਾਕਿਆਂ/ਖੇਤਰਾਂ, ਵਿਕਰੇਤਾਵਾਂ ਦੀ ਆਗਿਆਯੋਗ ਗਿਣਤੀ/ਪ੍ਰਚੂਨ ਵਿਕਰੀ ਆਊਟਲੈੱਟ, ਕੋਟਾ ਅਤੇ ਰਿਜ਼ਰਵ ਕੀਮਤ ਦਾ ਜ਼ਿਕਰ ਕਰਨ ਵਾਲੇ ਨਿਯਮ ਅਤੇ ਸ਼ਰਤਾਂ ਅਤੇ ਵਿਸਤ੍ਰਿਤ ਸੂਚੀ ਨੂੰ ਆਬਕਾਰੀ ਅਤੇ ਕਰ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline ਤੋਂ 'ਜਨਤਕ ਨੋਟਿਸ' ਭਾਗ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
6. ਸਾਰੇ ਲਾਇਸੈਂਸ ਪੰਜਾਬ ਆਬਕਾਰੀ ਐਕਟ, 1914 (ਜਿਵੇਂ ਕਿ ਯੂ.ਟੀ., ਚੰਡੀਗੜ੍ਹ 'ਤੇ ਲਾਗੂ ਹੁੰਦਾ ਹੈ) ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਸਾਲ 2025-26 ਲਈ ਆਬਕਾਰੀ ਨੀਤੀ ਦੇ ਅਧੀਨ ਦਿੱਤੇ ਜਾਣਗੇ। ਸਾਲ 2025-26 ਲਈ ਆਬਕਾਰੀ ਨੀਤੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਉਪਲਬਧ ਹੈ।
7.ਈ-ਟੈਂਡਰ https://etenders.chd.nic.in 'ਤੇ 20.06.2025 ਨੂੰ 11:00 ਵਜੇ ਉਪਲਬਧ ਹੋਣਗੇ।
ਸਵੇਰੇ ਅਤੇ ਬੋਲੀਕਾਰ 20.06.2025 (ਸਵੇਰੇ 11:00 ਵਜੇ) ਤੋਂ ਆਪਣੀਆਂ ਬੋਲੀਆਂ ਜਮ੍ਹਾਂ ਕਰਵਾਉਣਾ ਸ਼ੁਰੂ ਕਰ ਸਕਦੇ ਹਨ।
**ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਤਰੀਕਾਂ ਦੀ ਸਮਾਂ-ਸਾਰਣੀ: -**

| | |
|---|---|
| ਬੋਲੀ ਜਮ੍ਹਾ ਕਰਨ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ | 20 ਜੂਨ 2025 (ਸਵੇਰੇ 11:00 ਵਜੇ) ਤੋਂ |
| ਬੋਲੀ ਜਮ੍ਹਾ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 23 ਜੂਨ, 2025 ਤੱਕ (ਦੁਪਹਿਰ 01:00 ਵਜੇ ਤੱਕ) |
| ਤਕਨੀਕੀ ਈ-ਬੋਲੀਆਂ ਦੀ ਸ਼ੁਰੂਆਤ | 23 ਜੂਨ, 2025 (ਦੁਪਹਿਰ 02:00 ਵਜੇ ਤੋਂ ਬਾਅਦ) |
| ਵਿੱਤੀ ਈ-ਬੋਲੀਆਂ ਦੀ ਸ਼ੁਰੂਆਤ | 23 ਜੂਨ, 2025 (ਦੁਪਹਿਰ 03:00 ਵਜੇ ਤੋਂ ਬਾਅਦ) ਕਾਨਫਰੰਸ ਹਾਲ, ਆਬਕਾਰੀ ਅਤੇ ਕਰ ਵਿਭਾਗ, ਯੂ.ਟੀ., ਸੈਕਟਰ-17, ਚੰਡੀਗੜ੍ਹ ਵਿਖੇ। |

**ਸਹੀ/- ਆਬਕਾਰੀ ਅਤੇ ਕਰ ਕਮਿਸ਼ਨਰ, ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ**

# ਫਿਰੋਜ਼ਪੁਰ ਵਿਖੇ 'ਉਜਾਲਾ ਵੇਲਫੇਅਰ ਸੁਸਾਇਟੀ' ਵੱਲੋਂ ਵਰਕਸ਼ਾਪ




ਫਿਰੋਜ਼ਪੁਰ, 19 ਜੂਨ: (ਤਿਵਾੜੀ) ਬੀਤੇ ਦਿਨੀਂ ਫਿਰੋਜ਼ਪੁਰ ਵਿਖੇ 'ਉਜਾਲਾ ਵੇਲਫੇਅਰ ਸੋਸਾਇਟੀ' ਵੱਲੋਂ ਇੱਕ ਵਰਕਸ਼ਾਪ ਅਯੋਜਿਤ ਕੀਤੀ ਗਈ ਜਿਸ ਦੌਰਾਨ ਫੀਮੇਲ ਸੈਕਸ ਵਰਕਰਜ਼ ਦੇ ਆਪਣੇ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੱਤੀ ਗਈ। ਫਿਰੋਜ਼ਪੁਰ ਦੇ ਇੱਕ ਨਿੱਜੀ ਹੋਟਲ ਵਿੱਚ ਰੱਖੇ ਗਏ ਗਏ ਇਸ ਪ੍ਰੋਗਰਾਮ ਵਿੱਚ ਸੋਸਾਇਟੀ ਦੇ ਸੰਚਾਲਕਾਂ ਵਿੱਚ ਡੀਐਲਐਸਏ ਦੇ ਐਡਵੋਕੇਟ ਗਗਨ ਗੋਕਲਾਨੀ ਅਤੇ ਡੀਐਲਐਸਏ ਦੇ ਸੈਕਿੰਡ ਪੈਨਲ ਦੇ ਐਡਵੋਕੇਟ ਜਸਦੀਪ ਬਜਾਜ ਮੁੱਖ ਤੌਰ ਤੇ ਪਹੁੰਚੇ ਸਨ ਜਦਕਿ ਉਨਾਂ ਦੇ ਨਾਲ 'ਵੰਨ ਸਟਾਪ ਸਖੀ ਸੈਂਟਰ' ਦੇ ਸੰਚਾਲਕ ਮਨਜਿੰਦਰ ਕੌਰ ਸਮੇਤ ਹੋਰ ਵੀ ਕਈ ਸ਼ਖਸੀਅਤਾਂ ਪਹੁੰਚੀਆਂ ਸਨ। ਇਸ ਵਰਕਸ਼ਾਪ ਦਾ ਮਕਸਦ ਫੀਮੇਲ ਸੈਕਸ ਵਰਕਰਜ਼ ਦੇ ਕਾਨੂੰਨੀ ਹੱਕਾਂ ਬਾਰੇ ਗੱਲਬਾਤ ਕਰਨਾ ਸੀ ਤਾਂ ਕਿ ਉਨਾਂ ਨੂੰ ਸਮਾਜ ਵਿੱਚ ਬਣਦਾ ਮਾਨ ਸਨਮਾਨ ਮਿਲ ਸਕੇ। ਇਸ ਵਰਕਸ਼ਾਪ ਦੌਰਾਨ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਫੀਮੇਲ ਸੈਕਸ ਵਰਕਰ ਆਪਣੀ ਮਜਬੂਰੀ ਅਤੇ ਗਰੀਬੀ ਕਾਰਨ ਇਹ ਕਦਮ ਚੁੱਕਣ ਲਈ ਮਜਬੂਰ ਹੁੰਦੀਆਂ ਹਨ ਨਾ ਕਿ ਉਹ ਆਪਣੀ ਸਵੈ-ਇੱਛਾ ਕਾਰਨ ਇਹ ਰਾਹ ਚੁਣਦੀਆਂ ਹਨ। ਇਸ ਦੌਰਾਨ 2011 'ਚ ਭਾਰਤੀ ਉੱਚ ਅਦਾਲਤ ਵਿੱਚ ਦਿੱਤੇ ਗਏ ਇੱਕ ਫੈਸਲੇ ਦਾ ਹਵਾਲਾ ਵੀ ਦਿੱਤਾ ਗਿਆ ਜਿਸ ਵਿੱਚ ਸੁਪਰੀਮ ਨੇ ਪੱਛਮੀਂ ਬੰਗਾਲ ਵਿਖੇ ਬੁੱਧਦੇਵ ਕਰਮਸਕਰ ਵੱਲੋਂ ਪਾਈ ਗਈ ਪਟੀਸ਼ਨ ਬਾਰੇ ਫੀਮੇਲ ਸੈਕਸ ਵਰਕਰਾਂ ਦੇ ਅਧਿਕਾਰਾਂ ਅਤੇ ਉਨਾਂ ਦੇ ਪੁਨਰਵਾਸ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਸਨ। ਇਸ ਤੋਂ ਇਲਾਵਾ ਇਨਾਂ ਵਰਕਰਾਂ ਨੂੰ ਇੱਕ ਹੈਲਪਲਾਈਨ ਨੰਬਰ ਵੀ ਦਿੱਤਾ ਗਿਆ ਅਤੇ ਹੋਰ ਲੋੜਦੀਆਂ ਸਹੂਲਤਾਂ ਬਾਰੇ ਵੀ ਚਾਨਣਾ ਪਾਇਆ ਗਿਆ। ਵਰਕਸ਼ਾਪ ਵਿੱਚ 'ਉਜਾਲਾ ਵੈਲਫੇਅਰ ਸੋਸਾਇਟੀ' ਦੇ ਫਿਰੋਜ਼ਪੁਰ ਤੋਂ ਡਾਇਰੈਕਟਰ ਜਸਵੀਰ ਕੌਰ, ਪ੍ਰੋਜੈਕਟ ਕੁਆਰਡੀਨੇਟਰ ਅਤੇ ਹੋਰ ਮੈਂਬਰਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

### ਭਾਰਤੀਯ ਰੇਲ
### ਪਟਿਆਲਾ ਲੋਕੋਮੋਟਿਵ ਵਰਕਸ
ਪਟਿਆਲਾ-147 003
ਟੇਲੀਫੋਨ : 2396000, 2396001 ਫੈਕਸ : 2306413

**ਟੈਂਡਰ ਮੰਗ ਸੂਚਨਾ ਨੰ: ਪੀ.ਐਲ.ਡਬਲਿਯੂ./ਡਬਲਿਯੂ.ਡਬਲਿਯੂ/ਡਬਲਯੂ.ਏ/ ਸੀ.ਐਸ/979/ Vol-III ਮਿਤੀ : 16.06.2025**
**ਸਾਨੂੰ ਤੋਂ ਮਿਲੋ www.ireps.gov.in**

ਭਾਰਤ ਦੇ ਰਾਸ਼ਟਰਪਤੀ ਲਈ ਅਤੇ ਉਹਨਾਂ ਦੀ ਤਰਫ਼ੋ ਉਪ ਮੁੱਖ ਇੰਜੀਨੀਅਰ, ਪਟਿਆਲਾ ਲੋਕੋਮੋਟੀਵ ਵਰਕਸ, ਪਟਿਆਲਾ ਦੁਆਰਾ ਹੇਠਾ ਲਿਖੇ ਕੰਮਾਂ ਦੇ ਲਈ ਟੈਂਡਰ ਈ-ਟੈਂਡਰਿੰਗ ਵੈੱਬਸਾਈਟ **www.ireps.gov.in** ਉਤੇ ਮੰਗੇ ਜਾਂਦੇ ਹਨ। ਠੇਕੇਦਾਰ ਕੇਵਲ ਨਿਰਧਾਰਤ ਸਮੇਂ ਤੇ ਤਾਰੀਖ ਤੱਕ ਹੀ ਆਪਣੇ ਮੂਲ ਦਸਤਾਵੇਜ਼ ਪੇਸ਼ ਕਰ ਸਕਦੇ ਹਨ। ਕੋਈ ਵੀ ਮੈਨੂਅਲ ਟੈਂਡਰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਬਿਆਨਾ ਰਕਮ ਕੇਵਲ ਆਈ.ਆਰ.ਈ.ਪੀ.ਐੱਸ ਪੋਰਟਲ ਉੱਪਰ ਆਨਲਾਈਨ ਭਰ ਸਕਦੇ ਹਨ। ਮੈਨੂੰਅਲ ਪੈਮੇਂਟ ਜਿਵੇਂ ਕਿ ਡਿਮਾਂਡ ਡਰਾਫਟ, ਬੈਕ ਚੈੱਕ, ਡਿਪਾਜਿਟ ਰਸੀਦ, ਐੱਫ.ਡੀ.ਆਰ ਦੁਆਰਾ ਸਵੀਕਾਰ ਨਹੀਂ ਕੀਤਾ ਜਾਵੇਗਾ।

| ਟੈਂਡਰ ਨੰਬਰ ਕੰਮ ਦਾ ਵੇਰਵਾ | ਕੰਮ ਦੀ ਅਨੁਮਾਨਿਤ ਲਾਗਤ (ਰੁਪਏ ਵਿਚ) | ਜਮਾਨਤ ਰਾਸ਼ੀ (ਰੁਪਏ ਵਿਚ) | ਪੂਰਾ ਕਰਨ ਦਾ ਸਮਾਂ | ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ |
|---|---|---|---|---|---|
| ਸੀ.ਈ. ਪੀ.ਐਲ.ਡਬਲਿਯੂ./ ਟੀ-12/2025-26/ਪਟਿ. ਮਿੰ. 16.06.2025 | 824353/- | 16500/- | 02 ਮਹੀਨੇ | 16.07.2025 at 15.00 hrs. | 16.07.2025 at 15.05 hrs. |
| ਪੀ.ਐਲ.ਡਬਲਿਯੂ. ਪਟਿਆਲਾ ਦੇ ਵਰਕਸ਼ਾਪ ਖੇਤਰ ਵਿਚ ਆਰਪੀਐਫ ਬੈਰਕ ਦੇ ਪਾਥਵੇ ਰਨਿੰਗ ਪ੍ਰੀਖਸ਼ਣ ਟ੍ਰੈਕ ਦਾ ਸੁਧਾਰ ਦੇ ਲਈ। 2025-26 | | | | | |

ਨੋਟ: 1. ਟੈਂਡਰ ਖੋਲ੍ਹਣ ਤੋਂ ਬਾਅਦ ਟੈਡਰਰਕਰਤਾ ਤੋਂ ਪ੍ਰਾਪਤ ਪ੍ਰਮਾਣ-ਪੱਤਰਾਂ/ਦਸਤਾਵੇਜ਼ਾ ਉਤੇ ਸੰਗਆਨ ਨਹੀਂ ਲਿਤਾ ਜਾਵੇਗਾ। 2. ਐਨਆਈਟੀ ਨੰਬਰ ਟੀ-Nil ਦੇ ਲਈ ਪਾਤਰਤਾ ਮਾਨਦੰਡ ਵੈੱਬਸਾਈਟ www.ireps.gov.in 'ਤੇ ਦੇਖੇ ਜਾਂ ਸਕਦੇ ਹਨ। 3. ਬੋਲੀ ਲਗਾਉਣ ਤੋਂ ਪਹਿਲਾ, ਬੋਲੀਕਾਰਾਂ ਨੂੰ ਟੈਂਡਰ ਦੇ ਵੱਖ ਤੋਂ ਜਾਰੀ ਕੀਤੇ ਗਏ ਕਿਸੇ ਵੀ ਸ਼ੁੱਧੀ ਪੱਤਰ ਦੀ ਜਾਂਚ ਕਰਨੀ ਚਾਹੀਦੀ।
**ਨੰ: ਪੀ.ਐਲ.ਡਬਲਿਯੂ./ਡਬਲਿਯੂ.ਡਬਲਿਯੂ/ਡਬਲਿਯੂ.ਏ/ਸੀ.ਐਸ/979/Vol-III**
**ਮਿਤੀ : 16.06.2025**
1836/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### SBI | ਸਟੇਟ ਬੈਂਕ ਆਫ ਇੰਡੀਆ
**ਸ਼ਾਖਾ ਦਫ਼ਤਰ : ਅਨਾਜ ਮੰਡੀ, ਸਰਹਿੰਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ**
**[ਨਿਯਮ 8(1) ਦੇ ਅਧੀਨ] ਕਬਜ਼ਾ ਸੂਚਨਾ (ਚੱਲ ਸੰਪੱਤੀਆਂ/ਅਸਾਸਿਆਂ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰਾਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 4 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ 4, 8, ਅਤੇ 9 ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ/ਅਸਾਸਿਆਂ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਹੋਰ ਫੀਸਾਂ/ਖਰਚਿਆਂ ਲਈ **ਸਟੇਟ ਬੈਂਕ ਆਫ ਇੰਡੀਆ, ਅਨਾਜ ਮੰਡੀ ਸ਼ਾਖਾ ਸਰਹਿੰਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ(ਾਂ)/ ਜ਼ਾਮਨ(ਾਂ) ਦਾ ਨਾਮ | ਚੱਲ ਸੰਪੱਤੀ/ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰ: 1. ਸ੍ਰੀ ਜਗਦੀਪ ਸਿੰਘ 2. ਸ੍ਰੀ ਵਰਿੰਦਰ ਸਿੰਘ ਸਪੁੱਤਰ ਸ੍ਰੀ ਅਮਰੀਕ ਸਿੰਘ ਵਾਸੀ ਪਿੰਡ ਖਰੌੜਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ** | ਸ੍ਰੀ ਜਗਦੀਪ ਸਿੰਘ ਸਪੁੱਤਰ ਸ੍ਰੀ ਅਮਰੀਕ ਸਿੰਘ ਦੇ ਨਾਮ 'ਤੇ ਵਾਹਨ ਮਹਿੰਦਰਾ ਐਂਡ ਮਹਿੰਦਰਾ ਲਿਮ. ਥਾਰ ਐਲਐਕਸ ਡੀਐਮਟੀ 4ਡਬਲਿਊਡੀ 4ਐਸ ਐਚਟੀ ਰਜਿਸਟ੍ਰੇਸ਼ਨ ਨੰ.ਪੀਬੀ-65-ਬੀਈ-6595 ਦੀ ਹਾਈਪੋਥੀਕੇਸ਼ਨ | 27.01.2025 | 19.06.2025 | Rs. 13,40,663/- (ਰੁਪਏ ਤੇਰਾਂ ਲੱਖ ਚਾਲੀ ਹਜ਼ਾਰ ਛੇ ਸੌ ਤਰੇਹਠ ਕੇਵਲ) 27.01.2025 ਅਨੁਸਾਰ ਬਕਾਇਆ ਜਮ੍ਹਾਂ ਇਸ 'ਤੇ ਅਗਲੇਰਾ ਵਿਆਜ ਅਤੇ ਹੋਰ ਫੀਸਾਂ ਅਤੇ ਖਰਚੇ। |

**ਮਿਤੀ : 19.06.2025** **ਸਥਾਨ : ਸਰਹਿੰਦ** **ਸਹੀ/- ਅਧਿਕਾਰਤ ਅਧਿਕਾਰੀ**

### ਭਾਰਤੀਯ ਰੇਲ
### ਪਟਿਆਲਾ ਰੇਲ ਇੰਜਨ ਕਾਰਖਾਨਾ
ਪਟਿਆਲਾ-147 003
ਫੋਨ : 0175-2396000, 2396001 ਫੈਕਸ : 0175-2306413

**ਈ-ਟੈਂਡਰ ਮੰਗ ਸੂਚਨਾ**
ਉਪ. ਮੁੱਖ ਗੁਣਵਤਾ ਪ੍ਰਬੰਧਕ, ਪਟਿਆਲਾ ਰੇਲਇੰਜਨ ਕਾਰਖਾਨਾ, ਪਟਿਆਲਾ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠ ਕੰਮ ਦੇ ਲਈ ਸਬੰਧਿਤ ਟੈਂਡਰਕਾਰਾਂ ਤੋਂ ਭਾਰਤੀਯ ਰੇਲਵੇ ਈ ਖਰੀਦ-ਪੋਰਟਲ **www.ireps.gov.in** ਦੇ ਦੁਵਾਰਾ ਤੋਂ ਖੁਲੀ ਟੈਂਡਰ ਸਿਸਟਮ ਉਤੇ ਆਧਾਰਿਤ ਆਨਲਾਈਨ ਈ-ਟੈਂਡਰਾ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1. ਕੰਮ ਦਾ ਨਾਮ | ਪੀਐਲਡਬਲਿਯੂ ਹਸਪਤਾਲ ਦੇ ਲਈ ਐਨਏਬੀਐਚ ਮਾਨਤਾ ਦੇ ਲਈ ਸੇਵਾ ਪ੍ਰਦਾਨ ਕਰਨਾ, ਜਿਸ ਵਿਚ ਸਮੀਖਿਆ ਦੇ ਦੋਰਾਨ ਪਹਿਚਾਨੇ ਗਏ ਅੰਤਰਾਤ ਦੇ ਦਸਤਾਵੇਜੀਕਰਣ, ਪ੍ਰੀਖਸ਼ਣ ਅਤੇ ਕਾਰਯਨਵਯਨ, ਐਨਏਬੀਐਚ ਮਾਨਤਾ ਆਡਿਟ ਦੇ ਦੋਰਾਨ ਸਹਾਇਤ ਪ੍ਰਦਾਨ ਕਰਨਾ ਸ਼ਾਮਿਲ ਹੈ। | |
| 2. ਅਨੁਮਾਨਿਤ ਲਾਗਤ | ਰੁ: 2,63,140/— (ਦੋ ਲੱਖ ਤਿਰਸਠ ਹਜ਼ਾਰ ਇਕ ਸੋ ਚਾਲੀਸ ਕੇਵਲ) ਜੀਐਸਟੀ/18% ਸਹਿਤ | |
| 3. ਬਿਆਨਾ ਰਾਸ਼ੀ | ਰੁ: 5300/— (ਪੰਜ ਹਜ਼ਾਰ ਤਿੰਨ ਸੋ ਕੇਵਲ) | |
| 4. ਟੈਂਡਰ ਦਸਤਾਵੇਜ ਦੀ ਕੀਮਤ | ਰੁ:0.00 | |
| 5. ਕੰਮ ਪੂਰਾ ਕਰਨ ਦਾ ਸਮਾਂ | ਐਲਓਏ ਜਾਰੀ ਹੋਣ ਤੋ 06 ਮਹੀਨੇ (180 ਦਿਨ) | |
| 6. ਟੈਂਡਰ ਬੰਦ ਦੀ ਮਿਤੀ ਤੇ ਸਮਾਂ | 07.07.2025 15:00 ਵਜੇ | |
| 7. ਟੈਂਡਰ ਖੁਲਣ ਦੀ ਮਿਤੀ ਤੇ ਸਮਾਂ | 07.07.2025 15:30 ਵਜੇ | |

**ਸਾਰੇ ਵੇਰਵੇ ਈ-ਟੈਂਡਰ ਪ੍ਰਪੱਤਰ ਵਿਚ ਉਪਲਬਧ ਹੈ। ਨੰ: PLW/Medical/NABH/01**
**ਮਿਤੀ : 14.06.2025**
1831/25
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### PSPCL Punjab State Power Corporation Limited
ਰਜਿਸਟਰਡ ਦਫ਼ਤਰ : ਪੰ.ਰਾ.ਬਿ. ਬੋਰਡ: ਮੁੱਖ ਦਫ਼ਤਰ ਦੀ ਮਾਲ ਪਟਿਆਲਾ - 147001
ਕਾਰਪੋਰੇਸ਼ਨ ਪਹਿਚਾਣ ਨੰ. U40109PB2010SGC033813 ਵੈੱਬਸਾਈਟ : www.pspcl.in
ਮੋਬਾਇਲ ਨੰ: 96461-29603
ਈ-ਟੈਂਡਰ ਇਨਕੁਆਇਰੀ ਨੰ: **04,05/CWD/JAL/2025-26** ਮਿਤੀ : 18.06.2025
ਦਫ਼ਤਰ : ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਮੰਡਲ, ਪਾਵਰ ਕਲੋਨੀ ਚੋਗਿਟੀ, ਪੀ.ਐਸ.ਪੀ.ਸੀ.ਐਲ. ਜਲੰਧਰ ਵੱਲੋਂ :
RDSS ਅਧੀਨ 66 ਕੇ.ਵੀ. ਸਬ-ਸਟੇਸ਼ਨ ਜਸਤਰਵਾਲ ਅਤੇ ਹੋਸ਼ਿਆਰਪੁਰ ਰੋਡ ਫਗਵਾੜਾ ਵਿਖੇ 66 ਕੇ.ਵੀ. ਲਾਈਨ ਬੇਅ ਲਈ ਸਿਵਲ ਕੰਮਾਂ ਦੀ ਉਸਾਰੀ ਸੰਬੰਧੀ ਈ-ਟੈਂਡਰ ਭਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ।
ਇਸ ਦੀ ਵਧੇਰੇ ਜਾਣਕਾਰੀ ਵਾਸਤੇ ਮਿਤੀ : 19.06.2025 ਨੂੰ 12:00 ਵਜੇ ਤੋਂ ਬਾਅਦ https://eproc.punjab.gov.in ਤੇ ਲਾਗਇਨ ਕਰੋ ਜੀ।
ਨੋਟ : ਕੋਰੀਜ਼ੰਡਮ ਅਤੇ ਜੋੜ (ਜੇਕਰ ਕੋਈ ਹੈ), ਉਪਰੋਕਤ ਦਰਸਾਈਆਂ ਵੈੱਬਸਾਈਟਾਂ ਤੇ ਅਪਲੋਡ ਕੀਤੇ ਜਾਣਗੇ।
**C 428/25**
**Ro No. PR-Advt. No. 1079 / 12 / 2025-26 / 361 / Dated CHD : 19.06.2025**

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

### ਬੈਂਕ ਆਫ ਬੜੌਦਾ Bank of Baroda
ਨਕੋਦਰ ਸ਼ਾਖਾ : ਨੂਰਮਹਿਲ ਰੋਡ, ਨੇੜੇ ਮਿਊਂਸਪਲ ਦਫ਼ਤਰ ਨਕੋਦਰ : 14040, ਫੋਨ : 01821-222735
E-MAIL: nakoda@bankofbaroda.co.in
**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੀ ਧਾਰਾ 13 (2) ਦੇ ਅਧੀਨ ਸੂਚਨਾ**

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈ ਸਹੂਲਤਾਂ 08.01.2025 ਨੂੰ ਗੈਰ ਕਾਰਗੁਜ਼ਾਰੀ ਵਾਲੇ ਅਸਾਸਿਆਂ ਵਿਚ ਤਬਦੀਲ ਹੋ ਗਈਆਂ ਹਨ। ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ ਪੰਜੀਕ੍ਰਿਤ/ਸਪੀਡ ਪੋਸਟ ਦੁਆਰਾ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਭੇਜੀ ਗਈ ਸੀ। ਹਾਲਾਂਕਿ ਸੂਚਨਾਵਾਂ ਅਣ-ਤਾਮੀਲੀਆਂ ਹੀ ਪਰਤ ਆਈਆਂ ਹਨ ਅਤੇ ਅਧਿਕਾਰਤ ਅਧਿਕਾਰੀ ਕੋਲ ਇਹ ਮੰਨ ਲੈਣ ਦੇ ਕਾਰਨ ਹਨ ਕਿ ਕਰਜ਼ਦਾਰ (ਾਂ)/ਜ਼ਾਮਨ (ਾਂ) ਸੂਚਨਾ ਦੀ ਤਾਮੀਲ ਤੋਂ ਬਚ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਲਾ ਦੇ ਮਾਧਿਅਮ ਦੁਆਰਾ ਇਸ ਸਬੰਧੀ ਸੂਚਿਤ ਕੀਤਾ ਜਾਦਾ ਹੈ।
ਅਸੀਂ ਤੁਹਾਡਾ ਧਿਆਨ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (2) ਵੱਲ ਦੁਆਉਂਦੇ ਹਾਂ, ਜਿਸ ਵਿਚ ਤੁਹਾਡੇ ਉਪਰ ਸਾਡੀ ਅਗਾਊਂ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ (ਵਪਾਰ ਦੇ ਸਧਾਰਨ ਢੰਗ ਤੋਂ ਇਲਾਵਾ) ਮਾਧਿਅਮ ਦੁਆਰਾ ਹਵਾਲੇ ਅਧੀਨ ਸੁਰੱਖਿਅਤ ਸੰਪੱਤੀਆਂ ਵਿਚੋਂ ਕਿਸੇ ਦਾ ਵੀ ਤਬਾਦਲਾ ਕਰਨ ਤੋਂ ਪਾਬੰਦੀ ਲਗਾਈ ਜਾਂਦੀ ਹੈ। ਅਸੀਂ ਇਹ ਵੀ ਸ਼ਾਮਲ ਕਰ ਸਕਦੇ ਹਾਂ ਕਿ ਦਰਸਾਏ ਕਾਨੂੰਨ ਦੀ ਧਾਰਾ 13(2) ਵਿਚ ਦਰਜ ਉਕਤ ਵਿਵਸਥਾ ਦਾ ਗੈਰ-ਅਨੁਪਾਲਣ ਕਾਨੂੰਨ ਦੀ ਧਾਰਾ 29 ਦੇ ਅਧੀਨ ਇੱਕ ਸਜ਼ਾਯੋਗ ਅਪਰਾਧ ਹੈ। ਅਸੀਂ ਤੁਹਾਡਾ ਧਿਆਨ ਅੱਗੇ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਤੁਹਾਨੂੰ ਪ੍ਰਾਪਤ ਸ਼ਰਤਾਂ ਵਿਚ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਵੱਲ ਦੁਆਉਂਦੇ ਹਾਂ, ਜੇਕਰ ਬੈਂਕ ਵੱਲੋਂ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚਿਆਂ ਸਮੇਤ ਬਕਾਇਆ ਰਕਮ ਤੁਹਾਡੇ ਵੱਲੋਂ ਜਨਤਕ ਨਿਲਾਮੀ/ਕੁਟੇਸ਼ਨ/ਟੈਂਡਰ ਸੱਦਾ/ਨਿੱਜੀ ਸੰਧੀ ਦੇ ਲਈ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਅਦਾ ਕਰ ਦਿੱਤੀ ਜਾਂਦੀ ਹੈ ਤਾਂ ਤੁਸੀਂ ਸੁਰੱਖਿਅਤ ਸੰਪੱਤੀਆਂ ਪ੍ਰਾਪਤ ਕਰ ਸਕਦੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ਉਕਤ ਸੂਚਨਾ ਦੇ ਪ੍ਰਕਾਸ਼ਨ ਉਪਰੰਤ ਤੁਹਾਡਾ ਸੁਰੱਖਿਅਤ ਸੰਪੱਤੀਆਂ ਨੂੰ ਮੁੜ ਪ੍ਰਾਪਤ ਕਰਨ ਦੀ ਅਧਿਕਾਰ ਉਪਲਬਧ ਨਹੀਂ ਰਹੇਗਾ।

| ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਜ਼ਾਮਨੀਆਂ ਦੇ ਸੰਖੇਪ ਵੇਰਵੇ ਸਮੇਤ ਸੁਰੱਖਿਅਤ ਸਮਝੌਤਾ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ (ਰੁ.) | ਸੁਵਿਧਾ ਦਾ ਸਰੂਪ ਅਤੇ ਕਿਸਮ |
|---|---|---|---|---|---|
| **ਕਰਜ਼ਦਾਰ (ਾਂ) :- ਕਲਾਮ ਸਪੁੱਤਰ ਮਦਨ ਮੁਹੰਮਦ**, ਪ੍ਰੀਤ ਨਗਰ ਨਕੋਦਰ, ਜ਼ਿਲ੍ਹਾ ਜਲੰਧਰ। | **ਲੜੀ ਨੰ. 1, ਸੁਵਿਧਾ ਦਾ ਸਰੂਪ ਅਤੇ ਕਿਸਮ :** ਮਿਆਦੀ ਕਰਜ਼ਾ (ਆਟੋ ਲੋਨ), **ਹੱਦ (ਰੁਪਇਆਂ 'ਚ)** : ਰੁ. 7,50,000/- (ਰੁਪਏ ਸੱਤ ਲੱਖ ਪੰਜਾਹ ਹਜ਼ਾਰ ਕੇਵਲ), **ਵਿਆਜ ਦੀ ਦਰ** : 9.25%, **ਬਕਾਇਆ** | 08.01.2025 | 13.06.2025 | ਰੁ. 7,50,537.05 ਜਮ੍ਹਾਂ ਇਸ ਉਪਰੰਤ ਵਿਆਜ ਅਤੇ ਹੋਰ ਫੀਸਾਂ | ਮਿਆਦੀ ਕਰਜ਼ਾ (ਆਟੋ ਲੋਨ) |

(31.05.2025 **ਤੱਕ ਵਿਆਜ ਸਮੇਤ**) :ਰੁ. 7,50,537.05 (ਰੁਪਏ ਸੱਤ ਲੱਖ ਪੰਜਾਹ ਹਜ਼ਾਰ ਪੰਜ ਸੌ ਸੈਂਤੀ ਅਤੇ ਪੰਜ ਪੈਸੇ ਕੇਵਲ), **ਜ਼ਾਮਨੀਆਂ ਦੇ ਸੰਖੇਪ ਵੇਰਵਿਆਂ ਸਮੇਤ ਸੁਰੱਖਿਆ ਸਮਝੌਤਾ** : ਵਾਹਨ ਨੰ. ਪੀਬੀ08ਐਫਜੇ2808, ਚਾਸੀ ਨੰਬਰ ਐਮਬੀਐਚਐਚਡਬਲਿਊਬੀ13ਐਸਆਰਬੀ682908, ਇੰਜਣ ਨੰਬਰ : ਕੇ12ਐਨਪੀ4421561, ਮਾਰਕਾ ਅਤੇ ਮਾਡਲ : ਮਾਰੂਤੀ ਸੁਜ਼ੂਕੀ ਬਲੇਨੋ ਡੈਲਟਾ ਦੀ ਹਾਈਪੋਥੀਕੇਸ਼ਨ।

**ਮਿਤੀ : 19.06.2025** **ਸਥਾਨ : ਨਕੋਦਰ** **ਅਧਿਕਾਰਤ ਅਧਿਕਾਰੀ**

### ਇੰਡੀਅਨ ਓਵਰਸੀਜ਼ ਬੈਂਕ
**ਆਮ ਜਨਤਾ ਲਈ ਈ-ਨਿਲਾਮੀ ਵਿਕਰੀ ਸੂਚਨਾ**
ਖੇਤਰੀ ਦਫ਼ਤਰ ਚੰਡੀਗੜ੍ਹ, ਐਸਸੀਓ 26, ਮਧਿਆ ਮਾਰਗ, ਸੈਕਟਰ 7-ਸੀ, ਚੰਡੀਗੜ੍ਹ-160019
PH.: 0172-2801416, E-MAIL: 0812ard@iobnet.co.in

**ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ ਦੇ ਨਿਯਮ 8 (6) ਦੀ ਵਿਵਸਥਾ ਦੇ ਅਧੀਨ। ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦੇ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ **ਇੰਡੀਅਨ ਓਵਰਸੀਜ ਬੈਂਕ** (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਅਤੇ ਇਸ ਦੀ ਵਿਕਰੀ **''ਜਿਵੇਂ ਹੈ ਜਿਥੇ ਹੈ''**, **''ਜਿਵੇਂ ਹੈ ਜੋ ਹੈ''** ਅਤੇ **''ਜੋ ਵੀ ਉਥੇ ਹੈ''** 'ਤੇ ਕੀਤੀ ਜਾਵੇਗੀ।

| ਲੜੀ ਨੰ. | ਸ਼ਾਖਾ ਦਾ ਨਾਮ ਅਤੇ ਪਤਾ ਅਤੇ ਪਤੇ ਸਮੇਤ ਕਰਜ਼ਦਾਰਾਂ ਅਤੇ ਜ਼ਾਮਨਾਂ ਦਾ ਨਾਮ | ਬਕਾਏ (ਪੂਰਤੀ ਤੱਕ ਅਗਲੇਰੇ ਵਿਆਜ ਅਤੇ ਲਾਗਤਾਂ ਸਮੇਤ) / ਨਿਲਾਮੀ ਦੀ ਮਿਤੀ | ਗਿਰਵੀਕਾਰ/ਸੰਪੱਤੀ ਦੇ ਮਾਲਕ ਦੇ ਨਾਮ ਸਮੇਤ ਸੰਪੱਤੀ ਦੇ ਵੇਰਵੇ | ਰਾਖਵੀਂ ਕੀਮਤ (ਰੁ.) / ਬਿਆਨਾ ਰਕਮ (ਰੁ.) / ਬੋਲੀ ਵਾਧਾ ਰਕਮ (ਰੁ.) |
|---|---|---|---|---|
| 1. | ਪਟਿਆਲਾ ਸ਼ਾਖਾ- ਐਸਸੀਓ 102-103, ਨੇੜੇ ਲਕਸ਼ਿਆ ਇੰਸਟੀਚਿਊਟ, ਛੋਟੀ ਬਾਰਾਂਦਰੀ ਪਟਿਆਲਾ, ਪੰਜਾਬ-147001 M: 8925950922; E-mail: iob0922@iob.in<br>ਕਰਜ਼ਦਾਰ ਅਤੇ ਗਿਰਵੀਕਾਰ :- ਸ੍ਰੀ ਮਨਜੀਤ ਸਿੰਘ ਪੁੱਤਰ ਗੁਰਸੇਵਕ ਸਿੰਘ; ਪਤਾ 1: ਮਕਾਨ ਨੰ. 65, ਐਲ ਨੰ. 1, ਏਕਤਾ ਵਿਹਾਰ, ਗੰਗਯਾਲ, ਜੰਮੂ ਸਿਟੀ, ਜੰਮੂ, ਜੰਮੂ, ਜੰਮੂ-ਕਸ਼ਮੀਰ - 130010 ਪਤਾ 2: ਮਕਾਨ ਨੰ. 53, ਕੋਹਿਨੂਰ ਐਨਕਲੇਵ, ਰਾਜਪੁਰਾ ਰੋਡ, ਪਟਿਆਲਾ, ਪੰਜਾਬ - 147001, (2) ਸ਼੍ਰੀਮਤੀ ਪਰਮੀਤ ਕੌਰ ਪਤਨੀ ਮਨਜੀਤ ਸਿੰਘ, ਮਕਾਨ ਨੰ. 53, ਕੋਹਿਨੂਰ ਐਨਕਲੇਵ, ਰਾਜਪੁਰਾ ਰੋਡ, ਪਟਿਆਲਾ, ਪੰਜਾਬ - 147001 ਅਤੇ ਜ਼ਾਮਨ:- ਸ੍ਰੀ ਲਲਿਤੇਸ਼ਵਰ ਸਿੰਘ ਪੁੱਤਰ ਈਸ਼ਵਰ ਸਿੰਘ ਬੇਦੀ, ਮਕਾਨ ਨੰ. 53, ਕੋਹਿਨੂਰ ਐਨਕਲੇਵ, ਰਾਜਪੁਰਾ ਰੋਡ, ਪਟਿਆਲਾ, ਪੰਜਾਬ - 147001 | Rs. 25,24,542.22 as on 29.01.2025 / 23.07.2025 between 11:00 AM to 2:00 PM | ਸ਼੍ਰੀ ਮਨਜੀਤ ਸਿੰਘ ਅਤੇ ਸ਼੍ਰੀਮਤੀ ਪਰਮੀਤ ਕੌਰ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2021-22/11/1/9505 ਮਿਤੀ 13.09.2021 ਅਨੁਸਾਰ ਦਰਜ ਰਾਇਲ ਗ੍ਰੀਨਜ਼ ਕਲੋਨੀ, ਪਿੰਡ ਚੌੜਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿੱਚ ਖੇਵਟ ਨੰਬਰ 2/2,4 ਮਿਨ ਖਾਤਾ ਨੰਬਰ 2, ਖਸਰਾ ਨੰਬਰ 434 ਮਿਨ 94-4), 435 (3-2), 436 (7-17), 437 (9-5), 441 (6-5), 443 ਮਿਨ (0-19-1/2) ਕਿੱਤੇ 6 ਵਿੱਚ ਰਿਹਾਇਸ਼ੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ 31 ਬਿੱਘੇ 12-1/2 ਮਾਪ ਜਿਸ ਵਿੱਚੋਂ 3/632-1/2 ਹਿੱਸਾ ਭਾਵ 0-3 ਬਿਸਵਾਸ ਜਾਂ 144.44 ਵਰਗ ਗਜ਼ ਹੈ। (ਸੰਕੇਤਕ ਕਬਜ਼ੇ ਅਧੀਨ) | Rs. 29,55,000/- / Rs. 2,95,500/- / Rs. 10,000/- |
| 2. | ਸੈਕਟਰ 32, ਚੰਡੀਗੜ੍ਹ ਸ਼ਾਖਾ ਐਸਸੀਓ 65, ਸੈਕ-32ਡੀ, ਚੰਡੀਗੜ੍ਹ M: 0172-4618997; E-mail: iob1430@iob.in<br>ਕਰਜ਼ਦਾਰ/ਗਿਰਵੀਕਾਰ:- ਸ਼੍ਰੀਮਤੀ ਅਨੀਤਾ ਦੇਵੀ ਅਤੇ ਸ਼੍ਰੀ ਸੰਜੇ ਕੁਮਾਰ ਵਾਸੀ ਬੀ006/02546-07, ਗੁਰੂ ਤੇਗ ਬਹਾਦੁਰ ਨਗਰ, ਖਰੜ, ਐਸ.ਏ.ਐਸ. ਨਗਰ, ਪੰਜਾਬ - 140301, ਅਤੇ ਜ਼ਾਮਨ:- ਸ਼੍ਰੀ ਜੋਤੀ ਪ੍ਰਕਾਸ਼ ਪੁੱਤਰ ਪ੍ਰੇਮ ਨਾਥ ਵਾਸੀ ਧਨਵੰਤਰੀ ਕਾਲਜ, ਸੈਕਟਰ 46ਬੀ, ਚੰਡੀਗੜ੍ਹ-160047 | Rs. 5,30,705.12 as on 30.01.2025 / 23.07.2025 between 11:00 AM to 2:00 PM | ਸ਼੍ਰੀਮਤੀ ਅਨੀਤਾ ਦੇਵੀ ਪਤਨੀ ਸ਼੍ਰੀ ਸੰਜੇ ਕੁਮਾਰ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ 0-2.3/10 ਮਰਲੇ, ਖਾਤਾ ਨੰਬਰ 2420/2489, ਖਸਰਾ ਨੰਬਰ 9//22/2(3-17), 23/1(4-9), ਕਿਤੇ 2, ਰਕਬਾ 23/1660 8 ਕਨਾਲ 6 ਮਰਲੇ ਦਾ ਹਿੱਸਾ, ਹੱਦਬਸਤ ਨੰਬਰ 184, ਤਹਿਸੀਲ ਖਰੜ, ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ (**ਸੰਕੇਤਕ ਕਬਜ਼ੇ ਅਧੀਨ**) | Rs. 26,47,000/- / Rs. 2,64,700/- / Rs. 10,000/- |

ਬਕਾਇਆ ਸਰਕਾਰੀ ਬਕਾਇਆ ਜੇਕਰ ਕੋਈ ਹੈ - ਪਤਾ ਨਹੀਂ। ਜਾਇਦਾਦ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ - ਬੈਂਕ ਨਾਲ ਪਹਿਲਾਂ ਸਲਾਹ-ਮਸ਼ਵਰਾ ਕਰਕੇ ਕੋਈ ਹੋਰ ਕੰਮਕਾਜੀ ਦਿਨ, ਈ-ਨਿਲਾਮੀ ਦੀ ਮਿਤੀ ਅਤੇ ਸਮਾਂ 23.07.2025 - ਸਵੇਰੇ 11:00 ਵਜੇ ਤੋਂ ਦੁਪਹਿਰ 02:00 ਵਜੇ ਤੱਕ ਹੈ। ਇੱਛੁਕ ਬੋਲੀਕਾਰਾਂ / ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਮੋਬਾਈਲ ਨੰਬਰ ਅਤੇ ਈ-ਮੇਲ ਆਈਡੀ ਦੀ ਵਰਤੋਂ ਕਰਕੇ ਪੋਰਟਲ (**https://www.baanknet.com**) 'ਤੇ ਰਜਿਸਟਰ ਕਰਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇੱਕ ਵਾਰ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਕੇਵਾਈਸੀ ਦਸਤਾਵੇਜ਼ਾਂ ਦੀ ਤਸਦੀਕ ਹੋ ਜਾਣ 'ਤੇ (2 ਕੰਮਕਾਜੀ ਦਿਨ ਲੱਗ ਸਕਦੇ ਹਨ), ਇੱਛੁਕ ਬੋਲੀਕਾਰਾਂ / ਖਰੀਦਦਾਰਾਂ ਨੂੰ ਪੋਰਟਲ ਵਿੱਚ ਈ-ਨਿਲਾਮੀ ਦੀ ਮਿਤੀ ਅਤੇ ਸਮੇਂ ਤੋਂ ਪਹਿਲਾਂ 23.07.2025 ਨੂੰ ਦੁਪਹਿਰ 1:30 ਵਜੇ ਤੱਕ ਆਪਣੇ ਗਲੋਬਲ ਈਐਮਡੀ ਵਾਲਿਟ ਵਿੱਚ ਔਨਲਾਈਨ ਮੋਡ ਦੀ ਵਰਤੋਂ ਕਰਕੇ ਈਐਮਡੀ ਰਕਮ ਟ੍ਰਾਂਸਫਰ ਕਰਨੀ ਪਵੇਗੀ। ਦਸਤਾਵੇਜ਼ਾਂ ਦੀ ਰਜਿਸਟ੍ਰੇਸ਼ਨ, ਤਸਦੀਕ ਅਤੇ ਵਾਲਿਟ ਵਿੱਚ ਈਐਮਡੀ ਦਾ ਟ੍ਰਾਂਸਫਰ ਨਿਲਾਮੀ ਤੋਂ ਪਹਿਲਾਂ ਬਹੁਤ ਪਹਿਲਾਂ ਪੂਰਾ ਕੀਤਾ ਜਾਣਾ ਚਾਹੀਦਾ ਹੈ। ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸੇਵਾ ਪ੍ਰਦਾਤਾ ਦੀ ਵੈੱਬਸਾਈਟ - (**https://www.baanknet.com**) 'ਤੇ ਈ-ਨਿਲਾਮੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੀ ਲੋੜ ਹੈ (ਫੋਨ ਅਤੇ ਟੋਲ ਫ ?ਰੀ ਨੰਬਰ 8291220220 'ਤੇ ਸੰਪਰਕ ਕਰੋ ਅਤੇ ਈਮੇਲ - **support.baanknet@psballiance.com**)। ਸਫਲ ਬੋਲੀਕਾਰ ਦੁਆਰਾ ਬੈਂਕ ਨੂੰ ਵਿਕਰੀ ਵਿਚਾਰ ਦੀ ਅਦਾਇਗੀ ਆਮਦਨ ਕਰ ਐਕਟ 1961 ਦੀ ਧਾਰਾ 194-1ਏ ਦੇ ਤਹਿਤ ਟੀਡੀਐਸ ਦੇ ਅਧੀਨ ਹੋਵੇਗੀ ਅਤੇ ਟੀਡੀਐਸ ਸਫਲ ਬੋਲੀਕਾਰ ਦੁਆਰਾ ਬੋਲੀ ਦੀ ਰਕਮ ਦਾ ਬਾਕੀ 75% / ਬੋਲੀ ਦੀ ਰਕਮ ਦੀ ਪੂਰੀ ਜਮ੍ਹਾਂ ਰਕਮ ਜਮ੍ਹਾ ਕਰਨ ਦੇ ਸਮੇਂ ਹੀ ਕੀਤਾ ਜਾਣਾ ਹੈ। ਜੇਕਰ ਲਾਗੂ ਹੁੰਦਾ ਹੈ ਤਾਂ ਆਈਟੀ ਐਕਟ 1961 ਦੀ ਧਾਰਾ 194(**O**) ਦੇ ਤਹਿਤ ਹੋਰ ਟੀਡੀਐਸ ਸਫਲ ਖਰੀਦਦਾਰ ਦੁਆਰਾ ਸਹਿਣ ਕੀਤਾ ਜਾਵੇਗਾ।
ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ (**https://www.baanknet.com)** 'ਤੇ ਜਾਓ। ਇਹ ਪ੍ਰਕਾਸ਼ਨ ਉਪਰੋਕਤ ਕਰਜ਼ਿਆਂ ਦੇ ਕਰਜ਼ਦਾਰ / ਗਿਰਵੀਕਾਰ/ ਜ਼ਾਮਨਾਂ ਨੂੰ ਨਿਯਮ 8(6) **SARFAESI** ਐਕਟ 2002 ਦੇ ਤਹਿਤ ਜਨਤਕ ਤੌਰ 'ਤੇ ਟੈਂਡਰ ਮੰਗ ਕੇ ਈ-ਨਿਲਾਮੀ ਵਿਕਰੀ ਕਰਵਾਉਣ ਬਾਰੇ 30 ਦਿਨਾਂ ਦਾ ਨੋਟਿਸ ਵੀ ਹੈ। ਨਿਯਮਾਂ ਅਤੇ ਸ਼ਰਤਾਂ ਲਈ ਸੁਰੱਖਿਅਤ ਸੰਪਤੀਆਂ ਦੀ ਵਿਕਰੀ ਲਈ ਕਿਰਪਾ ਕਰਕੇ ਸਾਡੇ ਵੈੱਬ ਪੋਰਟਲ **www.iob.in** ਅਤੇ (**https://www.baanknet.com**) 'ਤੇ ਜਾਓ।

**ਮਿਤੀ : 19.06.2025** **ਸਥਾਨ : ਚੰਡੀਗੜ੍ਹ** **ਅਧਿਕਾਰਤ ਅਧਿਕਾਰੀ**

### ਦਫਤਰ ਉਪ ਮੰਡਲ ਮੈਜਿਸਟਰੇਟ, ਨਾਭਾ
### ਜਨਤਕ ਨੋਟਿਸ

ਹਰ ਆਮ ਅਤੇ ਖਾਸ ਨੂੰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਤਹਿਸੀਲ ਅਤੇ ਕੋਰਟ ਕੰਪਲੈਕਸ ਨਾਭਾ ਦੀ ਪਾਰਕਿੰਗ ਨੂੰ ਮਿਤੀ 31.03.2026 ਤੱਕ ਠੇਕੇ 'ਤੇ ਦੇਣ ਲਈ ਸੀਲ ਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਜਿਸ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਜੀ ਵੱਲੋਂ ਟੈਂਡਰ ਵਿਧੀ (ਆਫਲਾਈਨ) ਰਾਹੀਂ ਠੇਕਾ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਜਿਸ ਵਿੱਚ ਪਾਰਕਿੰਗ ਦੀ ਬੋਲੀ ਲਈ ਮੁਬ: 7,20,900 ਰੁਪੈ (ਸੱਤ ਲੱਖ ਵੀਹ ਹਜ਼ਾਰ ਨੌਂ ਸੌ ਰੁਪੈ) ਰਾਖਵੀਂ ਕੀਮਤ ਰੱਖੀ ਗਈ ਹੈ। ਜੇਕਰ ਕੋਈ ਚਾਹਵਾਨ ਵਿਅਕਤੀ ਨਾਭਾ ਤਹਿਸੀਲ ਅਤੇ ਕੋਰਟ ਕੰਪਲੈਕਸ ਨਾਭਾ ਦੀ ਸਾਇਕਲ ਸਟੈਂਡ (ਪਾਰਕਿੰਗ) ਨੂੰ ਠੇਕੇ 'ਤੇ ਲੈਣ ਦਾ ਚਾਹਵਾਨ ਹੋਵੇ ਤਾਂ ਉਹ ਮੁਬ 50,000/- ਰੁਪੈ ਦਾ ਡਿਮਾਂਡ ਡਰਾਫਟ ਉਪ ਮੰਡਲ ਮੈਜਿਸਟਰੇਟ, ਨਾਭਾ ਦੇ ਨਾਂ ਸਕਿਉਰਟੀ ਵਜੋਂ ਪੇਸ਼ ਕਰ ਸਕਦਾ ਹੈ। ਇਹ ਟੈਂਡਰ ਮਿਤੀ 24-06-2025 ਨੂੰ ਦੁਪਹਿਰ 11 ਵਜੇ ਤੱਕ ਕਮਰਾ ਨੰ. 204 (ਕਮੇਟੀ ਰੂਮ), ਦੂਸਰੀ ਮੰਜ਼ਿਲ, ਉਪ ਮੰਡਲ ਮੈਜਿਸਟਰੇਟ, ਨਾਭਾ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਸੀਲ ਬੰਦ ਲਿਫਾਫੇ ਵਿੱਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੋ ਮਿਤੀ 24-06-2025 ਨੂੰ ਬਾਅਦ ਦੁਪਹਿਰ 1.00 ਵਜੇ ਨਿਮਨ ਹਸਤਾਖਰ ਵੱਲੋਂ ਅਤੇ ਗਠਿਤ ਕਮੇਟੀ ਮੈਂਬਰਾਂ ਦੀ ਹਾਜ਼ਰੀ ਵਿੱਚ ਵੀਡੀਓਗ੍ਰਾਫੀ ਰਾਹੀਂ ਖੋਲ੍ਹੇ ਜਾਣਗੇ। ਜੋ ਵੀ ਵਿਅਕਤੀ ਟੈਂਡਰ ਭਰਨਗੇ, ਉਹ ਨਿੱਜੀ ਤੌਰ 'ਤੇ ਟੈਂਡਰ ਖੋਲ੍ਹਣ ਸਮੇਂ ਹਾਜ਼ਰ ਰਹਿਣ, ਹਾਜ਼ਰ ਨਾ ਹੋਣ 'ਤੇ ਬਾਅਦ ਵਿੱਚ ਕੋਈ ਕਲੇਮ ਜਾਂ ਸੁਣਵਾਈ ਨਹੀਂ ਹੋਵੇਗੀ। ਟੈਂਡਰ ਵਿੱਚ ਵੱਧ ਬੋਲੀ ਦੇਣ ਵਾਲੇ ਵਿਅਕਤੀ ਨੂੰ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਪਾਰਕਿੰਗ ਦਾ ਠੇਕਾ ਦਿੱਤਾ ਜਾਵੇਗਾ। ਨਿਯਮਾਂ ਅਤੇ ਸ਼ਰਤਾਂ ਇਹ ਇਸ਼ਤਿਹਾਰ ਜਾਰੀ ਹੋਣ ਤੋਂ ਬਾਅਦ ਇਸ ਦਫਤਰ ਦੇ ਨੋਟਿਸ ਬੋਰਡ 'ਤੇ ਪੜ੍ਹੀਆਂ ਜਾ ਸਕਦੀਆਂ ਹਨ।

**ਸਹੀ/- ਉੱਪ ਮੰਡਲ ਮੈਜਿਸਟਰੇਟ, ਨਾਭਾ।**

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਖੇਡ ਸੰਸਾਰ

## ਕ੍ਰਿਕਟ ਦਾ ਸ਼ਹਿਨਸ਼ਾਹ ਵਿਰਾਟ ਕੋਹਲੀ



**ਵਿਰਾਟ** ਕ੍ਰਿਕਟ ਦੇ ਇਤਿਹਾਸ ਵਿੱਚ ਸਭ ਤੋਂ ਮਹਾਨ ਬੱਲੇਬਾਜ਼ਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵਿਰਾਟ ਦਾ ਹੁਨਰ, ਖੇਡ ਪ੍ਰਤੀ ਸਮਰਪਣ, ਜਨੂੰਨ ਅਤੇ ਵੱਡੇ ਮੰਚ ਉੱਤੇ ਵੱਡਾ ਖਿਡਾਰੀ ਬਣ ਕੇ ਉਭਰਨਾ ਵਿਰਾਟ ਨੂੰ ਮਹਾਨਤਮ ਕ੍ਰਿਕਟਰ ਬਣਾਉਂਦੀ ਹੈ। ਉਸ ਨੂੰ ਕ੍ਰਿਕਟ ਦੀ ਦੁਨੀਆ ਵਿੱਚ ਕਿੰਗ ਕੋਹਲੀ, ਚੇਜ਼ ਮਾਸਟਰ ਅਤੇ ਰਨ ਮਸ਼ੀਨ ਆਖਿਆ ਜਾਂਦਾ ਹੈ। ਵਿਰਾਟ ਨੇ ਵਿਸ਼ਵ ਕ੍ਰਿਕਟ ਵਿੱਚ ਉਹ ਹਾਸਲ ਕਰ ਲਿਆ, ਜੋ ਕੋਈ ਵੀ ਕ੍ਰਿਕਟਰ ਆਪਣੀ ਸ਼ੁਰੂਆਤ ਤੋਂ ਹਾਸਲ ਕਰਨ ਦਾ ਸੁਫ਼ਨਾ ਪਾਲਦਾ ਹੈ। ਸਚਿਨ ਤੇਂਦੁਲਕਰ ਦੇ ਖੇਡ ਛੱਡਣ ਤੋਂ ਬਾਅਦ ਵਿਰਾਟ ਕੋਹਲੀ ਨੇ ਭਾਰਤੀ ਕ੍ਰਿਕਟ ਨੂੰ ਨਾ ਸਿਰਫ਼ ਸਾਂਭਿਆ ਸਗੋਂ ਸਚਿਨ ਦੇ ਸਟਾਰਡਮ ਦੇ ਬਾਵਜੂਦ ਪ੍ਰਸਿੱਧੀ ਖੱਟੀ। ਸਚਿਨ 11 ਸਾਲ ਪਹਿਲਾਂ ਰਿਟਾਇਰ ਹੋਇਆ ਸੀ। ਜਦੋਂ ਸਚਿਨ ਨੂੰ ਪ੍ਰਸਿੱਧ ਕੁਮੈਂਟੇਟਰ ਹਰਸ਼ਾ ਭੋਗਲੇ ਨੇ ਪੁੱਛਿਆ ਕਿ ਭਵਿੱਖ ਵਿੱਚ ਕਿਹੜੇ ਖਿਡਾਰੀ ਉਸ ਦਾ ਰਿਕਾਰਡ ਤੋੜਨਗੇ ਤਾਂ ਸਚਿਨ ਦਾ ਜਵਾਬ ਰੋਹਿਤ ਤੇ ਵਿਰਾਟ ਹੀ ਸੀ। ਵਿਰਾਟ ਨੇ ਇੱਕ ਰੋਜ਼ਾ ਕ੍ਰਿਕਟ ਵਿੱਚ ਤਾਂ ਸੈਂਕੜਿਆਂ ਦਾ ਰਿਕਾਰਡ ਤੋੜ ਹੀ ਦਿੱਤਾ। ਵਿਰਾਟ ਨੇ 2008 ਵਿੱਚ ਅੰਡਰ-19 ਵਿਸ਼ਵ ਕੱਪ ਵਿੱਚ ਭਾਰਤ ਦੀ ਕਪਤਾਨੀ ਕਰਦਿਆਂ ਭਾਰਤ ਨੂੰ ਜੂਨੀਅਰ ਵਿਸ਼ਵ ਚੈਂਪੀਅਨ ਬਣਾਇਆ। ਇੱਥੋਂ ਹੀ ਕੋਹਲੀ ਦੇ ਵਿਰਾਟ ਕਰੀਅਰ ਦੀ ਸ਼ੁਰੂਆਤ ਹੋਈ। ਅਠਾਰਾਂ ਅਗਸਤ 2008 ਨੂੰ ਸ੍ਰੀਲੰਕਾ ਖ਼ਿਲਾਫ਼ ਕੌਮਾਂਤਰੀ ਕ੍ਰਿਕਟ ਦੀ ਪਹਿਲੀ ਪੌੜੀ ਚੜ੍ਹਨ ਵਾਲੇ ਵਿਰਾਟ ਨੇ ਤਿੰਨ ਸਾਲ ਦੇ ਅੰਦਰ ਹੀ 2011 ਵਿੱਚ ਇੱਕ ਰੋਜ਼ਾ ਵਿਸ਼ਵ ਕੱਪ ਜਿੱਤ ਲਿਆ, ਜਿਸ ਨੂੰ ਜਿੱਤਣ ਲਈ ਮਹਾਨ ਖਿਡਾਰੀ ਸਚਿਨ ਤੇਂਦੁਲਕਰ ਨੂੰ ਛੇ ਵਿਸ਼ਵ ਕੱਪ ਤੱਕ ਉਡੀਕ ਕਰਨੀ ਪਈ। 2013 ਤੇ 2025 ਵਿੱਚ ਦੋ ਵਾਰ ਚੈਂਪੀਅਨਜ਼ ਟਰਾਫੀ ਜਿੱਤੀ। 2024 ਵਿੱਚ ਟਵੰਟੀ-20 ਵਿਸ਼ਵ ਕੱਪ ਜਿੱਤਿਆ ਅਤੇ ਹੁਣ 2025 ਵਿੱਚ ਆਈ.ਪੀ.ਐਲ. ਟਰਾਫੀ ਜਿੱਤੀ। ਭਾਰਤ ਵਿੱਚ ਇਹ ਸਾਰੇ ਖ਼ਿਤਾਬ ਜਿੱਤਣ ਵਾਲੇ ਯੁਵਰਾਜ ਸਿੰਘ ਤੇ ਵਿਰਾਟ ਕੋਹਲੀ ਦੋ ਹੀ ਕ੍ਰਿਕਟਰ ਹਨ। ਇਸ ਤੋਂ ਇਲਾਵਾ ਉਸ ਨੇ ਦੋ ਵਾਰ ਟੈਸਟ ਰੈਂਕਿੰਗ ਵਿੱਚ ਭਾਰਤ ਨੂੰ ਨੰਬਰ ਇੱਕ ਬਣਾਉਂਦਿਆਂ ਗੁਰਜ ਵੀ ਜਿੱਤੀ। ਉਸ ਨੇ ਤਿੰਨ ਵਾਰ ਏਸ਼ੀਆ ਕੱਪ ਜਿੱਤਿਆ। ਉਪ ਜੇਤੂ ਬਣਨ ਦੀ ਗੱਲ ਕਰੀਏ ਤਾਂ ਵਿਰਾਟ 2023 ਦੇ ਇੱਕ ਰੋਜ਼ਾ ਵਿਸ਼ਵ ਕੱਪ, 2014 ਦੇ ਟਵੰਟੀ-20 ਵਿਸ਼ਵ ਕੱਪ, 2017 ਦੀ ਚੈਂਪੀਅਨਜ਼ ਟਰਾਫੀ ਅਤੇ 2021 ਤੇ 2023 ਦੀ ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਉਪ ਜੇਤੂ ਰਿਹਾ ਹੈ। ਵਿਰਾਟ ਕੋਹਲੀ ਦੇ ਅੰਕੜਿਆਂ ਦੀ ਗੱਲ ਕੀਤੀ ਜਾਵੇ ਤਾਂ ਇੱਕ ਰੋਜ਼ਾ ਕ੍ਰਿਕਟ, ਟਵੰਟੀ-20 ਕੌਮਾਂਤਰੀ ਕ੍ਰਿਕਟ ਅਤੇ ਕ੍ਰਿਕਟ ਦੇ ਸਾਰੇ ਫਾਰਮੈਟਾਂ ਵਿੱਚ ਕੁੱਲ ਦੌੜਾਂ ਬਣਾਉਣ ਵਿੱਚ ਤੀਜੇ ਨੰਬਰ ਉੱਤੇ ਆਉਂਦਾ ਹੈ। ਇੱਕ ਰੋਜ਼ਾ ਕ੍ਰਿਕਟ ਵਿੱਚ ਸਭ ਤੋਂ ਵੱਧ ਸੈਂਕੜੇ ਬਣਾਉਣ ਦਾ ਰਿਕਾਰਡ ਉਸ ਦੇ ਨਾਮ ਹੈ। ਸਚਿਨ ਤੇਂਦੁਲਕਰ ਵੱਲੋਂ ਬੱਲੇਬਾਜ਼ੀ ਵਿੱਚ ਬਣਾਏ ਰਿਕਾਰਡਾਂ ਵਿੱਚੋਂ ਇਹ ਇੱਕੋ-ਇੱਕ ਰਿਕਾਰਡ ਹੈ, ਜੋ ਵਿਰਾਟ ਕੋਹਲੀ ਨੇ ਤੋੜਿਆ ਹੈ। ਸਾਰੇ ਫਾਰਮੈਟ ਮਿਲਾ ਕੇ ਸੈਂਕੜਿਆਂ ਦੇ ਰਿਕਾਰਡ ਵਿੱਚ ਵਿਰਾਟ ਦੂਜੇ ਨੰਬਰ ਉੱਤੇ ਹੈ। ਵਿਰਾਟ ਕੋਹਲੀ ਭਾਰਤ ਦਾ ਸਭ ਤੋਂ ਸਫਲ ਟੈਸਟ ਕਪਤਾਨ ਵੀ ਹੈ, ਜਿਸ ਨੇ ਆਪਣੀ ਕਪਤਾਨੀ ਹੇਠ ਦੋ ਵਾਰ ਟੈਸਟ ਰੈਂਕਿੰਗ ਵਿੱਚ ਭਾਰਤ ਨੂੰ ਵਿਸ਼ਵ ਦੀ ਨੰਬਰ ਇੱਕ ਟੀਮ ਬਣਾਉਂਦਿਆਂ ਵਿਸ਼ਵ ਟੈਸਟ ਗੁਰਜ ਜਿਤਾਈ ਅਤੇ ਭਾਰਤ ਨੂੰ ਸਭ ਤੋਂ ਵੱਧ ਜਿੱਤਾਂ ਦਿਵਾਈਆਂ। ਵਿਰਾਟ ਕ੍ਰਿਕਟ ਦੇ ਤਿੰਨੇ ਫਾਰਮੈਟ- ਟੈਸਟ, ਇੱਕ ਰੋਜ਼ਾ ਅਤੇ ਟਵੰਟੀ-20 ਵਿੱਚ ਚੋਟੀ ਦਾ ਬੱਲੇਬਾਜ਼ ਰਿਹਾ ਅਤੇ ਤਿੰਨੋਂ ਫਾਰਮੈਟਾਂ ਵਿੱਚ 900 ਰੇਟਿੰਗ ਅੰਕ ਹਾਸਲ ਕਰਨ ਵਾਲਾ ਵਿਸ਼ਵ ਦਾ ਇਕਲੌਤਾ ਬੱਲੇਬਾਜ਼ ਹੈ। ਉਹ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਹੈ। ਨਿੱਜੀ ਰਿਕਾਰਡਾਂ ਦੀ ਗੱਲ ਕਰੀਏ ਤਾਂ ਵਿਰਾਟ 2023 ਦੇ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ ਪਲੇਅਰ ਆਫ ਦਿ ਟੂਰਨਾਮੈਂਟ, 2014 ਤੇ 2016 ਵਿੱਚ ਦੋ ਵਾਰ ਟਵੰਟੀ-20 ਵਿਸ਼ਵ ਕੱਪ ਵਿੱਚ ਪਲੇਅਰ ਆਫ ਦਿ ਟੂਰਨਾਮੈਂਟ ਬਣਿਆ ਹੈ। ਵਿਸ਼ਵ ਰੈਂਕਿੰਗ ਦੀ ਗੱਲ ਕਰੀਏ ਤਾਂ ਇੱਕ ਰੋਜ਼ਾ ਕ੍ਰਿਕਟ ਵਿੱਚ ਕੋਹਲੀ 2013 ਵਿੱਚ ਹੀ ਨੰਬਰ ਇੱਕ ਬੱਲੇਬਾਜ਼ ਬਣਿਆ, 2015 ਵਿੱਚ ਉਹ ਟਵੰਟੀ-20 ਅਤੇ 2018 ਵਿੱਚ ਟੈਸਟ ਕ੍ਰਿਕਟ ਵਿੱਚ ਵਿਸ਼ਵ ਦਾ ਨੰਬਰ ਇੱਕ ਬੱਲੇਬਾਜ਼ ਬਣਿਆ। ਤਿੰਨੇ ਫਾਰਮੈਟਾਂ ਵਿੱਚ ਇਹ ਸਿਖਰ ਹਾਸਲ ਕਰਨਾ ਉਸ ਦੇ ਹਿੱਸੇ ਹੀ ਆਇਆ। 2011 ਤੋਂ 2020 ਤੱਕ ਇੱਕ ਦਹਾਕੇ ਵਿੱਚ ਉਸ ਨੇ ਵੀਹ ਹਜ਼ਾਰ ਦੌੜਾਂ ਬਣਾਈਆਂ ਅਤੇ ਇੱਕ ਦਹਾਕੇ ਵਿੱਚ ਇਹ ਪ੍ਰਾਪਤੀ ਹਾਸਲ ਕਰਨ ਵਾਲਾ ਵੀ ਉਹ ਪਹਿਲਾ ਕ੍ਰਿਕਟਰ ਹੈ। ਵਿਰਾਟ ਕੋਹਲੀ ਨੇ 10 ਆਈ.ਸੀ.ਸੀ. ਐਵਾਰਡ ਹਾਸਲ ਕੀਤੇ ਅਤੇ ਕੌਮਾਂਤਰੀ ਕ੍ਰਿਕਟ ਵਿੱਚ ਇੰਨੇ ਐਵਾਰਡ ਹਾਸਲ ਕਰਨ ਵਾਲਾ ਉਹ ਪਹਿਲਾ ਕ੍ਰਿਕਟਰ ਹੈ। 2012, 2017, 2018 ਅਤੇ 2023 ਵਿੱਚ ਚਾਰ ਵਾਰ ਉਸ ਨੂੰ ਇੱਕ ਰੋਜ਼ਾ ਕ੍ਰਿਕਟ ਵਿੱਚ ਐਵਾਰਡ ਮਿਲਿਆ। 2017 ਅਤੇ 2018 ਵਿੱਚ ਦੋ ਵਾਰ ਕ੍ਰਿਕਟਰ ਆਫ ਦਿ ਯੀਅਰ ਦਾ ਪੁਰਸਕਾਰ ਜਿੱਤਿਆ। 2018 ਵਿੱਚ ਉਸ ਨੇ ਤਿੰਨ ਐਵਾਰਡ ਹਾਸਲ ਕੀਤੇ- ਇੱਕ ਰੋਜ਼ਾ ਤੇ ਟੈਸਟ ਕ੍ਰਿਕਟ ਦੇ ਨਾਲ ਕ੍ਰਿਕਟਰ ਆਫ ਦਿ ਯੀਅਰ ਪੁਰਸਕਾਰ ਵੀ ਹਾਸਲ ਕੀਤਾ। 2019 ਵਿੱਚ ਸਪਿਰਿਟ ਆਫ ਕ੍ਰਿਕਟ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ 2020 ਵਿੱਚ ਦਹਾਕੇ ਦਾ ਕ੍ਰਿਕਟਰ ਆਫ ਦਿ ਯੀਅਰ ਅਤੇ ਦਹਾਕੇ ਦਾ ਇੱਕ ਰੋਜ਼ਾ ਕ੍ਰਿਕਟਰ ਆਫ ਦਿ ਯੀਅਰ ਦਿੱਤਾ ਗਿਆ। ਵਿਰਾਟ ਕੋਹਲੀ ਨੂੰ ਲਗਾਤਾਰ ਤਿੰਨ ਸਾਲਾਂ ਲਈ ਵਿਜ਼ਡਨ ਲੀਡਿੰਗ ਕ੍ਰਿਕਟਰ ਦਾ ਨਾਮ ਵੀ ਦਿੱਤਾ ਗਿਆ। ਵਿਰਾਟ ਕੋਹਲੀ ਤਿੰਨੇਂ ਫਾਰਮੈਟਾਂ ਵਿੱਚ ਸਭ ਤੋਂ ਵੱਧ ਪਲੇਅਰ ਆਫ ਦਿ ਸੀਰੀਜ਼ ਅਤੇ ਦੂਜੇ ਨੰਬਰ ਉੱਤੇ ਸਭ ਤੋਂ ਵੱਧ ਪਲੇਅਰ ਆਫ ਦਿ ਮੈਚ ਪੁਰਸਕਾਰ ਹਾਸਲ ਕਰਨ ਵਾਲਾ ਖਿਡਾਰੀ ਹੈ। ਹੋਰ ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ ਵਿਰਾਟ ਨੂੰ 2013 ਵਿੱਚ ਅਰਜੁਨ ਐਵਾਰਡ, 2017 ਵਿੱਚ ਪਦਮ ਸ੍ਰੀ ਅਤੇ 2018 ਵਿੱਚ ਭਾਰਤ ਦਾ ਸਭ ਤੋਂ ਵੱਡਾ ਖੇਡ ਸਨਮਾਨ ਖੇਲ ਰਤਨ ਪੁਰਸਕਾਰ ਹਾਸਲ ਕੀਤਾ। ਟਾਈਮ ਰਸਾਲੇ ਨੇ ਉਸ ਨੂੰ 2018 ਵਿੱਚ ਦੁਨੀਆ ਦੇ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ। ਵਿਰਾਟ ਕੋਹਲੀ ਨੇ 2024 ਵਿੱਚ ਟਵੰਟੀ-20 ਵਿਸ਼ਵ ਕੱਪ ਜਿੱਤਣ ਤੋਂ ਬਾਅਦ ਕ੍ਰਿਕਟ ਦੇ ਇਸ ਛੋਟੇ ਫਾਰਮੈਟ ਤੋਂ ਸੰਨਿਆਸ ਲਿਆ ਅਤੇ ਇਸ ਸਾਲ ਉਸ ਨੇ ਟੈਸਟ ਤੋਂ ਸੰਨਿਆਸ ਲਿਆ। ਹੁਣ ਉਹ ਕੌਮਾਂਤਰੀ ਕ੍ਰਿਕਟ ਵਿੱਚ ਇਕੱਲਾ ਇੱਕ ਰੋਜ਼ਾ ਮੈਚ ਖੇਡੇਗਾ ਅਤੇ ਉਮੀਦ ਕਰਦੇ ਹਾਂ ਕਿ 2027 ਵਿੱਚ ਉਹ ਟੀਮ ਦਾ ਹਿੱਸਾ ਰਹੇਗਾ। ਉਸ ਦੀ ਫਿਟਨੈੱਸ ਅਤੇ ਫਾਰਮ ਨੂੰ ਦੇਖਦਿਆਂ ਆਈ.ਪੀ.ਐਲ. ਵਿੱਚ ਹਾਲੇ ਕੁਝ ਸਾਲ ਹੋਰ ਖੇਡਦਾ ਨਜ਼ਰ ਆਵੇਗਾ। ਇੱਕ ਰੋਜ਼ਾ ਕ੍ਰਿਕਟ ਹਾਲੇ ਵਿਰਾਟ ਨੇ ਖੇਡਣੀ ਹੈ। ਹੁਣ ਤੱਕ ਉਹ 302 ਇੱਕ ਰੋਜ਼ਾ ਮੈਚਾਂ ਵਿੱਚ 57.88 ਦੀ ਔਸਤ ਨਾਲ 14181 ਦੌੜਾਂ ਬਣਾ ਚੁੱਕਾ ਹੈ, ਜਿਸ ਵਿੱਚ 51 ਸੈਂਕੜੇ ਤੇ 74 ਅਰਧ ਸੈਂਕੜੇ ਹਨ। ਸਭ ਤੋਂ ਵੱਧ 51 ਸੈਂਕੜੇ ਅਤੇ ਸਕੋਰ ਦਾ ਪਿੱਛਾ ਕਰਦਿਆਂ ਸਭ ਤੋਂ ਵੱਧ 26 ਸੈਂਕੜਿਆਂ ਦਾ ਰਿਕਾਰਡ ਬਣਾਉਣ ਵਾਲਾ ਵਿਰਾਟ 2023 ਦੇ ਵਿਸ਼ਵ ਕੱਪ ਵਿੱਚ ਵਿਸ਼ਵ ਕੱਪ ਦੇ ਇਤਿਹਾਸ ਵਿੱਚ ਇੱਕ ਮੁਕਾਬਲੇ ਦੌਰਾਨ ਸਭ ਤੋਂ ਵੱਧ ਦੌੜਾਂ (765) ਬਣਾਉਣ ਵਾਲਾ ਬੱਲੇਬਾਜ਼ ਵੀ ਬਣਿਆ। 8000 ਤੋਂ 14000 ਤੱਕ ਉਹ ਸਭ ਤੋਂ ਤੇਜ਼ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਹੈ। ਟਵੰਟੀ-20 ਕ੍ਰਿਕਟ ਤੋਂ ਸੰਨਿਆਸ ਲੈ ਚੁੱਕੇ ਵਿਰਾਟ ਨੇ ਖੇਡ ਦੇ ਇਸ ਸਭ ਤੋਂ ਛੋਟੇ ਫਾਰਮੈਟ ਵਿੱਚ 125 ਮੈਚਾਂ ਵਿੱਚ 48.69 ਦੀ ਔਸਤ ਨਾਲ 4188 ਦੌੜਾਂ ਬਣਾਈਆਂ ਹਨ, ਜਿਸ ਵਿੱਚ ਇੱਕ ਸੈਂਕੜਾ ਤੇ 38 ਅਰਧ ਸੈਂਕੜੇ ਸ਼ਾਮਲ ਹਨ। ਟਵੰਟੀ-20 ਵਿੱਚ ਉਹ ਸਰਵੋਤਮ ਔਸਤ ਵਾਲਾ ਖਿਡਾਰੀ ਹੈ। ਖਿਡਾਰੀਆਂ ਦੇ ਖੇਡ ਤੋਂ ਰਿਟਾਇਰਮੈਂਟ ਲੈਣ ਬਾਰੇ ਇੱਕ ਕਥਨ ਸਭ ਤੋਂ ਅਹਿਮ ਹੈ ਕਿ ਜਦੋਂ ਕਿਸੇ ਖਿਡਾਰੀ ਦੇ ਸੰਨਿਆਸ ਦੇ ਐਲਾਨ ਮੌਕੇ ਸਾਰੇ ਹੈਰਾਨ ਹੋ ਕੇ ਕਹਿਣ "ਕਿਉਂ?" ਤਾਂ ਉਸ ਖਿਡਾਰੀ ਦੀ ਮਹਾਨਤਾ ਆਪਣੇ ਆਪ ਪਤਾ ਲੱਗ ਜਾਂਦੀ ਹੈ। ਵਿਰਾਟ ਨੇ ਜਿਉਂ ਹੀ ਟੈਸਟ ਕ੍ਰਿਕਟ ਨੂੰ ਅਲਵਿਦਾ ਆਖੀ ਤਾਂ ਹਰ ਖੇਡ ਪ੍ਰੇਮੀ ਹੈਰਾਨ ਸੀ। ਵਿਰਾਟ ਨੇ ਟਵੰਟੀ-20 ਦੇ ਦੌਰ ਵਿੱਚ ਵੀ ਟੈਸਟ ਦੀ ਅਹਿਮੀਅਤ ਬਣਾ ਕੇ ਰੱਖੀ ਹੋਈ ਸੀ। ਵਿਰਾਟ ਨੇ ਨੀਰਸ ਤੇ ਹੌਲੀ ਸਮਝੇ ਜਾਂਦੇ ਕ੍ਰਿਕਟ ਦੇ ਇਸ ਫਾਰਮੈਟ ਵਿੱਚ ਆਪਣੇ ਜੋਸ਼, ਜਲੌਅ ਤੇ ਹਮਲਾਵਰ ਰੁਖ਼ ਨਾਲ ਜਾਨ ਪਾਈ ਰੱਖੀ। ਉਹ ਕਪਤਾਨੀ ਤੇ ਫੀਲਡਿੰਗ ਕਰਦਾ ਹੋਇਆ ਵੀ ਜੋਸ਼ ਵਿੱਚ ਸਾਰੇ ਖਿਡਾਰੀਆਂ ਨੂੰ ਉਤਸੁਕ ਰੱਖਦਾ। ਵਿਰਾਟ ਦੀ ਕਪਤਾਨੀ ਵਿੱਚ ਭਾਰਤ ਦੇ ਤੇਜ਼ ਗੇਂਦਬਾਜ਼ਾਂ ਦਾ ਜਾਦੂ ਸਿਰ ਚੜ੍ਹ ਬੋਲਿਆ, ਚਾਹੇ ਉਹ ਬੁਮਰਾਹ ਹੋਵੇ, ਸ਼ੰਮੀ ਜਾਂ ਸਿਰਾਜ ਤੇ ਚਾਹੇ ਫੇਰ ਇਸ਼ਾਂਤ ਸ਼ਰਮਾ ਹੋਵੇ। ਵਿਰਾਟ ਨੇ ਭਾਰਤੀ ਪੇਸ ਅਟੈਕ ਦੀ ਖੁੰਢੀ ਧਾਰ ਨੂੰ ਆਪਣੇ ਹਮਲਾਵਰ ਰੁਖ਼ ਨਾਲ ਇੰਨਾ ਤੇਜ਼ ਕੀਤਾ ਕਿ ਭਾਰਤ ਨੇ ਇੰਗਲੈਂਡ, ਦੱਖਣੀ ਅਫਰੀਕਾ ਤੇ ਆਸਟਰੇਲੀਆ ਵਿੱਚ ਜਾ ਕੇ ਟੈਸਟ ਜਿੱਤਣੇ ਸ਼ੁਰੂ ਕੀਤੇ। ਭਾਰਤੀ ਕ੍ਰਿਕਟ ਵਿੱਚ ਸੌਰਵ ਗਾਂਗੁਲੀ ਤੋਂ ਬਾਅਦ ਵਿਰਾਟ ਨੇ ਭਾਰਤੀ ਕ੍ਰਿਕਟ ਟੀਮ ਵਿੱਚ ਜੋਸ਼ ਭਰਿਆ। ਅੰਕੜਿਆਂ ਦੀ ਗੱਲ ਕਰੀਏ ਤਾਂ ਵਿਰਾਟ ਕੋਹਲੀ ਨੇ ਆਪਣੇ ਟੈਸਟ ਕਰੀਅਰ ਵਿੱਚ 123 ਮੈਚ ਖੇਡਦਿਆਂ 46.85 ਦੀ ਔਸਤ ਨਾਲ ਕੁੱਲ 9230 ਦੌੜਾਂ ਬਣਾਈਆਂ। ਭਾਰਤੀ ਬੱਲੇਬਾਜ਼ਾਂ ਵਿੱਚ ਟੈਸਟ ਵਿੱਚ ਦੌੜਾਂ ਬਣਾਉਣ ਵਿੱਚ ਉਹ ਸਚਿਨ ਤੇਂਦੁਲਕਰ, ਰਾਹੁਲ ਦਰਾਵਿੜ ਤੇ ਸੁਨੀਲ ਗਾਵਸਕਰ ਤੋਂ ਬਾਅਦ ਚੌਥੇ ਨੰਬਰ ਉੱਤੇ ਹੈ। ਟੈਸਟ ਤੋਂ ਰਿਟਾਇਰਮੈਂਟ ਮੌਕੇ ਉਹ 10,000 ਟੈਸਟ ਦੌੜਾਂ ਦੇ ਮੀਲ ਪੱਥਰ ਤੋਂ ਸਿਰਫ਼ 770 ਦੌੜਾਂ ਪਿੱਛੇ ਸੀ ਅਤੇ ਕੋਹਲੀ ਦੀ ਫਿਟਨੈੱਸ ਤੇ ਫਾਰਮ ਨੂੰ ਦੇਖਦਿਆਂ ਇਹ ਮੀਲ ਪੱਥਰ ਵੀ ਇੱਕ ਸਾਲ ਦੇ ਅੰਦਰ ਪੂਰਾ ਹੋਣ ਦੀ ਉਮੀਦ ਸੀ, ਜੇਕਰ ਉਹ ਸੰਨਿਆਸ ਨਾ ਲੈਂਦਾ। ਵਿਰਾਟ ਨੇ ਟੈਸਟ ਕਰੀਅਰ ਵਿੱਚ 30

ਨਵਦੀਪ ਸਿੰਘ ਗਿੱਲ
97800-36216

ਸੈਂਕੜੇ ਤੇ 31 ਅਰਧ ਸੈਂਕੜੇ ਲਗਾਏ। ਸੱਤ ਦੂਹਰੇ ਸੈਂਕੜੇ ਵੀ ਲਗਾਏ। ਸੈਂਕੜੇ ਲਗਾਉਣ ਵਿੱਚ ਵੀ ਉਹ ਚੌਥੇ ਨੰਬਰ ਉੱਤੇ ਹੈ। ਦੱਖਣੀ ਅਫਰੀਕਾ ਖ਼ਿਲਾਫ਼ ਨਾਬਾਦ 254 ਦੌੜਾਂ ਦੀ ਪਾਰੀ ਉਸ ਦਾ ਨਿੱਜੀ ਸਰਵੋਤਮ ਸਕੋਰ ਹੈ। ਵਿਰਾਟ ਨੇ 30 ਟੈਸਟ ਸੈਂਕੜਿਆਂ ਵਿੱਚੋਂ ਸਭ ਤੋਂ ਵੱਧ ਆਸਟਰੇਲੀਆ ਖ਼ਿਲਾਫ਼ 9 ਸੈਂਕੜੇ ਲਗਾਏ ਹਨ। ਉਹ ਸਭ ਤੋਂ ਵੱਧ (ਸੱਤ) ਦੂਹਰੇ ਸੈਂਕੜੇ ਲਗਾਉਣ ਵਾਲਾ ਭਾਰਤੀ ਹੈ ਤੇ ਕਪਤਾਨ ਵਜੋਂ ਵੀ ਸਭ ਤੋਂ ਵੱਧ ਛੇ ਦੂਹਰੇ ਸੈਂਕੜੇ ਲਗਾਉਣ ਦਾ ਰਿਕਾਰਡ ਵੀ ਉਸ ਦੇ ਨਾਮ ਹੈ। 2016 ਤੋਂ 2017 ਵਿੱਚ ਤਿੰਨ-ਤਿੰਨ ਦੂਹਰੇ ਸੈਂਕੜਿਆਂ ਨਾਲ ਲਗਾਤਾਰ ਦੋ ਸਾਲ ਸਭ ਤੋਂ ਵੱਧ ਦੂਹਰੇ ਸੈਂਕੜੇ ਲਗਾਉਣ ਦਾ ਰਿਕਾਰਡ ਵੀ ਉਸ ਦੇ ਨਾਮ ਦਰਜ ਹੈ। 2018 ਵਿੱਚ ਉਸ ਦੇ ਟੈਸਟ ਰੈਂਕਿੰਗ ਵਿੱਚ 937 ਅੰਕ ਸਨ ਜੋ ਕਿ ਕਿਸੇ ਵੀ ਭਾਰਤੀ ਵੱਲੋਂ ਹਾਸਲ ਕੀਤੇ ਸਭ ਤੋਂ ਵੱਧ ਰੇਟਿੰਗ ਅੰਕ ਹਨ। ਵਿਰਾਟ ਕੋਹਲੀ ਨੇ ਕਪਤਾਨ ਵਜੋਂ ਖੇਡੇ 68 ਟੈਸਟ ਮੈਚਾਂ ਵਿੱਚੋਂ 40 ਜਿੱਤੇ ਹਨ। ਇਉਂ ਉਹ ਸਭ ਤੋਂ ਵੱਧ ਟੈਸਟ ਜਿੱਤਣ ਵਾਲਾ ਭਾਰਤੀ ਕਪਤਾਨ ਹੈ। ਵਿਰਾਟ ਕੋਹਲੀ ਦੇ ਬਿਹਤਰੀਨ ਟੂਰਾਂ ਵਿੱਚੋਂ ਸਭ ਤੋਂ ਉੱਪਰ 2014-15 ਦਾ ਆਸਟਰੇਲੀਆ ਟੂਰ ਹੈ ਜਿਸ ਵਿੱਚ ਉਸ ਨੇ 86.50 ਦੀ ਔਸਤ ਨਾਲ ਕੁੱਲ 692 ਦੌੜਾਂ ਬਣਾਈਆਂ ਜਿਸ ਵਿੱਚ ਚਾਰ ਸੈਂਕੜੇ ਵੀ ਸ਼ਾਮਲ ਸਨ। ਵਿਰਾਟ ਦੀਆਂ ਕਈ ਬਿਹਤਰੀਨ ਪਾਰੀਆਂ ਖੇਡ ਪ੍ਰੇਮੀਆਂ ਨੂੰ ਸਦੀਵੀ ਯਾਦ ਰਹਿਣਗੀਆਂ। 2013 ਵਿੱਚ ਜੋਹਨਸਬਰਗ ਵਿਖੇ ਦੱਖਣੀ ਅਫਰੀਕਾ ਖ਼ਿਲਾਫ਼ ਦੋਵੇਂ ਪਾਰੀਆਂ ਵਿੱਚ ਕ੍ਰਮਵਾਰ 119 ਤੇ 96 ਦੌੜਾਂ, 2014 ਵਿੱਚ ਐਡੀਲੇਡ ਵਿਖੇ ਆਸਟਰੇਲੀਆ ਖ਼ਿਲਾਫ਼ ਦੋਵੇਂ ਪਾਰੀਆਂ ਵਿੱਚ ਸੈਂਕੜਾ, 2016 ਵਿੱਚ ਮੁੰਬਈ ਵਿਖੇ ਇੰਗਲੈਂਡ ਖ਼ਿਲਾਫ਼ 235 ਦੌੜਾਂ, 2018 ਵਿੱਚ ਬਰਮਿੰਘਮ ਵਿਖੇ ਇੰਗਲੈਂਡ ਖ਼ਿਲਾਫ਼ 149 ਦੌੜਾਂ, 2016 ਵਿੱਚ ਸੈਂਚੁਰੀਅਨ ਵਿਖੇ ਦੱਖਣੀ ਅਫਰੀਕਾ ਖ਼ਿਲਾਫ਼ 153 ਦੌੜਾਂ, 2019 ਵਿੱਚ ਪੁਣੇ ਵਿਖੇ ਦੱਖਣੀ ਅਫਰੀਕਾ ਖ਼ਿਲਾਫ਼ ਆਪਣਾ ਸਰਵੋਤਮ ਸਕੋਰ ਨਾਬਾਦ 254 ਦੌੜਾਂ ਅਹਿਮ ਪਾਰੀਆਂ ਵਿੱਚੋਂ ਇੱਕ ਹਨ। ਕੋਹਲੀ ਨੇ ਆਪਣਾ ਆਖ਼ਰੀ ਸੈਂਕੜਾ ਪਿਛਲੇ ਸਾਲ ਆਸਟਰੇਲੀਆ ਦੌਰੇ ਉੱਤੇ ਪਰਥ ਵਿਖੇ ਬਣਾਇਆ ਜਿੱਥੇ ਉਸ ਦੀ ਨਾਬਾਦ 100 ਦੌੜਾਂ ਦੀ ਪਾਰੀ ਨੇ ਭਾਰਤ ਨੂੰ ਜਿੱਤ ਦਿਵਾਈ। ਪਰਥ ਵਿਖੇ ਉਸ ਦਾ ਇਹ ਦੂਜਾ ਸੈਂਕੜਾ ਸੀ। ਟੈਸਟ ਵਿੱਚ ਉਹ ਕਪਤਾਨ ਵਜੋਂ ਭਾਰਤ ਲਈ ਸਭ ਤੋਂ ਵੱਧ 5864 ਦੌੜਾਂ ਬਣਾਉਣ ਵਾਲਾ ਖਿਡਾਰੀ ਹੈ। ਟੈਸਟ ਕ੍ਰਿਕਟ ਨੂੰ ਸਭ ਤੋਂ ਵੱਧ ਅਹਿਮੀਅਤ ਦੇਣ ਵਾਲੇ ਵਿਰਾਟ ਕੋਹਲੀ ਨੇ ਆਖਿਆ, "ਆਈ.ਪੀ.ਐਲ. ਜਿੱਤਣਾ ਮੇਰੇ ਕਰੀਅਰ ਦੇ ਸਭ ਤੋਂ ਵਧੀਆ ਪਲਾਂ ਵਿੱਚੋਂ ਹੈ ਪਰ ਇਹ ਅਜੇ ਵੀ ਟੈਸਟ ਕ੍ਰਿਕਟ ਤੋਂ ਪੰਜ ਦਰਜੇ ਹੇਠਾਂ ਹੈ। ਮੈਂ ਟੈਸਟ ਕ੍ਰਿਕਟ ਦੀ ਬਹੁਤ ਕਦਰ ਕਰਦਾ ਹਾਂ ਅਤੇ ਟੈਸਟ ਕ੍ਰਿਕਟ ਨੂੰ ਬਹੁਤ ਪਿਆਰ ਕਰਦਾ ਹਾਂ। ਇਸ ਲਈ ਮੈਂ ਆਉਣ ਵਾਲੇ ਨੌਜਵਾਨਾਂ ਨੂੰ ਬੇਨਤੀ ਕਰਾਂਗਾ ਕਿ ਉਹ ਉਸ ਫਾਰਮੈਟ ਨੂੰ ਸਤਿਕਾਰ ਨਾਲ ਵਰਤਣ। ਕਿਉਂਕਿ ਜੇਕਰ ਤੁਸੀ ਟੈਸਟ ਕ੍ਰਿਕਟ ਵਿੱਚ ਪ੍ਰਦਰਸ਼ਨ ਕਰਦੇ ਹੋ ਤਾਂ ਤੁਸੀ ਆਪਣੇ ਆਪ ਨੂੰ ਸਾਬਤ ਕਰੋਗੇ। ਜੇਕਰ ਤੁਸੀ ਪੂਰੀ ਦੁਨੀਆ ਵਿੱਚ ਵਿਸ਼ਵ ਕ੍ਰਿਕਟ ਵਿੱਚ ਸਤਿਕਾਰ ਕਮਾਉਣਾ ਚਾਹੁੰਦੇ ਹੋ ਤਾਂ ਟੈਸਟ ਕ੍ਰਿਕਟ ਨੂੰ ਅਪਣਾਓ।" ਆਈ.ਪੀ.ਐਲ. ਵਿੱਚ ਰਾਇਲ ਚੈਲੇਂਜਰਜ਼ ਬੰਗਲੌਰ ਵੱਲੋਂ ਖੇਡਦਿਆਂ 18 ਅਪਰੈਲ 2008 ਤੋਂ 3 ਜੂਨ 2025 ਤੱਕ ਵਿਰਾਟ ਕੋਹਲੀ ਦਾ ਆਈ.ਪੀ.ਐਲ. ਦਾ ਸਫ਼ਰ ਉਸ ਦੀ ਕਰੜੀ ਤਪੱਸਿਆ, ਮਿਹਨਤ, ਜਜ਼ਬੇ ਅਤੇ ਕਦੇ ਵੀ ਹਾਰ ਕੇ ਨਾ ਬੈਠਣ ਦੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦਾ ਹੈ। ਇਸ ਸਫ਼ਰ ਵਿੱਚ ਵਿਰਾਟ ਨੇ 3 ਜੂਨ ਤੋਂ ਪਹਿਲਾਂ ਸਭ ਕੁਝ ਹਾਸਲ ਕਰ ਲਿਆ ਸੀ, ਸਿਰਫ਼ ਟਰਾਫ਼ੀ ਦੀ ਕਮੀ ਸੀ ਜੋ ਉਸ ਰਾਤ ਪੂਰੀ ਹੋ ਗਈ। ਵਿਰਾਟ ਸਾਰੇ ਦੇ ਸਾਰੇ 18 ਸੀਜ਼ਨ ਰਾਇਲ ਚੈਲੇਂਜਰਜ਼ ਬੰਗਲੌਰ ਵੱਲੋਂ ਖੇਡਣ ਵਾਲਾ ਇਕਲੌਤਾ ਖਿਡਾਰੀ ਹੈ ਜਿਸ ਦੇ ਹੁੰਦਿਆਂ ਉਸ ਦੀ ਟੀਮ 10 ਵਾਰ ਪਲੇਅ ਆਫ ਵਿੱਚ ਪੁੱਜੀ। ਚਾਰ ਫਾਈਨਲ ਖੇਡੇ ਜਿਨ੍ਹਾਂ ਵਿੱਚੋਂ ਇੱਕ ਜਿੱਤਿਆ ਤੇ ਤਿੰਨ ਵਾਰ ਉਪ ਜੇਤੂ ਰਹੀ। ਆਈ.ਪੀ.ਐਲ. ਦੇ ਨਿੱਜੀ ਰਿਕਾਰਡ ਵੀ ਉਸ ਦੇ ਵਿਰਾਟ ਹੀ ਹਨ। ਲੀਗ ਵਿੱਚ ਸਭ ਤੋਂ ਵੱਧ ਦੌੜਾਂ (8618), ਕਪਤਾਨ ਵਜੋਂ ਸਭ ਤੋਂ ਵੱਧ ਦੌੜਾਂ (4994), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ ਦੌੜਾਂ (2016 ਵਿੱਚ 973), ਸਭ ਤੋਂ ਵੱਧ ਸੈਂਕੜੇ (8), ਸਭ ਤੋਂ ਵੱਧ ਅਰਧ ਸੈਂਕੜੇ (63), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ ਸੈਂਕੜੇ (2016 ਵਿੱਚ 4), ਸਭ ਤੋਂ ਵੱਧ ਚੌਕੇ (768), ਸਭ ਤੋਂ ਵੱਧ ਕੈਚ (114), ਚੇਜ਼ ਵਿੱਚ ਸਭ ਤੋਂ ਵੱਧ ਦੌੜਾਂ (2205), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ 500 ਤੋਂ ਵੱਧ ਦੌੜਾਂ (8 ਵਾਰ), ਇੱਕ ਸੀਜ਼ਨ ਵਿੱਚ ਸਭ ਤੋਂ ਵੱਧ 600 ਤੋਂ ਵੱਧ ਦੌੜਾਂ (5 ਵਾਰ), ਚਾਰ ਟੀਮਾਂ ਖ਼ਿਲਾਫ਼ 1000 ਦੌੜਾਂ ਆਦਿ ਸਭ ਰਿਕਾਰਡ ਉਸ ਦੇ ਨਾਮ ਹਨ। ਵਿਰਾਟ ਨੇ ਆਪਣੇ ਕਰੀਅਰ ਦੇ ਪਹਿਲੇ ਹੀ ਸਾਲ ਜੂਨੀਅਰ ਵਿਸ਼ਵ ਕੱਪ ਅਤੇ ਤੀਜੇ ਹੀ ਸਾਲ ਇੱਕ ਰੋਜ਼ਾ ਵਿਸ਼ਵ ਕੱਪ ਜਿੱਤ ਲਿਆ। ਆਈ.ਪੀ.ਐਲ. ਜਿੱਤਣ ਲਈ ਉਸ ਨੂੰ 18 ਸਾਲ ਲੱਗੇ ਜਿਸ ਨੂੰ ਜਿੱਤਣ ਤੋਂ ਬਾਅਦ ਉਸ ਨੇ ਪਹਿਲੀ ਇੰਟਰਵਿਊ ਦੌਰਾਨ ਆਖਿਆ, ""ਮੈਂ ਆਰ.ਸੀ.ਬੀ. ਨੂੰ ਆਪਣੀ ਜਵਾਨੀ, ਆਪਣਾ ਸਿਖਰ ਅਤੇ ਆਪਣਾ ਤਜਰਬਾ ਦਿੱਤਾ ਹੈ ਅਤੇ ਮੈਂ ਹਰ ਸੀਜ਼ਨ ਵਿੱਚ ਇਸ ਨੂੰ ਜਿਤਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਮੈਂ ਉਹ ਸਭ ਕੁਝ ਦਿੱਤਾ ਜੋ ਮੇਰੇ ਕੋਲ ਹੈ। ਅੰਤ ਵਿੱਚ ਇਹ ਪਲ ਆ ਗਿਆ ਹੈ, ਇਸ ਦਾ ਵਿਸ਼ਵਾਸ ਨਹੀ ਹੁੰਦਾ। ਮੈਂ ਕਦੇ ਨਹੀ ਸੋਚਿਆ ਸੀ ਕਿ ਇਹ ਦਿਨ ਆਵੇਗਾ। ਆਖ਼ਰੀ ਗੇਂਦ ਸੁੱਟਦੇ ਹੀ ਮੈਂ ਭਾਵਨਾਵਾਂ ਨਾਲ ਭਰ ਗਿਆ ਅਤੇ ਇਹ ਮੇਰੇ ਲਈ ਬਹੁਤ ਮਾਅਨੇ ਰੱਖਦਾ ਹੈ। ਮੈਂ ਇਸ ਟੀਮ ਪ੍ਰਤੀ ਵਫ਼ਾਦਾਰ ਰਿਹਾ ਹਾਂ, ਭਾਵੇਂ ਕੁਝ ਵੀ ਹੋਵੇ ਅਤੇ ਮੈਂ ਹਮੇਸ਼ਾ ਉਨ੍ਹਾਂ ਨਾਲ ਜਿੱਤਣ ਦਾ ਸੁਪਨਾ ਦੇਖਿਆ ਹੈ। ਮੇਰਾ ਦਿਲ ਬੰਗਲੁਰੂ ਨਾਲ ਹੈ, ਮੇਰੀ ਆਤਮਾ ਬੰਗਲੁਰੂ ਨਾਲ ਹੈ। ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ, ਇਹ ਉਹ ਟੀਮ ਹੈ ਜਿਸ ਲਈ ਮੈਂ ਆਖ਼ਰੀ ਦਿਨ ਤੱਕ ਖੇਡਾਂਗਾ ਜਦੋਂ ਤੱਕ ਮੈਂ ਆਈ.ਪੀ.ਐਲ. ਖੇਡਦਾ ਹਾਂ। ਇਹ ਇੱਕੋ ਖਿਤਾਬ ਮਿਸ ਕਰ ਰਿਹਾ ਸੀ ਅਤੇ ਅੱਜ ਰਾਤ, ਮੈਂ ਇੱਕ ਬੱਚੇ ਵਾਂਗ ਸੌਂਵਾਂਗਾ। ਮੇਰੇ ਕਰੀਅਰ ਦੀ ਇੱਕ ਦਿਨ ਸਮਾਪਤੀ ਹੋਣੀ ਹੈ ਅਤੇ ਜਦੋਂ ਮੈਂ ਖੇਡਣਾ ਛੱਡਾਂਗਾ, ਮੈਂ ਘਰ ਬੈਠ ਕੇ ਕਹਿਣਾ ਚਾਹਾਂਗਾ ਕਿ ਮੈਂ ਇਸ ਨੂੰ ਉਹ ਸਭ ਕੁਝ ਦੇ ਦਿੱਤਾ ਜੋ ਮੇਰੇ ਕੋਲ ਸੀ। ਪਰਮਾਤਮਾ ਦਾ ਧੰਨਵਾਦੀ ਹਾਂ ਕਿ ਮੈਨੂੰ ਇਹ ਟਰਾਫੀ ਦਿੱਤੀ ਅਤੇ ਮੈਂ ਆਪਣਾ ਸਿਰ ਨਿਵਾਉਂਦਾ ਹਾਂ, ਨਿਮਰ ਰਹਾਂ ਅਤੇ ਜਿੰਨੀ ਹੋ ਸਕੇ ਮਿਹਨਤ ਕਰਾਂ।" ਨਿੱਕੀ ਉਮਰੇ ਰਣਜੀ ਟਰਾਫੀ ਖੇਡਦਿਆਂ ਆਪਣੇ ਪਿਤਾ ਦੀ ਮੌਤ ਦੇ ਬਾਵਜੂਦ ਟੀਮ ਨੂੰ ਤਰਜੀਹ ਦੇਣ ਵਾਲੇ ਵਿਰਾਟ ਨੂੰ ਗੁੜ੍ਹਤੀ ਹੀ ਅਜਿਹੀ ਮਿਲੀ ਸੀ ਕਿ ਖੇਡ ਦੇ ਸਭ ਤੋਂ ਲੰਮੇ ਫਾਰਮੈਟ ਨੂੰ ਉਸ ਨੇ ਸਭ ਤੋਂ ਵੱਧ ਤਰਜੀਹ ਦਿੱਤੀ। ਉਹ ਮਾੜੀ ਫਾਰਮ ਵਿੱਚੋਂ ਨਿਕਲਣ ਲਈ ਵਰ੍ਹਿਆਂ ਬਾਅਦ ਰਣਜੀ ਟਰਾਫੀ ਖੇਡਣ ਆਇਆ ਤਾਂ ਗਰਾਊਂਡ ਨੱਕੋ ਨੱਕ ਭਰ ਗਿਆ। ਉਸ ਦਾ ਖੇਡ ਪ੍ਰਤੀ ਜਨੂੰਨ ਕਾਬਲੇ-ਤਾਰੀਫ਼ ਹੈ ਜਿਸ ਦੀ ਸ਼ਾਹਦੀ ਦੁਨੀਆ ਦੇ ਮਹਾਨ ਖਿਡਾਰੀਆਂ ਦੀਆਂ ਉਸ ਦੀ ਰਿਟਾਇਰਮੈਂਟ ਬਾਰੇ ਟਿੱਪਣੀਆਂ ਵੀ ਭਰਦੀਆਂ ਹਨ। ਕ੍ਰਿਕਟ ਜਦੋਂ 2028 ਲਾਸ ਏਂਜਲਸ ਓਲੰਪਿਕ ਖੇਡਾਂ ਲਈ ਸ਼ਾਮਲ ਕੀਤੀ ਗਈ ਸੀ ਤਾਂ ਕੌਮਾਂਤਰੀ ਓਲੰਪਿਕ ਕਮੇਟੀ (ਆਈ.ਓ.ਸੀ.) ਨੇ ਵੀ ਵਿਰਾਟ ਦਾ ਜ਼ਿਕਰ ਕੀਤਾ।

ਵਿਰਾਟ ਕੋਹਲੀ ਨੇ ਵਿਸ਼ਵ ਕ੍ਰਿਕਟ ਵਿੱਚ ਆਪਣਾ ਪਰਚਮ ਸ਼ੁਰੂਆਤੀ ਸਾਲਾਂ ਵਿੱਚ ਹੀ ਬੁਲੰਦ ਕਰ ਲਿਆ ਸੀ। 2012 ਵਿੱਚ ਆਸਟਰੇਲੀਆ ਵਿਖੇ ਤਿਕੋਣੀ ਲੜੀ ਦੇ ਆਖ਼ਰੀ ਲੀਗ ਮੈਚ ਵਿੱਚ ਭਾਰਤ ਅੱਗੇ ਸ੍ਰੀਲੰਕਾ ਨੇ ਜਿੱਤ ਲਈ 320 ਦਾ ਟੀਚਾ ਰੱਖਿਆ ਸੀ ਅਤੇ ਫਾਈਨਲ ਵਿੱਚ ਪਹੁੰਚਣ ਲਈ ਭਾਰਤ ਨੇ ਇਹ ਟੀਚਾ 40 ਓਵਰਾਂ ਤੱਕ ਪੂਰਾ ਕਰਨਾ ਸੀ। ਵਿਰਾਟ ਕੋਹਲੀ ਨੇ 86 ਗੇਂਦਾਂ ਉੱਤੇ 133 ਦੌੜਾਂ ਦੀ ਸ਼ਾਨਦਾਰ ਪਾਰੀ ਨਾਲ ਭਾਰਤ ਨੂੰ ਇਹ ਟੀਚਾ 36.4 ਓਵਰਾਂ ਵਿੱਚ ਹੀ ਪੂਰਾ ਕਰਵਾ ਦਿੱਤਾ। ਸ੍ਰੀਲੰਕਾ ਦੇ ਤੇਜ਼ ਗੇਂਦਬਾਜ਼ ਲਾਸਿਥ ਮਲਿੰਗਾ ਖ਼ਿਲਾਫ਼ ਕੋਹਲੀ ਦੇ ਹਮਲਾਵਰ ਰੁਖ਼ ਨੇ ਜਿੱਤ ਵਿੱਚ ਵੱਡੀ ਭੂਮਿਕਾ ਨਿਭਾਈ। ਸਕੋਰ ਦਾ ਪਿੱਛਾ ਕਰਦਿਆਂ ਵਿਰਾਟ ਵੱਲੋਂ ਖੇਡੀ ਇਸ ਪਾਰੀ ਨੇ ਉਸ ਨੂੰ ਚੇਜ਼ ਮਾਸਟਰ ਦਾ ਖਿਤਾਬ ਦਿਵਾ ਦਿੱਤਾ, ਜਿਸ ਨੂੰ ਹੁਣ ਤੱਕ ਉਹ ਸਹੀ ਸਾਬਤ ਕਰਦਾ ਆ ਰਿਹਾ ਹੈ। ਵਿਰਾਟ ਨੇ ਭਾਰਤ ਨੂੰ ਵੱਡੀਆਂ ਜਿੱਤਾਂ ਹਾਸਲ ਕਰਨ ਦੀ ਆਦਤ ਪਾਈ। ਵਿਦੇਸ਼ੀ ਪਿੱਚਾਂ 'ਤੇ ਵੱਡੇ ਸਕੋਰ ਦਾ ਪਿੱਛਾ ਕਰਦਿਆਂ ਉਸ ਦੀ ਖੇਡ ਹੋਰ ਵੀ ਨਿੱਖਰ ਕੇ ਸਾਹਮਣੇ ਆਈ। ਖੇਡ ਮੈਦਾਨ ਵਿੱਚ ਪੂਰਾ ਸਮਾਂ ਉਹ ਪੂਰੇ ਉਤਸ਼ਾਹ ਨਾਲ ਖੇਡ ਨਾਲ ਜੁੜਿਆ ਰਹਿੰਦਾ ਹੈ। ਗੇਂਦਬਾਜ਼ਾਂ ਦੀ ਵਿਕਟ ਉੱਤੇ ਉਨ੍ਹਾਂ ਤੋਂ ਵੱਧ ਉਤਸ਼ਾਹਤ ਹੋ ਕੇ ਟੀਮ ਦਾ ਹੌਸਲਾ ਵਧਾਉਂਦਾ ਹੈ। ਉਸ ਨੇ ਫਿਟਨੈੱਸ ਦੀ ਨਵੀ ਪਰਿਭਾਸ਼ਾ ਲਿਖੀ ਹੈ। ਫੀਲਡਿੰਗ ਦੌਰਾਨ ਚੁਸਤ ਦਰੁਸਤ ਰਹਿਣ ਵਾਲਾ ਵਿਰਾਟ ਬੱਲੇਬਾਜ਼ੀ ਕਰਦਿਆਂ ਇਕੱਲੇ ਚੌਕਿਆਂ ਛੱਕਿਆਂ ਨਾਲ ਵੱਡੀਆਂ ਪਾਰੀਆਂ ਨਹੀ ਖੇਡਦਾ ਸਗੋਂ ਉਸ ਨੂੰ ਦੌੜ ਕੇ ਰਨ ਬਣਾਉਣ ਵਿੱਚ ਸਭ ਤੋਂ ਵੱਧ ਮੁਹਾਰਤ ਹਾਸਲ ਹੈ। ਉਹ ਇੰਨਾ ਫੁਰਤੀਲਾ ਹੈ ਕਿ ਇੱਕ ਨੂੰ ਦੋ ਤੇ ਦੋ ਨੂੰ ਤਿੰਨ ਦੌੜਾਂ ਵਿੱਚ ਬਦਲ ਦਿੰਦਾ ਹੈ। ਆਈ.ਪੀ.ਐਲ. ਦੇ ਇੱਕ ਮੈਚ ਵਿੱਚ ਤਾਂ ਉਸ ਨੇ ਨਿਊ ਚੰਡੀਗੜ੍ਹ ਦੇ ਛੋਟੀ ਬਾਊਂਡਰੀ ਵਾਲੇ ਗਰਾਊਂਡ ਵਿੱਚ ਭੱਜ ਕੇ ਚਾਰ ਦੌੜਾਂ ਵੀ ਲੈ ਲਈਆਂ। ਉਸ ਨੂੰ ਸਕੋਰ ਦਾ ਪਿੱਛਾ ਕਰਨਾ ਪਸੰਦ ਹੈ, ਉਹ ਦਬਾਅ ਵਿੱਚ ਨਹੀ ਆਉਂਦਾ। ਪਾਕਿਸਤਾਨ ਖ਼ਿਲਾਫ਼ ਆਸਟਰੇਲੀਆ ਵਿੱਚ ਟਵੰਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਉਸ ਦੀ ਪਾਰੀ ਨੇ ਪਾਸਾ ਹੀ ਬਦਲ ਦਿੱਤਾ। ਉਸ ਨੂੰ ਸਮੇਂ ਤੇ ਸਥਿਤੀ ਅਨੁਸਾਰ ਖੇਡਣਾ ਆਉਂਦਾ ਹੈ। ਉਹ ਲੋੜ ਅਨੁਸਾਰ ਦੌੜਾਂ ਬਣਾਉਣ ਦੀ ਗਤੀ ਤੇਜ਼ ਜਾਂ ਹੌਲੀ ਕਰਨੀ ਜਾਣਦਾ ਅਤੇ ਜੋਖ਼ਮ ਭਰਪੂਰ ਸ਼ਾਟ ਖੇਡੇ ਬਿਨਾਂ ਤੇਜ਼ ਦੌੜਾਂ ਬਣਾ ਲੈਂਦਾ ਹੈ। ਵਿਰਾਟ ਕੋਹਲੀ ਨੇ ਆਪਣੇ ਪਿਤਾ ਵੱਲੋਂ ਉਸ ਲਈ ਬਚਪਨ ਵਿੱਚ ਸੰਜੋਏ ਸੁਫ਼ਨੇ ਨੂੰ ਨਾ ਕੇਵਲ ਪੂਰਾ ਕੀਤਾ ਸਗੋਂ ਭਾਰਤੀ ਕ੍ਰਿਕਟ ਦੀ ਚੋਟੀ ਉੱਤੇ ਪੁੱਜਾ। 2006 ਵਿੱਚ ਰਣਜੀ ਟਰਾਫੀ ਦੇ ਮੈਚ ਦੌਰਾਨ ਆਪਣੇ ਪਿਤਾ ਦੇ ਦੇਹਾਂਤ ਦੇ ਬਾਵਜੂਦ ਉਸ ਨੇ ਤਾਮਿਲਨਾਡੂ ਖ਼ਿਲਾਫ਼ ਦਿੱਲੀ ਦੀ ਟੀਮ ਵੱਲੋਂ ਖੇਡਣ ਨੂੰ ਤਰਜੀਹ ਦਿੱਤੀ ਸੀ। ਉਹ ਤਿੰਨ-ਚਾਰ ਵਰ੍ਹਿਆਂ ਦਾ ਸੀ ਜਦੋਂ ਉਸ ਦਾ ਪਿਤਾ ਪ੍ਰੇਮ ਕੋਹਲੀ ਆਪਣੇ ਬੇਟੇ ਨੂੰ ਘਰ ਦੇ ਵਿਹੜੇ ਵਿੱਚ ਬਾਲਾਂ ਸੁੱਟਦਾ ਹੁੰਦਾ ਸੀ। ਇਹ ਉਸ ਦੀ ਖੇਡ ਪ੍ਰਤੀ ਸਮਰਪਣ ਭਾਵਨਾ ਅਤੇ ਪਿਤਾ ਦੇ ਸੁਫ਼ਨੇ ਪੂਰਾ ਕਰਨ ਦੀ ਚਾਹਤ ਦਾ ਹੀ ਸਿੱਟਾ ਸੀ ਕਿ ਉਹ ਵਿਸ਼ਵ ਵਿੱਚ ਖੇਡਾਂ ਦੀ ਦੁਨੀਆ ਦਾ ਸਭ ਤੋਂ ਵੱਡਾ ਬਰਾਂਡ ਬਣਿਆ। ਅੱਜ ਵਿਰਾਟ ਦੀ ਪਤਨੀ ਅਨੁਸ਼ਕਾ ਸ਼ਰਮਾ ਤੇ ਉਸ ਦੇ ਬੱਚੇ ਹਰ ਮੈਚ ਵਿੱਚ ਉਸ ਦਾ ਹੌਸਲਾ ਵਧਾਉਣ ਲਈ ਗਰਾਊਂਡ ਵਿੱਚ ਆਉਂਦੇ ਹਨ।

## 'ਸ਼ੁਭਮਨ ਗਿੱਲ ਨੇ ਵਿਰਾਟ ਕੋਹਲੀ ਵਾਂਗ ਜੇ 'ਸਫ਼ਲ ਕ੍ਰਿਕਟਰ' ਬਣਨਾ ਹੈ ਤਾਂ ਇਨ੍ਹਾਂ ਔਂਕੜਾਂ ਨੂੰ ਪਾਰ ਕਰਨਾ ਪੈਣਾ'






**ਕ੍ਰਿਕਟਰ ਸ਼ੁਭਮਨ ਗਿੱਲ** ਦੀ ਤੁਲਨਾ ਵਿਰਾਟ ਕੋਹਲੀ ਨਾਲ ਕਰਨਾ ਅੱਜ ਦੇ ਸਮੇਂ ਵਿੱਚ ਸਹੀ ਨਹੀਂ ਲੱਗੇਗਾ, ਪਰ ਜੇਕਰ ਅਸੀ 2014 ਵਿੱਚ ਮਹਿੰਦਰ ਸਿੰਘ ਧੋਨੀ ਦੇ ਅਚਾਨਕ ਸੰਨਿਆਸ ਤੋਂ ਬਾਅਦ ਵਿਰਾਟ ਕੋਹਲੀ ਨੂੰ ਦਿੱਤੀ ਗਈ ਟੈਸਟ ਟੀਮ ਦੀ ਕਪਤਾਨੀ ਦੀ ਤੁਲਨਾ ਕਰੀਏ, ਤਾਂ ਮਾਮਲਾ ਥੋੜ੍ਹਾ ਵੱਖਰਾ ਦਿਖਾਈ ਦੇਵੇਗਾ। ਜਦੋਂ ਵਿਰਾਟ ਕੋਹਲੀ ਨੂੰ 2014 ਵਿੱਚ ਟੈਸਟ ਟੀਮ ਦਾ ਕਪਤਾਨ ਬਣਾਇਆ ਗਿਆ ਸੀ, ਤਾਂ ਉਨ੍ਹਾਂ ਨੇ ਉਸ ਤੋਂ ਪਹਿਲਾਂ 29 ਟੈਸਟਾਂ ਵਿੱਚ 1,855 ਦੌੜਾਂ ਬਣਾਈਆਂ ਸਨ। ਇਨ੍ਹਾਂ ਵਿੱਚ ਛੇ ਸੈਂਕੜੇ ਅਤੇ ਨੌਂ ਅਰਧ ਸੈਂਕੜੇ ਸ਼ਾਮਲ ਸਨ। ਕੋਹਲੀ ਦੀ ਔਸਤ 39.46 ਸੀ ਅਤੇ ਉਹ ਮਹਿਜ਼ 26 ਸਾਲ ਦੇ ਸਨ। ਜਦੋਂ ਸ਼ੁਭਮਨ ਗਿੱਲ 20 ਜੂਨ ਨੂੰ ਹੈਡਿੰਗਲੇ ਵਿੱਚ ਭਾਰਤ ਵੱਲੋਂ ਟਾਸ ਕਰਨ ਲਈ ਮੈਦਾਨ ਵਿੱਚ ਉਤਰਨਗੇ, ਤਾਂ ਉਨ੍ਹਾਂ ਦੀ ਉਮਰ 25 ਸਾਲ 285 ਦਿਨ ਹੋਵੇਗੀ। ਕਪਤਾਨੀ ਦੇ ਮਾਮਲੇ ਵਿੱਚ, ਸ਼ੁਭਮਨ ਗਿੱਲ ਟਾਈਗਰ ਪਟੌਦੀ, ਸਚਿਨ ਤੇਂਦੁਲਕਰ, ਕਪਿਲ ਦੇਵ ਅਤੇ ਰਵੀ ਸ਼ਾਸਤਰੀ (ਜਿਨ੍ਹਾਂ ਨੇ ਸਿਰਫ਼ ਇੱਕ ਟੈਸਟ ਦੀ ਕਪਤਾਨੀ ਕੀਤੀ ਸੀ) ਤੋਂ ਬਾਅਦ ਪੰਜਵੇਂ ਸਭ ਤੋਂ ਘੱਟ ਉਮਰ ਦੇ ਖਿਡਾਰੀ ਹੋਣਗੇ। ਗਿੱਲ ਨੇ ਹੁਣ ਤੱਕ 32 ਟੈਸਟ ਖੇਡੇ ਹਨ ਅਤੇ 1,893 ਦੌੜਾਂ ਬਣਾਈਆਂ ਹਨ। ਇਸ ਸਮੇਂ ਦੌਰਾਨ, ਉਨ੍ਹਾਂ ਨੇ ਪੰਜ ਸੈਂਕੜੇ ਅਤੇ ਸੱਤ ਅਰਧ ਸੈਂਕੜੇ ਲਗਾਏ ਹਨ। ਗਿੱਲ ਦੀ ਔਸਤ 35.05 ਹੈ।

2011 ਤੋਂ ਬਾਅਦ, ਵਿਰਾਟ ਕੋਹਲੀ ਨੇ ਇੱਕ ਰੋਜ਼ਾ ਕ੍ਰਿਕਟ 'ਤੇ ਦਬਦਬਾ ਬਣਾਇਆ, ਪਰ ਇਹ ਟੈਸਟ ਕਪਤਾਨੀ ਸੀ ਜਿਸਨੇ ਕੋਹਲੀ ਨੂੰ ਇੱਕ ਮਹਾਨ ਖਿਡਾਰੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਕੋਹਲੀ ਨੇ ਆਪਣੇ ਆਪ ਨੂੰ ਸਭ ਤੋਂ ਸਫ਼ਲ ਕਪਤਾਨ ਵਜੋਂ ਸਥਾਪਿਤ ਕੀਤਾ ਹੈ। ਗਿੱਲ ਨੇ ਕੋਹਲੀ ਦੇ ਇਸ ਉਭਾਰ ਨੂੰ ਦੇਖਿਆ ਹੈ। ਉਹ ਜਾਣਦੇ ਹਨ ਕਿ ਜੇਕਰ ਉਹ ਇੱਕ ਚੰਗਾ ਭਾਰਤੀ ਕਪਤਾਨ ਬਣਨਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਪਹਿਲਾਂ ਟੈਸਟ ਕ੍ਰਿਕਟ ਦੀਆਂ ਮੁਸ਼ਕਲ ਮੰਗਾਂ ਨੂੰ ਪੂਰਾ ਕਰਨਾ ਪਵੇਗਾ। ਗਿੱਲ ਕੋਲ ਸਮਾਂ ਹੈ ਕਿਉਂਕਿ ਉਹ ਅਜੇ ਜਵਾਨ ਹਨ। 2014 ਵਿੱਚ ਵੀ ਇਹੀ ਗੱਲ ਕੋਹਲੀ ਦੇ ਹੱਕ ਵਿੱਚ ਸੀ। ਇਸ ਵੇਲੇ ਗਿੱਲ ਨੂੰ ਸਿਰਫ਼ ਇੰਗਲੈਂਡ

ਸ਼ਾਰਦਾ ਉਗਰਾ

ਦੌਰੇ ਲਈ ਕਪਤਾਨ ਬਣਾਇਆ ਗਿਆ ਹੈ, ਪਰ ਚੋਣ ਕਮੇਟੀ ਦੇ ਚੇਅਰਮੈਨ ਅਜੀਤ ਅਗਰਕਰ ਨੇ ਕਿਹਾ ਹੈ, "ਤੁਸੀ ਇੱਕ ਜਾਂ ਦੋ ਦੌਰਿਆਂ ਲਈ ਕਪਤਾਨ ਨਹੀ ਚੁਣਦੇ। ਅਸੀ ਅਜਿਹਾ ਨਿਵੇਸ਼ ਕਰਨਾ ਚਾਹੁੰਦੇ ਹਾਂ ਜੋ ਭਵਿੱਖ ਵਿੱਚ ਸਾਡੇ ਲਈ ਲਾਭਦਾਇਕ ਹੋਵੇ।" ਦੋ ਸਾਲ ਚੱਲਣ ਵਾਲੀ ਵਿਸ਼ਵ ਟੈਸਟ ਚੈਂਪੀਅਨਸ਼ਿਪ ਇੰਗਲੈਂਡ ਦੌਰੇ ਨਾਲ ਸ਼ੁਰੂ ਹੋਵੇਗੀ। ਇੱਕ ਤਰ੍ਹਾਂ ਨਾਲ, ਗਿੱਲ ਨੂੰ ਸਿੱਧਾ ਡੂੰਘੇ ਪਾਣੀ ਵਿੱਚ ਸੁੱਟ ਦਿੱਤਾ ਗਿਆ ਹੈ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਉਹ ਤੈਰ ਸਕਦੇ ਹਨ ਜਾਂ ਨਹੀ। ਹਰ ਕਪਤਾਨ ਇੱਕੋ ਜਿਹਾ ਨਹੀ ਹੁੰਦਾ। ਗਿੱਲ ਦੀ ਸ਼ਖਸੀਅਤ ਕੋਹਲੀ ਦੇ ਹਮਲਾਵਰ ਜਾਂ ਰੋਹਿਤ ਸ਼ਰਮਾ ਦੇ ਸ਼ਾਂਤਮਈ ਰਵੱਈਏ ਨਾਲ ਮੇਲ ਨਹੀ ਖਾਂਦੀ। ਗਿੱਲ ਵਿੱਚ ਕੋਹਲੀ ਅਤੇ ਰੋਹਿਤ ਦੋਵਾਂ ਦੇ ਕੁਝ ਗੁਣ ਹਨ। ਉਹ ਰੋਹਿਤ ਵਾਂਗ ਸ਼ਾਂਤ ਸੁਭਾਅ ਅਤੇ ਕੋਹਲੀ ਵਾਂਗ ਸਵੈ-ਜਾਗਰੂਕਤਾ ਨਾਲ ਕੰਮ ਕਰਦੇ ਹਨ।

### ਆਈਪੀਐੱਲ ਵਿੱਚ ਗਿੱਲ ਦੀ ਕਪਤਾਨੀ

ਭਾਰਤੀ ਟੈਸਟ ਕ੍ਰਿਕਟ ਟੀਮ ਵਿੱਚ ਬਦਲਾਅ ਦੇ ਇਸ ਦੌਰ ਵਿੱਚ, ਚੋਣਕਾਰਾਂ ਨੇ ਗਿੱਲ ਵਿੱਚ ਉਨ੍ਹਾਂ ਦੀ ਬੱਲੇਬਾਜ਼ੀ ਯੋਗਤਾ ਤੋਂ ਇਲਾਵਾ ਸਭ ਤੋਂ ਅਹਿਮ ਚੀਜ਼ ਜੋ ਦੇਖੀ, ਉਹ ਹੈ ਉਨ੍ਹਾਂ ਦੀ ਸ਼ਖਸੀਅਤ ਵਿੱਚ 'ਸਥਿਰਤਾ'। ਭਾਵੇਂ ਟੀ-20 ਕ੍ਰਿਕਟ ਵਿੱਚ ਮਿਲੀ ਸਫਲਤਾ ਦੀ ਤੁਲਨਾ ਟੈਸਟ ਕ੍ਰਿਕਟ ਨਾਲ ਕਰਨਾ ਸਹੀ ਨਹੀਂ ਹੈ, ਪਰ ਟੀ-20 ਵਿੱਚ ਕਪਤਾਨ ਹਰ ਗੇਂਦ 'ਤੇ ਪ੍ਰਤੀਕਿਰਿਆ ਕਰਦਾ ਹੈ। ਇਹ ਯਕੀਨੀ ਤੌਰ 'ਤੇ ਦਬਾਅ ਹੇਠ ਉਨ੍ਹਾਂ ਦੇ ਪ੍ਰਦਰਸ਼ਨ ਦੀ ਝਲਕ ਦਿੰਦਾ ਹੈ। ਇਹ ਗੁਜਰਾਤ ਟਾਈਟਨਸ ਦੇ ਕਪਤਾਨ ਵਜੋਂ ਸ਼ੁਭਮਨ ਗਿੱਲ ਦਾ ਦੂਜਾ ਆਈਪੀਐੱਲ ਸੀਜ਼ਨ ਸੀ। ਪਰ ਕੇਐੱਲ ਰਾਹੁਲ, ਸੰਜੂ ਸੈਮਸਨ ਅਤੇ ਰਿਸ਼ਭ ਪੰਤ ਦੇ ਉਲਟ, ਕਪਤਾਨੀ ਦਾ ਗਿੱਲ ਦੀ ਬੱਲੇਬਾਜ਼ੀ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪਿਆ। ਇਸ ਸਾਲ, ਗਿੱਲ ਨੇ ਨਾ ਸਿਰਫ਼ ਆਪਣੀ ਟੀਮ (ਗੁਜਰਾਤ ਟਾਈਟਨਜ਼) 'ਤੇ ਕੰਟਰੋਲ ਬਣਾਈ ਰੱਖਿਆ, ਸਗੋਂ ਜਿੱਤ ਅਤੇ ਹਾਰ ਦੋਵਾਂ ਸਥਿਤੀਆਂ ਵਿੱਚ ਸਬਰ ਅਤੇ ਸਮਝਦਾਰੀ ਵੀ ਦਿਖਾਈ। ਗਿੱਲ ਦੀ ਅਸਲੀ ਪ੍ਰੀਖਿਆ ਕ੍ਰਿਕਟ ਦੇ ਸਭ ਤੋਂ ਔਖੇ ਫਾਰਮੈਟ ਯਾਨੀ ਟੈਸਟ ਵਿੱਚ ਸ਼ੁਰੂ ਹੋਣ ਵਾਲੀ ਹੈ। ਆਈਪੀਐੱਲ ਵਿੱਚ ਆਪਣੀ ਸਫਲਤਾ ਦੇ ਬਾਵਜੂਦ, ਸ਼ੁਭਮਨ ਗਿੱਲ ਪੁਰਾਣੇ ਯੁੱਗ ਦੇ ਕ੍ਰਿਕਟਰ ਵਾਂਗ ਦਿਖਦੇ ਹਨ, ਬਿਨ੍ਹਾਂ ਦਾੜ੍ਹੀ ਦੇ ਸਾਫ਼ ਸੁਥਰੇ ਚਿਹਰੇ ਵਾਲੇ ਅਤੇ ਟੈਟੂ ਵੀ ਲੁਕੇ ਜਿਹੇ। ਪਰ ਕੈਮਰਾ ਬੰਦ ਹੋਣ ਤੋਂ ਬਾਅਦ ਬੋਲਣਾ ਉਨ੍ਹਾਂ ਦੇ ਬੱਲੇ ਦਾ ਕੰਮ ਹੈ। ਪਿਛਲੀ ਬਾਰਡਰ-ਗਾਵਸਕਰ ਲੜੀ ਵਿੱਚ, ਗਿੱਲ ਨੇ ਪੰਜ ਵਿੱਚੋਂ ਸਿਰਫ਼ ਤਿੰਨ ਟੈਸਟ ਖੇਡੇ ਸਨ। ਜਦੋਂ ਰੋਹਿਤ ਸ਼ਰਮਾ ਨੇ ਸਿਡਨੀ ਟੈਸਟ (ਆਖਰੀ ਟੈਸਟ) ਤੋਂ ਬਾਹਰ ਰਹਿਣ ਦਾ ਫੈਸਲਾ ਕੀਤਾ, ਤਾਂ ਗਿੱਲ ਨੂੰ ਪਲੇਇੰਗ ਇਲੈਵਨ ਵਿੱਚ ਵਾਪਸੀ ਦਾ ਮੌਕਾ ਮਿਲਿਆ। ਪਿਛਲੇ ਟੈਸਟ ਦੀਆਂ ਦੋਵੇਂ ਪਾਰੀਆਂ ਵਿੱਚ ਗਿੱਲ ਜਲਦੀ ਆਊਟ ਹੋ ਗਏ ਸਨ। ਪਹਿਲੀ ਪਾਰੀ ਵਿੱਚ, ਨਾਥਨ ਲਿਓਨ ਨੇ ਲੰਚ ਤੋਂ ਠੀਕ ਪਹਿਲਾਂ ਗਿੱਲ ਨੂੰ ਆਪਣੀ ਸਪਿਨ ਵਿੱਚ ਫਸਾਇਆ ਅਤੇ ਦੂਜੀ ਪਾਰੀ ਵਿੱਚ, ਮੱਧਮ ਤੇਜ਼ ਗੇਂਦਬਾਜ਼ ਬਿਊ ਵੈਬਸਟਰ ਨੇ ਗਿੱਲ ਨੂੰ ਆਊਟ ਕੀਤਾ। ਚਾਰ ਮਹੀਨੇ ਬਾਅਦ ਗਿੱਲ ਨੂੰ ਟੈਸਟ ਕਪਤਾਨ ਬਣਾਉਣਾ ਇੱਕ ਅਜਿਹਾ ਫ਼ੈਸਲਾ ਸਾਬਤ ਹੋ ਸਕਦਾ ਹੈ ਜੋ ਨਾ ਸਿਰਫ਼ ਇੱਕ ਖਿਡਾਰੀ ਦੇ ਕਰੀਅਰ ਨੂੰ ਬਦਲ ਦੇਵੇਗਾ, ਸਗੋਂ ਭਾਰਤੀ ਕ੍ਰਿਕਟ ਦੀ ਦਿਸ਼ਾ ਵੀ ਬਦਲ ਦੇਵੇਗਾ।



ਅਨਿਲ ਕੁੰਬਲੇ
ਸਾਬਕਾ ਭਾਰਤੀ ਕ੍ਰਿਕਟ ਕਪਤਾਨ

> ਸ਼ੁਭਮਨ ਗਿੱਲ ਨੂੰ ਪਹਿਲਾਂ ਬੱਲੇਬਾਜ਼ੀ ਵਿੱਚ ਖੁਦ ਨੂੰ ਸਥਾਪਿਤ ਕਰਨਾ ਪਵੇਗਾ ਕਿਉਂਕਿ ਆਸਟ੍ਰੇਲੀਆ ਵਿੱਚ ਵੀ ਉਨ੍ਹਾਂ ਨੇ ਸਾਰੇ ਮੈਚ ਨਹੀਂ ਖੇਡੇ। ਇੱਕ ਕਪਤਾਨ ਵਜੋਂ ਉਨ੍ਹਾਂ ਨੇ ਨਿਸ਼ਚਿਤ ਤੌਰ 'ਤੇ ਚੰਗੇ ਸੰਕੇਤ ਦਿੱਤੇ ਹਨ। ਪਰ ਇਹ ਇੱਕ ਬਹੁਤ ਹੀ ਅਲੱਗ ਫਾਰਮੈਟ ਹੈ। ਵਾਈਟ ਬਾਲ ਗੇਮ ਵਿੱਚ ਤਾਂ ਉਨ੍ਹਾਂ ਦੀ ਬੈਟਿੰਗ 'ਤੇ ਕਪਤਾਨੀ ਦਾ ਕੋਈ ਖ਼ਾਸ ਅਸਰ ਨਹੀਂ ਪਿਆ ਹੈ। ਟੈਸਟ ਮੈਚਾਂ ਵਿੱਚ ਵੀ ਅਜਿਹਾ ਹੋਣ ਦੀ ਆਸ ਕਰਨੀ ਚਾਹੀਦੀ ਹੈ।




### ਭਾਰਤੀ ਟੀਮ ਦੀ ਚਿੰਤਾ

ਸਾਬਕਾ ਭਾਰਤੀ ਕਪਤਾਨ ਅਨਿਲ ਕੁੰਬਲੇ ਨੇ ਕਿਹਾ ਹੈ, "ਗਿੱਲ ਨੂੰ ਪਹਿਲਾਂ ਆਪਣੇ ਆਪ ਨੂੰ ਇੱਕ ਬੱਲੇਬਾਜ਼ ਵਜੋਂ ਸਥਾਪਿਤ ਕਰਨਾ ਹੋਵੇਗਾ ਪਰ ਸੱਟ ਦੇ ਬਾਵਜੂਦ, ਉਨ੍ਹਾਂ ਨੂੰ ਹੁਣ ਕਪਤਾਨ ਵਜੋਂ ਆਪਣੇ ਪੈਰ ਜਮਾਉਣ ਲਈ ਘੱਟੋ-ਘੱਟ ਦਸ ਪਾਰੀਆਂ ਖੇਡਣ ਦੀ ਲੋੜ ਹੋਵੇਗੀ।" ਗਿੱਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੰਗਲੈਂਡ ਵਿੱਚ ਉਨ੍ਹਾਂ ਦੇ ਅੰਕੜੇ ਮਾੜੇ ਹਨ। ਉਨ੍ਹਾਂ ਨੇ ਛੇ ਪਾਰੀਆਂ ਵਿੱਚ 14.66 ਦੀ ਔਸਤ ਨਾਲ ਸਿਰਫ਼ 88 ਦੌੜਾਂ ਬਣਾਈਆਂ ਹਨ। ਇੰਗਲੈਂਡ ਵਿੱਚ, ਕੇਐੱਲ ਰਾਹੁਲ ਨੇ 18 ਪਾਰੀਆਂ ਵਿੱਚ 34.11 ਦੀ ਔਸਤ ਨਾਲ 614 ਦੌੜਾਂ ਬਣਾਈਆਂ ਹਨ। ਇਸ ਵਿੱਚ ਇੱਕ ਸੈਂਕੜਾ ਅਤੇ ਇੱਕ ਅਰਧ ਸੈਂਕੜਾ ਸ਼ਾਮਲ ਹੈ। ਇਸ ਦੇ ਨਾਲ ਹੀ, ਉਪ-ਕਪਤਾਨ ਰਿਸ਼ਭ ਪੰਤ ਨੇ 15 ਪਾਰੀਆਂ ਵਿੱਚ 34.06 ਦੀ ਔਸਤ ਨਾਲ 511 ਦੌੜਾਂ ਬਣਾਈਆਂ ਹਨ। ਪੰਤ ਨੇ ਇਸ ਸਮੇਂ ਦੌਰਾਨ ਦੋ ਸੈਂਕੜੇ ਅਤੇ ਦੋ ਅਰਧ ਸੈਂਕੜੇ ਲਗਾਏ ਹਨ। ਇਨ੍ਹਾਂ ਦੋਵਾਂ ਤੋਂ ਇਲਾਵਾ, ਕਿਸੇ ਹੋਰ ਬੱਲੇਬਾਜ਼ ਨੂੰ ਇੰਗਲੈਂਡ ਵਿੱਚ ਕੋਈ ਟੈਸਟ ਮੈਚ ਖੇਡਣ ਦਾ ਤਜਰਬਾ ਜਾਂ ਸਫਲਤਾ ਨਹੀ ਮਿਲੀ ਹੈ, ਇਸ ਲਈ ਕੁਦਰਤੀ ਤੌਰ 'ਤੇ ਭਾਰਤੀ ਪ੍ਰਸ਼ੰਸਕ ਚਿੰਤਤ ਹੋਣਗੇ।

### ਗਿੱਲ ਦੇ ਹੱਕ ਵਿੱਚ ਕਿਹੜੇ ਕਾਰਕ ਹਨ

ਸ਼ੁਭਮਨ ਅਤੇ ਭਾਰਤ ਦੇ ਹੱਕ ਵਿੱਚ ਦੋ ਗੱਲਾਂ ਚੰਗੀਆਂ ਹਨ। ਸ਼ੁਭਮਨ ਆਪਣੇ ਕਰੀਅਰ ਦੇ ਉਸ ਪੜਾਅ 'ਤੇ ਹੈ ਜਦੋਂ ਬਾਹਰੀ ਮੰਗਾਂ ਅਤੇ ਦਬਾਅ ਬੱਲੇਬਾਜ਼ਾਂ ਨੂੰ ਅੱਗੇ ਵਧਣ ਅਤੇ ਆਪਣੀ ਖੇਡ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਦੇ ਹਨ - ਜਿਵੇਂ ਕਿ ਕੋਹਲੀ ਲਈ ਹੋਇਆ ਸੀ। ਫ਼ਿਲਹਾਲ ਗਿੱਲ, 2014 ਦੇ ਕੋਹਲੀ ਵਾਂਗ, ਸਿਰਫ਼ ਇੱਕ ਫਾਰਮੈਟ ਦੇ ਕਪਤਾਨ ਹਨ। ਦੂਜੀ ਗੱਲ ਇਹ ਹੈ ਕਿ ਤੇਜ਼ ਗੇਂਦਬਾਜ਼ਾਂ ਜਿੰਮੀ ਐਂਡਰਸਨ ਅਤੇ ਸਟੂਅਰਟ ਬ੍ਰਾਡ ਦੇ ਸੰਨਿਆਸ ਤੋਂ ਬਾਅਦ ਇੰਗਲੈਂਡ ਵੀ ਆਪਣੀ ਗੇਂਦਬਾਜ਼ੀ ਵਿੱਚ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਸ਼ੁਰੂਆਤੀ ਲੜੀ ਵਿੱਚ ਗਿੱਲ ਲਈ ਸਭ ਤੋਂ ਅਹਿਮ ਗੱਲ ਕੋਚ ਗੌਤਮ ਗੰਭੀਰ ਨਾਲ ਉਨ੍ਹਾਂ ਦਾ ਤਾਲਮੇਲ ਹੋਵੇਗਾ। ਕਿਹਾ ਜਾ ਰਿਹਾ ਸੀ ਕਿ ਰੋਹਿਤ ਅਤੇ ਗੰਭੀਰ ਵਿਚਕਾਰ ਇੱਕ ਕੜੀ ਦੀ ਭੂਮਿਕਾ ਨਿਭਾਉਣ ਲਈ ਅਭਿਸ਼ੇਕ ਨਾਇਰ ਨੂੰ ਭਾਰਤੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਸੀ। ਪਰ ਹੁਣ ਨਾਇਰ ਚਲਾ ਗਿਆ ਹੈ ਅਤੇ ਗਿੱਲ ਨੂੰ ਗੰਭੀਰ ਨਾਲ ਤਾਲਮੇਲ ਬਿਠਾਉਣ ਦਾ ਆਪਣਾ ਰਸਤਾ ਲੱਭਣਾ ਪਵੇਗਾ। ਗਿੱਲ ਨੂੰ ਬੰਗਲਾਦੇਸ਼, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਵਿਰੁੱਧ ਲੜੀ ਵਿੱਚ ਗੰਭੀਰ ਦੇ ਪ੍ਰਬੰਧਨ ਅਤੇ ਫ਼ੈਸਲਾ ਲੈਣ ਦੀ ਸ਼ੈਲੀ ਨੂੰ ਦੇਖਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੂੰ ਇਹ ਵੀ ਪਤਾ ਹੋਵੇਗਾ ਕਿ ਅਸਫ਼ਲਤਾਵਾਂ ਤੋਂ ਬਾਅਦ, ਕ੍ਰਿਕਟ ਵਿੱਚ ਬਦਲਾਅ ਦਾ ਇੱਕ ਦੌਰ ਜਾਰੀ ਰਹਿੰਦਾ ਹੈ। ਪਹਿਲਾਂ ਕਪਤਾਨ ਜਾਂਦਾ ਹੈ ਅਤੇ ਫਿਰ ਕੋਚ ਜਾਂਦਾ ਹੈ। ਭਾਰਤ ਆਪਣੀਆਂ ਪਿਛਲੀਆਂ ਦੋ ਟੈਸਟ ਸੀਰੀਜ਼ ਹਾਰ ਚੁੱਕਾ ਹੈ। ਇਨ੍ਹਾਂ ਹਾਰਾਂ ਤੋਂ ਬਾਅਦ, ਕਪਤਾਨ ਚਲਾ ਗਿਆ ਹੈ ਅਤੇ ਹੁਣ ਕੋਚ ਗੰਭੀਰ ਦੇ ਗਲੇ 'ਤੇ ਤਲਵਾਰ ਲਟਕ ਰਹੀ ਹੈ। ਫ਼ਿਲਹਾਲ ਸ਼ੁਭਮਨ ਗਿੱਲ ਕੋਲ ਕਪਤਾਨੀ ਵਿੱਚ ਆਪਣੇ ਆਪ ਨੂੰ ਸਾਬਤ ਕਰਨ ਦਾ ਇੱਕ ਚੰਗਾ ਮੌਕਾ ਹੈ।

# ਦੇਸ਼ ਭਗਤ ਯੂਨੀਵਰਸਿਟੀ 'ਚ ਨਤੀਜਾ-ਅਧਾਰਿਤ ਸਿੱਖਿਆ ਅਤੇ ਐਨਈਪੀ-2020 'ਤੇ ਆਨਲਾਈਨ ਪ੍ਰੋਗਰਾਮ




ਮੰਡੀ ਗੋਬਿੰਦਗੜ੍ਹ, 19 ਜੂਨ (ਸੂਦ)- ਏਆਈਯੂ-ਦੇਸ਼ ਭਗਤ ਯੂਨੀਵਰਸਿਟੀ-ਈਡੀਸੀ ਦੁਆਰਾ 'ਨਤੀਜਾ-ਅਧਾਰਿਤ ਸਿੱਖਿਆ ਅਤੇ ਐਨਈਪੀ-2020 ਦੀ ਮਹੱਤਤਾ ਅਤੇ ਪ੍ਰਭਾਵਸ਼ਾਲੀ ਲਾਗੂਕਰਨ' ਵਿਸ਼ੇ 'ਤੇ ਪੰਜ ਰੋਜ਼ਾ ਆਨਲਾਈਨ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਦੇਸ਼ ਭਗਤ ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ ਦੇ 43 ਫੈਕਲਟੀ ਮੈਂਬਰਾਂ ਨੇ ਭਾਗ ਲਿਆ। ਉਦਘਾਟਨੀ ਸੈਸ਼ਨ ਕੋਆਰਡੀਨੇਟਰ ਪ੍ਰੋਫੈਸਰ (ਡਾ.) ਐਚਕੇ ਸਿੱਧੂ ਨੇ ਕਰਦੇ ਹੋਏ ਸਿੱਖਿਆ ਅਭਿਆਸਾਂ ਨੂੰ ਆਧੁਨਿਕ ਬਣਾਉਣ ਵਿੱਚ ਨਤੀਜਾ-ਅਧਾਰਿਤ ਸਿੱਖਿਆ (ਓਬੀਈ) ਅਤੇ ਐਨਈਪੀ-2020 ਦੀ ਸਾਰਥਕਤਾ 'ਤੇ ਜ਼ੋਰ ਦਿੱਤਾ। ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਫੈਕਲਟੀ ਵਿਕਾਸ ਅਤੇ ਸੰਸਥਾਗਤ ਤਰੱਕੀ ਦੋਵਾਂ ਨੂੰ ਵਧਾਉਂਦੀਆਂ ਹਨ। ਵਾਈਸ ਚਾਂਸਲਰ ਪ੍ਰੋ. (ਡਾ.) ਹਰਸ਼ ਸਦਾਵਰਤੀ ਨੇ ਐਨਈਪੀ-2020 ਦੇ ਅਨੁਸਾਰ ਉੱਨਤ ਸਾਧਨਾਂ ਅਤੇ ਸਿੱਖਿਆ ਸ਼ਾਸਤਰੀ ਸੁਧਾਰਾਂ ਨੂੰ ਏਕੀਕ੍ਰਿਤ ਕਰਨ ਦੀ ਮਹੱਤਤਾ 'ਤੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਪਹਿਲੇ ਦਿਨ ਸੈਂਟਰਲ ਯੂਨੀਵਰਸਿਟੀ ਦੇ ਡਾ. ਸੰਦੀਪ ਪਾਨੀ ਨੇ ਪ੍ਰੋਗਰਾਮ ਅਤੇ ਕੋਰਸ ਦੇ ਨਤੀਜਿਆਂ ਦੀ ਮੈਪਿੰਗ ਅਤੇ ਮੁਲਾਂਕਣ 'ਤੇ ਚਰਚਾ ਕੀਤੀ। ਦੂਜੇ ਦਿਨ ਐਨਐਮਆਈਐਮਐਸ ਚੰਡੀਗੜ੍ਹ ਤੋਂ ਡਾ. ਆਦਿਤਿਆ ਬਖਸ਼ੀ ਨੇ ਓਬੀਈ ਨਾਲ ਜੁੜੇ ਪ੍ਰਭਾਵਸ਼ਾਲੀ ਸਿੱਖਿਆ ਰਣਨੀਤੀਆਂ ਬਾਰੇ ਗੱਲ ਕੀਤੀ, ਤੀਜੇ ਦਿਨ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾ. ਗਿਆਨੇਂਦਰ ਅਰਜੁਨ ਮਦਾਨ ਨੇ ਅਕਾਦਮਿਕ ਪ੍ਰਸ਼ਾਸਨ ਵਿੱਚ ਡਿਜੀਟਲ ਸਾਧਨਾਂ ਦੇ ਉਪਯੋਗ ਦੀ ਪੜਚੋਲ ਕੀਤੀ। ਚੌਥੇ ਦਿਨ, ਡਾ. ਐਚ.ਕੇ. ਸਿੱਧੂ ਨੇ ਐਨਈਪੀ-2020 ਦੁਆਰਾ ਕਲਪਨਾ ਕੀਤੇ ਗਏ ਆਈ.ਸੀ.ਟੀ.-ਸੰਚਾਲਿਤ ਦ੍ਰਿਸ਼ਟੀਕੋਣ ਵਿੱਚ ਸਿੱਖਿਅਕਾਂ ਦੀ ਵਿਕਸਤ ਹੋ ਰਹੀ ਭੂਮਿਕਾ ਦੀ ਗੱਲ ਕੀਤੀ। ਸਮਾਪਤੀ ਸੈਸ਼ਨ ਵਿੱਚ ਪ੍ਰੋ. (ਡਾ.) ਮਧੂ ਪਰਹਾਰ ਸਾਬਕਾ ਡਾਇਰੈਕਟਰ ਇਗਨੂ ਨੇ ਅਲਫ਼ਾ ਤੋਂ ਬੀਟਾ ਸਿੱਖਣ ਵਾਲਿਆਂ ਵਿੱਚ ਤਬਦੀਲੀ ਬਾਰੇ ਗੱਲ ਕੀਤੀ। ਏਆਈਯੂ ਦੇ ਨੋਡਲ ਅਫਸਰ ਡਾ. ਰੰਜਨਾ ਪਰਿਹਾਰ ਨੇ ਐਨਈਪੀ-2020 ਸੁਧਾਰਾਂ ਅਤੇ ਇੱਕ ਵਧੇਰੇ ਸੰਪੂਰਨ, ਲਚਕਦਾਰ ਅਤੇ ਵਿਦਿਆਰਥੀ-ਕੇਂਦ੍ਰਿਤ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਵਿੱਚ ਨਤੀਜਾ-ਅਧਾਰਤ ਸਿੱਖਿਆ ਦੀ ਕੇਂਦਰੀ ਭੂਮਿਕਾ ਬਾਰੇ ਦੱਸਿਆ। ਪ੍ਰੋਗਰਾਮ ਦੀ ਸਮਾਪਤੀ ਡਾ. ਐਚ.ਕੇ. ਸਿੱਧੂ ਦੇ ਧੰਨਵਾਦ ਮਤੇ ਨਾਲ ਹੋਈ।

# ਵਿਸ਼ਵ ਪੰਜਾਬੀ ਸਭਾ ਕੈਨੇਡਾ ਨੇ ਪੰਜਾਬ ਟਾਪਰ ਅਤੇ ਮੈਰਿਟ ਵਾਲੇ ਬੱਚਿਆਂ ਦਾ ਕੀਤਾ ਸਨਮਾਨ



ਨੱਥੂਵਾਲਾ ਗਰਬੀ/ਸਮਾਲਸਰ, 19 ਜੂਨ (ਚ.ਨ.ਸ.): ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਇਕਾਈ ਮਾਲਵਾ ਜ਼ੋਨ ਪੰਜਾਬ ਵੱਲੋਂ ਅੱਠਵੀਂ, ਦਸਵੀਂ, ਬਾਰਵੀਂ ਜਮਾਤ ਵਿੱਚੋਂ ਪੰਜਾਬ ਟਾਪਰ ਅਤੇ ਮੈਰਿਟ ਵਿੱਚ ਆਉਣ ਵਾਲੇ 21 ਬੱਚਿਆਂ ਦੇ ਸਨਮਾਨ ਕਰਨ ਅਤੇ ਸਨਮਾਨ ਸਮਾਰੋਹ ਸਮਾਜ ਸੇਵੀ ਰਾਜਵੀਰ ਸਿੰਘ ਸੰਧੂ, ਪ੍ਰਧਾਨ ਮਾਲਵਾ ਜ਼ੋਨ ਪੰਜਾਬ, ਦੀ ਅਗਵਾਈ ਵਿੱਚ ਪਿੰਡ ਭਲੂਰ ਵਿਖੇ ਕਰਵਾਇਆ ਗਿਆ। ਸਮਾਗਮ ਦੌਰਾਨ ਐਸ.ਡੀ.ਐਮ. ਹਰਕੰਵਲਜੀਤ ਸਿੰਘ, ਡੀ.ਐਸ.ਪੀ. ਦਲਬੀਰ ਸਿੰਘ ਸਿੱਧੂ, ਸਬ ਰਜਿਸਟਰਾਰ ਗੁਰਚਰਨ ਸਿੰਘ, ਐਸ.ਐਚ.ਓ. ਜਨਕ ਰਾਜ ਥਾਣਾ ਸਮਾਲਸਰ, ਸਮਾਜ ਸੇਵੀ ਡਾ. ਮਨਜੀਤ ਸਿੰਘ ਢਿੱਲੋਂ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀ ਦੇਵੀ ਪ੍ਰਸ਼ਾਦ ਜੀ, ਰਾਜ ਕੁਮਾਰ ਥਾਪਰ ਡਾਇਰੈਕਟਰ ਐਸ.ਐਮ.ਡੀ. ਵਿੱਦਿਅਕ ਸੰਸਥਾਵਾਂ ਕੋਟਸੁਖੀਆ, ਹਰਮਿੰਦਰਪਾਲ ਸਿੰਘ ਗਿੱਲ ਚੇਅਰਮੈਨ ਵੀਰ ਸਿੰਘ ਸਕੂਲ ਨੱਥੂਵਾਲਾ ਗਰਬੀ ਤੋਂ ਇਲਾਵਾ ਲੋਕ ਗਾਇਕ ਹਰਿੰਦਰ ਸੰਧੂ, ਗਿੱਲ ਸੁਰਜੀਤ, ਮੰਚ ਸੰਚਾਲਕ ਜਸਬੀਰ ਜੱਸੀ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਗਾਇਕ ਅਤੇ ਗੀਤਕਾਰ ਲੇਖਕ ਤਰਸੇਮ ਖਾਨ ਲੰਡਿਆਂ ਵਾਲੇ ਗੀਤ ਨਾਲ ਕੀਤੀ। ਰਾਜਵੀਰ ਸੰਧੂ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ। ਉਪਰੰਤ ਮਹਿਮਾਨਾਂ ਨੇ ਇਸ ਬੋਲਦਿਆਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਜਿੱਥੇ ਵਧਾਈ ਦਿੱਤੀ ਉੱਥੇ ਹੀ ਹੋਰ ਮਿਹਨਤ ਕਰਕੇ ਪੰਜਾਬ ਵਿੱਚੋਂ ਹੀ ਰਹਿ ਕੇ ਪੈਰਾਂ 'ਤੇ ਖੜ੍ਹੇ ਹੋਣ ਦੀਆਂ ਸ਼ੁੱਭ ਕਾਮਨਾਵਾਂ ਵੀ ਪੇਸ਼ ਕੀਤੀਆਂ। ਇਸ ਮੌਕੇ ਤੇ ਕੋਟਕਪੂਰੇ ਦੇ ਵਸਨੀਕ ਉੱਘੇ ਸਮਾਜ ਸੇਵੀ ਅਤੇ ਬਾਬਾ ਫਰੀਦ ਵਿੱਦਿਅਕ ਸੰਸਥਾਵਾਂ ਦੇ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ ਨੇ ਬਾਰ੍ਹਵੀਂ ਜਮਾਤ ਦੇ ਪੰਜਾਬ ਟਾਪਰ ਵਿਦਿਆਰਥੀਆਂ ਨੂੰ ਫਰੀ ਉੱਚ ਸਿੱਖਿਆ ਦੇਣ ਦਾ ਕੀਤਾ ਐਲਾਨ ਵੀ ਕੀਤਾ। ਇਸ ਮੌਕੇ ਤੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪਿੰਡ ਦੇ ਸਰਪੰਚ ਅਰਸ਼ ਵਿਰਕ ਨੇ ਆਏ ਹੋਏ ਅਫਸਰ ਸਾਹਿਬਾਨਾਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਤਰਸੇਮ ਖਾਨ ਅਸ਼ਰਫੀ ਲੰਡੇ ਅਤੇ ਸ਼ਬੀਨਾ ਬੇਗਮ ਨੂੰ ਉਨ੍ਹਾਂ ਦੀ ਵਿਆਹ ਦੀ ਸਿਲਵਰ ਜੁਬਲੀ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਸਾਬਕਾ ਸਰਪੰਚ ਬੋਹੜ ਸਿੰਘ ਢਿੱਲੋਂ ਤੋਂ ਇਲਾਵਾ ਗੁਰਜੀਤ ਸਿੰਘ ਘੁੰਮਣ, ਬਲਜੀਤ ਸਿੰਘ ਖੂਹ ਵਾਲਾ, ਮਿਲਨਜੀਤ ਸਿੰਘ ਲਾਡੀ ਸਰਵਰਪੁਰ, ਸਮਾਜ ਸੇਵੀ ਜਗਪਾਲ ਸਿੰਘ ਮਾਹਲਾ, ਬਲਵਿੰਦਰ ਸਿੰਘ ਖਾਲਸਾ ਮਾਹਲਾ, ਪ੍ਰਿੰਸੀਪਲ ਗੁਰਮੀਤ ਸਿੰਘ ਭਲੂਰ, ਸੁਖਦਰਸ਼ਨ ਜਸਵੀਰ ਸਿੰਘ, ਕਾਕਾ ਮਾਸਟਰ, ਆਦਿ ਤੋਂ ਇਲਾਵਾ ਪਿੰਡ ਭਲੂਰ ਦੀ ਮੌਜੂਦਾ ਸਾਬਕਾ ਪੰਚਾਇਤ, ਪਿੰਡ ਦੇ ਪਤਵੰਤੇ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

## ਚੰਡੀਗੜ੍ਹ ਪ੍ਰਸ਼ਾਸਨ ਐਮਰਜੈਂਸੀ ਅਤੇ ਆਫ਼ਤ ਪ੍ਰਤੀਕਿਰਿਆ ਤਿਆਰੀ ਲਈ 1600 ਸਿਵਲ ਡਿਫੈਂਸ ਵਲੰਟੀਅਰਾਂ ਨੂੰ ਸਿਖਲਾਈ ਦੇਵੇਗਾ

ਚੰਡੀਗੜ੍ਹ, 19 ਜੂਨ (ਚ.ਨ.ਸ.): ਐਮਰਜੈਂਸੀ ਅਤੇ ਆਫ਼ਤ ਸਥਿਤੀਆਂ ਦੇ ਪ੍ਰਤੀਕਰਮ ਵਿੱਚ ਭਾਈਚਾਰਕ ਲਚਕੀਲੇਪਣ ਅਤੇ ਸ਼ਹਿਰ ਦੀ ਤਿਆਰੀ ਨੂੰ ਵਧਾਉਣ ਲਈ ਇੱਕ ਸਰਗਰਮ ਕਦਮ ਵਜੋਂ, ਚੰਡੀਗੜ੍ਹ ਪ੍ਰਸ਼ਾਸਨ 1,600 ਵਲੰਟੀਅਰਾਂ ਲਈ ਇੱਕ ਵਿਸ਼ਾਲ ਸਿਵਲ ਡਿਫੈਂਸ ਵਲੰਟੀਅਰ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਜਾ ਰਿਹਾ ਹੈ। ਇਹ ਸਿਖਲਾਈ ਚਾਰ ਵਾਂਢਵਾਰ ਬੈਚਾਂ (ਛੇ ਦਿਨ) ਵਿੱਚ ਵੱਕਾਰੀ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਿਸਟ੍ਰੇਸ਼ਨ ਚੰਡੀਗੜ੍ਹ ਵਿਖੇ ਕਰਵਾਈ ਜਾਵੇਗੀ। ਯੂਟੀ ਚੰਡੀਗੜ੍ਹ ਦੇ ਮਾਨਯੋਗ ਪ੍ਰਸ਼ਾਸਕ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕਰਨਗੇ, ਜੋ ਆਫ਼ਤ ਤਿਆਰੀ ਅਤੇ ਆਫ਼ਤ ਪ੍ਰਬੰਧਨ ਵਿੱਚ ਭਾਈਚਾਰਕ ਭਾਗੀਦਾਰੀ ਨੂੰ ਮਜ਼ਬੂਤ ਕਰਨ ਲਈ ਇਸ ਮਹੱਤਵਪੂਰਨ ਪਹਿਲਕਦਮੀ ਦੀ ਸ਼ੁਰੂਆਤ ਕਰੇਗਾ। ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਸਿਵਲ ਡਿਫੈਂਸ ਵਿਭਾਗ ਦੇ ਸਹਿਯੋਗ ਨਾਲ ਕੀਤੀ ਗਈ ਇਸ ਪਹਿਲਕਦਮੀ ਦਾ ਉਦੇਸ਼ ਇੱਕ ਤਕਨੀਕੀ ਤੌਰ ਤੇ ਮਜ਼ਬੂਤ ਅਤੇ ਜਵਾਬਦੇਹ ਸਿਵਲ ਡਿਫੈਂਸ ਫੋਰਸ ਵਿਕਸਤ ਕਰਨਾ ਹੈ, ਜੋ ਜੰਗ ਵਰਗੀਆਂ ਸਥਿਤੀਆਂ, ਕੁਦਰਤੀ ਜਾਂ ਮਨੁੱਖ ਦੁਆਰਾ ਬਣਾਈਆਂ ਆਫ਼ਤਾਂ ਅਤੇ ਵੱਡੇ ਪੱਧਰ ਤੇ ਜਾਨੀ ਨੁਕਸਾਨ ਦੀਆਂ ਘਟਨਾਵਾਂ ਦੌਰਾਨ ਪ੍ਰਸ਼ਾਸਨ ਦੀ ਪ੍ਰਭਾਵਸ਼ਾਲੀ ਢੰਗ ਨਾਲ ਸਹਾਇਤਾ ਕਰ ਸਕਦੀ ਹੈ। ਸਿਖਲਾਈ ਮਾਡਿਊਲਾਂ ਵਿੱਚ ਹੇਠ ਲਿਖੇ ਸ਼ਾਮਲ ਹੋਣਗੇ:

ਆਫ਼ਤ ਜੋਖਮ ਪ੍ਰਬੰਧਨ ਅਤੇ ਘਟਾਉਣ ਦੀਆਂ ਰਣਨੀਤੀਆਂ

ਖੋਜ ਅਤੇ ਬਚਾਅ ਕਾਰਜ

ਜੰਗ ਜਾਂ ਕੁਦਰਤੀ ਆਫ਼ਤਾਂ ਦੌਰਾਨ ਨਿਕਾਸੀ ਪ੍ਰਕਿਰਿਆਵਾਂ

ਮੁੱਢਲੀ ਸਹਾਇਤਾ, ਟ੍ਰਾਈਏਜ ਅਤੇ ਸਮੂਹਿਕ ਹਾਦਸੇ ਪ੍ਰਬੰਧਨ

ਐਮਰਜੈਂਸੀ ਦੌਰਾਨ ਸੰਚਾਰ ਪ੍ਰੋਟੋਕੋਲ

ਭੀੜ ਪ੍ਰਬੰਧਨ ਅਤੇ ਮਨੋਵਿਗਿਆਨਕ ਮੁੱਢਲੀ ਸਹਾਇਤਾ

ਅੱਗ ਸੁਰੱਖਿਆ, ਖਤਰੇ ਦੀ ਪਛਾਣ ਅਤੇ ਐਮਰਜੈਂਸੀ ਪ੍ਰਬੰਧਨ

ਆਸਰਾ ਪ੍ਰਬੰਧਨ, ਰਾਹਤ ਵੰਡ ਅਤੇ ਸਰੋਤ ਵੰਡ

ਯੂਟੀ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ, ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐਸ ਨੇ ਅਣਕਿਆਸੀਆਂ ਆਫ਼ਤਾਂ ਜਾਂ ਰਾਸ਼ਟਰੀ ਐਮਰਜੈਂਸੀ ਦੌਰਾਨ ਪ੍ਰਤੀਕਿਰਿਆ ਦੀ ਪਹਿਲੀ ਕਤਾਰ ਵਜੋਂ ਕੰਮ ਕਰਨ ਲਈ ਸਿਖਲਾਈ ਪ੍ਰਾਪਤ ਸਿਵਲ ਫੋਰਸ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ।

## ਟੀਸੀਵਾਈ ਨੇ ਆਈਲੈਟਸ ਲਈ ਨਵੀਂ ਏਆਈ ਮੁਲਾਂਕਣ ਪ੍ਰਣਾਲੀ ਦੀ ਸ਼ੁਰੂਆਤ ਕੀਤੀ

ਚੰਡੀਗੜ੍ਹ, 19 ਜੂਨ (ਚ.ਨ.ਸ.): ਭਾਰਤ ਦੇ ਮੋਹਰੀ ਐਡ-ਟੈਕ ਇਨੋਵੇਟਰ, ਟੀਸੀਵਾਈ ਨੇ ਅੱਜ ਆਈਲੈਟਸ ਲਿਖਣ ਅਤੇ ਬੋਲਣ ਲਈ ਆਪਣੀ ਅਗਲੀ ਪੀੜ੍ਹੀ ਦੀ ਏਆਈ-ਸੰਚਾਲਿਤ ਮੁਲਾਂਕਣ ਪ੍ਰਣਾਲੀ ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਪੰਜਾਹ ਵਿਲੀਅਨ ਵਿਦਿਆਰਥੀ ਨਮੂਨਿਆਂ ਦੀ ਸ਼ੁਰੂਆਤੀ ਪ੍ਰਮਾਣਿਕਤਾ ਵਿੱਚ, ਹਾਈਬ੍ਰਿਡ ਏਆਈ ਇੰਜਣ ਜੋ ਜਨਰੇਟਿਵ ਏਆਈ, ਐਡਵਾਂਸਡ ਨੈਚੁਰਲ ਲੈਂਗਵੇਜ ਪ੍ਰੋਸੈਸਿੰਗ ਅਤੇ ਮਸ਼ੀਨ ਲਰਨਿੰਗ ਨੂੰ ਜੋੜਦਾ ਹੈ, ਮਾਹਰ ਮਨੁੱਖੀ ਰੇਟਰਾਂ ਨਾਲ ਛਯਾਨਵੇ ਪ੍ਰਤੀਸ਼ਤ ਤੋਂ ਵੱਧ ਸਹਿਮਤੀ ਪ੍ਰਾਪਤ ਕਰਦਾ ਹੈ ਅਤੇ ਦੱਸ ਸਕਿੰਟਾਂ ਤੋਂ ਘੱਟ ਸਮੇਂ ਵਿੱਚ ਤੇਜ਼, ਭਰੋਸੇਯੋਗ ਬੈਂਡ ਸਕੋਰ ਅਤੇ ਫੀਡਬੈਕ ਪ੍ਰਦਾਨ ਕਰਦਾ ਹੈ। ਕੋਚ ਹੋਣ ਦੇ ਨਾਤੇ, ਅਸੀਂ ਸਾਰਿਆਂ ਨੇ ਲੇਖ ਅਤੇ ਭਾਸ਼ਣ ਮੁਲਾਂਕਣ ਲਈ ਕਈ ਦਿਨਾਂ ਤੱਕ ਉਡੀਕ ਦੀ ਰੁਕਾਵਟ ਦਾ ਸਾਹਮਣਾ ਕੀਤਾ ਹੈ, ਟੀਸੀਵਾਈ ਦੇ ਸੀਈਓ ਕਮਲ ਵਰਦਾਨ ਨੇ ਕਿਹਾ। ਸਾਡਾ ਨਵਾਂ ਏਆਈ ਸਿਸਟਮ ਮਨੁੱਖੀ ਨਿਰਣੇ ਦੀ ਡੂੰਘਾਈ ਜਾਂ ਨਿਰਪੱਖਤਾ ਦੀ ਕੁਰਬਾਨੀ ਦਿੱਤੇ ਬਿਨਾਂ, ਉਸ ਉਡੀਕ ਨੂੰ ਸਿਰਫ਼ ਸਕਿੰਟਾਂ ਤੱਕ ਘਟਾ ਦਿੰਦਾ ਹੈ। ਇਹ ਸਿਰਫ਼ ਤੇਜ਼ ਹੀ ਨਹੀਂ ਹੈ, ਇਹ ਹੋਰ ਵੀ ਸਮਝਦਾਰ ਹੈ।

## 450 ਕਿਲੋ ਪਨੀਰ ਨੂੰ ਐਮਸੀ ਵੇਸਟ ਡਿਸਪੋਜ਼ਲ ਪਲਾਂਟ ਤੋਂ ਨਸ਼ਟ ਕੀਤਾ

ਚੰਡੀਗੜ੍ਹ, 19 ਜੂਨ (ਚ.ਨ.ਸ.): ਨਾਗਰਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ, ਮੁੱਖ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ ਦੀ ਯੋਗ ਅਗਵਾਈ ਅਤੇ ਸਕੱਤਰ ਸਿਹਤ-ਕਮ-ਕਮਿਸ਼ਨਰ ਫੂਡ ਸੇਫਟੀ, ਫੂਡ ਸੇਫਟੀ ਪ੍ਰਸ਼ਾਸਨ ਦੇ ਨਿਰਦੇਸ਼ਾਂ ਹੇਠ, ਸਿਹਤ ਵਿਭਾਗ ਨੇ 11 ਜੂਨ, 2025 ਨੂੰ ਸਵੇਰੇ 7:00 ਵਜੇ ਸੈਕਟਰ-26, ਚੰਡੀਗੜ੍ਹ ਦੇ ਬਾਪੂ ਧਾਮ ਕਲੋਨੀ ਵਿਖੇ ਅਚਾਨਕ ਛਾਪਾ ਮਾਰਿਆ। ਨਿਰੀਖਣ ਕਰਨ ਤੇ, ਲਗਭਗ 450 ਕਿਲੋ ਪਨੀਰ ਮਕਾਨ ਨੰਬਰ 714/2, ਬਾਪੂ ਧਾਮ ਕਲੋਨੀ, ਸੈਕਟਰ-26, ਚੰਡੀਗੜ੍ਹ ਦੀ ਦੁਕਾਨ ਵਿੱਚ ਪਿਆ ਮਿਲਿਆ ਅਤੇ ਕੁਝ ਪਿਕਅੱਪ ਵਾਹਨ ਵਿੱਚ ਉਕਤ ਅਹਾਤੇ ਦੇ ਬਾਹਰ ਖੜ੍ਹੇ ਇੱਕ ਪਿਕਅੱਪ ਵਾਹਨ ਵਿੱਚੋਂ ਮਿਲਿਆ। ਫੂਡ ਸੇਫਟੀ ਅਫਸਰ ਨੇ ਪਨੀਰ ਦੇ ਨਮੂਨੇ ਉਕਤ ਅਹਾਤੇ ਦੇ ਨਾਲ-ਨਾਲ ਉਕਤ ਪਿਕਅੱਪ ਵਾਹਨ ਤੋਂ ਜ਼ਬਤ ਕੀਤੇ। ਨਮੂਨੇ ਵਿਸ਼ਲੇਸ਼ਣ ਲਈ ਫੂਡ ਐਨਾਲਿਸਟ ਪ੍ਰਯੋਗਸ਼ਾਲਾ ਨੂੰ ਭੇਜੇ ਗਏ। ਪ੍ਰਯੋਗਸ਼ਾਲਾ ਨੇ ਨਮੂਨੇ ਅਸੁਰੱਖਿਅਤ ਅਤੇ ਘਟੀਆ ਪਾਏ। ਰਿਪੋਰਟ ਦੇ ਆਧਾਰ ਤੇ ਫੂਡ ਸੇਫਟੀ ਵਿਭਾਗ ਨੇ ਢੁਕਵੀਂ ਪ੍ਰਕਿਰਿਆ ਦੀ ਪਾਲਣਾ ਕੀਤੀ ਅਤੇ ਜ਼ਬਤ ਕੀਤੇ 450 ਕਿਲੋ ਪਨੀਰ ਨੂੰ ਐਮਸੀ ਵੇਸਟ ਡਿਸਪੋਜ਼ਲ ਪਲਾਂਟ ਤੋਂ ਨਸ਼ਟ ਕਰ ਦਿੱਤਾ। ਪਨੀਰ ਦੀ ਵਿਕਰੀ ਵਿੱਚ ਲੱਗੇ ਸਾਰੇ ਫੂਡ ਬਿਜ਼ਨਸ ਆਪਰੇਟਰਾਂ ਨੂੰ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006, ਰੈਗੂਲੇਸ਼ਨ, 2011 ਦੇ ਅਨੁਸਾਰ ਗੁਣਵੱਤਾ ਯਕੀਨੀ ਬਣਾਉਣੀ ਚਾਹੀਦੀ ਹੈ।

# ਅਵਚੇਤਨ ਮਨ: ਆਤਮਿਕ ਵਿਕਾਸ ਦੇ ਸਾਧਨ ਵਜੋਂ

ਪ੍ਰੋ. ਡਾ. ਸੰਗਰਾਮ ਸਿੰਘ
7973327963

ਮਨੁੱਖ ਦੀ ਰਚਨਾ ਇੱਕ ਗੁੰਝਲਦਾਰ ਭੇਦ ਹੈ। ਇਹ ਸੁੰਦਰ ਅਤੇ ਅਦਭੁਤ ਰਚਨਾ ਬਾਹਰੀ ਤੌਰ ਤੇ ਜਿਸ ਪ੍ਰਕਾਰ ਨਜ਼ਰ ਆਉਂਦੀ ਹੈ ਉਸੇ ਪ੍ਰਕਾਰ ਅੰਦਰੂਨੀ ਤੌਰ 'ਤੇ ਵੀ ਅਜਿਹੇ ਗੁੱਝੇ ਭੇਦਾਂ ਅਤੇ ਰਹੱਸਾਂ ਨਾਲ ਭਰੀ ਹੋਈ ਹੈ ਜਿਸਦੀ ਕਲਪਨਾ ਕਰਨਾ ਵੀ ਮੁਸ਼ਕਿਲ ਹੈ। ਸਾਇੰਸਦਾਨਾਂ, ਵਿਗਿਆਨੀਆਂ, ਡਾਕਟਰਾਂ ਨੇ ਭਾਵੇਂ ਮਨੁੱਖੀ ਸਰੀਰ ਦੇ ਦਿਖਾਈ ਦੇਣ ਵਾਲੇ ਹਰ ਹਿੱਸੇ ਦਾ ਬਹੁਤ ਹੀ ਬਾਰੀਕੀ ਨਾਲ ਨਿਰੀਖਣ ਕੀਤਾ ਹੈ ਪਰੰਤੂ ਜੋ ਹਿੱਸੇ ਮਨੁੱਖੀ ਸਰੀਰ ਦੇ ਅੰਦਰੂਨੀ ਭਾਗਾਂ ਵਿੱਚ ਮੌਜੂਦ ਹਨ ਉਹਨਾਂ ਦੀ ਜਾਣਕਾਰੀ ਪੂਰਨ ਰੂਪ ਵਿੱਚ ਪ੍ਰਾਪਤ ਕਰਨ ਲਈ ਹਾਲੇ ਬਹੁਤ ਸਬਰ ਦੀ ਲੋੜ ਹੈ। ਮਨੁੱਖੀ ਸਰੀਰ ਦੇ ਅੰਦਰੂਨੀ ਹਿੱਸਿਆਂ ਵਿੱਚੋਂ ਹੀ ਇੱਕ ਵਿਸ਼ੇਸ਼ ਹਿੱਸਾ ਹੈ ਜਿਸਨੂੰ ਮਨੁੱਖ ਦੇ 'ਅਵਚੇਤਨ ਮਨ' ਵਜੋਂ ਜਾਣਿਆ ਜਾਂਦਾ ਹੈ। ਇਹ ਮਨੁੱਖੀ ਸਰੀਰ ਦਾ ਉਹ ਹਿੱਸਾ ਹੈ ਜੋ ਮਨੁੱਖ ਦੁਆਰਾ ਮਾਂ ਦੇ ਗਰਭ ਵਿੱਚ ਜਨਮ ਲੈਣ ਸਮੇਂ ਹੀ ਸਕਿਰਿਆ ਹੋ ਜਾਂਦਾ ਹੈ ਪ੍ਰੰਤੂ ਮਨੁੱਖ ਨੂੰ ਆਪਣੇ ਇਸ ਅੰਦਰੂਨੀ ਹਿੱਸੇ ਭਾਵ ਅਵਚੇਤਨ ਮਨ ਦੀ ਕਾਰਜ ਸ਼ਕਤੀ ਦੀ ਸਮਝ ਉਮਰ ਦੇ ਹਿਸਾਬ ਨਾਲ ਜਾਂ ਕਹਿ ਲਈਏ ਕਿ ਜ਼ਿੰਦਗੀ ਦੇ ਤਜਰਬੇ ਨਾਲ ਆਉਂਦੀ ਹੈ।

**ਮਨੁੱਖੀ ਦਿਮਾਗ ਦੇ ਦੋ ਹਿੱਸੇ ਹਨ:**

**ਚੇਤਨ ਮਨ ਅਤੇ ਅਵਚੇਤਨ ਮਨ**

ਚੇਤਨ ਮਨ ਮਨੁੱਖ ਨੂੰ ਚੇਤਨਾ ਪ੍ਰਦਾਨ ਕਰਨ ਦਾ ਕਾਰਜ ਕਰਦਾ ਹੈ। ਭਾਵ ਕਿ ਮਨੁੱਖ ਆਪਣੀ ਚੇਤਨਾ ਨੂੰ ਆਪਣੇ ਵਿਚਾਰਾਂ ਰਾਹੀਂ ਦਿਸ਼ਾ-ਨਿਰਦੇਸ਼ ਦੇ ਕੇ ਕਾਰਜ ਕਰਵਾਉਂਦਾ ਹੈ। ਜਿਵੇਂ ਖਾਣਾ-ਪੀਣਾ, ਹੱਸਣਾ, ਰੋਣਾ, ਸੌਣਾ, ਨੱਚਣਾ-ਟੱਪਣਾ, ਗਾਉਣਾ ਆਦਿ। ਪ੍ਰੰਤੂ ਮਨੁੱਖੀ ਅਵਚੇਤਨ ਮਨ ਮਨੁੱਖ ਦੇ ਜੀਵਨ ਕਾਲ ਦੌਰਾਨ ਨਿਰੰਤਰ ਬਿਨਾਂ ਰੁਕੇ ਕਾਰਜਸ਼ੀਲ ਰਹਿੰਦਾ ਹੈ ਜਿਵੇਂ ਕਿ ਮਨੁੱਖ ਦੀ ਸਾਹ ਕਿਰਿਆ, ਦਿਲ ਦਾ ਧੜਕਣਾ, ਪਾਚਨ ਕਿਰਿਆ ਆਦਿ। ਇਹ ਸਭ ਕਾਰਜ ਮਨੁੱਖੀ ਸਰੀਰ ਵਿਚਲਾ ਅਵਚੇਤਨ ਮਨ ਹੀ ਕਰਦਾ ਹੈ ਜਿਸ ਨਾਲ ਮਨੁੱਖ ਦਾ ਜੀਵਨ ਬਤੀਤ ਹੁੰਦਾ ਹੈ। ਮਨੁੱਖੀ ਅਵਚੇਤਨ ਮਨ ਕੋਲ ਸਹੀ-ਗਲਤ ਨੂੰ ਸਮਝਣ ਦੀ ਸ਼ਕਤੀ ਨਹੀਂ ਹੁੰਦੀ ਇਸ ਨੂੰ ਜੋ ਵੀ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤਾ ਜਾਂਦਾ ਹੈ ਇਹ ਉਸਦੇ ਅਨੁਸਾਰ ਹੀ ਕਾਰਜ ਕਰਨਾ ਆਰੰਭ ਕਰ ਦਿੰਦਾ ਹੈ।

ਮਨੁੱਖ ਦਾ ਅਵਚੇਤਨ ਮਨ ਹੀ ਮਨੁੱਖ ਦੇ ਆਤਮਿਕ ਵਿਕਾਸ ਦੇ ਸਾਧਨ ਵਜੋਂ ਵੀ ਕਾਰਜ ਕਰਦਾ ਹੈ। ਚੇਤਨ ਮਨ ਰਾਹੀਂ ਮਨੁੱਖ ਵਿਭਿੰਨ ਪ੍ਰਕਾਰ ਦੇ ਵਿਚਾਰਾਂ ਨੂੰ ਗ੍ਰਹਿਣ ਕਰ ਆਪਣੇ ਅਵਚੇਤਨ ਮਨ ਨੂੰ ਭੇਜਦਾ ਹੈ ਅਤੇ ਇਹਨਾਂ ਵਿਚਾਰਾਂ ਅਨੁਸਾਰ ਹੀ ਮਨੁੱਖ ਦਾ ਅਵਚੇਤਨ ਮਨ ਕਾਰਜ ਕਰਨਾ ਆਰੰਭ ਕਰ ਦਿੰਦਾ ਹੈ।

ਜਦੋਂ ਕੋਈ ਸਾਧਕ, ਵਿਅਕਤੀ ਜਾਂ ਪਰਮਾਰਥੀ ਵਿਚਾਰਾਂ ਵਾਲਾ ਮਨੁੱਖ ਆਪਣੇ ਧਿਆਨ ਨੂੰ ਇਕਾਗਰ ਕਰ ਆਪਣੇ ਅਵਚੇਤਨ ਮਨ ਨਾਲ ਜੋੜਦਾ ਹੈ, ਤਾਂ ਉਹ ਵਿਅਕਤੀ ਪਰਮਾਤਮ ਦੇ ਅਲੌਕਿਕ ਅਨੁਭਵ ਮਹਿਸੂਸ ਕਰਨੇ ਸ਼ੁਰੂ ਕਰ ਦਿੰਦਾ ਹੈ ਜੋ ਕਿ ਉਸਦੇ ਆਤਮਿਕ ਵਿਕਾਸ ਦੇ ਸਫ਼ਰ ਦੀ ਸ਼ੁਰੂਆਤ ਕਰਦੇ ਹਨ। ਮਨੁੱਖੀ ਅਵਚੇਤਨ ਮਨ ਵਿੱਚ ਉਹ ਊਰਜਾ ਹੈ ਜੋ ਮਨੁੱਖ ਨੂੰ ਸ੍ਰਿਸ਼ਟੀ ਦੇ ਰਚੇਤਾ ਵਜੋਂ ਜਾਣੇ ਜਾਣ ਵਾਲੇ ਪਰਮਾਤਮਾ ਨਾਲ ਜੋੜਦੀ ਹੈ।

ਮਨੁੱਖ ਆਪਣੇ ਅਵਚੇਤਨ ਮਨ ਨੂੰ ਜੋ ਵੀ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ ਉਹ ਉਸੇ ਪ੍ਰਕਾਰ ਦੇ ਹਾਲਾਤ, ਪ੍ਰਸਥਿਤੀਆਂ ਦਾ ਨਿਰਮਾਣ ਕਰਨਾ ਸ਼ੁਰੂ ਕਰ ਦਿੰਦਾ ਹੈ। ਧਾਰਮਿਕ ਪ੍ਰਵਿਰਤੀ ਵਾਲਾ ਮਨੁੱਖ ਜੋ ਧਾਰਮਿਕ ਵਿਚਾਰ ਸੁਣਦਾ ਹੈ ਜਾਂ ਸੰਤਾਂ ਮਹਾਤਮਾਵਾਂ ਦੀ ਸੰਗਤ ਵਿੱਚ ਰਹਿੰਦਾ ਹੈ ਤਾਂ ਉਸ ਵਿਅਕਤੀ ਦੇ ਅਵਚੇਤਨ ਮਨ ਵਿੱਚ ਧਾਰਮਿਕ ਗਤੀਵਿਧੀਆਂ ਹੀ ਘਰ ਕਰ ਜਾਂਦੀਆਂ ਹਨ ਜੋ ਮਨੁੱਖ ਦੇ ਆਤਮਿਕ ਵਿਕਾਸ ਲਈ ਸਹਾਈ ਸਿੱਧ ਹੁੰਦੀਆਂ ਹਨ।

## ਜਨਤਕ ਸੂਚਨਾ

ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ



ਵਿਸ਼ਾ: ਵਾਧਰਕ ਨੰ. ਨੰਬਰ 51, ਉਦਯੋਗਿਕ ਖੇਤਰ-2, ਚੰਡੀਗੜ੍ਹ ਦੇ ਸੰਬੰਧ ਵਿੱਚ 06/06/2025 ਦੀ ਆਵਾਜਾਈ ਸ਼ੀਟ/ਵਿਕਰੀ ਡੀਡ ਦੇ ਆਧਾਰ 'ਤੇ 100.00% ਹਿੱਸੇਦਾਰੀ ਦੀ ਹੱਦ ਤੱਕ ਨਵੇਂ ਭਾਈਵਾਲਾਂ ਦੀ ਨੋਟਿੰਗ ਦੇ ਸੰਬੰਧ ਵਿੱਚ

ਮੈਸਰਜ਼ ਪੀ.ਆਰ. ਪੈਕੇਜਿੰਗ ਅਤੇ ਜਨਰਲ ਇੰਡਸਟਰੀਜ਼ ਅਧਾਰਤ ਅਕਸ਼ੈ ਗਰੋਵਰ, ਕਰਨ ਗਰੋਵਰ। ਆਮ ਜਨਤਾ ਨੂੰ ਸਾਰੇ ਸਬੰਧਤ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਵਾਧਰਕ ਨੰ. ਨੰਬਰ 51, ਉਦਯੋਗਿਕ ਖੇਤਰ-2, ਚੰਡੀਗੜ੍ਹ, ਮੈਸਰਜ਼ ਪੀ.ਆਰ. ਪੈਕੇਜਿੰਗ ਅਤੇ ਜਨਰਲ ਇੰਡਸਟਰੀਜ਼ ਫਰਮ ਦੇ ਨਾਮ 'ਤੇ 100.00% ਹਿੱਸੇਦਾਰੀ ਦੀ ਹੱਦ ਤੱਕ ਹੈ।

ਮੈਸਰਜ਼ ਦੁਆਰਾ ਸੂਚਿਤ ਕੀਤਾ ਗਿਆ ਹੈ। ਪੀ.ਆਰ. ਪੈਕੇਜਿੰਗ ਅਤੇ ਜਨਰਲ ਇੰਡਸਟਰੀਜ਼ ਨੇ ਫ਼ਰਮ ਦੇ ਹੇਠ ਲਿਖੇ ਅਨੁਸਾਰ ਨਵੇਂ ਭਾਈਵਾਲ ਸ਼ਾਮਲ ਕੀਤੇ ਹਨ:-

| ਭਾਈਵਾਲਾਂ ਦਾ ਨਾਮ |
|---|
| ਅਕਸ਼ੈ ਗਰੋਵਰ |
| ਕਰਨ ਗਰੋਵਰ |

ਹੁਣ, ਅਕਸ਼ੈ ਗਰੋਵਰ, ਕਰਨ ਗਰੋਵਰ ਨੇ ਅਕਸ਼ੈ ਗਰੋਵਰ, ਕਰਨ ਗਰੋਵਰ ਦਾ ਨਾਮ ਮੈਸਰਜ਼ ਪੀ.ਆਰ. ਪੈਕੇਜਿੰਗ ਅਤੇ ਜਨਰਲ ਇੰਡਸਟਰੀਜ਼ ਦੇ ਨਵੇਂ ਭਾਈਵਾਲਾਂ ਵਜੋਂ ਨੋਟ ਕਰਨ ਲਈ ਅਰਜ਼ੀ ਦਿੱਤੀ ਹੈ/ਦਿੱਤੀ ਹੈ ਵਾਧਰਕ ਨੰ. ਨੰਬਰ 51, ਉਦਯੋਗਿਕ ਖੇਤਰ-2, ਚੰਡੀਗੜ੍ਹ ਵਿੱਚ 06/06/2025 ਦੀ ਭਾਈਵਾਲੀ ਡੀਡ ਦੇ ਆਧਾਰ 'ਤੇ 100.00% ਹਿੱਸੇਦਾਰੀ ਦੀ ਹੱਦ ਤੱਕ। ਜੇਕਰ ਕਿਸੇ ਨੂੰ ਉਪਰ ਦੱਸੇ ਗਏ ਹਿਸਾ ਪ੍ਰਾਪਤਕਰਤਾ ਦੇ ਨਾਵਾਂ ਦੀ ਨੋਟਿੰਗ 'ਤੇ ਕੋਈ ਇਤਰਾਜ਼ ਹੈ। ਮੈਸ. ਪੀ.ਆਰ. ਪੈਕੇਜਿੰਗ ਅਤੇ ਜਨਰਲ ਇੰਡਸਟਰੀਜ਼ ਵਿੱਚ ਕਿਸੇ ਵੀ ਰੂਪ ਵਿੱਚ ਵਿਲਟਰੇਸ਼ਨ ਵਿੱਚ ਦਿਲਚਸਪੀ ਰੱਖਦਾ ਹੈ, ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫ਼ਨਾਮੇ ਨਾਲ ਸਮਰਥਤ) ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਸਾਰੇ ਬਿਨੈਕਾਰਾਂ ਦੀ ਬੇਨਤੀ ਨੂੰ ਉਸ ਅਨੁਸਾਰ ਸਵੀਕਾਰ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ**
**ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

## ਜ਼ਿਲ੍ਹਾ ਲਿਖਾਰੀ ਸਭਾ, ਫ਼ਤਿਹਗੜ੍ਹ ਸਾਹਿਬ ਦੀ ਹੋਈ ਮਹੀਨਾਵਾਰ ਇਕੱਤਰਤਾ



ਫਤਿਹਗੜ੍ਹ ਸਾਹਿਬ, 19 ਜੂਨ (ਹਰਪ੍ਰੀਤ ਕੌਰ ਟਿਵਾਣਾ): ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ, ਸਰਹਿੰਦ ਮੰਡੀ ਵਿਖੇ ਜ਼ਿਲ੍ਹਾ ਲਿਖਾਰੀ ਸਭਾ, ਫ਼ਤਿਹਗੜ੍ਹ ਸਾਹਿਬ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਦੀ ਅਗਵਾਈ ਹੇਠ ਲਿਖਾਰੀ ਸਭਾ ਦੀ ਮਹੀਨੇਵਾਰ ਇਕੱਤਰਤਾ ਕੀਤੀ ਗਈ। ਇਸ ਮੌਕੇ ਲਿਖਾਰੀ ਸਭਾ ਦੇ ਪ੍ਰਧਾਨ ਬੀਬੀ ਸਰਹਿੰਦ ਨਾਲ ਮੀਤ ਪ੍ਰਧਾਨ ਪ੍ਰੋ. ਸਾਧੂ ਸਿੰਘ ਪਨਾਗ ਮੰਚ ਤੇ ਸੁਸ਼ੋਭਿਤ ਰਹੇ ਜਦਕਿ ਸਭਾ ਦੇ ਜਨਰਲ ਸਕੱਤਰ ਹਰਜਿੰਦਰ ਸਿੰਘ ਗੋਪਾਲੋਂ ਨੇ ਮੰਚ ਸੰਚਾਲਨ ਕੀਤਾ। ਇਸ ਮੌਕੇ ਸਭ ਤੋਂ ਪਹਿਲਾਂ ਪਿਛਲੇ ਦਿਨੀ ਗੁਜਰਾਤ ਸੂਬੇ ਵਿੱਚ ਹੋਏ ਹਵਾਈ ਹਾਦਸੇ ਦੌਰਾਨ ਮਾਰੇ ਗਏ ਯਾਤਰੀਆਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਵਰਤ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸਭਾ ਵਿੱਚ ਪਹਿਲੀ ਵਾਰ ਆਏ ਸੇਵਾ ਮੁਕਤ ਲੈਕਚਰਾਰ ਨਾਹਰ ਸਿੰਘ ਦਾ ਵਿਸ਼ੇਸ਼ ਤੌਰ ਤੇ ਸਵਾਗਤ ਕੀਤਾ ਗਿਆ। ਇਸ ਉਪਰੰਤ ਆਏ ਕਵੀਆਂ ਭਾਈ ਰਣਜੀਤ ਸਿੰਘ, ਅਜਮੇਰ ਸਿੰਘ ਮਾਨ, ਜਸਵਿੰਦਰ ਸਿੰਘ, ਬਲਤੇਜ ਸਿੰਘ ਬਠਿੰਡਾ, ਗੁਰਪ੍ਰੀਤ ਸਿੰਘ ਬਰਗਾੜੀ, ਪ੍ਰਿਤਪਾਲ ਸਿੰਘ ਭੜੀ, ਰਵਿੰਦਰ ਸਿੰਘ, ਅਮਰਬੀਰ ਸਿੰਘ ਚੀਮਾ, ਹਰਜਿੰਦਰ ਸਿੰਘ ਗੋਪਾਲੋਂ ਤੇ ਪਰਮਜੀਤ ਕੌਰ ਸਰਹਿੰਦ ਵੱਲੋਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਅੰਤ ਵਿੱਚ ਸਭਾ ਦੀ ਪ੍ਰਧਾਨ ਬੀਬੀ ਪਰਮਜੀਤ ਕੌਰ ਸਰਹਿੰਦ ਨੇ ਪੜ੍ਹੀਆਂ ਰਚਨਾਵਾਂ ਦੀ ਪੜਚੋਲ ਕੀਤੀ ਅਤੇ ਪਹੁੰਚੇ ਕਵੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬੀਬੀ ਸਰਹੰਦ ਵੱਲੋਂ ਉਹਨਾਂ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਸਭਾ ਨਾਲ ਲਗਾਤਾਰ ਜੁੜੇ ਰਹਿਣ ਦੀ ਅਪੀਲ ਵੀ ਕੀਤੀ।

## ਖ਼ਾਲਸਾ ਕਾਲਜ ਗੁਰਦਾਸਨੰਗਲ ਵਿਖੇ ਨੈਕ ਸਬੰਧੀ ਮੀਟਿੰਗ

ਧਾਰੀਵਾਲ 19 ਜੂਨ (ਅਸ਼ੋਕ ਕੁਮਾਰ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਸਕੱਤਰ ਵਿੱਦਿਆ ਸ੍ਰ. ਸੁਖਮਿੰਦਰ ਸਿੰਘ ਜੀ ਵੱਲੋਂ ਨੈਕ ਕਰਵਾਉਣ ਦੇ ਹੋਏ ਆਦੇਸ਼ ਅਨੁਸਾਰ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ



ਵੱਲੋਂ ਕਾਲਜ ਸਟਾਫ਼ ਨਾਲ ਹੰਗਾਮੀ ਮੀਟਿੰਗ ਕੀਤੀ ਗਈ। ਪ੍ਰਿੰਸੀਪਲ ਸਾਹਿਬ ਨੇ ਸਮੂਹ ਸਟਾਫ਼ ਨੂੰ ਨੈਕ ਕਰਵਾਉਣ ਸਬੰਧੀ ਜ਼ਰੂਰੀ ਨੁਕਤਿਆਂ ਅਤੇ ਬਾਰੀਕੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਹਰ ਸਟਾਫ਼ ਮੈਂਬਰ ਨੂੰ ਇਸ ਮਹੱਤਵਪੂਰਨ ਕੰਮ ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਤਾਕੀਦ ਕੀਤੀ ਤਾਂ ਕਿ ਵਧੀਆ ਗ੍ਰੇਡ ਪ੍ਰਾਪਤ ਕੀਤਾ ਜਾ ਸਕੇ। ਕਾਲਜ ਦੇ IQAC ਸੈੱਲ ਦੇ ਇੰਚਾਰਜ ਡਾ. ਆਤਮਾ ਸਿੰਘ ਨੇ ਸਮੂਹ ਸਟਾਫ਼ ਨੂੰ ਨੈਕ ਸਬੰਧੀ ਵੱਖ-ਵੱਖ ਜ਼ਰੂਰੀ ਕੰਮਾਂ ਬਾਰੇ ਜਾਗਰੂਕ ਕੀਤਾ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਤੇ ਬੜੇ ਸੁਚੱਜੇ ਢੰਗ ਨਾਲ ਕੰਮਾਂ ਦੀ ਵੰਡ ਕਰਕੇ ਸਫ਼ਲਤਾਪੂਰਵਕ ਢੰਗ ਨਾਲ ਨੈਕ ਕਰਵਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ। ਉਹਨਾਂ ਕਿਹਾ ਕਿ ਇਸ ਸਬੰਧੀ ਨੇੜਲੇ ਭਵਿੱਖ ਵਿੱਚ ਸਮੇਂ-ਸਮੇਂ ਤੇ ਹੋਰ ਮੀਟਿੰਗਾਂ ਕੀਤੀਆਂ ਜਾਣਗੀਆਂ ਤਾਂ ਕਿ ਇਸ ਕੰਮ ਨੂੰ ਜਲਦੀ ਅਤੇ ਤਸੱਲੀਬਖਸ਼ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਕਾਲਜ ਦੇ ਸਮੂਹ ਸਟਾਫ਼ ਮੈਂਬਰਾਂ ਨੇ ਪ੍ਰਿੰਸੀਪਲ ਸਾਹਿਬ ਨੂੰ ਦਿਨ-ਰਾਤ ਇੱਕ ਕਰਕੇ ਨੈਕ ਸਬੰਧੀ ਸਾਰੇ ਕੰਮ ਸੰਪੂਰਨ ਕਰਨ ਅਤੇ ਵਧੀਆ ਗ੍ਰੇਡ ਪ੍ਰਾਪਤ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਲਈ ਸਰਕਾਰੀ ਘੱਟ ਗਿਣਤੀ ਸਕੀਮਾਂ ਬਾਰੇ ਵਰਕਸ਼ਾਪ

ਚੌਂਕ ਮਹਿਤਾ 19 ਜੂਨ (ਬਲਜਿੰਦਰ ਸਿੰਘ ਰੰਧਾਵਾ): ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਹੇਠ ਮਹਾਰਾਸ਼ਟਰ ਸਰਕਾਰ ਸਿੱਖ ਭਾਈਚਾਰੇ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਲਈ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਇਹ ਪਹਿਲਾ ਮੌਕਾ ਹੈ ਜਦੋਂ ਰਾਜ ਘੱਟ ਗਿਣਤੀ ਵਿਕਾਸ ਵਿਭਾਗ ਨੇ ਸਰਕਾਰ ਦੁਆਰਾ ਖਾਸ ਤੌਰ ਤੇ ਸਿੱਖ ਭਾਈਚਾਰੇ ਅਤੇ ਘੱਟ ਗਿਣਤੀਆਂ ਲਈ ਚਲਾਈਆਂ ਜਾ ਰਹੀਆਂ ਘੱਟ ਗਿਣਤੀ ਭਲਾਈ ਯੋਜਨਾਵਾਂ ਤੇ ਵਰਕਸ਼ਾਪ ਆਯੋਜਿਤ ਕਰਕੇ ਆਪਣੇ ਆਪ ਵਿੱਚ ਇੱਕ ਇਤਿਹਾਸਕ ਕਦਮ ਚੁੱਕਿਆ ਹੈ। ਇਹ ਵਰਕਸ਼ਾਪ ਘੱਟ ਗਿਣਤੀ ਵਿਕਾਸ ਵਿਭਾਗ ਦੁਆਰਾ ਮਹਾਰਾਸ਼ਟਰ ਪੰਜਾਬੀ ਸਾਹਿਤ ਅਕੈਡਮੀ, ਰਾਜ ਘੱਟ ਗਿਣਤੀ ਕਮਿਸ਼ਨ ਅਤੇ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਸਹਿਯੋਗ ਨਾਲ ਸਰਕਾਰੀ ਸਹਿਯਾਦਰੀ ਗੈਸਟ ਹਾਊਸ, ਮੁੰਬਈ ਵਿਖੇ ਆਯੋਜਿਤ ਕੀਤੀ ਗਈ ਸੀ। ਇਸ ਵਰਕਸ਼ਾਪ ਦੀ ਪ੍ਰਧਾਨਗੀ ਰਾਜ ਦੇ ਮੁੱਖ ਸਕੱਤਰ ਸ਼੍ਰੀ ਰੁਚਿਸ਼ ਜੈਵੰਸ਼ੀ ਨੇ ਕੀਤੀ ਅਤੇ ਇਸ ਵਿੱਚ 11 ਮੈਂਬਰੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਸ਼੍ਰੀ ਜਸਪਾਲ ਸਿੰਘ ਸਿੱਧੂ, ਮਹਾਰਾਸ਼ਟਰ ਪੰਜਾਬੀ ਸਾਹਿਤ ਅਕੈਡਮੀ ਦੇ ਕਾਰਜਕਾਰੀ ਚੇਅਰਮੈਨ ਸ਼੍ਰੀ ਬਲ ਮਲਕੀਤ ਸਿੰਘ, ਮਹਾਰਾਸ਼ਟਰ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਸ਼੍ਰੀ ਚਰਨਦੀਪ ਸਿੰਘ ਹੈਪੀ ਤੋਂ ਇਲਾਵਾ ਨਾਸਿਕ, ਨਾਗਪੁਰ, ਪੁਣੇ, ਨਾਂਦੇੜ, ਹਿੰਗੋਲੀ, ਮੁੰਬਈ, ਐਮਐਮਆਰ ਅਤੇ ਨਵੀਂ ਮੁੰਬਈ ਦੇ ਪਤਵੰਤੇ ਸ਼ਾਮਲ ਹੋਏ। ਵਰਕਸ਼ਾਪ ਬਹੁਤ ਉਪਯੋਗੀ ਅਤੇ ਜਾਣਕਾਰੀ ਭਰਪੂਰ ਸੀ, ਜਿਸ ਰਾਹੀਂ ਭਾਈਚਾਰੇ ਦੇ ਮੈਂਬਰਾਂ ਨੂੰ ਸਰਕਾਰੀ ਯੋਜਨਾਵਾਂ ਬਾਰੇ ਬਰੀਕੀ ਨਾਲ ਜਾਣਕਾਰੀ ਦਿੱਤੀ ਗਈ, ਜੋ ਭਵਿੱਖ ਵਿੱਚ ਉਨ੍ਹਾਂ ਲਈ ਮਦਦਗਾਰ ਸਾਬਤ ਹੋਣਗੀਆਂ। ਇਸ ਮੌਕੇ ਵਰਕਸ਼ਾਪ ਦੇ ਪ੍ਰਬੰਧਕ ਅਤੇ 11 ਮੈਂਬਰੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਸ਼੍ਰੀ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਮਹਾਰਾਸ਼ਟਰ ਦੀ ਦੇਵੇਂਦਰ ਫੜਨਵੀਸ ਸਰਕਾਰ ਸਿੱਖ ਭਾਈਚਾਰੇ ਅਤੇ ਘੱਟ ਗਿਣਤੀਆਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹੁਣ ਆਗੂਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਰਕਾਰੀ ਯੋਜਨਾਵਾਂ ਦੀ ਜਾਣਕਾਰੀ ਦੂਜੇ ਲੋਕਾਂ ਤੱਕ ਪਹੁੰਚਾਉਣ ਤਾਂ ਜੋ ਸਮੁੱਚਾ ਸਿੱਖ ਭਾਈਚਾਰਾ ਸਰਕਾਰ ਦੀਆਂ ਘੱਟ ਗਿਣਤੀ ਯੋਜਨਾਵਾਂ ਦਾ ਲਾਭ ਲੈ ਸਕਣ।


**ਜਨਤਕ ਸੂਚਨਾ**
**ਚੰਡੀਗੜ੍ਹ ਪ੍ਰਸ਼ਾਸਨ**
**ਆਬਕਾਰੀ ਅਤੇ ਟੈਕਸ ਵਿਭਾਗ**

**ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਵਿਦੇਸ਼ੀ ਸ਼ਰਾਬ, ਬੀਅਰ, ਵਾਈਨ ਅਤੇ ਦੇਸੀ ਸ਼ਰਾਬ (L-2/L-14ਏ) ਦੇ ਪ੍ਰਚੂਨ ਸ਼ਰਾਬ ਲਾਇਸੈਂਸਾਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗੀਦਾਰੀ ਲਈ ਰਜਿਸਟ੍ਰੇਸ਼ਨ ਲਈ ਨੋਟਿਸ।**

ਇਹ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਵਿਅਕਤੀਆਂ ਦੀ ਔਨਲਾਈਨ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 20.06.2025 ਤੋਂ ਸ਼ੁਰੂ ਹੋਵੇਗੀ।

ਸਾਰੇ ਇੱਛੁਕ ਵਿਅਕਤੀ ਪ੍ਰਕਿਰਿਆ ਦੀ ਜਾਣਕਾਰੀ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਜਾ ਸਕਦੇ ਹਨ ਅਤੇ ਜੋ ਲੋਕ ਈ-ਟੈਂਡਰਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ ਉਹ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੇ ਸੰਭਾਵੀ ਬੋਲੀਕਾਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਈ-ਟੈਂਡਰ ਵੈੱਬਸਾਈਟ https://etenders.chd.nic.in 'ਤੇ ਈ-ਟੈਂਡਰਿੰਗ ਲਈ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

ਈ-ਟੈਂਡਰਿੰਗ ਲਈ ਭਾਗੀਦਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਇੱਕ ਹੈਲਪਡੈਸਕ ਵੀ ਸਥਾਪਤ ਕੀਤਾ ਗਿਆ ਹੈ।

**ਸਹੀ/-ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ।**



**ਇੰਡੀਅਨ ਬੈਂਕ Indian Bank**
ਇਲਾਹਾਬਾਦ ALLAHABAD

ਜ਼ੋਨਲ ਦਫ਼ਤਰ: ਐਸਸੀਓ 96, ਚੌਥੀ ਮੰਜ਼ਿਲ, ਜ਼ਿਲ੍ਹਾ ਸ਼ਾਪਿੰਗ ਸੈਂਟਰ, ਰਣਜੀਤ ਐਵੇਨਿਊ, ਅੰਮ੍ਰਿਤਸਰ-143001
Ph.: 0183-2830600; Fax: 0183-2500108,
E-mail: zoamritsar@indianbank.co.in

**ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਇੰਡੀਅਨ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ (ਾਂ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ/ਸਹਿਕਰਜ਼ਦਾਰ/ਜ਼ਾਮਨ ਅਤੇ ਗਿਰਵੀਕਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ **ਧਾਰਾ** 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ/ਸਹਿਕਰਜ਼ਦਾਰ/ਜ਼ਾਮਨ ਅਤੇ ਗਿਰਵੀਕਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ **ਇੰਡੀਅਨ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਅਸੀਂ ਤੁਹਾਡਾ ਧਿਆਨ ਜ਼ਾਮਨੀਆਂ ਉਪਰ ਪੁਨਰ ਪ੍ਰਾਪਤੀ ਦੇ ਤੁਹਾਡੇ ਅਧਿਕਾਰਾਂ ਨਾਲ ਸਬੰਧਤ ਸਰਫਾਇਸੀ ਐਕਟ ਅਤੇ ਇਸ ਦੇ ਅਧੀਨ ਗਠਿਤ ਨਿਯਮਾਂ ਦੀ ਧਾਰਾ 13 (8) ਦੀਆਂ ਵਿਵਸਥਾਵਾਂ ਵੱਲ ਦੁਆਉਂਦੇ ਹਾਂ।**

| ਸ਼ਾਖਾ/ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|
| **ਸ਼ਾਖਾ ਦਫ਼ਤਰ ਜਲਾਲਾਬਾਦ** **ਕਰਜ਼ਦਾਰ/ਗਿਰਵੀਕਾਰ (ਾਂ) :- ਸ੍ਰੀ ਰਾਕੇਸ਼ ਕੁਮਾਰ** ਸਪੁੱਤਰ ਦਰਸ਼ਨ ਲਾਲ, ਮਕਾਨ ਨੰ. 1471/ਕੇ, ਵਾਰਡ ਨੰ. 08, ਗਣੇਸ਼ ਨਗਰੀ, ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ **ਜ਼ਾਮਨ (ਾਂ) :- ਸ੍ਰੀਮਤੀ ਜੋਤੀ ਰਾਣੀ** ਸੁਪਤਨੀ ਰਾਕੇਸ਼ ਕੁਮਾਰ, ਮਕਾਨ ਨੰ. 1471/ਕੇ, ਵਾਰਡ ਨੰ. 08, ਗਣੇਸ਼ ਨਗਰੀ, ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ | ਰਾਕੇਸ਼ ਕੁਮਾਰ ਸਪੁੱਤਰ ਦਰਸ਼ਨ ਲਾਲ ਸਪੁੱਤਰ ਹੰਸ ਰਾਜ ਵਾਸੀ ਗਣੇਸ਼ ਨਗਰੀ, ਜਲਾਲਾਬਾਦ (ਪੱਛਮ), ਤਹਿਸੀਲ ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ ਦੀ ਮਾਲਕੀ ਹੇਠ ਗਣੇਸ਼ ਨਗਰੀ, ਜਲਾਲਾਬਾਦ (ਪੱਛਮ), ਤਹਿਸੀਲ ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਸੰਪੱਤੀ ਨੰਬਰ 1471/39 (ਪੁਰਾਣਾ ਸੰਪੱਤੀ ਨੰਬਰ ਈ2 ਅਤੇ 724) ਦੇ ਅਧੀਨ 3 ਮਰਲੇ 3 ਸਰਸਾਹੀ (30'X30') ਮਾਪ ਵਾਲੀ ਰਿਹਾਇਸ਼ੀ ਸੰਪੱਤੀ ਦੀ ਨਿਆਂਸੰਗਤ ਗਿਰਵੀ ਦੇ ਸਾਰੇ ਭਾਗ ਅਤੇ ਹਿੱਸੇ। ਸਾਈਟ ਅਨੁਸਾਰ ਹੱਦਬੰਦੀ : ਪੂਰਬ : ਜਨਕ ਰਾਜ, ਪੱਛਮ : ਰਮਨ ਸਿਡਾਣਾ, ਉਤਰ : ਗਲੀ, ਦੱਖਣ : ਵਿਕਰਮ। | 08.04.2025 ਰੁ. 9,90,970/-, 12.06.2025 ਦੇ ਅਨੁਸਾਰ ਅਤੇ ਇਸ 'ਤੇ ਵਿਆਜ, ਫੀਸਾਂ। | 17.06.2025 |

ਮਿਤੀ : 19.06.2025 ਸਥਾਨ : ਜਲਾਲਾਬਾਦ **ਅਧਿਕਾਰਤ ਅਧਿਕਾਰੀ**



**ਸਟੇਟ ਬੈਂਕ ਆਫ ਇੰਡੀਆ**
ਹੋਮ ਲੋਨ ਸੈਂਟਰ, ਪਹਿਲੀ ਮੰਜ਼ਿਲ, ਸ਼ਹੀਦ ਊਧਮ ਸਿੰਘ ਚੌਂਕ, ਫਿਰੋਜ਼ਪੁਰ

**ਮੰਗ ਸੂਚਨਾ**
ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇੱਥੇ ਬਾਅਦ ਵਿੱਚ "ਕਾਨੂੰਨ" ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਦੇ ਅਧੀਨ ਸੂਚਨਾ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ) (ਸਹਿ ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਪੰਜੀਕ੍ਰਿਤ/ਸਪੀਡ ਪੋਸਟ ਦੁਆਰਾ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਉਨ੍ਹਾਂ ਦੇ ਨਿਮਨ ਲਿਖਤ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ(ਾਂ) ਦੇ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| **ਗੁਰੂਹਰਸਹਾਏ-50743** **1. ਸ਼੍ਰੀ ਜਗਜੀਤ ਸਿੰਘ ਪੁੱਤਰ ਸ਼੍ਰੀ ਸੁਰੈਣ ਸਿੰਘ (ਕਰਜ਼ਦਾਰ), 2. ਅਨੂਪ ਸਿੰਘ ਪੁੱਤਰ ਸ਼੍ਰੀ ਜਗਜੀਤ ਸਿੰਘ (ਸਹਿ-ਕਰਜ਼ਦਾਰ)** ਦੋਵੇਂ ਵਾਸੀ ਨੇੜੇ ਸ਼ਿਵਾਲਾ ਮੰਦਿਰ ਮੁਕਤਸਰ ਰੋਡ, ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ, ਹੋਰ ਪਤਾ : ਮਕਾਨ ਨੰ. 366, ਵਾਰਡ ਨੰ. 4, ਨਗਰ ਕਾਊਂਸਿਲ ਦਫਤਰ, ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ | ਸ਼੍ਰੀ ਜਗਜੀਤ ਸਿੰਘ ਪੁੱਤਰ ਸ਼੍ਰੀ ਸੁਰੈਣ ਸਿੰਘ ਦੇ ਨਾਮ 'ਤੇ, ਟਰਾਂਸਫਰ ਡੀਡ ਨੰਬਰ 825 ਮਿਤੀ 06.07.2016 ਦੇ ਅਧੀਨ 5 ਮਰਲੇ (20'X60') ਦੀ ਜ਼ਮੀਨ 'ਤੇ ਬਣਿਆ ਰਿਹਾਇਸ਼ੀ ਮਕਾਨ, ਭਾਵ 4 ਕਨਾਲ 2 ਮਰਲੇ ਦੇ 45/738 ਹਿੱਸੇ 'ਤੇ ਮੁਰੱਬਾ ਨੰਬਰ 256, ਕਿਲਾ ਨੰਬਰ 25 (4-2), ਖੇਵਟ ਨੰਬਰ 1957/1723, ਖਤੌਨੀ ਨੰਬਰ 2450 ਜਮ੍ਹਾਂਬੰਦੀ ਸਾਲ 2008-09 ਅਨੁਸਾਰ ਅਤੇ ਹੱਦਬੰਦੀ : ਪੂਰਬ : ਸੋਹਨ ਲਾਲ, ਪੱਛਮ: ਸਰਬਜੀਤ ਸਿੰਘ, ਉੱਤਰ: ਗਲੀ, ਦੱਖਣ: ਰਾਮ ਚੰਦ | 01.09.2024 | 14.05.2025 | Rs. 14,95,578.51 14.054.2025 ਦੇ ਅਨੁਸਾਰ ਭਾਵੀ ਵਿਆਜ, ਅਚਨਚੇਤੀ ਖਰਚਿਆਂ, ਲਾਗਤਾਂ, ਫੀਸਾਂ ਆਦਿ ਸਮੇਤ |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ (ਾਂ) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।

ਮਿਤੀ: 20.06.2025 ਸਥਾਨ : ਫਿਰੋਜ਼ਪੁਰ ਅਧਿਕਾਰਤ ਅਧਿਕਾਰੀ



**ਕੇਨਰਾ ਬੈਂਕ** ਭਾਰਤ ਸਰਕਾਰ ਦਾ ਅਦਾਰਾ **Canara Bank** A Government of India Undertaking ਸਿੰਡਿਕੇਟ Syndicate
**ਸ਼ਾਖਾ ਦਫ਼ਤਰ ਮਲੋਟ**

**ਮੰਗ ਸੂਚਨਾ**
ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇਥੇ ਬਾਅਦ ਵਿਚ "ਕਾਨੂੰਨ" ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਅਧੀਨ ਸੂਚਨਾ

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ) (ਸਹਿ-ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ਿਆਂ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਪੰਜੀਕ੍ਰਿਤ/ਸਪੀਡ ਪੋਸਟ ਦੁਆਰਾ ਉਨ੍ਹਾਂ ਦੇ ਨਿਮਨਲਿਖਤ ਪਤਿਆਂ 'ਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾਵਾਂ ਜਾਰੀ ਕੀਤੀਆਂ ਗਈਆਂ ਸਨ, ਪਰ ਉਹ ਬਿਨਾਂ ਤਾਮੀਲ ਤੋਂ ਹੀ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (ਾਂ)/ਜ਼ਾਮਨ(ਾਂ) ਦਾ ਨਾਮ | ਚੱਲ ਸੰਪਤੀਆਂ/ਅਸਾਸਿਆਂ ਦੇ ਵੇਰਵੇ | ਐਨ.ਪੀ.ਏ. ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| **ਕੁਲਵਿੰਦਰ ਕੌਰ ਸੁਪਤਨੀ ਸੁਖਦੇਵ ਸਿੰਘ (ਕਰਜ਼ਦਾਰ)** ਪਿੰਡ ਤੇ ਡਾਕਖਾਨਾ ਸਰਾਵਾਂ ਬੋਦਲਾ ਤਹਿਸੀਲ ਮਲੋਟ, ਜ਼ਿਲ੍ਹਾ ਮੁਕਤਸਰ, ਪੰਜਾਬ-151210, **ਸੁਖਦੇਵ ਸਿੰਘ ਸਪੁੱਤਰ ਅਮਰ ਸਿੰਘ** ਪਿੰਡ ਤੇ ਡਾਕਖਾਨਾ ਸਰਾਵਾਂ ਬੋਦਲਾ ਤਹਿਸੀਲ ਮਲੋਟ, ਜ਼ਿਲ੍ਹਾ ਮੁਕਤਸਰ, ਪੰਜਾਬ-151210, | **ਹੁੰਡਾਈ ਮੋਟਰਜ਼ ਇੰਡੀਆ ਲਿਮਟਿਡ ਵੈਨਿਊ 1.4 ਸੀਆਰਡੀਆਈ ਐਮਟੀ ਐਸਐਕਸ, ਰਜਿਸਟ੍ਰੇਸ਼ਨ ਨੰ. : ਪੀਬੀ30ਐਕਸ0313, ਇੰਜਣ ਨੰਬਰ : ਡੀ4ਐਫਸੀਕੇਐਮ823039, ਚਾਸੀ ਨੰਬਰ : ਐਮਏਐਲਐਫਸੀ81ਸੀਐਲਕੇਐਮ028999** | 02.06.2025 | 10.06.2025 | Rs. 5,93,892.79 ਅਗਲੇਰੇ ਵਿਆਜ ਅਤੇ ਅਚਨਚੇਤੀ ਖਰਚਿਆਂ ਅਤੇ ਲਾਗਤਾਂ ਸਮੇਤ |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ(ਾਂ) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।

ਮਿਤੀ : 20.06.2025 ਸਥਾਨ : ਮਲੋਟ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ



**ਕੇਨਰਾ ਬੈਂਕ** ਭਾਰਤ ਸਰਕਾਰ ਦਾ ਅਦਾਰਾ **Canara Bank** A Government of India Undertaking ਸਿੰਡਿਕੇਟ Syndicate
**ਖੇਤਰੀ ਦਫ਼ਤਰ : ਬਠਿੰਡਾ**

**ਮੰਗ ਸੂਚਨਾ** **[ਨਿਯਮ 8-(1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਕੇਨਰਾ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ **ਧਾਰਾ** 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲੀ, ਜੇਕਰ ਕੋਈ ਹੈ, ਮਨਫੀ ਕਰਕੇ ਬਾਕੀ ਰਕਮ, ਹੋਰ ਫੀਸਾਂ, ਖਰਚਿਆਂ, ਲਾਗਤਾਂ ਦੇ ਲਈ **ਕੇਨਰਾ ਬੈਂਕ, ਭੁਚੋ ਮੰਡੀ ਸ਼ਾਖਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰਾਂ /ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਖਾਤਾ, ਕਰਜ਼ਦਾਰ (ਾਂ)/ਗਿਰਵੀਕਾਰ/ ਸਹਿ-ਕਰਜ਼ਦਾਰ/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਭੁੱਚੋ ਮੰਡੀ** 1. ਸ਼੍ਰੀਮਤੀ ਜਸਪ੍ਰੀਤ ਕੌਰ ਪੁੱਤਰੀ ਜਗਸੀਰ ਸਿੰਘ ਵਾਸੀ ਵਾਰਡ ਨੰ. 13 ਭੁੱਚੋ ਕਲਾਂ, ਬਠਿੰਡਾ-ਪੰਜਾਬ (ਕਰਜ਼ਦਾਰ), 2. ਜਗਸੀਰ ਸਿੰਘ ਪੁੱਤਰ ਅਜਾਇਬ ਸਿੰਘ, ਐਚ. ਨੰ. 57, ਵਾਰਡ ਨੰ.13, ਭੁੱਚੋ ਮੰਡੀ। (ਸਹਿ-ਕਰਜ਼ਦਾਰ) | ਜਾਇਦਾਦ ਦਾ ਸਾਰਾ ਹਿੱਸਾ ਜਿਸ ਵਿੱਚ 153.33 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ ਸ਼ਾਮਲ ਹੈ ਜੋ ਕਿ 00 ਕਨਾਲ-05 ਮਰਲੇ ਦੇ ਬਰਾਬਰ ਹੈ ਜੋ ਕਿ 01 ਕਨਾਲ-00 ਮਰਲੇ ਦਾ 1/4 ਹਿੱਸਾ ਹੈ, ਪਿੰਡ ਬੁਰਜ ਕਾਹਨ ਸਿੰਘ ਵਾਲਾ ਦੀ ਸਾਲ 2017-18 ਦੀ ਜਮਾਂਬੰਦੀ ਅਨੁਸਾਰ ਖੇਵਟ/ਖਤੋਨੀ ਨੰਬਰ 227/1003, ਖਸਰਾ ਨੰਬਰ 627 (1-0) ਵਿੱਚ ਸ਼ਾਮਲ ਹੈ, ਜਿਸ ਵਿੱਚ ਮਕਾਨ ਨੰਬਰ 57, ਵਾਰਡ ਨੰਬਰ 13 ਗਿਆਨੀਆ ਵਾਲੀ ਗਲੀ ਭੁੱਚੋ ਮੰਡੀ ਜ਼ਿਲ੍ਹਾ ਹੈ। ਬਠਿੰਡਾ ਅਤੇ ਡੀਡ ਅਨੁਸਾਰ ਹੇਠ ਲਿਖੇ ਅਨੁਸਾਰ ਹੈ: ਪੂਰਬ: 23 ਫੁੱਟ ਸਟਰੀਟ, ਪੱਛਮ: 23 ਫੁੱਟ ਸੁਖ ਰਾਮ ਪੁੱਤਰ ਰਾਮ ਕ੍ਰਿਸ਼ਨ, ਉੱਤਰ: 60 ਫੁੱਟ ਸਟਰੀਟ, ਦੱਖਣ: 60 ਫੁੱਟ ਗੁਰਸੇਵਕ ਸਿੰਘ ਨੇ ਮਿਤੀ 25.06.2020 ਨੂੰ ਰਜਿਸਟਰਡ ਸੇਲ ਡੀਡ ਨੰਬਰ 2020-21/72/1/390 ਰਾਹੀਂ ਜਸਪ੍ਰੀਤ ਕੌਰ ਪਤਨੀ ਜਗਸੀਰ ਸਿੰਘ ਦੇ ਨਾਮ 'ਤੇ ਖਰੀਦਿਆ ਹੈ ਜੋ ਸੰਯੁਕਤ ਸਬ ਰਜਿਸਟਰਾਰ ਨਥਾਣਾ ਤਹਿਸੀਲ ਨਥਾਣਾ ਜ਼ਿਲ੍ਹਾ ਬਠਿੰਡਾ ਨਾਲ ਰਜਿਸਟਰਡ ਹੈ। | 10.04.2025 | 17.06.2025 | Rs. 18,11,346.11 **ਅਗਲੇਰੇ ਵਿਆਜ ਅਤੇ ਖਰਚਿਆਂ ਸਮੇਤ** |
| **ਬਰਨਾਲਾ** 1) ਭੋਲੀ ਕੌਰ ਵਾਸੀ ਜਾਜ ਸਿੰਘ ਬੀ IV 732 ਗੁਮਿਆਰਾ ਵਾਲੀ ਗਲੀ ਵਾਰਡ ਨੰ 8 ਬਰਨਾਲਾ ਪੰਜਾਬ 148101 2) ਗੁਰਮੇਲ ਕੌਰ ਪਤਨੀ ਜਸਵੀਰ ਸਿੰਘ ਭੱਠੇ ਵਾਲੀ ਗਲੀ ਆਜ਼ਾਦ ਨਗਰ ਬਰਨਾਲਾ ਪੰਜਾਬ 148101 3) ਜੱਜ ਸਿੰਘ ਪੁੱਤਰ ਜੰਗ ਸਿੰਘ ਬੀ IV 732 ਗੁਮਿਆਰਾ ਵਾਲੀ ਗਲੀ ਵਾਰਡ ਨੰ 8 ਬਰਨਾਲਾ ਪੰਜਾਬ 148101 | 3.3 ਮਰਲੇ ਜ਼ਮੀਨ ਦੇ ਪਲਾਟ 'ਤੇ ਬਣਿਆ ਰਿਹਾਇਸ਼ੀ ਘਰ ਜੋ ਕਿ 27 ਕਨਾਲ 18 ਮਰਲੇ ਦੇ 3/502 ਹਿੱਸੇ ਵਿੱਚ ਬਣਿਆ ਹੋਇਆ ਹੈ, ਜਿਸ ਵਿੱਚ ਖਾਤਾ ਨੰਬਰ 1539/2193 ਖਸਰਾ ਨੰਬਰ 195//16/1(0-6), 25/3(0-12), 196//18/2/2(1-2), 18/3/2(0-2), 19/2(3-6), 20/3 (2-16),21(8-0),22(7-8), 23/1(3-16) ਪਿੰਡ ਬਰਨਾਲਾ 'ਬੀ' ਦੀ ਮਾਲੀਆ ਸੀਮਾ ਵਿੱਚ ਸਥਿਤ ਹੈ, ਸਾਲ 2009-2010 ਲਈ ਜਮਾਂਬੰਦੀ ਅਨੁਸਾਰ ਸੈਨਿਕ ਸਿਖਲਾਈ ਅਕੈਡਮੀ ਪੱਟੀ ਸਵੱਛਾਂ ਰੋਡ ਬਰਨਾਲਾ ਵਿਖੇ ਭੋਲੀ ਕੌਰ ਪਤਨੀ ਜੱਜ ਸਿੰਘ ਦੇ ਨਾਮ 'ਤੇ ਰਜਿਸਟਰਡ ਸੇਲ ਡੀਡ ਮਿਤੀ 08.01.2014 ਨੂੰ ਸਬ ਰਜਿਸਟਰਾਰ ਦੇ ਦਫ਼ਤਰ ਵਿਖੇ ਰਜਿਸਟਰਡ ਹੈ। ਬਰਨਾਲਾ ਵਿਖੇ ਸੀਨੀਅਰ ਨੰਬਰ 3929 ਬਹੀ ਨੰਬਰ 1 ਜਿਲਦ ਨੰਬਰ 0 ਪੰਨਾ ਨੰਬਰ 0 ਮਿਤੀ 08.01.2014 ਨੂੰ, ਜੋ ਕਿ ਉਕਤ ਸੇਲ ਡੀਡ ਇੰਤਕਾਲ ਨੰਬਰ 19972 ਮਿਤੀ 11.02.2014 ਦੇ ਆਧਾਰ 'ਤੇ ਵਿਧੀਵਤ ਤੌਰ 'ਤੇ ਲਾਗੂ, ਮੋਹਰ ਲਗਾਈ ਅਤੇ ਰਜਿਸਟਰ ਕੀਤੀ ਗਈ ਹੈ, ਜਿਸਦੀ ਹੱਦ ਹੇਠ ਲਿਖੇ ਅਨੁਸਾਰ ਹੈ: ਪੂਰਬ: 15' ਗਲੀ 20' ਚੌੜੀ, ਪੱਛਮ: 15' ਗਲੀ 20' ਚੌੜੀ, ਉੱਤਰ: 60' ਖਾਲੀ ਪਲਾਟ, ਦੱਖਣ: 60' ਖਾਲੀ ਪਲਾਟ | 02.04.2025 | 17.06.2025 | Rs. 5,15,207.43 **ਅਗਲੇਰੇ ਵਿਆਜ ਅਤੇ ਖਰਚਿਆਂ ਸਮੇਤ** |

ਮਿਤੀ : 20.06.2025 ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਗਰਮੀਆਂ 'ਚ ਬਲੈਕ ਟੀ ਪੀਣਾ ਸਿਹਤ ਲਈ ਹੈ ਲਾਹੇਵੰਦ

ਜਦੋਂ ਗਰਮੀਆਂ ਦੀ ਗਰਮੀ ਚਰਮ ਸੀਮਾ 'ਤੇ ਹੋਵੇ ਤਾਂ ਜ਼ਿਆਦਾਤਰ ਲੋਕ ਠੰਢੀਆਂ ਚੀਜ਼ਾਂ ਪੀਣਾ ਨੂੰ ਤਰਜੀਹ ਦਿੰਦੇ ਹਨ ਪਰ ਅਜਿਹੇ ਸਮੇਂ ਵਿਚ ਵੀ ਬਲੈਕ ਟੀ ਵਰਗੀ ਗਰਮ ਪੀਣੀ ਸਿਹਤ ਲਈ ਲਾਭਕਾਰੀ ਹੋ ਸਕਦੀ ਹੈ। ਬਲੈਕ ਟੀ ਨਾ ਸਿਰਫ਼ ਇਕ ਕੁਦਰਤੀ ਊਰਜਾ ਵਧਾਉਣ ਵਾਲੀ ਪੀਣ ਹੈ ਸਗੋਂ ਇਹ ਸਰੀਰ ਨੂੰ ਡਿਟੌਕਸ ਕਰਨ, ਮੈਟਾਬੋਲਿਜ਼ਮ ਵਧਾਉਣ ਅਤੇ ਮਨ ਨੂੰ ਚੁਸਤ ਬਣਾਈ ਰੱਖਣ ਵਿਚ ਵੀ ਸਹਾਇਕ ਹੈ। ਆਓ ਇਸ ਬਾਰੇ ਅਸੀਂ ਜਾਣਦੇ ਹਾਂ ਕਿ ਗਰਮੀਆਂ ਵਿਚ ਬਲੈਕ ਟੀ ਪੀਣ ਦੇ ਕੀ ਹਨ ਫਾਇਦੇ ਅਤੇ ਕੀ ਲਾਜ਼ਮੀ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ।



**ਐਂਟੀਓਕਸੀਡੈਂਟ ਨਾਲ ਭਰਪੂਰ :** ਬਲੈਕ ਟੀ ਵਿਚ ਫਲੇਵਨੌਇਡ ਹੁੰਦੇ ਹਨ ਜੋ ਸਰੀਰ ਤੋਂ ਟਾਕਸਿਨ ਦੂਰ ਕਰਦੇ ਹਨ ਅਤੇ ਰੋਗ-ਪਰਤਿਰੋਧਕ ਤਾਕਤ ਵਧਾਉਂਦੇ ਹਨ।

**ਮੈਂਟਲ ਅਲਰਟਨੈੱਸ ਨੂੰ ਵਧਾਵੇ :** ਇਹ ਇਕ ਕੁਦਰਤੀ ਐਨਰਜੀ ਬੂਸਟਰ ਵਜੋਂ ਕੰਮ ਕਰਦੀ ਹੈ ਅਤੇ ਕੈਫੀਨ ਮਾਤਰਾ ਹੋਣ ਕਰਕੇ ਇਹ ਥਕਾਵਟ ਘਟਾਉਂਦੀ ਹੈ।

**ਹਾਈਡਰੇਸ਼ਨ 'ਚ ਮਦਦਗਾਰ :** ਜੇ ਬਲੈਕ ਟੀ ਨੂੰ ਠੰਢਾ ਕਰਕੇ ਪੀਤਾ ਜਾਵੇ ਜਾਂ ਥੋੜ੍ਹਾ ਨਿੰਬੂ ਮਿਲਾ ਕੇ ਆਈਸਡ ਟੀ ਬਣਾਈ ਜਾਵੇ, ਤਾਂ ਇਹ ਸਰੀਰ ਨੂੰ ਹਾਈਡਰੇਟ ਵੀ ਰੱਖਦੀ ਹੈ।

**ਸਰੀਰ ਦੀ ਤਪਸ਼ ਘਟਾਵੇ:** ਇਹ ਪਸੀਨਾ ਰਾਹੀਂ ਆਉਣ ਵਾਲੀ ਸਰੀਰ ਦੀ ਤਪਸ਼ ਘਟਾਉਣ ਵਿਚ ਮਦਦ ਕਰਦੀ ਹੈ।

**ਮੋਟਾਪਾ ਘਟਾਉਣ 'ਚ ਸਹਾਇਕ:** ਖਾਲੀ ਪੇਟ ਬਲੈਕ ਟੀ ਪੀਣ ਨਾਲ ਮੈਟਾਬੋਲਿਜ਼ਮ ਵਧਦਾ ਹੈ, ਜੋ ਚਰਬੀ ਘਟਾਉਣ ਵਿਚ ਮਦਦ ਕਰ ਸਕਦਾ ਹੈ।

**ਸ਼ੂਗਰ ਨੂੰ ਕੰਟਰੋਲ ਕਰਦੀ ਹੈ :** ਬਲੈਕ ਕੌਫੀ ਸ਼ੂਗਰ ਦੇ ਖਤਰੇ ਨੂੰ ਘੱਟ ਕਰਨ ਚ ਮਦਦ ਕਰਦੀ ਹੈ। ਬਲੈਕ ਕੌਫੀ ਸਰੀਰ 'ਚ ਇਨਸੁਲਿਨ ਦੇ ਉਤਪਾਦਨ 'ਚ ਮਦਦ ਕਰਦੀ ਹੈ, ਜਿਸ ਨਾਲ ਸ਼ੂਗਰ ਦਾ ਖਤਰਾ ਘੱਟ ਹੁੰਦਾ ਹੈ।

**ਦਿਲ ਨੂੰ ਸਿਹਤਮੰਦ ਰੱਖਦੀ ਹੈ:** ਬਲੈਕ ਕੌਫੀ ਦਿਲ ਲਈ ਵੀ ਚੰਗੀ ਹੁੰਦੀ ਹੈ। ਰੋਜ਼ਾਨਾ 1 ਜਾਂ 2 ਕੱਪ ਬਲੈਕ ਕੌਫੀ ਪੀਣ ਨਾਲ ਸਟ੍ਰੋਕ ਸਮੇਤ ਕਿਸੇ ਵੀ ਤਰ੍ਹਾਂ ਦੀ ਦਿਲ ਦੀ ਬੀਮਾਰੀ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਬਸ਼ਰਤੇ ਕਿ ਇਸ 'ਚ ਚੀਨੀ ਤੇ ਦੁੱਧ ਨਾ ਪਾਇਆ ਜਾਵੇ।

**ਸਾਵਧਾਨੀਆਂ :**

- ਬਹੁਤ ਜ਼ਿਆਦਾ ਕੈਫੀਨ ਲੈਣ ਨਾਲ ਡੀਹਾਈਡਰੇਸ਼ਨ, ਘਬਰਾਹਟ ਜਾਂ ਨੀਂਦ ਦੀ ਸਮੱਸਿਆ ਹੋ ਸਕਦੀ ਹੈ।
- ਖਾਲੀ ਪੇਟ ਨਾ ਪੀਓ ਜੇ ਤੁਹਾਨੂੰ ਐਸਿਡਟੀ ਜਾਂ ਗੈਸ ਦੀ ਸਮੱਸਿਆ ਹੈ।
- ਗਰਮੀ ਵਿਚ ਪਸੀਨਾ ਆਉਣ ਕਰਕੇ ਪਾਣੀ ਦੀ ਕਮੀ ਹੋ ਸਕਦੀ ਹੈ, ਇਸ ਲਈ ਨਾਲ-ਨਾਲ ਪਾਣੀ ਵੀ ਪੀਂਦੇ ਰਹੋ।

# ਭਾਰਤੀ ਜੂਨੀਅਰ ਤੀਰਅੰਦਾਜ਼ ਏਸ਼ੀਆ ਕੱਪ ਸਟੇਜ-2 ਦੇ ਤਿੰਨ ਫਾਈਨਲਾਂ ਵਿੱਚ ਪਹੁੰਚੇ

## ਭਾਰਤੀ ਤੀਰਅੰਦਾਜ਼ ਵਿਅਕਤੀਗਤ ਤਮਗਿਆਂ ਲਈ ਮੁਕਾਬਲੇ ਵਿੱਚ

ਸਿੰਗਾਪੁਰ, 19 ਜੂਨ (ਚ.ਨ.ਸ.) : ਭਾਰਤੀ ਜੂਨੀਅਰ ਤੀਰਅੰਦਾਜ਼ਾਂ ਨੇ ਇੱਥੇ ਏਸ਼ੀਆ ਕੱਪ ਸਟੇਜ 2 ਵਿੱਚ ਤਿੰਨ ਟੀਮ ਫਾਈਨਲਾਂ 'ਚ ਧਮਾਕੇਦਾਰ ਪ੍ਰਦਰਸ਼ਨ ਕਰਦਿਆਂ ਆਪਣਾ ਦਬਦਬਾ ਜਾਰੀ ਰੱਖਿਆ। ਦੂਜਾ ਦਰਜਾ ਪ੍ਰਾਪਤ ਭਾਰਤੀ ਪੁਰਸ਼ ਰਿਕਰਵ ਟੀਮ ਨੇ ਇਕਪਾਸੜ ਸੈਮੀਫਾਈਨਲ ਵਿੱਚ ਪੰਜਵਾਂ ਦਰਜਾ ਪ੍ਰਾਪਤ ਬੰਗਲਾਦੇਸ਼ ਨੂੰ 5-1 ਨਾਲ ਹਰਾ ਕੇ ਤੀਜਾ ਦਰਜਾ ਪ੍ਰਾਪਤ ਜਾਪਾਨ ਨਾਲ ਸਿਖਰਲੇ ਮੁਕਾਬਲੇ ਲਈ ਰਾਹ ਪੱਧਰਾ ਕੀਤਾ।ਵਿਸ਼ਨੂੰ ਚੌਧਰੀ, ਪਾਰਸ ਹੁੱਡਾ ਅਤੇ ਜੁਏਲ ਸਰਕਾਰ ਦੀ ਤਿਕੜੀ ਨੇ ਸ਼ੁਰੂ ਤੋਂ ਹੀ ਦਬਦਬਾ ਬਣਾਈ ਰੱਖਿਆ ਅਤੇ ਸ਼ੁਰੂਆਤੀ ਸੈੱਟ 55-48 ਨਾਲ ਜਿੱਤਿਆ। ਹਾਲਾਂਕਿ ਦੂਜਾ ਸੈੱਟ 55-55 'ਤੇ ਬਰਾਬਰ ਰਿਹਾ, ਭਾਰਤੀਆਂ ਨੇ ਜ਼ੋਰਦਾਰ ਵਾਪਸੀ ਕੀਤੀ ਅਤੇ ਤੀਜੇ ਸੈੱਟ ਵਿੱਚ ਸਿਰਫ ਇੱਕ ਅੰਕ ਗੁਆਇਆ ਅਤੇ ਇਸਨੂੰ 59-56 ਨਾਲ ਜਿੱਤਿਆ।ਭਾਰਤ ਨੇ ਕੰਪਾਊਂਡ ਪੁਰਸ਼ ਟੀਮ ਮੁਕਾਬਲੇ ਵਿੱਚ ਵੀ ਇੱਕ ਤਮਗਾ ਪੱਕਾ ਕੀਤਾ ਕਿਉਂਕਿ ਕੁਸ਼ਲ ਦਲਾਲ, ਗਣੇਸ਼ ਥਿਰੂਮੂਰ ਅਤੇ ਮਿਹਰ ਅਪਰ ਦੀ ਤਿਕੜੀ ਨੇ ਇੱਕ ਫਸਵੇਂ ਸੈਮੀਫਾਈਨਲ ਵਿੱਚ ਪੰਜਵਾਂ ਦਰਜਾ ਪ੍ਰਾਪਤ ਆਸਟ੍ਰੇਲੀਆ ਨੂੰ ਸ਼ੂਟ-ਆਫ (30-29) ਵਿੱਚ ਹਰਾਇਆ। ਭਾਰਤ ਫਾਈਨਲ ਵਿੱਚ ਕਜ਼ਾਖਸਤਾਨ ਨਾਲ ਭਿੜੇਗਾ।ਸਿਖਰਲਾ ਦਰਜਾ ਪ੍ਰਾਪਤ ਭਾਰਤੀ ਕੰਪਾਊਂਡ ਮਹਿਲਾ ਟੀਮ ਜਿਸ ਵਿੱਚ ਸ਼ਨਮੁਖੀ ਬੁੱਡੇ, ਤੇਜਲ ਸਾਲਵੇ ਅਤੇ ਤਨਿਸ਼ਕਾ ਥੋਕਲ ਸ਼ਾਮਲ ਸਨ, ਨੇ ਇੱਕ ਰੋਮਾਂਚਕ ਸੈਮੀਫਾਈਨਲ ਵਿੱਚ ਚੌਥਾ ਦਰਜਾ ਪ੍ਰਾਪਤ ਕਜ਼ਾਖਸਤਾਨ ਨੂੰ 230-229 ਨਾਲ ਹਰਾ ਕੇ ਇੱਕ ਹੋਰ ਤਮਗੇ ਦੀ ਪੁਸ਼ਟੀ ਕੀਤੀ। ਉਹ ਫਾਈਨਲ ਵਿੱਚ ਮਲੇਸ਼ੀਆ ਨਾਲ ਭਿੜਨਗੇ।ਪਰ ਦੂਜੇ ਪਾਸੇ ਭਾਰਤੀ ਮਹਿਲਾ ਰਿਕਰਵ ਟੀਮ ਦੇ ਹੱਥ ਨਿਰਾਸ਼ਾ ਲੱਗੀ। ਪੰਜਵਾਂ ਦਰਜਾ ਪ੍ਰਾਪਤ ਵੈਸ਼ਨਵੀ ਪਵਾਰ, ਕੀਰਤੀ ਅਤੇ ਤਮੰਨਾ ਦੀ ਤਿਕੜੀ ਪੰਜ ਸੈੱਟਾਂ ਦੀ ਖੇਡ ਤੋਂ ਬਾਅਦ ਸ਼ੂਟ-ਆਫ (26-28) ਵਿੱਚ ਚੌਥਾ ਦਰਜਾ ਪ੍ਰਾਪਤ ਜਾਪਾਨ ਤੋਂ ਇੱਕ ਰੋਮਾਂਚਕ ਕੁਆਰਟਰ ਫਾਈਨਲ ਹਾਰ ਗਈ। ਉਹ ਸ਼ੁਰੂਆਤੀ ਸੈੱਟ 47-49 ਨਾਲ ਹਾਰ ਗਏ ਅਤੇ ਦੂਜੇ ਸੈੱਟ ਵਿੱਚ ਜਾਪਾਨ ਦੇ 55 ਦੇ ਮੁਕਾਬਲੇ ਸਿਰਫ 34 ਅੰਕ ਬਣਾ ਕੇ ਹੋਰ ਹੇਠਾਂ ਆ ਗਏ। ਸ਼ੂਟ-ਆਫ ਵਿੱਚ ਜਾਪਾਨ ਸਿਰਫ ਦੋ ਅੰਕਾਂ ਨਾਲ ਅੱਗੇ ਰਿਹਾ।ਭਾਰਤੀ ਤੀਰਅੰਦਾਜ਼ ਸ਼ੁੱਕਰਵਾਰ ਨੂੰ ਸਮਾਪਤੀ ਦਿਨ 'ਤੇ ਚਾਰ ਵਿਅਕਤੀਗਤ ਤਮਗਿਆਂ ਲਈ ਵੀ ਮੁਕਾਬਲੇ ਵਿੱਚ ਹਨ। ਇਸ ਦੌਰਾਨ ਮਹਿਲਾ ਕੰਪਾਊਂਡ ਫਾਈਨਲ ਪੂਰੀ ਤਰ੍ਹਾਂ ਭਾਰਤੀ ਮੁਕਾਬਲਾ ਹੋਵੇਗਾ, ਜਿਸ ਵਿੱਚ ਸ਼ਨਮੁਖੀ ਸੋਨੇ ਲਈ ਤੇਜਲ ਦਾ ਸਾਹਮਣਾ ਕਰੇਗੀ। ਪੁਰਸ਼ ਕੰਪਾਊਂਡ ਵਰਗ ਵਿੱਚ ਭਾਰਤ ਸੋਨੇ ਅਤੇ ਕਾਂਸੀ ਦੋਵਾਂ ਤਗਮਾ ਮੈਚਾਂ ਵਿੱਚ ਮੁਕਾਬਲੇ ਵਿੱਚ ਰਹੇਗਾ। ਕੁਸ਼ਲ ਸੋਨੇ ਲਈ ਆਸਟ੍ਰੇਲੀਆ ਦੇ ਜੋਸ਼ੂਆ ਮਾਹੋਨ ਦਾ ਸਾਹਮਣਾ ਕਰੇਗਾ, ਜਦੋਂ ਕਿ ਸਚਿਨ ਚੇਚੀ ਕਾਂਸੀ ਲਈ ਬੰਗਲਾਦੇਸ਼ ਦੇ ਹਿਮੂ ਬਾਛਰ ਨਾਲ ਭਿੜੇਗਾ।



# ਤੇਹਰਾਨ ਦਾ ਇਕਲੌਤਾ ਗੁਰਦੁਆਰਾ 84 ਸਾਲਾਂ 'ਚ ਪਹਿਲੀ ਵਾਰ ਬੰਦ ਹੋਇਆ

ਤੇਹਰਾਨ, 19 ਜੂਨ (ਚ.ਨ.ਸ.) : ਈਰਾਨ ਅਤੇ ਇਜ਼ਰਾਈਲ ਵਿਚਕਾਰ ਚਲ ਰਹੀ ਜੰਗ ਦੌਰਾਨ ਤਹਿਰਾਨ ਦੇ ਇਕਲੌਤੇ ਭਾਈ ਗੰਗਾ ਸਿੰਘ ਸਭਾ ਗੁਰਦੁਆਰੇ ਨੂੰ 1941 ਵਿੱਚ ਸਥਾਪਿਤ ਹੋਣ ਤੋਂ ਬਾਅਦ ਪਹਿਲੀ ਵਾਰ ਸੁਰੱਖਿਆ ਚਿੰਤਾਵਾਂ ਕਾਰਨ ਬੰਦ ਕਰ ਦਿੱਤਾ ਗਿਆ ਹੈ ਅਤੇ ਇਸ ਦੀ ਦੇਖਭਾਲ ਲਈ ਇੱਕ ਈਰਾਨੀ ਕਾਰਕੁਨ ਨੂੰ ਰਖਿਆ ਗਿਆ ਹੈ।ਈਰਾਨ ਅਤੇ ਇਜ਼ਰਾਈਲ ਵਿਚਾਲੇ ਟਕਰਾਅ ਵਧਣ ਦੇ ਨਾਲ, ਈਰਾਨੀ ਸਿੱਖਾਂ ਨੇ ਭਾਰਤੀ ਦੂਤਾਵਾਸ ਨੂੰ ਬੇਨਤੀ ਕੀਤੀ ਹੈ ਕਿ ਉਹ ਮਰੀਅਮ (ਸਿੱਖ ਧਾਰਮਕ ਆਚਾਰ ਸੰਹਿਤਾ) ਦੇ ਨਾਲ ਗੁਰੂ ਗ੍ਰੰਥ ਸਾਹਿਬ ਦੇ 'ਸਰੂਪਾਂ' ਲਈ ਇਮਾਰਤ ਵਿੱਚ ਇੱਕ ਕਮਰਾ ਪ੍ਰਦਾਨ ਕਰੇ। ਇਹ ਗੁਰਦੁਆਰਾ ਵਰਤਮਾਨ ਵਿੱਚ ਤਹਿਰਾਨ ਦੇ ਸਥਾਨਕ ਅੱਬਾਸ ਦੇ ਅਧੀਨ ਹੈ। ਸੁਰੱਖਿਆ ਕਾਰਨਾਂ ਕਰਕੇ, ਗੁਰਦੁਆਰਾ ਪ੍ਰਬੰਧਕਾਂ ਦੇ ਨਾਲ-ਨਾਲ ਗ੍ਰੰਥੀ ਨੂੰ ਵੀ ਬਾਹਰ ਕੱਢ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੇ 'ਸਰੂਪ' ਹੁਣ ਤੱਕ ਗੁਰਦੁਆਰੇ ਦੇ 'ਸੁਖਾਸਨ' ਖੇਤਰ ਵਿੱਚ ਰੱਖੇ ਗਏ ਹਨ। ਦਿੱਲੀ ਵਿੱਚ ਰਹਿਣ ਵਾਲੇ ਤਹਿਰਾਨ ਦੇ ਸਾਬਕਾ ਨਿਵਾਸੀ ਲਾਜਪਾਲ ਸਿੰਘ ਆਨੰਦ ਨੇ ਦੂਤਾਵਾਸ ਨੂੰ ਕਿਹਾ ਕਿ ਚਾਰ 'ਸਰੂਪ' ਤਬਦੀਲ ਕਰਨ ਦੀ ਲੋੜ ਹੈ। ਉਨ੍ਹਾਂ ਅਪੀਲ ਕੀਤੀ ਕਿ ਕਮੇਟੀ ਲਈ ਇੱਕ ਵੱਖਰਾ ਕਮਰਾ ਮੁਹੱਈਆ ਕਰਵਾਇਆ ਜਾਵੇ। ਸ਼ਾਂਤੀ ਆਨੰਦ, ਜਿਸ ਦੇ ਮਾਤਾ-ਪਿਤਾ ਅਤੇ ਹੋਰ ਪਰਿਵਾਰਕ ਮੈਂਬਰ ਤਹਿਰਾਨ ਵਿੱਚ ਰਹਿੰਦੇ ਹਨ, ਨੇ ਕਿਹਾ ਕਿ ਕੁਝ ਪਰਿਵਾਰਾਂ ਨੇ ਗੁਰਦੁਆਰੇ ਦੇ ਅੰਦਰ ਸ਼ਰਨ ਲਈ ਹੈ, ਜਿਸ ਕਾਰਨ ਸਥਾਨਕ ਲੋਕਾਂ ਨੂੰ ਛੱਡ ਕੇ ਬਾਹਰੀ ਲੋਕਾਂ ਦੇ ਦਾਖ਼ਲੇ 'ਤੇ ਪਾਬੰਦੀ ਲਗਾਈ ਹੈ।

# ਸ਼ੁਭਮਨ ਗਿੱਲ ਦੀ ਅਗਵਾਈ ਵਿੱਚ ਇੰਗਲੈਂਡ 'ਚ ਹੋਵੇਗੀ ਇੱਕ ਨਵੀਂ ਸ਼ੁਰੂਆਤ

ਲੀਡਜ਼, 19 ਜੂਨ (ਚ.ਨ.ਸ.) : ਇਕ ਨਵਾਂ ਕਪਤਾਨ, ਇਕ ਦ੍ਰਿੜ ਕੋਚ, ਕੁੱਝ ਪੁਰਾਣੇ ਅਤੇ ਕੁੱਝ ਨਵੇਂ ਚਿਹਰੇ ਅਗਲੇ 45 ਦਿਨਾਂ ਵਿਚ ਇਕ ਦਿਲਚਸਪ ਕਹਾਣੀ ਬਣਾਉਣ ਲਈ ਵਚਨਬੱਧ ਹੋਣਗੇ, ਜਦੋਂ ਭਾਰਤ ਸ਼ੁੱਕਰਵਾਰ ਤੋਂ ਇੱਥੇ ਐਂਡਰਸਨ-ਤੇਂਦੁਲਕਰ ਟਰਾਫ਼ੀ ਲਈ ਖੇਡੀ ਜਾਣ ਵਾਲੀ ਪੰਜ ਟੈਸਟ ਸੀਰੀਜ਼ ਦੇ ਪਹਿਲੇ ਮੈਚ ਵਿਚ ਇੰਗਲੈਂਡ ਨਾਲ ਭਿੜੇਗਾ।ਭਾਰਤ ਨੇ ਹੁਣ ਤਕ ਇੰਗਲੈਂਡ ਵਿਚ ਸਿਰਫ਼ ਤਿੰਨ ਵਾਰ ਟੈਸਟ ਸੀਰੀਜ਼ ਜਿਤੀ ਹੈ। ਜਿਸ ਵਿਚ 1971 ਵਿਚ ਅਜੀਤ ਵਾਡੇਕਰ, 1986 ਵਿਚ ਕਪਿਲ ਦੇਵ ਅਤੇ 2007 ਵਿਚ ਰਾਹੁਲ ਦ੍ਰਾਵਿੜ ਦੀ ਅਗਵਾਈ ਵਿਚ ਇਹ ਉਪਲਬਧੀ ਹਾਸਲ ਕੀਤੀ ਸੀ। ਹੁਣ ਸ਼ੁਭਮਨ ਗਿੱਲ ਇਸ ਸੂਚੀ ਵਿਚ ਅਪਣਾ ਨਾਮ ਦਰਜ ਕਰਵਾਉਣ ਲਈ ਬੇਤਾਬ ਹੋਵੇਗਾ ਪਰ ਇਹ ਇੰਨਾ ਆਸਾਨ ਨਹੀਂ ਹੋਵੇਗਾ ਕਿਉਂਕਿ ਵਿਰਾਟ ਕੋਹਲੀ, ਰੋਹਿਤ ਸ਼ਰਮਾ ਅਤੇ ਰਵੀਚੰਦਰਨ ਅਸ਼ਵਿਨ ਦੇ ਸੰਨਿਆਸ ਕਾਰਨ ਭਾਰਤੀ ਟੀਮ ਬਦਲਾਅ ਦੇ ਇਕ ਪੜਾਅ ਵਿਚੋਂ ਲੰਘ ਰਹੀ ਹੈ। ਇਸ ਕਾਰਨ, ਇਹ ਤਜਰਬੇ ਦੇ ਲਿਹਾਜ਼ ਨਾਲ ਥੋੜ੍ਹਾ ਕਮਜ਼ੋਰ ਜਾਪਦਾ ਹੈ।ਇਹ ਲੜੀ 25 ਸਾਲਾ ਗਿੱਲ ਲਈ ਅਗਨੀ ਪ੍ਰੀਖਿਆਂ ਤੋਂ ਘੱਟ ਨਹੀਂ ਹੋਵੇਗੀ, ਕਿਉਂਕਿ ਇੰਗਲੈਂਡ ਦੀ ਟੀਮ ਨੇ ਬ੍ਰੈਂਡਨ ਮੈਕੁਲਮ ਦੀ ਕੋਚਿੰਗ ਅਤੇ ਬੇਨ ਸਟੋਕਸ ਦੀ ਕਪਤਾਨੀ ਹੇਠ ਟੈਸਟ ਮੈਚ ਬੱਲੇਬਾਜ਼ੀ ਦੀਆਂ ਪਰੰਪਰਾਵਾਂ ਨੂੰ ਬਦਲ ਦਿੱਤਾ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਭਾਰਤੀ ਟੀਮ ਉਨ੍ਹਾਂ ਦੇ ਹਮਲਾਵਰ ਰਵੱਈਏ ਦਾ ਕਿਵੇਂ ਜਵਾਬ ਦਿੰਦੀ ਹੈ। ਭਾਰਤ ਦੇ 37ਵੇਂ ਟੈਸਟ ਕਪਤਾਨ ਵਜੋਂ ਗਿੱਲ ਦੀ ਚੋਣ ਇਸ ਗੱਲ 'ਤੇ ਜ਼ਿਆਦਾ ਆਧਾਰਤ ਸੀ ਕਿ ਉਸ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਉਸ ਕੋਲ ਇੱਥੇ ਸਾਬਤ ਕਰਨ ਲਈ ਬਹੁਤ ਕੁਝ ਹੈ।ਅਸਧਾਰਨ ਤੌਰ 'ਤੇ ਗਰਮ ਲੀਡਜ਼ (ਸ਼ੁਕਰਵਾਰ ਨੂੰ ਵੱਧ ਤੋਂ ਵੱਧ ਤਾਪਮਾਨ 29 ਡਿਗਰੀ ਸੈਲਸੀਅਸ ਹੋ ਸਕਦਾ ਹੈ) ਅਤੇ ਅੱਠ ਮਿਲੀਮੀਟਰ ਘਾਹ ਨਾਲ ਭਰੀ ਹੈ ਡਿੰਗਲੇ ਦੀ 22-ਯਾਰਡ ਪਿੱਚ ਇੰਗਲੈਂਡ ਲਈ ਬਹੁਤ ਖ਼ੁਸ਼ਕਿਸਮਤ ਨਹੀਂ ਰਹੀ ਹੈ। ਅਜਿਹੀ ਸਥਿਤੀ ਵਿਚ, ਜੋ ਵੀ ਟੀਮ ਚੰਗੀ ਬੱਲੇਬਾਜ਼ੀ ਕਰੇਗੀ, ਉਸ ਕੋਲ ਜਿੱਤਣ ਦਾ ਬਿਹਤਰ ਮੌਕਾ ਹੋਵੇਗਾ।



# ਅਮਰੀਕਾ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਲਈ ਵੀਜ਼ਾ ਪ੍ਰਕਿਰਿਆ ਮੁੜ ਸ਼ੁਰੂ

ਵਾਸ਼ਿੰਗਟਨ, 19 ਜੂਨ (ਚ.ਨ.ਸ.) : ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਵਿਦੇਸ਼ੀਆਂ ਵਿਦਿਆਰਥੀਆਂ ਲਈ ਵੀਜ਼ਾ ਅਰਜ਼ੀਆਂ ਦੀ ਮੁਅੱਤਲ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰ ਰਿਹਾ ਹੈ। ਪਰ ਹੁਣ ਸਾਰੇ ਬਿਨੈਕਾਰਾਂ ਨੂੰ ਸਰਕਾਰੀ ਸਮੀਖਿਆ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਅਨਲਾਕ(ਸਾਂਝਾ) ਕਰਨ ਦੀ ਲੋੜ ਹੋਵੇਗੀ। ਵਿਭਾਗ ਨੇ ਕਿਹਾ ਕਿ ਕੌਂਸਲਰ ਅਧਿਕਾਰੀ ਅਜਿਹੀਆਂ ਪੋਸਟਾਂ ਅਤੇ ਸੰਦੇਸ਼ਾਂ 'ਤੇ ਨਜ਼ਰ ਰੱਖਣਗੇ ਜਿਨ੍ਹਾਂ ਨੂੰ ਸੰਯੁਕਤ ਰਾਜ, ਸਰਕਾਰ, ਸੱਭਿਆਚਾਰ, ਸੰਸਥਾਵਾਂ ਜਾਂ ਬੁਨਿਆਦੀ ਸਿਧਾਂਤਾਂ ਪ੍ਰਤੀ ਪ੍ਰਤੀਕੂਲ ਮੰਨਿਆ ਜਾ ਸਕਦਾ ਹੈ।ਬੁੱਧਵਾਰ ਨੂੰ ਜਾਰੀ ਕੀਤੇ ਗਏ ਇੱਕ ਨੋਟਿਸ ਵਿੱਚ ਵਿਭਾਗ ਨੇ ਕਿਹਾ ਕਿ ਉਸ ਨੇ ਵਿਦਿਆਰਥੀ ਵੀਜ਼ਾ ਪ੍ਰਕਿਰਿਆ ਦੀ ਮੁਅੱਤਲੀ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਕਿਹਾ ਗਿਆ ਹੈ ਕਿ ਨਵੇਂ ਬਿਨੈਕਾਰ ਜੋ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਪਬਲਿਕ ਕਰਨ ਅਤੇ ਉਨ੍ਹਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ।ਨੋਟਿਸ ਵਿੱਚ ਕਿਹਾ ਗਿਆ ਹੈ ਕਿ ਅਜਿਹਾ ਕਰਨ ਤੋਂ ਇਨਕਾਰ ਕਰਨਾ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਉਹ ਲੋੜ ਤੋਂ ਬਚਣ ਜਾਂ ਆਪਣੀ ਆਨਲਾਈਨ ਗਤੀਵਿਧੀ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਅਮਰੀਕਾ ਵਿੱਚ ਪੜ੍ਹਨ ਦੀ ਉਮੀਦ ਕਰ ਰਹੇ ਵਿਦੇਸ਼ੀ ਵਿਦਿਆਰਥੀਆਂ ਲਈ ਨਵੇਂ ਵੀਜ਼ਾ ਇੰਟਰਵਿਊਆਂ ਦੀ ਸਮਾਂ-ਸੂਚੀ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ, ਜਦੋਂ ਕਿ ਉਹਨਾਂ ਦੀ ਸੋਸ਼ਲ ਮੀਡੀਆ 'ਤੇ ਗਤੀਵਿਧੀ ਦੀ ਜਾਂਚ ਨੂੰ ਵਧਾਉਣ ਦੀ ਤਿਆਰੀ ਕਰ ਰਹੇ ਸਨ।



# ਕੈਨੇਡਾ ਵਿੱਚ ਅਬਾਦੀ ਵਾਧੇ ਨੂੰ ਲੱਗੀਆਂ ਬਰੇਕਾਂ, ਕੱਚਿਆਂ ਦੀ ਗਿਣਤੀ ਵੀ ਘਟਣ ਲੱਗੀ

ਵੈਨਕੂਵਰ, 19 ਜੂਨ (ਚ.ਨ.ਸ.) : ਅੰਕੜਾ ਵਿਭਾਗ ਵਲੋਂ ਆਬਾਦੀ ਸਬੰਧੀ ਇਸ ਸਾਲ ਦੀ ਪਹਿਲੀ ਤਿਮਾਹੀ ਦੇ ਜਾਰੀ ਕੀਤੇ ਅੰਕੜਿਆਂ ਤੋਂ ਬਾਅਦ ਆਬਾਦੀ ਵਾਧੇ ਨੂੰ ਬਰੇਕ ਲੱਗਦੀ ਨਜ਼ਰ ਆਈ ਹੈ। ਰਿਪੋਰਟ ਅਨੁਸਾਰ 31 ਮਾਰਚ ਤੱਕ ਕੈਨੇਡਾ ਆਬਾਦੀ 41,548,787 ਹੋ ਗਈ ਹੈ। ਪਿਛਲੇ ਸਮੇਂ ਤੋਂ ਹਰੇਕ ਤਿਮਾਹੀ ਦੇਸ਼ ਦੀ ਅਬਾਦੀ ਵਿੱਚ ਹੁੰਦੇ ਆ ਰਹੇ ਲੱਖਾਂ ਦੇ ਵਾਧੇ ਦੇ ਮੁਕਾਬਲੇ ਇਸ ਵਾਰ ਸਿਰਫ 20107 ਦਾ ਵਾਧਾ ਦਰਜ ਕੀਤਾ ਗਿਆ।ਇਸ ਤਿਮਾਹੀ ਦੌਰਾਨ ਬ੍ਰਿਟਿਸ਼ ਕੋਲੰਬੀਆ ਤੇ ਓਂਟਾਰੀਓ ਸਮੇਤ ਬਹੁਤੇ ਸੂਬਿਆਂ ਦੀ ਆਬਾਦੀ 'ਚ ਗਿਰਾਵਟ ਆਈ ਹੈ, ਜਦੋਂ ਕਿ ਅਲਬਰਟਾ ਵਿੱਚ ਵਾਧਾ ਦਰਜ ਹੋਇਆ। ਇਸ ਦਾ ਕਾਰਨ ਆਰਥਿਕਤਾ, ਮੰਦੀ ਦੀ ਮਾਰ ਤੋਂ ਬਚੇ ਰਹਿਣ ਅਤੇ ਘਰਾਂ ਦੀ ਘੱਟ ਕੀਮਤਾਂ ਕਾਰਨ ਹੋਰ ਸੂਬਿਆਂ ਤੋਂ ਹੋਈ ਹਿਜਰਤ ਸਮਝੀ ਜਾਂਦੀ ਹੈ। ਇਸ ਤੋਂ ਪਹਿਲਾਂ ਸਾਲ 2020 ਕਰੋਨਾ ਮਹਾਂਮਾਰੀ ਦੌਰਾਨ ਵੀ ਆਬਾਦੀ ਦਾ ਘੱਟ ਵਾਧਾ ਦਰਜ ਕੀਤਾ ਗਿਆ ਸੀ।ਜਾਰੀ ਅੰਕੜਿਆਂ ਅਨੁਸਾਰ ਇਸ ਤਿਮਾਹੀ 'ਚ ਕੱਚੇ ਰਿਹਾਇਸ਼ੀਆਂ ਦੀ 2959825 ਗਿਣਤੀ ਵਿੱਚ ਵੀ 61 ਹਜਾਰ ਦੀ ਗਿਰਾਵਟ ਦਰਜ ਹੋਈ ਹੈ। ਬੇਸ਼ੱਕ ਸਟੱਡੀ ਵੀਜੇ ਵਾਲਿਆਂ ਦੀ ਗਿਣਤੀ 53669 ਘਟੀ, ਪਰ ਇਸ ਦੌਰਾਨ ਵਿਦੇਸ਼ਾਂ ਚੋਂ ਪੀਆਰ ਲੈ ਕੇ ਆਉਣ ਵਾਲਿਆਂ ਦੀ ਗਿਣਤੀ 'ਚ ਕੁਝ ਵਾਧਾ ਹੋਇਆ ਹੈ। ਬ੍ਰਿਟਿਸ਼ ਕੋਲੰਬੀਆ ਤੇ ਓਂਟਾਰੀਓ ਦੀ ਅਬਾਦੀ ਚ 1951 ਤੋਂ ਬਾਦ ਆਬਾਦੀ ਵਿੱਚ ਪਹਿਲੀ ਵਾਰ ਐਨੀ ਗਿਰਾਵਟ ਆਈ ਹੈ।



# ਅੰਮ੍ਰਿਤਪਾਲ ਸਿੰਘ ਦਾ ਬਰੈਂਪਟਨ ਪਹੁੰਚਣ 'ਤੇ ਵਿਸ਼ਵ ਪੰਜਾਬੀ ਸਭਾ ਵੱਲੋਂ ਸਵਾਗਤ



ਬਰੈਂਪਟਨ, 19 ਜੂਨ (ਚ.ਨ.ਸ.) : ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਸ. ਅੰਮ੍ਰਿਤਪਾਲ ਸਿੰਘ ਦਾ ਬਰੈਂਪਟਨ (ਕੈਨੇਡਾ) ਪਹੁੰਚਣ 'ਤੇ ਵਿਸ਼ੀਕਰਨ ਪੰਜਾਬੀ ਸਭਾ ਕੈਨੇਡਾ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ. ਅੰਮ੍ਰਿਤਪਾਲ ਸਿੰਘ ਦਰਦੀ ਕੈਨੇਡਾ ਵਿਖੇ ਹੋ ਰਹੀ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ। ਇਹ ਕਾਨਫਰੰਸ 20, 21ਅਤੇ 22 ਜੂਨ ਨੂੰ ਵਿਸ਼ਵ ਪੰਜਾਬੀ ਭਵਨ 114 ਕਨੇਡੀ ਰੋਡ ਬਰੈਂਪਟਨ ਵਿਖੇ ਹੋ ਰਹੀ ਹੈ। ਇਹ ਕਾਨਫਰੰਸ ਪੰਜਾਬੀ ਡਾਇਸਪੋਰਾ, ਪੰਜਾਬੀ ਭਾਸ਼ਾ, ਸਹਿਤ ਤੇ ਸੱਭਿਆਚਾਰ ਵਿਸ਼ੇ 'ਤੇ ਕਾਰਵਾਈ ਜਾ ਰਹੀ ਹੈ। ਇਸ ਕਾਨਫਰੰਸ ਵਿੱਚ ਸ. ਅੰਮ੍ਰਿਤਪਾਲ ਸਿੰਘ ਨੂੰ ਵਿਸ਼ੇਸ ਸੱਦਾ ਦੇ ਕੇ ਕੇ ਬੁਲਾਇਆ ਗਿਆ। ਬਰੈਂਪਟਨ ਪਹੁੰਚਣ 'ਤੇ ਅੰਮ੍ਰਿਤਪਾਲ ਸਿੰਘ ਦਰਦੀ ਦਾ ਸਵਾਗਤ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ, ਕਾਨਫਰੰਸ ਦੇ ਕੋ ਆਰਡੀਨੇਟਰ ਬਲਬੀਰ ਕੌਰ ਰਾਇਕੋਟੀ, ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ., ਭੀਮਇੰਦਰ ਸਿੰਘ ਅਤੇ ਕਾਨਫਰੰਸ ਦੇ ਮੁੱਖ ਸਲਾਹਕਾਰ ਡਾ. ਗੁਰਪ੍ਰੀਤ ਕੌਰ ਵੱਲੋਂ ਬੁੱਕੇ ਦੇ ਕੇ ਕੀਤਾ ਗਿਆ। ਇਸ ਸਮੇਂ ਉਨ੍ਹਾਂ ਦੇ ਨਾਲ ਪ੍ਰਾਈਮ ਏਸ਼ੀਆ ਚੈਨਲ ਦੇ ਪੱਤਰਕਾਰ ਸ. ਜਸਵਿੰਦਰ ਸਿੰਘ ਬਿੱਟਾ ਵੀ ਮੌਜੂਦ ਸਨ।

# 'ਨਵੀਆਂ ਕਲਮਾਂ ਨਵੀਂ ਉਡਾਣ' ਪੁਸਤਕ 'ਚ ਯੂਰਪੀ ਦੇਸ਼ਾਂ ਦੀਆਂ ਬਾਲ ਕਲਮਾਂ ਨੂੰ ਕੀਤਾ ਸ਼ਾਮਲ

ਫਰਾਂਸ, 19 ਜੂਨ (ਚ.ਨ.ਸ.) : ਪੰਜਾਬ ਸਰੀ ਕੈਨੇਡਾ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਦੇ ਉਦਮ ਸਦਕਾ 'ਨਵੀਆਂ ਕਲਮਾਂ ਨਵੀਂ ਉਡਾਣ' ਤਹਿਤ ਪ੍ਰਕਾਸ਼ਿਤ ਹੋਣ ਵਾਲੀ ਬਾਲ ਸਾਹਿਤ ਪੁਸਤਕ ਵਿੱਚ ਸਮੁੱਚੇ ਯੂਰਪੀ ਦੇਸ਼ਾਂ ਦੀਆਂ ਬਾਲ ਕਲਮਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮੀਡੀਆ ਦੀ ਟੀਮ ਨਾਲ ਗੱਲਬਾਤ ਕਰਦਿਆਂ ਅੰਤਰ-ਰਾਸ਼ਟਰੀ ਸੁਰਸੰਗਮ ਫਰਾਂਸ ਦੇ ਸੰਸਥਾਪਕ/ਪ੍ਰਧਾਨ ਤੇ ਉੱਘੇ ਲੇਖਿਕਾ ਤੇ ਸਮਾਜ ਸੇਵਿਕਾ ਭੈਣਜੀ ਕੁਲਵੰਤ 'ਚੰਨ' ਫਰਾਂਸ ਜੀ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਉਨ੍ਹਾਂ ਨੂੰ ਸਮੁੱਚੇ ਯੂਰਪ ਦੇ ਪ੍ਰੋਜੈਕਟ ਇੰਚਾਰਜ ਨਿਯੁਕਤ ਕੀਤਾ ਗਿਆ ਹੈ।ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਅੱਗੇ ਕਿਹਾ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸ੍ਰੀ ਸੁਖੀ ਬਾਠ ਜੀ ਜਿਨ੍ਹਾਂ ਵੱਲੋਂ ਪੂਰੇ ਪੰਜਾਬ ਦੇ ਜ਼ਿਲ੍ਹਿਆਂ ਵਿੱਚੋਂ ਕੋਈ 6000 ਕਿਤਾਬਾਂ "ਨਵੀਆਂ ਕਲਮਾਂ ਨਵੀਂ ਉਡਾਣ" ਵਿੱਚ ਬਾਲ ਕਵਿਤਾਵਾਂ ਛੱਪਵਾ ਕੇ ਇਹ ਸਾਬਿਤ ਕਰ ਦਿੱਤਾ ਹੈ ਕਿ 'ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ" ਕਿ ਜੇਕਰ ਤੁਹਾਡੀ ਸੋਚ,ਸੱਚੀ ਲਗਨ ਸੇਵਾ ਨੂੰ ਸਮਰਪਿਤ ਹੈ ਤਾਂ ਰੱਬ ਆਪ ਸਹਾਈ ਹੋ ਕੇ ਤੁਹਾਨੂੰ ਰਾਹ ਦਸੇਰਾ ਕਰਦਾ ਜਾਵੇਗਾ। ਸੱਮੁਚੇ ਯੂਰਪ ਦੀਆਂ 'ਨਵੀਆਂ ਕਲਮਾਂ ਨਵੀਂ ਉਡਾਣ' ਦੀ ਪ੍ਰੋਜੈਕਟ ਇੰਚਾਰਜ ਬਣਾ ਕੇ ਯੂਰਪ ਦੇ ਬੱਚਿਆਂ ਨੂੰ ਵੀ ਪੰਜਾਬੀ ਮਾਂ-ਬੋਲੀ ਦੀ ਗਲਵਕੜੀ ਰਾਹੀਂ ਆਪਣਾ ਵਿਰਸਾ,ਪਿਛੋਕੜ,ਸੱਭਿਆਚਾਰ ਸੰਭਾਲਣ ਦਾ ਬਹੁਤ ਵੱਡਾ ਮਾਣ ਬਖ਼ਸ਼ਿਆ। ਸੋ ਇਸ ਵਿੱਚ ਕੋਈ ਦੋ ਰਾਏ ਨਹੀਂ ਹਨ ਕਿ ਕੁਲਵੰਤ ਕੋਰ 'ਚੰਨ' ਫਰਾਂਸ ਭੈਣ ਜੀ ਨੂੰ ਪੰਜਾਬੀ ਮਾਂ-ਬੋਲੀ ਦੀ ਸੱਚੀ ਧੀ ਕਿਹਾ ਜਾਂਦਾ ਹੈ,ਜੋ ਕਿ ਇਕ ਸੁਪ੍ਰਸਿਧ ਲੇਖਿਕਾ, ਸਮਾਜ ਸੇਵਿਕਾਂ, ਗਾਇਕਾ ਤੇ ਹਰ ਕਿਸੇ ਦਾ ਦੁੱਖ ਦਰਦ ਮਾਂਵਾਂ ਵਾਂਗ ਸਮਝ ਕੇ ਸੇਵਾ ਕਰਦੇ ਹਨ।

# ਆਰ.ਈ.ਸੀ. ਲਿਮਟਿਡ ਨੂੰ ਸਰਕਾਰੀ ਭਾਸ਼ਾ ਲਾਗੂ ਕਰਨ ਲਈ 'ਰਾਜਭਾਸ਼ਾ ਦੀਪਤੀ ਪੁਰਸਕਾਰ'



ਨਵੀਂ ਦਿੱਲੀ, 19 ਜੂਨ (ਅੰਮ੍ਰਿਤਪਾਲ ਸਿੰਘ) : ਨਵੀਂ ਦਿੱਲੀ ਵਿੱਚ ਹੋਈ ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਦੀ ਹਿੰਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਵਿੱਚ, ਬਿਜਲੀ ਮੰਤਰਾਲੇ ਦੇ ਅਧੀਨ ਸਾਰੇ ਦਫਤਰਾਂ ਅਤੇ ਕਾਰਜਾਂ ਵਿੱਚ ਸਰਕਾਰੀ ਭਾਸ਼ਾ ਦੇ ਖੇਤਰ ਵਿੱਚ ਸ਼ਾਨਦਾਰ ਕੰਮ ਕਰਨ ਲਈ ਰਾਜਭਾਸ਼ਾ ਦੀਪਤੀ ਸ਼ੀਲਡ ਨਾਲ ਸਨਮਾਨਿਤ ਕੀਤਾ ਗਿਆ।ਇਹ ਪੁਰਸਕਾਕ ਆਰ.ਈ.ਸੀ. ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ, ਸ੍ਰੀ ਜਿਤੇਂਦਰ ਸ਼੍ਰੀਵਾਸਤਵ ਅਤੇ ਕਾਰਜਕਾਰੀ ਨਿਰਦੇਸ਼ਕ (ਸਰਕਾਰੀ ਭਾਸ਼ਾ) ਸ਼੍ਰੀ ਆਰਪੀ ਵੈਸ਼ਨਵ ਨੇ ਮਾਨਯੋਗ ਬਿਜਲੀ ਅਤੇ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਸ਼੍ਰੀ ਮਨੋਹਰ ਲਾਲ ਜੀ ਦੇ ਹੱਥੋਂ ਪ੍ਰਾਪਤ ਕੀਤਾ। ਇਹ ਪੁਰਸਕਾਰ ਆਰ.ਈ.ਸੀ. ਨੂੰ ਸਾਲ 2023-24 ਵਿੱਚ ਭਾਰਤ ਸਰਕਾਰ ਦੀ ਸਰਕਾਰੀ ਭਾਸ਼ਾ ਨੀਤੀ ਦੇ ਸ਼ਾਨਦਾਰ ਲਾਗੂਕਰਨ ਲਈ ਦਿੱਤਾ ਗਿਆ ਹੈ।ਇਸ ਮੌਕੇ 'ਤੇ, ਮਾਨਯੋਗ ਬਿਜਲੀ ਰਾਜ ਮੰਤਰੀ ਸ੍ਰੀ ਸ਼੍ਰੀਪਦ ਯੈਸੋ ਨਾਇਕ, ਸਕੱਤਰ, ਬਿਜਲੀ ਮੰਤਰਾਲੇ ਸ਼੍ਰੀ ਪੰਕਜ ਅਗਰਵਾਲ ਅਤੇ ਬਿਜਲੀ ਮੰਤਰਾਲੇ ਅਧੀਨ ਸਾਰੇ ਦਫਤਰਾਂ ਅਤੇ ਉਪਕਰਮਾਂ ਦੇ ਮੁਖੀ ਅਤੇ ਪ੍ਰਤੀਨਿਧੀ, ਬਿਜਲੀ ਮੰਤਰਾਲੇ ਦੀ ਹਿੰਦੀ ਸਲਾਹਕਾਰ ਕਮੇਟੀ ਦੇ ਮਾਣਯੋਗ ਮੈਂਬਰ ਅਤੇ ਹੋਰ ਪਤਵੰਤੇ ਮੌਜੂਦ ਸਨ।ਭਾਰਤ ਸਰਕਾਰ ਦੇ ਬਿਜਲੀ ਮੰਤਰਾਲੇ ਅਧੀਨ ਇੱਕ ਮਹਾਰਤਨ ਕੰਪਨੀ ਹੈ। ਇਹ ਇੱਕ ਗੈਰ-ਬੈਂਕਿੰਗ ਵਿੱਤੀ ਕੰਪਨੀ ਹੈ ਜੋ ਪੂਰੇ ਭਾਰਤ ਵਿੱਚ ਬਿਜਲੀ ਖੇਤਰ ਦੇ ਵਿੱਤ ਅਤੇ ਵਿਕਾਸ 'ਤੇ ਕੇਂਦ੍ਰਿਤ ਹੈ। 1969 ਵਿੱਚ ਆਪਣੀ ਸਥਾਪਨਾ ਤੋਂ ਬਾਅਦ 55 ਸਾਲ ਦੇ ਕਾਰਜ ਪੂਰੇ ਕੀਤੇ ਹਨ। ਬਿਜਲੀ ਉਤਪਾਦਨ, ਸੰਚਾਰ, ਵੰਡ ਅਤੇ ਨਵਿਆਉਣਯੋਗ ਊਰਜਾ ਨੂੰ ਕਵਰ ਕਰਦੇ ਹੋਏ ਬਿਜਲੀ ਖੇਤਰ ਦੀ ਸਮੁੱਚੀ ਮੁੱਲ ਲੜੀ ਵਿੱਚ ਪ੍ਰੋਜੈਕਟਾਂ ਨੂੰ ਵਿੱਤ ਪ੍ਰਦਾਨ ਕਰਦਾ ਹੈ। ਹਾਲ ਹੀ ਵਿੱਚ, ਗੈਰ-ਬਿਜਲੀ ਬੁਨਿਆਦੀ ਢਾਂਚੇ ਅਤੇ ਲੌਜਿਸਟਿਕਸ ਖੇਤਰ ਨੂੰ ਵਿੱਤ ਦੇ ਕੇ ਆਪਣੇ ਕਾਰੋਬਾਰ ਨੂੰ ਵਿਭਿੰਨ ਬਣਾਇਆ ਹੈ।

# ਭਾਰਤੀ ਫ਼ੌਜ ਅਤੇ ਸਰਹੱਦੀ ਸੁਰੱਖਿਆ ਬਲ ਦੀ ਸਾਲਾਨਾ ਕਾਨਫ਼ਰੰਸ



ਚੰਡੀਗੜ੍ਹ, 19 ਜੂਨ (ਅੰਮ੍ਰਿਤਪਾਲ ਸਿੰਘ) : ਭਾਰਤੀ ਫੌਜ ਅਤੇ ਸਰਹੱਦੀ ਸੁਰੱਖਿਆ ਬਲ ਦੀ ਸਾਲਾਨਾ ਤਾਲਮੇਲ ਕਾਨਫਰੰਸ 2025 ਅੱਜ ਹੈੱਡਕੁਆਰਟਰ ਵੈਸਟਰਨ ਕਮਾਂਡ ਵਿਖੇ ਹੋਈ, ਜਿਸ ਵਿੱਚ ਸੀਮਾ ਸੁਰੱਖਿਆ ਬਲ (ਬੀਐਸਐਫ), ਪੰਜਾਬ ਅਤੇ ਜੰਮੂ ਫਰੰਟੀਅਰ ਅਤੇ ਭਾਰਤੀ ਫੌਜ (ਪੱਛਮੀ ਕਮਾਂਡ) ਦੇ ਸੀਨੀਅਰ ਅਫ਼ਸਰ ਸ਼ਾਮਿਲ ਹੋਏ। ਇਸ ਕਾਨਫਰੰਸ ਦਾ ਉਦੇਸ਼ ਸੰਚਾਲਨ ਤਾਲਮੇਲ ਨੂੰ ਹੋਰ ਵਧਾਉਣਾ, ਸਾਂਝੀਵਾਲਤਾ ਨੂੰ ਮਜ਼ਬੂਤ ਕਰਨਾ ਅਤੇ ਪੱਛਮੀ ਥੀਏਟਰ ਵਿੱਚ ਸਰਹੱਦੀ ਪ੍ਰਬੰਧਨ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ ਨੂੰ ਹੱਲ ਕਰਨਾ ਸੀ। ਮੀਟਿੰਗ ਦੀ ਸਹਿ-ਪ੍ਰਧਾਨਗੀ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ, ਆਰਮੀ ਕਮਾਂਡਰ, ਪੱਛਮੀ ਕਮਾਂਡ ਅਤੇ ਸ਼੍ਰੀ ਸਤੀਸ਼ ਐਸ. ਖੰਡਾਰੇ, ਆਈਪੀਐਸ, ਏਡੀਜੀ, ਹੈੱਡਕੁਆਰਟਰ ਸਪਲ ਡੀਜੀ ਬੀਐਸਐਫ (ਪੱਛਮੀ ਕਮਾਂਡ) ਨੇ ਕੀਤੀ।ਕਾਨਫਰੰਸ ਵਿੱਚ ਸਰਹੱਦੀ ਪ੍ਰਬੰਧਨ ਵਿੱਚ ਆਈਆਂ ਚੁਣੌਤੀਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਪੇਸ਼ ਕੀਤੇ ਗਏ, ਖਾਸ ਤੌਰ 'ਤੇ ਓਪਰੇਸ਼ਨ ਸਿੰਦੂਰ ਦੇ ਹਾਲ ਹੀ ਦੇ ਸੰਚਾਲਨ ਅਨੁਭਵ 'ਤੇ ਕੇਂਦ੍ਰਿਤ ਰਹੇ। ਦੋਵਾਂ ਸੈਨਾਵਾਂ ਦੇ ਸੀਨੀਅਰ ਕਮਾਂਡਰਾਂ ਨੇ ਆਪ੍ਰੇਸ਼ਨ ਦੌਰਾਨ ਪ੍ਰਾਪਤ ਰਣਨੀਤਕ ਸੂਝਾਂ ਸਾਂਝੀਆਂ ਕੀਤੀਆਂ, ਜਿਸ ਵਿੱਚ ਗਤੀਸ਼ੀਲ ਸਥਿਤੀਆਂ ਵਿੱਚ ਤਾਲਮੇਲ, ਭੂਮੀ ਸ਼ੋਸ਼ਣ ਅਤੇ ਤੇਜ਼ ਫੈਸਲਾ ਲੈਣ ਵਰਗੇ ਖੇਤਰਾਂ ਨੂੰ ਉਜਾਗਰ ਕੀਤਾ ਗਿਆ। ਇਸ ਆਪ੍ਰੇਸ਼ਨ ਤੋਂ ਪ੍ਰਾਪਤ ਸਬਕਾਂ ਨੂੰ ਭਵਿੱਖ ਦੀਆਂ ਸਰਹੱਦੀ ਸੰਕਟ ਲਈ ਤਿਆਰੀ, ਅਨੁਕੂਲਤਾ ਅਤੇ ਪ੍ਰਤੀਕਿਰਿਆ ਵਿਧੀਆਂ ਨੂੰ ਵਧਾਉਣ ਲਈ ਸਰਗਰਮੀ ਨਾਲ ਸੰਸਥਾਗਤ ਬਣਾਇਆ ਜਾ ਰਿਹਾ ਹੈ। ਇਨ੍ਹਾਂ ਸੂਝਾਂ ਦੇ ਆਧਾਰ 'ਤੇ ਕਾਨਫਰੰਸ ਨੇ ਵਧੇਰੇ ਸੰਚਾਲਨ ਤਾਲਮੇਲ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕਈ ਤਰ੍ਹਾਂ ਦੀਆਂ ਸਾਂਝੀਆਂ ਪਹਿਲਕਦਮੀਆਂ 'ਤੇ ਵਿਚਾਰ-ਵਟਾਂਦਰਾ ਕੀਤਾ। ਇਨ੍ਹਾਂ ਵਿੱਚ ਏਕੀਕ੍ਰਿਤ ਮਿਸ਼ਨਾਂ ਦੌਰਾਨ ਅਨੁਕੂਲਤਾ ਅਤੇ ਸਹਿਜ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਬੀਐਸਐਫ ਅਤੇ ਫੌਜ ਦੀਆਂ ਇਕਾਈਆਂ ਵਿਚਕਾਰ ਸਿਖਲਾਈ ਪ੍ਰੋਟੋਕੋਲ ਅਤੇ ਉਪਕਰਣ ਪ੍ਰੋਫਾਈਲਾਂ ਦਾ ਸੁਮੇਲ ਸ਼ਾਮਲ ਸੀ। ਚਰਚਾਵਾਂ ਨੇ ਅੱਗੇ ਵਾਲੇ ਖੇਤਰਾਂ ਵਿੱਚ ਸਰੋਤ ਸਾਂਝਾਕਰਨ ਅਤੇ ਸਪਲਾਈ ਚੇਨ ਕੁਸ਼ਲਤਾ ਨੂੰ ਵਧਾਉਣ ਦੇ ਉਪਾਵਾਂ 'ਤੇ ਵੀ ਕੇਂਦ੍ਰਿਤ ਕੀਤਾ। ਇੱਕ ਤਾਲਮੇਲ ਵਾਲੀ ਰੱਖਿਆਤਮਕ ਲੜਾਈ ਲੜਨ ਲਈ ਆਧੁਨਿਕ।ਡਰੋਨ, ਸੀ-ਯੂਏਵੀ, ਨਿਗਰਾਨੀ ਅਤੇ ਸੰਚਾਰ ਵਰਗੇ ਤਾਲਮੇਲ ਲਈ ਨਵੇਂ ਖੇਤਰਾਂ ਦੀ ਪਛਾਣ ਕੀਤੀ ਗਈ। ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ, ਜੀਓਸੀ-ਇਨ-ਸੀ, ਹੈੱਡਕੁਆਰਟਰ ਪੱਛਮੀ ਕਮਾਂਡ ਨੇ ਆਪਣੇ ਸਮਾਪਤੀ ਭਾਸ਼ਣ ਵਿੱਚ ਇੱਕ ਸੰਯੁਕਤ ਸੁਰੱਖਿਆ ਬਲ ਸੱਭਿਆਚਾਰ ਵਿਕਸਤ ਕਰਨ ਦੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਤੇ ਜ਼ੋਰ ਦਿੱਤਾ, ਨਿਰੰਤਰ ਸਹਿਯੋਗ ਦੀ ਮਹੱਤਤਾ ਅਤੇ ਸਾਂਝੇਦਾਰੀ ਦੀ ਭਾਵਨਾ ਨੂੰ ਦੁਹਰਾਇਆ। ਉਨ੍ਹਾਂ ਨੇ ਸਰਹੱਦੀ ਅਖੰਡਤਾ ਨੂੰ ਬਣਾਈ ਰੱਖਣ ਵਿੱਚ ਬੀਐਸਐਫ ਅਤੇ ਫੌਜ ਦੋਵਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਆਧੁਨਿਕ ਅਤੇ ਉੱਭਰ ਰਹੇ ਖਤਰਿਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਨਿਰੰਤਰ ਸਹਿਯੋਗ ਦੀ ਮੰਗ ਕੀਤੀ। ਭਾਰਤੀ ਫੌਜ ਬੀਐਸਐਫ ਸਾਲਾਨਾ ਤਾਲਮੇਲ ਕਾਨਫਰੰਸ ਸਮੂਹਿਕ ਯਤਨਾਂ, ਸੰਚਾਲਨ ਉੱਤਮਤਾ ਅਤੇ ਏਕੀਕ੍ਰਿਤ ਸੰਕਲਪ ਦੁਆਰਾ ਭਾਰਤ ਦੇ ਸਰਹੱਦੀ ਸੁਰੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਕੰਮ ਕਰਦੀ ਹੈ।

# ਰਾਜਪਾਲ ਨੇ ਪੰਜਾਬ ਵਿੱਚ ਐਨ.ਟੀ.ਈ.ਪੀ. ਅਤੇ ਪ੍ਰਧਾਨ ਮੰਤਰੀ ਟੀਬੀ ਮੁਕਤ ਭਾਰਤ ਅਭਿਆਨ ਦੀ ਪ੍ਰਗਤੀ ਦਾ ਲਿਆ ਜਾਇਜ਼ਾ

ਚੰਡੀਗੜ੍ਹ, 19 ਜੂਨ (ਅੰਮ੍ਰਿਤਪਾਲ ਸਿੰਘ) : ਸੂਬੇ ਵਿੱਚ ਰਾਸ਼ਟਰੀ ਤਪਦਿਕ ਖਾਤਮਾ ਪ੍ਰੋਗਰਾਮ (ਐਨਟੀਈਪੀ) ਅਤੇ ਪ੍ਰਧਾਨ ਮੰਤਰੀ ਟੀਬੀ ਮੁਕਤ ਭਾਰਤ ਅਭਿਆਨ (ਪੀਐਮਟੀਬੀਐਮਬੀਏ) ਦੇ ਲਾਗੂ ਕਰਨ ਦਾ ਮੁਲਾਂਕਣ ਕਰਨ ਲਈ ਪੰਜਾਬ ਦੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਪ੍ਰਧਾਨਗੀ ਹੇਠ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਹੋਈ। ਮੀਟਿੰਗ ਵਿੱਚ ਮਾਣਯੋਗ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਿਵੇਕ ਪ੍ਰਤਾਪ ਸਿੰਘ, ਐਨਐਚਐਮ ਪੰਜਾਬ ਦੇ ਮਿਸ਼ਨ ਡਾਇਰੈਕਟਰ ਸ਼੍ਰੀ ਘਣਸ਼ਿਆਮ ਥੋਰੀ, ਆਈ.ਏ.ਐਸ. ਅਤੇ ਪੰਜਾਬ ਦੇ ਰਾਜ ਟੀਬੀ ਅਧਿਕਾਰੀ ਡਾ. ਰਾਜੇਸ਼ ਭਾਸਕਰ ਸਮੇਤ ਸੀਨੀਅਰ ਸਿਹਤ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ, ਮਾਣਯੋਗ ਰਾਜਪਾਲ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਾਰੇ ਟੀਬੀ ਮਰੀਜ਼ ਜਿਨ੍ਹਾਂ ਨੇ ਗੋਦ ਲੈਣ ਲਈ ਆਪਣੀ ਸਹਿਮਤੀ ਦਿੱਤੀ ਹੈ, ਉਨ੍ਹਾਂ ਨੂੰ ਸਮੇਂ ਸਿਰ ਪੋਸ਼ਣ ਅਤੇ ਡਾਕਟਰੀ ਸਹਾਇਤਾ ਯਕੀਨੀ ਬਣਾਈ ਜਾਵੇ। ਉਨ੍ਹਾਂ ਨੇ ਰਾਜ ਭਵਨ ਵਿਖੇ ਸਮਰਪਿਤ ਨਿਕਸ਼ੇ ਮਿੱਤਰਾਂ ਨੂੰ ਉਨ੍ਹਾਂ ਦੇ ਯੋਗਦਾਨ ਅਤੇ ਪਹਿਲਕਦਮੀ ਵਿੱਚ ਵਿਆਪਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਸਨਮਾਨਿਤ ਕਰਨ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ। ਇਸ ਉਦੇਸ਼ ਪ੍ਰਤੀ ਆਪਣੀ ਨਿੱਜੀ ਵਚਨਬਧਤਾ ਦੀ ਪੁਸ਼ਟੀ ਕਰਦੇ ਹੋਏ, ਰਾਜਪਾਲ ਨੇ ਖੁਦ ਵੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹੋਰ ਟੀਬੀ ਮਰੀਜ਼ਾਂ ਨੂੰ ਗੋਦ ਲੈਣ ਦੀ ਇੱਛਾ ਪ੍ਰਗਟਾਈ। ਇਸ ਸਮੀਖਿਆ ਵਿੱਚ ਮੁੱਖ ਐਨਟੀਈਪੀ ਸੂਚਕਾਂ ,ਜਿਵੇਂ ਪ੍ਰੀਜ਼ੰਪਟਿਵ ਟੀਬੀ ਪ੍ਰੀਖਿਆ ਦਰ (ਪੀਟੀਈਆਰ), ਟੀਬੀ ਨੋਟੀਫਿਕੇਸ਼ਨ, ਇਲਾਜ ਸਫਲਤਾ ਦਰ, ਅਤੇ ਨਿਕਸ਼ੇ ਮਿੱਤਰਾ ਪਹਿਲਕਦਮੀ ਵਿੱਚ ਭਾਗੀਦਾਰੀ ਦੇ ਪੱਧਰ 'ਤੇ ਰਾਜ ਦੇ ਪ੍ਰਦਰਸ਼ਨ ਦਾ ਮੁਲਾਂਕਣ ਸ਼ਾਮਲ ਸੀ। ਰਾਜਪਾਲ ਨੇ ਪੰਜਾਬ ਭਰ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਟੀਬੀ ਮਰੀਜ਼ਾਂ ਨੂੰ ਗੋਦ ਲੈਣ ਵਿੱਚ ਤੇਜ਼ੀ ਲਿਆਉਣ ਅਤੇ ਨਿਕਸ਼ੇ ਮਿੱਤਰ ਪਹਿਲਕਦਮੀ ਨੂੰ ਲਾਗੂ ਕਰਨ ਦੀ ਸਰਗਰਮੀ ਨਾਲ ਨਿਗਰਾਨੀ ਕਰਨ ਦੀ ਜ਼ੋਰਦਾਰ ਅਪੀਲ ਵੀ ਕੀਤੀ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਰਾਜ ਵਿੱਚ ਲਗਭਗ 11,000 ਮਰੀਜ਼ ਹਾਲੇ ਵੀ ਸਹਾਇਤਾ ਦੀ ਉਡੀਕ ਕਰ ਰਹੇ ਹਨ ਅਤੇ ਇਸ ਪਾੜੇ ਨੂੰ ਪਹਿਲ ਦੇ ਆਧਾਰ 'ਤੇ ਦੂਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸਿੱਟੇ ਵਜੋਂ, ਰਾਜਪਾਲ ਨੇ ਨਿਰਦੇਸ਼ ਦਿੱਤਾ ਕਿ ਐਨਟੀਈਪੀ ਅਤੇ ਟੀਬੀ ਮੁਕਤ ਭਾਰਤ ਅਭਿਆਨ ਦੋਵਾਂ ਦੀ ਪ੍ਰਗਤੀ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਵੇ ਤਾਂ ਜੋ ਪ੍ਰਭਾਵਸ਼ਾਲੀ ਲਾਗੂਕਰਨ ਅਤੇ ਨਤੀਜਾ-ਮੁਖੀ ਯਤਨਾਂ ਨੂੰ ਯਕੀਨੀ ਬਣਾਇਆ ਜਾ ਸਕੇ। ਮੀਟਿੰਗ ਰਾਹੀਂ ਟੀਬੀ ਦੇ ਖਤਮੇ ਲਈ ਪੰਜਾਬ ਦੀ ਦ੍ਰਿੜਤਾ ਨੂੰ ਹੋਰ ਪਕੇਰਾ ਕੀਤਾ ਅਤੇ ਪ੍ਰਸ਼ਾਸਨ ਦੇ ਸਾਰੇ ਪੱਧਰਾਂ 'ਤੇ ਸਾਂਝੇ ਯਤਨਾਂ ਦੀ ਮੰਗ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਟੀਬੀ ਮਰੀਜ਼ ਇਲਾਜ ਵਿਹੂਣਾ ਨਾ ਰਹਿ ਜਾਵੇ। ਮੀਟਿੰਗ ਵਿੱਚ ਮੌਜੂਦ ਸ੍ਰੀ ਵਿਵੇਕ ਪ੍ਰਤਾਪ ਸਿੰਘ, ਪ੍ਰਮੁੱਖ ਸਕੱਤਰ, ਮਾਣਯੋਗ ਰਾਜਪਾਲ, ਸ੍ਰੀ ਘਨਸ਼ਿਆਮ, ਥੋਰੀ ਐਮ.ਡੀ. ਐਨ.ਐਚ.ਐਮ. ਅਤੇ ਵਿਸ਼ੇਸ਼ ਸਕੱਤਰ, ਸਿਹਤ ਅਤੇ ਡਾ. ਰਾਜੇਸ਼ ਭਾਸਕਰ, ਸਟੇਟ ਟੀ.ਬੀ. ਅਫਸਰ ਪੰਜਾਬ ਮੌਜੂਦ ਸਨ।

# ਨਿਊਰੋਗ੍ਰਿਟ ਗੋਲਡ ਰਵਾਇਤੀ ਆਯੁਰਵੇਦ ਅਤੇ ਆਧੁਨਿਕ ਵਿਗਿਆਨ ਦਾ ਇੱਕ ਵਿਲੱਖਣ ਸੁਮੇਲ: ਆਚਾਰੀਆ ਬਾਲਕ੍ਰਿਸ਼ਨ

ਹਰਿਦੁਆਰ, 19 ਜੂਨ (ਅੰਮ੍ਰਿਤਪਾਲ ਸਿੰਘ) : ਪਤੰਜਲੀ ਦੇ ਵਿਗਿਆਨੀਆਂ ਦੁਆਰਾ ਸੀ. ਐਲੀਗਨਸ 'ਤੇ ਕੀਤੀ ਗਈ ਨਵੀਂ ਖੋਜ ਨੇ ਪੁਸ਼ਟੀ ਕੀਤੀ ਹੈ ਕਿ ਆਯੁਰਵੇਦਿਕ ਦਵਾਈ ਨਿਊਰੋਗ੍ਰਿਟ ਗੋਲਡ ਨਾ ਸਿਰਫ ਪਾਰਕਿੰਸਨਸ ਰੋਗ ਕਾਰਨ ਹੋਣ ਵਾਲੀ ਯਾਦਦਾਸ਼ਤ ਦੀ ਕਮੀ ਨੂੰ ਸੁਧਾਰਨ ਵਿੱਚ ਮਦਦ ਕਰਦੀ ਹੈ, ਸਗੋਂ ਇਹ ਜੀਵਾਂ ਦੀ ਉਮਰ ਵਧਾਉਣ ਵਿੱਚ ਵੀ ਮਦਦ ਕਰਦੀ ਹੈ, ਜਦੋਂ ਕਿ ਇਸਦਾ ਉਨ੍ਹਾਂ ਦੀ ਉਚਾਈ ਅਤੇ ਉਪਜਾਊ ਸ਼ਕਤੀ ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ। ਇਹ ਮਿਸਾਲੀ ਖੋਜ ਅੰਤਰਰਾਸ਼ਟਰੀ ਵਿਲੀ ਪ੍ਰਕਾਸ਼ਨ ਦੇ ਖੋਜ ਜਰਨਲ ਸੀਐਨਐਸ ਨਿਊਰੋਸਾਇੰਸ ਐਂਡ ਥੈਰੇਪਿਊਟਿਕਸ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ।ਇਸ ਮੌਕੇ 'ਤੇ ਆਚਾਰੀਆ ਬਾਲਕ੍ਰਿਸ਼ਨ ਨੇ ਕਿਹਾ ਕਿ ਪਾਰਕਿੰਸਨਸ ਰੋਗ ਵਿੱਚ, ਇੱਕ ਵਿਅਕਤੀ ਨਾ ਸਿਰਫ ਮਾਨਸਿਕ ਤੌਰ 'ਤੇ ਸਿਹਤਮੰਦ ਹੋ ਜਾਂਦਾ ਹੈ, ਸਗੋਂ ਉਸਦਾ ਸਮਾਜਿਕ ਦਾਇਰਾ ਵੀ ਸੁੰਗੜਨਾ ਸ਼ੁਰੂ ਹੋ ਜਾਂਦਾ ਹੈ। ਪਰ, ਕੀ ਕੋਈ ਅਜਿਹਾ ਹੱਲ ਹੈ ਜਿਸ ਦੁਆਰਾ ਇੱਕ ਗੈਰ-ਸਿਹਤਮੰਦ ਵਿਅਕਤੀ ਦੁਬਾਰਾ ਠੀਕ ਹੋ ਸਕਦਾ ਹੈ ਅਤੇ ਬਿਨਾਂ ਕਿਸੇ ਮਦਦ ਦੇ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਨੂੰ ਚੰਗੀ ਤਰ੍ਹਾਂ ਕਰ ਸਕਦਾ ਹੈ। ਹੁਣ ਅਸੀਂ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਾਂ , ਹੁਣ ਇਹ ਸੰਭਵ ਹੈ।ਆਚਾਰੀਆ ਨੇ ਕਿਹਾ ਕਿ ਨਿਊਰੋਗ੍ਰਿਟ ਗੋਲਡ ਸਾਡੀ ਵਿਰਾਸਤ ਆਯੁਰਵੇਦ ਅਤੇ ਆਧੁਨਿਕ ਵਿਗਿਆਨ ਦਾ ਇੱਕ ਵਿਲੱਖਣ ਸੁਮੇਲ ਹੈ। ਇਹ ਖੋਜ ਦਰਸਾਉਂਦੀ ਹੈ ਕਿ ਜੇਕਰ ਕੁਦਰਤੀ ਜੜ੍ਹੀਆਂ ਬੂਟੀਆਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਜਾਵੇ, ਤਾਂ ਇਸ ਆਧੁਨਿਕ ਯੁੱਗ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ ਜਾ ਸਕਦੇ ਹਨ।ਨਿਊਰੋਗ੍ਰਿਟ ਗੋਲਡ ਦੇ ਸੇਵਨ ਨਾਲ ਇਹਨਾਂ ਜੀਵਾਂ ਵਿੱਚ ਆਕਸੀਡੇਟਿਵ ਤਣਾਅ ਦੇ ਪੱਧਰ ਵਿੱਚ ਕਮੀ ਆਈ, ਨਾਲ ਹੀ ਪਿੰਕ-1, ਪੀਡੀਆਰ-1, ਮਾਈਟੋਕੌਂਡਰੀਅਲ ਆਟੋਫੈਜੀ ਦਾ ਕਾਰਕ, ਅਤੇ ਕੈਟ-2, ਡੋਪਾਮਾਈਨ ਸੰਸਲੇਸ਼ਣ ਦਾ ਕਾਰਕ, ਜੀਨਾਂ ਦੇ ਪ੍ਰਗਟਾਵੇ ਵਿੱਚ ਵਾਧਾ ਹੋਇਆ, ਜੋ ਪਾਰਕਿੰਸਨਸ ਬਿਮਾਰੀ ਕਾਰਨ ਘਟੇ ਸਨ।



# ਇੰਸਪੈਕਟਰ ਜਸਵਿੰਦਰ ਸਿੰਘ ਢੀਂਡਸਾ ਦੀ ਡੀ.ਐੱਸ.ਪੀ. ਵਜੋਂ ਹੋਈ ਤਰੱਕੀ



ਬਰਨਾਲਾ, 19 ਜੂਨ (ਹਿਮਾਂਸ਼ੂ ਗਰਗ): ਇੰਸਪੈਕਟਰ ਜਸਵਿੰਦਰ ਸਿੰਘ ਢੀਂਡਸਾ ਨੂੰ ਵਿਭਾਗ ਨੇ ਤਰੱਕੀ ਦੇ ਕੇ ਡੀ. ਐੱਸ. ਪੀ. ਬਣਾ ਦਿੱਤਾ ਹੈ, ਜੋ ਕਿ ਪਹਿਲਾਂ ਬਰਨਾਲਾ ਵਿਚ ਬਤੌਰ ਟਰੈਫਿਕ ਇੰਚਾਰਜ ਬਰਨਾਲਾ ਰਹਿ ਚੁੱਕੇ ਹਨ, ਅਤੇ ਹੁਣ ਉਹਨਾਂ ਦੀ ਬਦਲੀ ਪਟਿਆਲਾ ਵਿਖੇ ਹੋ ਗਈ ਸੀ ਜਿਸ ਤੋਂ ਬਾਅਦ ਉਹਨਾਂ ਨੂੰ ਐੱਸ.ਐੱਸ.ਪੀ. ਵਰੁਣ ਸ਼ਰਮਾ ਨੇ ਸਟਾਰ ਲਗਾਏ। ਇਸ ਮੌਕੇ ਐੱਸ. ਐੱਸ. ਪੀ. ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਪੁਲਿਸ ਵਿਚ ਜਿਹੜੇ ਵੀ ਅਧਿਕਾਰੀ ਜਾਂ ਫਿਰ ਕਰਮਚਾਰੀ ਵਧੀਆ ਕੰਮ ਕਰਦੇ ਹਨ, ਉਨ੍ਹਾਂ ਨੂੰ ਵਿਭਾਗ ਵੱਲੋਂ ਤਰੱਕੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਜਸਵਿੰਦਰ ਸਿੰਘ ਢੀਂਡਸਾ ਨੇ ਹਮੇਸ਼ਾ ਹੀ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਇਆ ਹੈ।ਇਸ ਮੌਕੇ ਡੀ. ਐੱਸ. ਪੀ. ਜਸਵਿੰਦਰ ਸਿੰਘ ਢੀਂਡਸਾ ਨੇ ਤਰੱਕੀ ਦੇਣ ਲਈ ਡੀ.ਜੀ.ਪੀ. ਗੌਰਵ ਯਾਦਵ, ਡੀ. ਆਈ. ਜੀ. ਡਾ. ਨਾਨਕ ਸਿੰਘ ਅਤੇ ਐੱਸ. ਐੱਸ. ਪੀ. ਵਰੁਣ ਸ਼ਰਮਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਵਿਭਾਗ ਵੱਲੋਂ ਦਿੱਤੀ ਤਰੱਕੀ ਦੇ ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ, ਅਤੇ ਉਹ ਆਪਣੀ ਡਿਊਟੀ ਨੂੰ ਤਨ ਮਨ ਨਾਲ ਨਿਭਾਉਣਗੇ।

# ਬੇਟੀ ਦੇ ਜਨਮ ਦਿਨ 'ਤੇ ਧਾਰਮਿਕ ਸਮਾਗਮ ਕਰਵਾਇਆ



ਤਪਾ ਮੰਡੀ, 19 ਜੂਨ (ਭੂਸ਼ਨ ਘੜੈਲਾ): ਵਿੱਕੀ ਗਰਗ ਤੇ ਉਸ ਦੀ ਧਰਮ ਪਤਨੀ ਪ੍ਰੀਆ ਰਾਣੀ ਨੇ ਆਪਣੀ ਬੱਚੀ ਲਵੀਸ਼ਾ ਗਰਗ ਦਾ ਜਨਮ ਦਿਨ ਸ਼ਹਿਰ ਦੇ ਪ੍ਰਸਿੱਧ ਪ੍ਰਾਚੀਨ ਸ਼ਰਾਂ ਮੰਦਰ ਵਿੱਚ ਇਕ ਸਾਦੇ ਢੰਗ ਨਾਲ ਧਾਰਮਿਕ ਸਮਾਗਮ ਰਾਹੀਂ ਮਨਾਇਆ। ਨਵੀਸ਼ਾ ਗਰਗ ਦੇ ਜਨਮ ਦਿਨ 'ਤੇ ਜਿੱਥੇ ਮਾਤਾ ਪਿਤਾ ਨੇ ਬੱਚੀ ਨੂੰ ਕੇਕ ਕੱਟ ਕੇ ਖੁਸ਼ੀਆਂ ਦਿੱਤੀਆਂ ਉੱਥੇ ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਤਪਾ ਵੱਲੋਂ ਸੰਕੀਰਤਨ ਵੀ ਕਰਵਾਇਆ ਗਿਆ। ਸੰਕੀਰਤਨ ਮੰਡਲੀ ਨੇ ਸ੍ਰੀ ਰਾਧਾ ਕ੍ਰਿਸ਼ਨ ਜੀ ਨਾਲ ਜੁੜੇ ਭਜਨਾਂ ਨੂੰ ਗਾਇਆ ਜਿਸ ਤੇ ਪੰਡਾਲ ਵਿੱਚ ਬੈਠੀ ਸੰਗਤ ਨੱਚਣ ਲਈ ਮਜਬੂਰ ਹੋ ਗਈ। ਇਸ ਮੌਕੇ ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਦੇ ਭਜਨ ਗਾਇਕ ਅਜੇ ਸਿੰਗਲਾ,ਲੱਕੀ ਭੈਣੀ ਅਤੇ ਅਜੇ ਕੁਮਾਰ ਬਾਂਸਲ ਬੱਬੀ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਦੇ ਜਨਮ ਦਿਨ ਇੱਕ ਸਾਦੇ ਤੇ ਧਾਰਮਿਕ ਪ੍ਰੋਗਰਾਮ ਰਾਹੀ ਬਣਾਉਣੇ ਚਾਹੀਦੇ ਹਨ। ਬੱਚੇ ਦੇ ਜਨਮ 'ਤੇ ਚਾਹੇ ਮੁੰਡਾ ਹੋ ਜਾਂ ਕੁੜੀ ਨੂੰ ਬਰਾਬਰ ਸਮਝਦੇ ਹੋਏ ਜਨਮ ਦਿਨ 'ਤੇ ਮਾਪਿਆਂ ਨੂੰ ਇੱਕ ਪੌਦਾ ਵੀ ਜ਼ਰੂਰ ਲਗਾਉਣਾ ਚਾਹੀਦਾ ਜਿਸ ਦੇ ਜ਼ਰੀਏ ਬੱਚਿਆਂ ਦੇ ਜਨਮ ਦਿਨ ਵੀ ਯਾਦ ਰਹਿੰਦੇ ਹਨ, ਮਨ ਨੂੰ ਖ਼ੁਸ਼ੀ ਵੀ ਮਿਲਦੀ ਹੈ ਤੇ ਰੁੱਖ ਦਾ ਨਾਮ ਵੀ ਲਿਆ ਜਾਂਦਾ ਹੈ। ਇਸ ਮੌਕੇ ਪਿਤਾ ਵਿੱਕੀ ਗਰਗ (ਪੰਜਾਬ ਅਤੇ ਸਿੰਧ ਬੈਂਕ) ਤੇ ਮਾਤਾ ਪ੍ਰੀਆ ਰਾਣੀ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਬੱਚੀ ਨਵੀਸ਼ਾ ਦੇ ਮਾਤਾ ਪਿਤਾ ਨੇ ਆਈ ਸੰਗਤ, ਅਤੇ ਵਧਾਈਆਂ ਦੇਣ ਵਾਲਿਆਂ ਦਾ ਧੰਨਵਾਦ ਕੀਤਾ। ਸਮਾਗਮ ਦੇ ਵਿਚ ਭਗਵਾਨ ਕ੍ਰਿਸ਼ਨ ਅਤੇ ਰਾਧਾ ਰਾਣੀ ਨੂੰ ਭੋਗ ਲਗਾਇਆ ਗਿਆ ਆਰਤੀ ਕੀਤੀ ਗਈ। ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਵੱਲੋਂ ਬੱਚੀ ਨਵੀਸ਼ ਗਰਗ ਨੂੰ ਧਾਰਮਿਕ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੰਦਰ ਦੇ ਪੁਜਾਰੀ ਪੰਡਿਤਅਨਿਲ ਕੁਮਾਰ, ਸ੍ਰੀ ਰਾਧਾ ਰਾਣੀ ਪ੍ਰਭਾਤ ਫੇਰੀ ਮੰਡਲ ਦੇ ਰਾਜਿੰਦਰ ਲਵਲੀ, ਕਮਲਜੀਤ ਸਿੰਘ, ਨਰੇਸ਼ ਕੁਮਾਰ, ਕਾਲਾ ਰਾਮ ਤੋਂ ਇਲਾਵਾ ਅਸ਼ੋਕ ਕੁਮਾਰ ਘੜੈਲਾ, ਪ੍ਰਵੀਨ ਸ਼ਾਂਤ, ਭੂਸ਼ਨ ਘੜੈਲਾ, ਰਮੇਸ਼ ਧੌਲਾ,ਰੇਸ਼ਮ ਖਾਂ, ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਕਾਸੋ ਆਪ੍ਰੇਸ਼ਨ ਤਹਿਤ ਕਈ ਬਰਾਮਦਗੀਆਂ



ਤਪਾ ਮੰਡੀ, 19 ਜੂਨ (ਭੂਸ਼ਨ ਘੜੈਲਾ): ਪੰਜਾਬ ਦੇ ਡੀਜੀਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਿਲਾ ਬਰਨਾਲਾ ਦੇ ਐਸਐਸਪੀ ਮੁਹੰਮਦ ਸਰਫਰਾਜ਼ ਆਲਮ ਦੀ ਯੋਗ ਅਗਵਾਈ ਵਿੱਚ ਬਰਨਾਲਾ ਦੇ ਡੀਐਸਪੀ (ਡੀ) ਪਰਮਜੀਤ ਸਿੰਘ ਡੋਡ ਦੀ ਸੁਪਰਵੀਜ਼ਨ ਵਿੱਚ ਅਤੇ ਡੀਐਸਪੀ ਤਪਾ ਦੇ ਅਧੀਨ ਸਬ ਡਵੀਜਨ ਤਪਾ ਅੰਦਰ ਪੈਂਦੇ ਥਾਣਿਆਂ ਦੇ ਇਲਾਕਿਆ ਵਿੱਚ ਕਾਸੋ ਆਪ੍ਰੇਸ਼ਨ ਕੀਤਾ ਗਿਆ। ਜਿਸ ਤਹਿਤ ਥਾਣਾ ਤਪਾ ਦੇ ਮੁੱਖ ਅਫ਼ਸਰ ਸ਼ਰੀਫ ਖਾਨ ਵੱਲੋਂ ਦੋਸੀਆਨ ਧਰਮਾ ਸਿੰਘ ਅਤੇ ਸੋਨੂੰ ਕੁਮਾਰ, ਤਪਾ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 350 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਮਾਮਲਾ ਦਰਜ ਕੀਤਾ ਗਿਆ। ਸਰਚ ਅਭਿਆਨ ਤਹਿਤ ਥਾਣਾ ਰੂੜੇਕੇ ਕਲਾਂ ਐਸਐਚਓ ਰੇਨੂੰ ਪਰੋਚਾ ਵੱਲੋਂ ਦੋਸ਼ੀ ਰਾਹੁਲ ਧੋਤੀ ਰੋਡ ਬਰਨਾਲਾ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 27 ਗ੍ਰਾਮ ਚਿੱਟਾ ਨਸ਼ੀਲਾ ਪਾਊਡਰ ਅਤੇ ਜਗਤਾਰ ਸਿੰਘ ਰੂੜੇਕੇ ਕਲਾਂ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 40 ਲੀਟਰ ਲਾਹਣ ਅਤੇ ਥਾਣਾ ਭਦੌੜ ਦੇ ਐਸਐਚਓ ਗੁਰਵਿੰਦਰ ਸਿੰਘ ਨੇ ਇੱਕ ਦੋਸ਼ੀ ਸੱਤਪਾਲ ਸਿੰਘ ਉਰਫ ਸੱਤਾ ਵਾਸੀ ਭਦੌੜ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਇਕ ਲਾਈਟਰ, ਪੰਨੀ ਅਤੇ10 ਰੁਪਏ ਦਾ ਜਲਿਆ ਹੋਇਆ ਨੋਟ ਬ੍ਰਾਮਦ ਕਰਕੇ ਮਾਮਲਾ ਦਰਜ ਕੀਤਾ ਗਿਆ।

# ਨਾਮੁਰਾਦ ਬਿਮਾਰੀ ਲੱਗਣ ਕਰਕੇ ਕਿਸਾਨ ਨੇ ਮੂੰਗੀ ਦੀ ਫ਼ਸਲ ਵਾਹੀ



ਤਪਾ ਮੰਡੀ, 19 ਜੂਨ (ਭੂਸ਼ਨ ਘੜੈਲਾ): ਨੇੜਲੇ ਪਿੰਡ ਢਿੱਲਵਾਂ ਦੇ ਇੱਕ ਕਿਸਾਨ ਨੇ ਮੂੰਗੀ ਦੀ ਫਸਲ ਨੂੰ ਬੀਮਾਰੀ ਪੈਣ ਕਰਕੇ ਮੂੰਗੀ ਵਾਲੇ ਖੇਤ ਨੂੰ ਵਾਹ ਦੇਣ ਦਾ ਸਮਾਚਾਰ ਮਿਲਿਆ ਹੈ। ਕਿਸਾਨ ਨਿਰਭੈ ਸਿੰਘ ਨੇ ਦੱਸਿਆ ਕਿ ਮੂੰਗੀ ਫ਼ਸਲ ਨੂੰ ਬੀਮਾਰੀ ਪੈਣ ਨਾਲ ਉਸ ਨੂੰ ਚੰਗੀ ਤਰ੍ਹਾਂ ਫਲ ਨਹੀ ਲੱਗਿਆ ਤੇ ਮੂੰਗੀ ਦੇ ਪੱਤੇ ਵੀ ਚਿੱਟੇ ਹੋਣ ਲੱਗ ਗਏ ਸੀ, ਜਿਸ ਕਾਰਨ ਕਾਫੀ ਦਿਨ ਮੂੰਗੀ ਵੱਲ ਦੇਖਦਾ ਰਿਹਾ। ਉਨ੍ਹਾਂ ਦੱਸਿਆ ਕਿ ਵੱਧ ਬਾਰਿਸ਼ ਪੈਣ ਨਾਲ ਮੂੰਗੀ ਦਾ ਨੁਕਸਾਨ ਹੋਇਆ ਹੈ। ਮੂੰਗੀ ਨੂੰ ਬਿਮਾਰੀ ਪੈਣ 'ਤੇ ਕੀਟਨਾਸ਼ਕ ਦਵਾਈਆਂ ਵੀ ਛਿੜਕੀਆਂ ਫਿਰ ਵੀ ਮੂੰਗੀ ਨੂੰ ਖਤਰਨਾਕ ਸੁੰਡੀ ਖਾ ਗਈ ਜਿਸ ਨੂੰ ਦੇਖਣ 'ਤੇ ਹਰ ਰੋਜ਼ ਮਨ ਖ਼ੁਰਾਬ ਹੁੰਦਾ ਸੀ, ਜਿਸ ਕਾਰਨ ਅੱਜ ਅੱਕ ਕੇ ਮੂੰਗੀ ਵਾਲਾ ਖੇਤ ਵਾਹ ਹੀ ਦਿੱਤਾ ਹੈ। ਉਨ੍ਹਾਂ ਕਿਹਾ ਫਸਲ ਨੂੰ ਜਦੋਂ ਕੋਈ ਵੀ ਬਿਮਾਰੀ ਲੱਗ ਜਾਵੇ ਤਾਂ ਮੁੜ ਕੇ ਫ਼ਸਲ ਨੂੰ ਫਲ ਨਹੀਂ ਲੱਗਦਾ।

# ਦੋ ਅਣਪਛਾਤੇ ਲੁਟੇਰੇ ਨੌਜਵਾਨ ਦੀ ਕੁੱਟਮਾਰ ਕਰਕੇ ਨਗਦੀ ਖੋਹ ਕੇ ਹੋਏ ਫਰਾਰ

ਧਨੌਲਾ, 19 ਜੂਨ (ਚਮਕੌਰ ਸਿੰਘ ਗੱਗੀ): ਪੰਜਾਬ ਵਿੱਚ ਆਏ ਦਿਨ ਲੁੱਟਾਂ ਖੋਹਾਂ ਹੋਣ ਕਾਰਨ ਅਮਨ ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ, ਇਸੇ ਤਹਿਤ ਥਾਣਾ ਧਨੌਲਾ ਅਧੀਨ ਪੈਂਦੇ ਪਿੰਡ ਉੱਪਲੀ ਰਾਜਗੜ੍ਹ ਰੋਡ 'ਤੇ ਦੋ ਅਣਪਛਾਤੇ ਨਕਾਬਪੋਸ਼ ਨੌਜਵਾਨਾਂ ਵੱਲੋਂ ਇਕ ਨੌਜਵਾਨ ਦੀ ਘਰ ਕੇ ਕੁੱਟਮਾਰ ਕੀਤੀ ਅਤੇ ਨਗਦੀ ਸਮੇਤ ਲੈਪਟਾਪ ਖੋਹ ਕੇ ਫ਼ਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਹਸਪਤਾਲ ਵਿੱਚ ਜੇਰੇ ਇਲਾਜ ਗੁਰਵਿੰਦਰ ਸਿੰਘ ਪੁੱਤਰ ਗੁਰਲਾਲ ਸਿੰਘ ਵਾਸੀ ਮਾਨਾ ਪਿੰਡੀ ਧਨੌਲਾ ਨੇ ਦੱਸਿਆ ਕਿ ਉਹ



ਅਸ਼ੀਰਵਾਦ ਫਾਇਨਾਂਸ ਕੰਪਨੀ ਵਿੱਚ ਪੇਮੈਂਟ ਕੁਲੈਕਸ਼ਨ ਏਜੰਟ ਵਜੋਂ ਕੰਮ ਕਰਦਾ ਹੈ। ਬੁੱਧਵਾਰ ਰਾਤ ਲਗਭਗ 9:30 ਵਜੇ ਜਦੋਂ ਉਹ ਪਿੰਡ ਉਪਲੀ ਤੋਂ ਬਰਨਾਲਾ ਵੱਲ ਆ ਰਿਹਾ ਸੀ ਤਾਂ ਰਸਤੇ ਵਿੱਚ ਰਾਜਗੜ੍ਹ ਸੂਏ ਪੁਲ 'ਤੇ ਦੋ ਅਣਪਛਾਤੇ ਨਕਾਬਪੋਸ਼ ਨੌਜਵਾਨਾਂ ਨੇ ਉਸਨੂੰ ਰੋਕਿਆ, ਉਸਦੀ ਕੁੱਟਮਾਰ ਕੀਤੀ ਅਤੇ 38,200 ਰੁਪਏ ਦੀ ਨਕਦੀ, ਇੱਕ ਬਾਇਓਮੈਟ੍ਰਿਕ ਮਸ਼ੀਨ ਅਤੇ ਕਿੱਟ ਵਿੱਚ ਰੱਖੇ ਟੈਬ ਖੋਹ ਕੇ ਭੱਜ ਗਏ। ਪਿੰਡ ਰਾਜਗੜ੍ਹ ਦੇ ਉਸਦੇ ਦੋਸਤ ਨੇ ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ।ਮਾਮਲੇ ਦੀ ਜਾਂਚ ਕਰ ਰਹੇ ਧਨੌਲਾ ਪੁਲਿਸ ਸਟੇਸ਼ਨ ਇੰਚਾਰਜ ਜਗਦੇਵ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਡੀ. ਸੀ. ਨੇ ਸੂਬੇ ਦੇ ਯੂਜੀ ਨੀਟ ਟਾਪਰ ਕੇਸ਼ਵ ਮਿੱਤਲ ਦਾ ਕੀਤਾ ਸਨਮਾਨ

ਬਰਨਾਲਾ, 19 ਜੂਨ (ਕਪਿਲ): ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਆਈ ਏ ਐੱਸ ਨੇ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਯੂਜੀ (ਅੰਡਰ ਗ੍ਰੈਜੂਏਟ) ਨੀਟ ਇਮਤਿਹਾਨ 'ਚੋਂ ਸੂਬੇ ਵਿਚੋਂ ਅੱਵਲ ਆਉਣ ਵਾਲੇ ਤਪਾ ਦੇ ਕੇਸ਼ਵ ਮਿੱਤਲ (17 ਸਾਲ) ਦਾ ਸਨਮਾਨ ਕੀਤਾ। ਡਿਪਟੀ ਕਮਿਸ਼ਨਰ ਨੇ ਰਾਜ ਵਿੱਚ ਪਹਿਲਾ ਸਥਾਨ ਅਤੇ ਦੇਸ਼ ਵਿੱਚ ਸੱਤਵਾਂ ਸਥਾਨ ਪ੍ਰਾਪਤ ਕਰਨ ਲਈ ਕੇਸ਼ਵ ਦੀ ਸ਼ਲਾਘਾ ਕਰਦੇ ਹੋਏ ਕੇਸ਼ਵ ਅਤੇ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਪ੍ਰਤੀ ਕੇਂਦ੍ਰਿਤ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ ਅਤੇ ਅਕਾਦਮਿਕ ਧਾਰਾ ਦੀ ਚੋਣ ਕਰਦੇ ਸਮੇਂ ਕਰੀਅਰ ਦੀਆਂ ਸੰਭਾਵਨਾਵਾਂ ਦਾ ਅਨੁਮਾਨ ਲਗਾਉਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸਕੂਲ ਪੱਧਰ ਦੇ ਨਾਲ-ਨਾਲ



ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਰਾਹੀਂ ਵਿਦਿਆਰਥੀਆਂ ਦੀ ਕਰੀਅਰ ਕਾਊਂਸਲਿੰਗ ਕਰਦੀ ਹੈ, ਤਾਂ ਜੋ ਵਿਦਿਆਰਥੀ ਆਪਣੇ ਕਰੀਅਰ ਬਾਰੇ ਬਿਹਤਰ ਫੈਸਲੇ ਲੈ ਸਕਣ।

ਇਸ ਮੌਕੇ ਕੇਸ਼ਵ ਨੇ ਦੱਸਿਆ ਕਿ ਉਹ ਨਿਯਮਿਤ ਤੌਰ 'ਤੇ ਵੱਖ-ਵੱਖ ਵਿਸ਼ਿਆਂ ਵਿੱਚ ਆਪਣੀ ਮੁਹਾਰਤ ਦੀ ਪਰਖ ਕਰਨ ਲਈ ਵੱਖ-ਵੱਖ ਪੱਧਰਾਂ ਦੇ ਮੌਕ ਟੈਸਟਾਂ ਦੇ ਨਾਲ-ਨਾਲ ਹੋਰ ਰਾਸ਼ਟਰੀ ਪੱਧਰ ਦੇ ਓਲੰਪੀਆਡ ਵੀ ਦੇ ਰਿਹਾ ਹੈ। ਕੇਸ਼ਵ ਨੇ ਅੱਗੇ ਕਿਹਾ ਕਿ ਉਸ ਦੇ ਅਧਿਆਪਕਾਂ ਨੇ ਉਸ ਨੂੰ ਵਿਸ਼ਿਆਂ ਦੀ ਚੋਣ ਵਿੱਚ ਸਲਾਹ ਦਿੱਤੀ ਅਤੇ ਡਾਕਟਰ ਬਣਨ ਦੇ ਉਸ ਦੇ ਸੁਪਨੇ ਨੂੰ ਪੂਰਾ ਕਰਨ ਲਈ ਮਾਰਗਦਰਸ਼ਨ ਕੀਤਾ।

ਇਸ ਮੌਕੇ ਐਸਡੀਐਮ ਤਪਾ ਸਿਮਰਪ੍ਰੀਤ ਕੌਰ ਪੀ ਸੀ ਐੱਸ, ਕੇਸ਼ਵ ਦੇ ਪਿਤਾ ਡਾ. ਪ੍ਰਬੋਧ ਮਿੱਤਲ, ਮਾਤਾ ਸ੍ਰੀਮਤੀ ਸੁਨੀਤਾ ਮਿੱਤਲ, ਦਾਦਾ ਸ੍ਰੀ ਕੇਵਲ ਕ੍ਰਿਸ਼ਨ ਮਿੱਤਲ ਵੀ ਮੌਜੂਦ ਸਨ।

# ਗੈਰ-ਵਪਾਰਕ ਨਿੱਜੀ ਵਾਹਨਾਂ ਕਾਰਾਂ, ਜੀਪਾਂ ਤੇ ਵੈਨਾਂ ਆਦਿ ਲਈ ਲਿਆਂਦੀ ਸਾਲਾਨਾ ਫ਼ਾਸਟੈਗ ਸਕੀਮ ਦਾ ਪੁਰਜ਼ੋਰ ਸਵਾਗਤ



ਬਰਨਾਲਾ, 19 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਕੇਂਦਰ ਸਰਕਾਰ ਵੱਲੋਂ ਆਮ ਲੋਕਾਂ ਨੂੰ ਪ੍ਰੇਸ਼ਾਨੀ ਰਹਿਤ ਹਾਈਵੇ ਸਫ਼ਰ ਦੀ ਸਹੂਲਤ ਮੁਹੱਈਆ ਕਰਾਉਣ ਵੱਲ ਇੱਕ ਕਦਮ ਵਜੋਂ ਆਗਾਮੀ ਆਜ਼ਾਦੀ ਦਿਹਾੜੇ 15 ਅਗਸਤ ਤੋਂ ਨਿੱਜੀ ਵਾਹਨਾਂ ਲਈ 3,000 ਰੁਪਏ ਦੀ ਕੀਮਤ ਵਾਲਾ ਫਾਸਟੈਗ ਅਧਾਰਤ ਸਾਲਾਨਾ ਪਾਸ ਦੀ ਸਕੀਮ ਜਾਰੀ ਕਰਨ ਦਾ ਫ਼ੈਸਲਾ ਸ਼ਲਾਘਾਯੋਗ ਹੈ। ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਭਾਜਪਾ ਦੇ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ, ਐਸ ਸੀ ਵਿੰਗ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਧਰਮ ਸਿੰਘ ਫ਼ੌਜੀ ਅਤੇ ਬੀ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਗੱਖੀ ਨੇ ਕਿਹਾ ਕਿ ਇਹ ਪਾਸ ਜਾਰੀ ਹੋਣ ਦੀ ਮਿਤੀ ਤੋਂ ਇੱਕ ਸਾਲ ਜਾਂ 200 ਯਾਤਰਾਵਾਂ ਤੱਕ, ਜੋ ਵੀ ਪਹਿਲਾਂ ਆਵੇ, ਲਈ ਵਾਜਬ ਹੋਵੇਗਾ ਅਤੇ ਇਸ ਨਾਲ ਨਿੱਜੀ ਵਾਹਨਾਂ ਦੇ ਮਾਲਕਾਂ ਅਤੇ ਚਾਲਕਾਂ ਨੂੰ ਹਜ਼ਾਰਾਂ ਰੁਪਏ ਦਾ ਫ਼ਾਇਦਾ ਹੋਵੇਗਾ। ਇਸ ਨਾਲ ਸਮੇਂ ਦੀ ਬੱਚਤ ਹੋਵੇਗੀ ਅਤੇ ਖੱਜਲਖੁਆਰੀ ਤੋਂ ਵੀ ਰਾਹਤ ਮਿਲੇਗੀ। ਇਸ ਸਕੀਮ ਨਾਲ 60 ਕਿਲੋਮੀਟਰ ਦੀ ਰੇਂਜ ਦੇ ਅੰਦਰ ਸਥਿਤ ਟੋਲ ਪਲਾਜ਼ਿਆਂ ਸਬੰਧੀ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਚਿੰਤਾਵਾਂ ਦਾ ਖਾਤਮਾ ਹੋਵੇਗਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਸਾਰੇ ਫ਼ੈਸਲੇ ਲੋਕਾਂ ਦੀ ਭਲਾਈ ਲਈ ਕਰ ਰਹੀ ਹੈ। ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਇਸ ਸਕੀਮ ਦਾ ਲੋਕਾਂ ਨੇ ਭਰਵਾਂ ਸਵਾਗਤ ਕੀਤਾ ਹੈ।

# ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰ ਯੂਨੀਅਨ ਨੇ ਡੀ. ਸੀ. ਨੂੰ ਸੌਂਪਿਆ ਮੰਗ ਪੱਤਰ

ਬਰਨਾਲਾ, 19 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਪੰਜਾਬ ਦੀ ਸੂਬਾ ਪੱਧਰੀ ਹੜਤਾਲ 10ਵੇਂ ਦਿਨ ਵੀ ਜਾਰੀ ਹੈ। ਜ਼ਿਕਰਯੋਗ ਹੈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿੱਚ ਕੰਮ ਕਰਦੇ ਆਊਟਸੋਰਸ ਵਰਕਰ ਪਿਛਲੇ ਵੀਹ ਤੋਂ ਪੱਚੀ ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰਦੇ ਆ ਰਹੇ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਜਲੂਰ ਨੇ ਦੱਸਿਆ ਕਿ 10 ਜੂਨ ਤੋਂ ਸੂਬਾ ਪੱਧਰੀ ਹੜਤਾਲ ਅਣਮਿੱਥੇ ਸਮੇਂ ਲਈ ਲਗਾਤਾਰ ਜਾਰੀ ਹੈਪਰ ਸਰਕਾਰ ਅਜੇ ਤੱਕ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਆਊਟਸੋਰਸ ਵਰਕਰਾਂ ਨੂੰ ਮਿਨੀਮਮ ਵੇਜ ਦਸ ਤੋਂ ਬਾਰ੍ਹਾਂ ਹਜ਼ਾਰ ਮਿਲਦਾ ਹੈ, ਜਿਹੜਾ ਕਿ ਠੇਕੇਦਾਰ ਵੱਲੋਂ ਸਮੇਂ ਸਿਰ ਨਹੀਂ ਦਿੱਤਾ ਜਾਂਦਾ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਵਰਕਰ ਯੂਨੀਅਨ ਦੇ ਕੱਚੇ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਬਿਨਾਂ ਸ਼ਰਤ ਮਹਿਕਮੇ ਵਿੱਚ ਮਰਜ਼ ਕਰਕੇ ਰੈਗੂਲਰ ਕੀਤਾ ਜਾਵੇ। ਘੱਟੋ ਘੱਟ ਤਨਖਾਹ 35000 ਤੋਂ 40000 ਕੀਤੀ ਜਾਵੇ। ਜਿਹੜੇ ਮੁਲਾਜ਼ਮਾਂ ਦੀ ਉਮਰ



ਰਿਟਾਇਰਮੈਂਟ ਦੇ ਨੇੜੇ ਹੈ, ਉਮਰ 65 ਸਾਲ ਕੀਤੀ ਜਾਵੇ।ਉਨ੍ਹਾਂ ਇਸ ਸੰਘਰਸ਼ ਨੂੰ ਅੱਗੇ ਵਧਾਉਂਦਿਆਂ ਹੋਇਆਂ ਜਾਣਕਾਰੀ ਦਿੱਤੀ ਕਿ ਅੱਜ ਸਾਡੀ ਸਟੇਟ ਬਾਡੀ ਨਾਲ ਮੀਟਿੰਗ ਕਰਕੇ ਸੀਵਰੇਜ਼ ਬੋਰਡ ਯੂਨੀਅਨ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਰਵੀ ਚਾਵਰੀਆ ਨੇ ਪੂਰਨ ਹਮਾਇਤ ਕਰਨ ਦਾ ਭਰੋਸਾ ਦਿੱਤਾ ਅਤੇ ਬਰਨਾਲਾ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਰਿੰਕੂ ਕੁਮਾਰ ਨੇ ਵੀ ਪੂਰਨ ਹਮਾਇਤ ਕਰਨ ਦਾ ਭਰੋਸਾ ਦਿੱਤਾ। ਜੇਕਰ ਸਰਕਾਰ ਨੇ ਅਜੇ ਵੀ ਰਹਿੰਦੇ ਸਮੇਂ ਦੌਰਾਨ ਧਿਆਨ ਨਾ ਦਿੱਤਾ ਤਾਂ 21ਜੂਨ ਤੋਂ ਪੰਜਾਬ ਭਰ ਵਿੱਚ ਸੀਵਰੇਜ਼ ਦੀਆਂ ਮੋਟਰਾਂ ਬੰਦ ਕੀਤੀਆਂ ਜਾਣਗੀਆਂ। ਇਸ ਸੰਬੰਧੀ ਅੱਜ ਡਿਪਟੀ ਕਮਿਸਨਰ ਬਰਨਾਲਾ ਨੂੰ ਮੰਗ ਪੱਤਰ ਦਿੱਤਾ ਗਿਆ ਕਿ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪMਸਾਸਨ ਦੀ ਹੋਵੇਗੀ। ਇਸ ਮੌਕੇ ਬਲਦੇਵ ਸਿੰਘ ਮੰਡੇਰ ਸੂਬਾ ਮੀਤ ਪ੍ਰਧਾਨ, ਮਿਲਖਾ ਸਿੰਘ ਸੂਬਾ ਸਹਾਇਕ ਸਕੱਤਰ ਵਿਨੋਦ ਕੁਮਾਰ ਸੂਬਾ ਆਗੂ, ਗੁਰਦੀਪ ਭਦੌੜ, ਅਨਮੋਲ ਭਦੌੜ, ਸੰਜੀਵ ਜਿੰਦਲ,ਗੁਰਪ੍ਰੀਤ ਧਨੌਲਾ,ਗੁਰਦੀਪ ਜਲੂਰ, ਮਨਜੀਤ ਮਹਿਤਾ, ਰੋਸ਼ਨ ਲਾਲ,ਸੁਰੇਸ਼ ਕੁਮਾਰ, ਸਰਵਨ ਕੁਮਾਰ ਆਦਿ ਹਾਜ਼ਰ ਸਨ।

# ਨਗਰ ਪੰਚਾਇਤ ਹੰਡਿਆਇਆ ਨੇ ਨਾਜਾਇਜ਼ ਕਬਜ਼ਾ ਛੁਡਵਾਇਆ

ਬਰਨਾਲਾ, 19 ਜੂਨ (ਅਮਨਦੀਪ ਸਿੰਘ): ਨਗਰ ਪੰਚਾਇਤ ਹੰਡਿਆਇਆ ਵਲੋਂ ਨਗਰ ਪੰਚਾਇਤ ਦੀ ਮਾਲਕੀ ਵਾਲੇ ਧਨੌਲਾ ਖੁਰਦ ਰੋਡ ਦੀ ਜਗ੍ਹਾ ਵਾਲੇ ਛੱਪੜ ਤੋਂ ਨਾਜਾਇਜ਼ ਕਬਜ਼ਾ ਛੁਡਾਇਆ ਗਿਆ। ਨਗਰ ਪੰਚਾਇਤ ਹੰਡਿਆਇਆ ਦੇ ਕਾਰਜਸਾਧਕ ਅਫ਼ਸਰ ਸ੍ਰੀ ਵਿਸ਼ਲਦੀਪ ਨੇ ਦੱਸਿਆ ਕਿ ਇਥੇ ਧਨੌਲਾ ਖੁਰਦ ਰੋਡ ਦੀ ਜਗਹਾ ਵਾਲੇ ਛੱਪੜ 'ਤੇ ਹਰਮੇਲ ਸਿੰਘ ਪੁੱਤਰ ਜਗਜੀਤ ਸਿੰਘ ਵਲੋਂ ਆਪਣੇ ਪੁਰਾਣੇ ਘਰ ਦਾ ਏਰੀਆ ਟੋਭੇ ਵੱਲ ਵਧਾ ਕੇ ਨਾਜਾਇਜ਼ ਉਸਾਰੀ ਕੀਤੀ ਹੋਈ ਸੀ, ਜਿਸ ਨੂੰ ਨਗਰ ਪੰਚਾਇਤ ਹੰਡਿਆਇਆ ਵੱਲੋਂ ਬੀਤੇ ਕੱਲ੍ਹ ਕਾਰਵਾਈ ਕਰਦਿਆਂ ਢਾਹ ਦਿੱਤਾ ਗਿਆ ਹੈ।

ਇਸ ਮੌਕੇ ਉਨ੍ਹਾਂ ਕਿਹਾ ਕਿ ਇਸ



ਤੋਂ ਇਲਾਵਾ ਕੁਝ ਘਰਾਂ ਨੇ ਪਿਛਲਾ ਪਾਸਾ ਛੱਪੜ ਵੱਲ ਖੁੱਲ੍ਹਾ ਰੱਖਿਆ ਹੋਇਆ ਸੀ ਜਿਸ ਬਾਰੇ ਓਨ੍ਹਾਂ ਨੂੰ ਨੋਟਿਸ ਵੀ ਕੱਢਿਆ ਗਿਆ ਸੀ। ਇਸ ਸਬੰਧੀ ਕਾਰਵਾਈ ਕਰਦੇ ਹੋਏ ਨਗਰ ਪੰਚਾਇਤ ਸਟਾਫ਼ ਵੱਲੋਂ ਛੱਪੜ ਵੱਲ ਮਿੱਟੀ ਦੀ ਭਿੜੀ ਬਣਾ ਦਿੱਤੀ ਗਈ ਅਤੇ ਪਾਣੀ ਦਾ ਵਹਾਅ ਓਧਰ ਕਰ ਦਿੱਤਾ ਗਿਆ ਤਾਂ ਜੋ ਮੁੜ ਤੋਂ ਨਾਜਾਇਜ਼ ਕਬਜ਼ਾ ਨਾ ਕੀਤਾ ਜਾ ਸਕੇ।

# ਪਰਿਵਾਰ ਨਿਯੋਜਨ ਦੇ ਆਪ੍ਰੇਸ਼ਨ ਹੋਣਗੇ ਹਰ ਵੀਰਵਾਰ : ਐਸ.ਐਮ.ਓ.



ਭਗਤਾ ਭਾਈ ਕਾ, 19 ਜੂਨ (ਸਵਰਨ ਸਿੰਘ ਭਗਤਾ):ਸਿਹਤ ਅਤੇ ਪਰਿਵਾਰ ਭਲਾਈ ਵਿਭਗ ਪੰਜਾਬ ਆਬਾਦੀ ਕੰਟਰੋਲ ਕਰਨ ਲਈ ਨਿਰੰਤਰ ਯਤਨਸ਼ੀਲ ਹੈ ਇਸੇ ਕੜੀ ਅਧੀਨ ਸੀਐਸਸੀ ਭਗਤਾ ਭਾਈ ਕਾ ਵਿਖੇ ਇੱਕ ਵਿਸ਼ੇਸ਼ ਪਰਿਵਾਰ ਨਿਯੋਜਨ ਅਪਰੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ 22 ਪਰਿਵਾਰ ਨਿਯੋਜਨ ਦੇ ਉਪਰੇਸ਼ਨ ਕੀਤੇ ਗਏ। ਅੱਜ ਕੈਂਪ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਸੰਬੋਧਨ ਵਿੱਚ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਨੇ ਬਠਿੰਡਾ ਸਿਵਲ ਹਸਪਤਾਲ ਤੋਂ ਪਹੁੰਚੇ ਸਰਜਨ ਡਾਕਟਰ ਰਮੇਸ਼ਵਰ ਚਾਵਲਾ ਨੂੰ ਜੀ ਆਇਆ ਆਖਦਿਆਂ ਕਿਹਾ ਕਿ ਹੁਣ ਹਰੇਕ ਵੀਰਵਾਰ ਨੂੰ ਪਰਿਵਾਰ ਨਿਯੋਜਨ ਦੇ ਅਪਰੇਸ਼ਨ ਹੋਇਆ ਕਰਨਗੇ। ਉਹਨਾਂ ਫੀਲਡ ਸਟਾਫ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਲੋਕਾਂ ਨੂੰ ਇਸ ਸਹੂਲਤ ਲੈਣ ਲਈ ਜਾਗ੍ਰਿਤ ਕਰਨ। ਇਸ ਕੈਂਪ ਨੂੰ ਕਾਮਯਾਬ ਕਰਨ ਲਈ ਸਮੂਹ ਫੀਲਡ ਸਟਾਫ ਅਤੇ ਸੀ ਐਚਸੀ ਭਗਤਾ ਭਾਈਕਾ ਦੇ ਸਮੁੱਚੇ ਸਟਾਫ ਵੱਲੋਂ ਵੀ ਭੂਮਿਕਾ ਨਿਭਾਈ ਗਈ।

# ਸੂਬਾ ਪੱਧਰੀ ਧਰਨੇ ਦੀ ਤਿਆਰੀ ਵਜੋਂ ਕੀਤੀ ਗੇਟ ਰੈਲੀ, ਸਰਕਾਰ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰੇ

ਭੁੱਚੋ ਮੰਡੀ ਨਥਾਣਾ, 19 ਜੂਨ (ਹਰਬੰਸ ਸਿੰਘ ਭੋਲਾ ): ਅੱਜ ਪਾਵਰਕਾਮ ਅਤੇ ਟਰਾਂਸਕੋ ਆਊਟਸੋਰਸਡ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਦੇ ਬੈਨਰ ਹੇਠ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਠੇਕਾ ਮੁਲਾਜ਼ਮਾਂ ਨੇ 3 ਜੁਲਾਈ ਦੇ ਸੂਬਾ ਪੱਧਰੀ ਧਰਨੇ ਦੀ ਤਿਆਰੀ ਵਜੋਂ ਗੇਟ ਰੈਲੀ ਕੀਤੀ,ਇਸ ਸਮੇਂ ਹਾਜ਼ਿਰ ਆਗੂਆਂ ਪ੍ਰਧਾਨ ਜਗਰੂਪ ਸਿੰਘ,ਜਰਨਲ ਸਕੱਤਰ ਜਗਸੀਰ ਸਿੰਘ ਭੰਗੂ,ਮੀਤ ਪ੍ਰਧਾਨ ਨਾਇਬ ਸਿੰਘ ਅਤੇ ਹਰਦੀਪ ਸਿੰਘ ਤੱਗੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਵਿਸ਼ਵ ਵਪਾਰ ਸੰਸਥਾ,ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਦੇ ਦਿਸ਼ਾ-ਨਿਰਦੇਸ਼ਾਂ 'ਤੇ ਲੋਕਾਂ ਨੂੰ ਸਸਤੀਆਂ ਸਹੂਲਤਾਂ ਦੇਣ ਵਾਲੇ ਸਮੂਹ ਸਰਕਾਰੀ ਅਦਾਰਿਆਂ ਜਿਵੇਂ ਕਿ



ਬਿਜਲੀ,ਪਾਣੀ,ਸਿਹਤ, ਸਿੱਖਿਆ,ਆਵਾਜਾਈ,ਦੂਰ-ਸੰਚਾਰ ਆਦਿ ਨੂੰ ਨਿੱਜੀ ਦੇਸੀ-ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਅਤੇ ਇਹਨਾਂ ਜ਼ਰੂਰੀ ਸੇਵਾਵਾਂ ਦੇ ਅਦਾਰਿਆਂ ਦੇ ਨਿੱਜੀਕਰਨ ਅਤੇ ਬੇਰੋਕ ਲੁੱਟ ਕਰਨ ਦੇ ਰਸਤੇ ਵਿੱਚ ਰੁਕਾਵਟ ਬਣਦੇ ਪਹਿਲਾਂ ਤੋਂ ਤਹਿ ਖੇਤੀ, ਲੇਬਰ, ਬਿਜਲੀ, ਪਾਣੀ, ਸੁਰੱਖਿਆ, ਆਵਾਜਾਈ ਆਦਿ ਕਾਨੂੰਨਾਂ ਵਿੱਚ ਬੇਲੋੜੀਆਂ ਤਬਦੀਲੀਆਂ ਕਰਕੇ ਸਮੂਹ ਮਿਹਨਤਕਸ਼ ਵਰਗਾਂ ਦੀ ਤਿੱਖੀ ਲੁੱਟ ਕਰਨ ਅਤੇ ਸਮੂਹ ਕਿਰਤੀ ਲੋਕਾਂ ਨੂੰ ਬੰਧੂਆਂ ਮਜ਼ਦੂਰਾਂ ਦੇ ਰੂਪ ਵਿੱਚ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦਾ ਲੋਕਮਾਰੂ ਫੈਸਲਾ ਕੀਤਾ ਗਿਆ ਹੈ ਟੈਕਨੀਕਲ ਸਰਵਿਸਿਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ 3 ਜੁਲਾਈ ਨੂੰ ਪੀ.ਐਸ.ਪੀ.ਸੀ.ਐੱਲ. ਦੇ ਮੁੱਖ ਦਫ਼ਤਰ ਅੱਗੇ ਪਟਿਆਲਾ ਵਿਖੇ ਪਰਿਵਾਰਾਂ ਸਮੇਤ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ।

# ਜਨਮ ਦਿਨ ਦੀ ਪਾਰਟੀ ਵਿੱਚ ਦੋਸਤਾਂ ਵੱਲੋਂ 19 ਸਾਲਾ ਨੌਜਵਾਨ ਨੂੰ ਨਸ਼ੇ ਦੀ ਦਿੱਤੀ ਓਵਰਡੋਜ਼, ਮੌਤ, 8 'ਤੇ ਮਾਮਲਾ ਦਰਜ

ਬਠਿੰਡਾ, 19 ਜੂਨ (ਦੀਪਕ ਸ਼ਰਮਾ) ਨਸ਼ੇ ਦੇ ਕਹਿਰ ਨੇ ਇੱਕ ਹੋਰ ਨੌਜਵਾਨ ਦੀ ਜਾਨ ਲੈ ਲਈ ਹੈ। ਬੀਤੇ ਬੁੱਧਵਾਰ ਨੂੰ ਸ਼ਹਿਰ ਦੇ ਡੱਬਵਾਲੀ ਰੋਡ ਤੇ ਸਥਿਤ ਇੱਕ ਨਿੱਜੀ ਹੋਟਲ ਦੇ ਕਮਰੇ ਵਿੱਚ ਜਨਮਦਿਨ ਦੀ ਪਾਰਟੀ ਕਰ ਰਹੇ ਕੁਝ ਨੌਜਵਾਨਾਂ ਨੇ ਆਪਣੇ ਸਾਥੀ ਨੂੰ ਜ਼ਬਰਦਸਤੀ ਨਸ਼ੇ ਦੀ ਓਵਰਡੋਜ਼ ਦੇ ਦਿੱਤੀ, ਜਿਸ ਕਾਰਨ ਉਸ ਦੀ ਹਾਲਤ ਖਰਾਬ ਹੋ ਗਈ। ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗਣ ਤੇ ਉਨ੍ਹਾਂ ਨੇ ਨੌਜਵਾਨ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਤੋਂ ਬਾਅਦ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਪੋਸਟਮਾਰਟਮ ਲਈ ਮੋਰਚਰੀ ਵਿੱਚ ਰੱਖਿਆ ਗਿਆ।ਥਾਣਾ ਕੈਨਾਲ ਕਲੋਨੀ ਪੁਲਿਸ ਨੇ ਮ੍ਰਿਤਕ ਨੌਜਵਾਨ ਦੇ ਪਿਤਾ ਦੀ ਸ਼ਿਕਾਇਤ ਤੇ ਉਸ ਦੇ ਬੇਟੇ ਦੇ ਤਿੰਨ ਦੋਸਤਾਂ ਸਮੇਤ ਕੁੱਲ 8 ਲੋਕਾਂ ਤੇ ਜ਼ਬਰਦਸਤੀ ਨਸ਼ਾ ਦੇ ਕੇ ਉਸ ਦੀ ਜਾਨ ਲੈਣ ਦੇ ਦੋਸ਼ ਵਿੱਚ ਮਾਮਲਾ ਦਰਜ ਕਰ ਲਿਆ ਹੈ। ਫਿਲਹਾਲ ਕਿਸੇ ਵੀ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋ ਸਕੀ ਹੈ। ਪੁਲਿਸ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕਰ ਰਹੀ ਹੈ, ਜਦਕਿ ਮ੍ਰਿਤਕ ਨੌਜਵਾਨ ਦੀ ਪਛਾਣ ਊਧਮ ਸਿੰਘ ਨਗਰ ਵਾਸੀ 19 ਸਾਲਾ ਹਰਵਿੰਦਰ ਸਿੰਘ ਵਜੋਂ ਹੋਈ ਹੈ।ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਊਧਮ ਸਿੰਘ ਨਗਰ ਵਾਸੀ ਗੁਰਜੀਤ ਸਿੰਘ ਨੇ ਦੱਸਿਆ ਕਿ ਉਹ ਦਿਹਾੜੀ ਮਜ਼ਦੂਰੀ ਦਾ ਕੰਮ ਕਰਦਾ ਹੈ ਅਤੇ ਉਸਦਾ ਇੱਕ ਬੇਟਾ ਤੇ ਇੱਕ ਬੇਟੀ ਹੈ। ਉਸਦਾ ਬੇਟਾ 19 ਸਾਲਾ ਹਰਵਿੰਦਰ ਸਿੰਘ ਅਜੀਤ ਰੋਡ ਤੇ ਕੰਪਿਊਟਰ ਕੋਰਸ ਕਰਦਾ ਸੀ, ਜੋ ਨਸ਼ਾ ਕਰਨ ਦਾ ਆਦੀ ਸੀ। ਬੀਤੀ 18 ਜੂਨ ਦੀ ਦੁਪਹਿਰ ਕਰੀਬ 1 ਵਜੇ ਉਨ੍ਹਾਂ ਦੇ ਮੁਹੱਲੇ ਊਧਮ ਸਿੰਘ ਨਗਰ ਵਾਸੀ ਤੇ ਦੋਸ਼ੀ ਅੰਕੁਸ਼ ਕੁਮਾਰ, ਆਕਾਸ਼ ਕੁਮਾਰ, ਨਿਖਿਲ ਕੁਮਾਰ ਉਸਦੇ ਬੇਟੇ ਹਰਵਿੰਦਰ ਸਿੰਘ ਨੂੰ ਆਪਣੇ ਨਾਲ ਪਾਰਟੀ ਕਰਨ ਲਈ ਲੈ ਗਏ, ਜਦਕਿ ਉਸਨੇ ਆਪਣੇ ਬੇਟੇ ਨੂੰ ਉਨ੍ਹਾਂ ਦੇ ਨਾਲ ਜਾਣ ਤੋਂ ਰੋਕਿਆ ਵੀ ਸੀ, ਪਰ ਉਕਤ ਤਿੰਨੋਂ ਦੋਸ਼ੀ ਨੌਜਵਾਨ ਉਸਦੇ ਬੇਟੇ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਏ। ਬੁੱਧਵਾਰ ਰਾਤ ਕਰੀਬ ਸਵਾ 8 ਵਜੇ ਉਸਦੇ ਭਾਈ ਮਨਜੀਤ ਸਿੰਘ ਨੂੰ ਕਿਤੇ ਤੋਂ ਪਤਾ ਚੱਲਿਆ ਕਿ ਉਸਦੇ ਬੇਟੇ ਹਰਵਿੰਦਰ ਸਿੰਘ ਦੀ ਗਣਪਤੀ ਗੈਸਟ ਹਾਊਸ ਦੇ ਇੱਕ ਕਮਰੇ ਵਿੱਚ ਉਸਦੀ ਮੌਤ ਹੋ ਗਈ, ਜਿਸ ਤੋਂ ਬਾਅਦ ਉਸਦਾ ਭਾਈ ਮਨਜੀਤ ਸਿੰਘ ਤੁਰੰਤ ਗੈਸਟ ਹਾਊਸ ਪਹੁੰਚਿਆ ਅਤੇ ਉਸਦੇ ਬੇਟੇ ਨੂੰ ਚੁੱਕ ਕੇ ਇਲਾਜ ਲਈ ਸਿਵਲ ਹਸਪਤਾਲ ਪਹੁੰਚਾਇਆ। ਜਿੱਥੇ ਡਾਕਟਰਾਂ ਨੇ ਉਸਦੇ ਬੇਟੇ ਨੂੰ ਮ੍ਰਿਤਕ ਐਲਾਨ ਦਿੱਤਾ।ਪੀੜਤ ਗੁਰਜੀਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਪੜਤਾਲ ਕਰਨ ਤੋਂ ਬਾਅਦ ਪਤਾ ਚੱਲਿਆ ਕਿ ਅੰਕੁਸ਼ ਕੁਮਾਰ, ਆਕਾਸ਼ ਕੁਮਾਰ ਵਾਸੀ ਗਲੀ ਨੰਬਰ 16 ਊਧਮ ਸਿੰਘ ਨਗਰ ਬਠਿੰਡਾ, ਨਿਖਿਲ ਕੁਮਾਰ ਵਾਸੀ ਗਲੀ ਨੰਬਰ 14 ਊਧਮ ਸਿੰਘ ਨਗਰ ਨੇ ਉਸਦੇ ਬੇਟੇ ਨੂੰ ਆਪਣੇ ਨਾਲ ਲਿਜਾ ਕੇ ਸੁਖਮੰਗਲਜੀਤ ਸਿੰਘ ਵਾਸੀ ਪਿੰਡ ਗੰਗਾ ਤਹਿਸੀਲ ਨਥਾਣਾ ਬਠਿੰਡਾ, ਵੀਕੂ ਵਾਸੀ ਗਲੀ ਨੰਬਰ 16 ਊਧਮ ਸਿੰਘ ਨਗਰ, ਵਿਸ਼ਾਲ ਵਾਸੀ ਗਲੀ ਨੰਬਰ 12 ਊਧਮ ਸਿੰਘ ਨਗਰ, ਓਂਕਾਰ ਸਿੰਘ ਵਾਸੀ ਅਰਜੁਨ ਨਗਰ ਬਠਿੰਡਾ, ਖਜੂਰਾ ਵਾਸੀ ਟਿੱਬਾ ਬਸਤੀ ਅਰਜੁਨ ਨਗਰ ਤੋਂ ਚਿੱਟਾ ਖਰੀਦ ਕੇ ਉਸਦੇ ਬੇਟੇ ਨੂੰ ਜ਼ਿਆਦਾ ਮਾਤਰਾ ਵਿੱਚ ਚਿੱਟਾ ਦੇ ਦਿੱਤਾ, ਜਿਸ ਕਾਰਨ ਉਸਦੇ ਬੇਟੇ ਹਰਵਿੰਦਰ ਸਿੰਘ ਦੀ ਮੌਤ ਹੋ ਗਈ।ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਦੇ ਪਿਤਾ ਨੇ ਦੋਸ਼ ਲਗਾਇਆ ਕਿ ਉਸਦੇ ਬੇਟੇ ਨੂੰ ਉਸਦੇ ਹੀ ਦੋਸਤਾਂ ਵੱਲੋਂ ਜਾਣਬੁੱਝ ਕੇ ਨਸ਼ੇ ਦੀ ਓਵਰਡੋਜ਼ ਦਿੱਤੀ ਗਈ

# ਫੈਸ਼ਨ ਟੈਕਨਾਲੌਜੀ ਭਾਗ ਦੂਜਾ ਸਮੈਸਟਰ ਤੀਜਾ ਦਾ ਨਤੀਜਾ ਰਿਹਾ ਸ਼ਾਨਦਾਰ

ਭਗਤਾ ਭਾਈ ਕਾ, 19 ਜੂਨ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ,ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਅਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵਿੱਚ ਚੱਲ ਰਹੇ ਕੋਰਸ ਬੀ.ਐੱਸ.ਸੀ.ਫ਼ੈਸ਼ਨ ਟੈਕਨਾਲੌਜੀ ਭਾਗ ਦੂਜਾ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ। ਜਿਸ ਵਿੱਚ ਦਮਨਦੀਪ ਕੌਰ ਨੇ 86 % ਅੰਕਾਂ ਨਾਲ ਪਹਿਲਾ ਸਥਾਨ,



ਗੁਰਪ੍ਰੀਤ ਕੌਰ ਨੇ 85 % ਅੰਕਾਂ ਨਾਲ ਦੂਜਾ ਸਥਾਨ ਅਤੇ ਸੰਦੀਪ ਕੌਰ ਨੇ 83 % ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਹਨਾਂ ਕਿਹਾ ਕਿ ਮਿਹਨਤੀ ਸਟਾਫ਼ ਦੀ ਲਗਨ ਸਦਕਾ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਮੇਂ ਵਿਭਾਗ ਦੇ ਮੁਖੀ ਪ੍ਰੋ. ਜ਼ਿੰਕਪ੍ਰੀਤ ਕੌਰ,ਪ੍ਰੋ.ਸੁਰਿੰਦਰ ਕੌਰ, ਪ੍ਰੋ. ਗਗਨਦੀਪ ਕੌਰ ਅਤੇ ਸਮੂਹ ਸਟਾਫ਼ ਹਾਜ਼ਰ ਸਨ।

# ਸਿਆਸੀ, ਧਾਰਮਿਕ ਸੰਸਥਾਵਾਂ ਦੇ ਆਗੂਆਂ ਨੇ ਬਖਸ਼ੀਸ਼ ਸਿੰਘ ਫੌਜੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

ਅਰਨੋ ,19 ਜੂਨ (ਕਰਮਵੀਰ ਸਿੰਘ): ਪਿਛਲੇ ਦਿਨੀਂ ਸਾਬਕਾ ਫੌਜੀ ਇਸ ਸੰਸਾਰਕ ਯਾਤਰਾ ਨੂੰ ਪੂਰੀ ਕਰਕੇ ਸਾਨੂੰ ਅਲਵਿਦਾ ਕਹਿ ਗਏ ਸਨ। ਸ.ਤਰਲੋਚਨ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਪਾਤੜਾਂ ਨੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਨਾਮ ਕਮਾਇਆ ਸ.ਬਖਸ਼ੀਸ਼ ਸਿੰਘ ਵਾਸੀ ਸ਼ੇਰਗੜ੍ਹ ਦਾ ਦੇਹਾਂਤ 11-06-2025 ਨੂੰ ਹੋ ਗਿਆ ਸੀ। ਮ੍ਰਿਤਕ ਬਖਸ਼ੀਸ਼ ਸਿੰਘ ਫੌਜੀ ਨੇ ਆਪਣੇ ਸਿਰ ਵੱਡੀਆਂ ਪਰਿਵਾਰਕ ਜਿੰਮੇਵਾਰੀਆਂ ਹੋਣ ਦੇ ਬਾਵਜੂਦ ਵੀ ਸਮਾਜਿਕ ਜਿੰਮੇਵਾਰੀਆਂ ਨੂੰ ਬੜੇ ਹੀ ਬਾਖੂਬੀ ਨਾਲ ਨਿਭਾਇਆ ਅਤੇ ਇਲਾਕੇ ਵਿੱਚ ਆਪਣਾ ਨਾਮ ਚਲਾਇਆ, ਉਹ ਸਾਰੀ ਉਮਰ ਆਪਣੇ ਗੁਰੂਆਂ ਨਾਲ ਜੁੜੇ ਰਹੇ, ਉਨ੍ਹਾਂ ਦੇ ਪੁੱਤਰ ਅਮਰਜੀਤ ਸਿੰਘ ਤੇ ਸਤਨਾਮ ਸਿੰਘ ਨੇ ਦੱਸਿਆ ਕਿ ਅੱਜ 19 ਜੂਨ 2025 ਭੋਗ 'ਤੇ ਸ.ਤਰਲੋਚਨ ਸਿੰਘ ਤੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਅਤੇ ਰਾਜਨੀਤਿਕ, ਧਾਰਮਿਕ ਤੇ ਸਮਾਜ



ਸੇਵੀ ਸੰਸਥਾਵਾਂ ਦੇ ਆਗੂਆ ਤੇ ਨੇੜੇ ਦੂਰੋਂ ਆਏ ਸਾਰੇ ਭੈਣ ਭਰਾ ਨੇ ਉਨ੍ਹਾਂ ਦੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ, ਉਹਨਾਂ ਦੇ ਪਰਿਵਾਰ ਨੂੰ ਹੌਂਸਲਾ ਦਿੱਤਾ , ਉਨ੍ਹਾਂ ਕਿਹਾ ਕਿ ਜੋ ਔਖੀ ਘੜੀ ਵਿੱਚ ਸਾਡੇ ਨਾਲ ਖੜੇ ਹਨ ਅਤੇ ਸਾਡੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਅਸੀਂ ਇਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।ਇਸ ਮੌਕੇ 'ਤੇ ਬਲਾਕ ਇੰਚਾਰਜ ਰਣਜੀਤ ਸਿੰਘ , ਹਲਕਾ ਇੰਚਾਰਜ ਸ. ਦਰਬਾਰਾ ਸਿੰਘ ਕਾਂਗਰਸ, ਹਰਭਜਨ ਸਿੰਘ ਸੰਧੂ,ਵਾਈਸ ਚੇਅਰਮੈਨ ਦਲਵੀਰ ਰਾਮ,ਨੀਮਾ ਸਿੰਘ, ਲਾਡੀ ਸਿੰਘ, ਬਲਜਿੰਦਰ ਸਿੰਘ,ਸ.ਨੋ ਨਿਹਾਲ ਸਿੰਘ,ਆਪ ਆਗੂ ਸ.ਜਸਵਿੰਦਰ ਸਿੰਘ,ਬਲਵੀਰ ਸਿੰਘ,ਜੋਨੀ ਗੋਇਲ ਹਾਜ਼ਰ ਸਨ ।

# ਹੁਣ ਪਰਚੀ ਕਟਾਉਣ ਦੀ ਖੱਜਲ-ਖੁਆਰੀ ਖ਼ਤਮ

## ਆਭਾ ਅਕਾਊਂਟ ਲਿਆਇਆ ਮਰੀਜ਼ਾਂ ਲਈ ਵੱਡੀ ਰਾਹਤ



ਬਠਿੰਡਾ, 19 ਜੂਨ (ਦੀਪਕ ਸ਼ਰਮਾ) : ਕੀ ਤੁਸੀਂ ਸਿਵਲ ਹਸਪਤਾਲ ਵਿੱਚ ਪਰਚੀ ਕਟਾਉਣ ਲਈ ਲੰਬੀਆਂ ਲਾਈਨਾਂ ਤੋਂ ਪ੍ਰੇਸ਼ਾਨ ਹੋ? ਕੀ ਤੁਹਾਡੇ ਸਿਹਤ ਰਿਕਾਰਡ ਨੂੰ ਸੰਭਾਲ ਕੇ ਰੱਖਣਾ ਇੱਕ ਵੱਡਾ ਕੰਮ ਲੱਗਦਾ ਹੈ? ਤਾਂ ਤੁਹਾਡੇ ਲਈ ਸਿਹਤ ਵਿਭਾਗ ਨੇ ਕੀਤਾ ਹੈ ਵਿਸ਼ੇਸ਼ ਉਪਰਾਲਾ। ਜਾਣਕਾਰੀ ਅਨੁਸਾਰ ਬਠਿੰਡਾ ਦੇ ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਦੀ ਪ੍ਰਧਾਨਗੀ ਹੇਠ ਅਤੇ ਡਾ. ਅਰੁਣ ਬਾਂਸਲ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਦੀ ਅਗਵਾਈ ਵਿੱਚ, ਸਰਕਾਰੀ ਹਸਪਤਾਲ ਦੀ ਓਪੀਡੀ ਬਲਾਕ ਵਿੱਚ ਆਭਾ (ਆਯੁਸ਼ਮਾਨ ਭਾਰਤ ਹੈਲਥ ਅਕਾਊਂਟ) ਸਬੰਧੀ ਸਕੈਨਰ ਅਤੇ ਅਲੱਗ ਤੋਂ ਕਾਊਂਟਰ ਲਗਾਇਆ ਗਿਆ ਹੈ। ਇਹ ਨਵੀਂ ਪਹਿਲ ਮਰੀਜ਼ਾਂ ਨੂੰ ਹਸਪਤਾਲ ਵਿੱਚ ਪਰਚੀ ਕਟਾਉਣ ਸਮੇਂ ਹੋਣ ਵਾਲੀ ਖੱਜਲ-ਖੁਆਰੀ ਤੋਂ ਵੱਡੀ ਰਾਹਤ ਦੇ ਰਹੀ ਹੈ। ਜਾਣੋ ਕਿਵੇਂ ਇਹ ਤੁਹਾਡੀ ਸਿਹਤ ਸੇਵਾਵਾਂ ਨੂੰ ਡਿਜੀਟਲ ਅਤੇ ਆਸਾਨ ਬਣਾ ਸਕਦਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ ਰਮਨਦੀਪ ਸਿੰਗਲਾ ਨੇ ਦੱਸਿਆ ਕਿ ਇਹ ਸਿਹਤ ਵਿਭਾਗ ਦਾ ਇੱਕ ਅਹਿਮ ਪ੍ਰੋਜੈਕਟ ਹੈ ਅਤੇ ਵਿਲੱਖਣ ਹੈਲਥ ਆਈਡੀ ਹੈ,ਜਿਸ ਦੇ ਤਹਿਤ ਕੋਈ ਵੀ ਵਿਅਕਤੀ ਆਪਣਾ ਆਭਾ ਨੰਬਰ ਜਨਰੇਟ ਕਰਕੇ ਆਪਣੇ ਸਿਹਤ ਰਿਕਾਰਡ ਨੂੰ ਡਿਜੀਟਲ ਰੱਖ ਸਕਦਾ ਹੈ। ਉਹਨਾਂ ਦੱਸਿਆ ਕਿ ਸਿਹਤ ਵਿਭਾਗ ਦੇ ਕਰਮਚਾਰੀ ਘਰ - ਘਰ ਜਾ ਕੇ ਆਭਾ ਅਕਾਊਂਟ ਬਣਾਉਣ ਸਬੰਧੀ ਜਾਣਕਾਰੀ ਦੇ ਰਹੇ ਹਨ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕਰਨ ਤਾਂ ਜੋ ਆਉਣ ਵਾਲੇ ਮਰੀਜ਼ ਨੂੰ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ । ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਰੋਹਿਤ ਜਿੰਦਲ ਨੇ ਦੱਸਿਆ ਕਿ ਆਪਣੇ ਮੋਬਾਇਲ ਵਿੱਚ ਪਲੇਅ ਸਟੋਰ ਤੇ ਜਾ ਕੇ ਆਭਾ ਐਪ ਨੂੰ ਡਾਊਨਲੋਡ ਕਰਕੇ ਆਪਣਾ ਅਕਾਊਂਟ ਬਣਾ ਕੇ ਇਸ ਵਿੱਚ ਆਪਣੀਆਂ ਸਾਰੀਆਂ ਪੁਰਾਣਾ ਸਿਹਤ ਰਿਕਾਰਡ, ਲੈਬ ਰਿਪੋਰਟਾਂ, ਬੀਮਾ ਰਿਕਾਰਡ ਅਤੇ ਹੋਰ ਸਿਹਤ ਰਿਕਾਰਡ ਨੂੰ ਇਕੱਤਰ ਕਰਕੇ ਰੱਖਿਆ ਜਾ ਸਕਦਾ ਹੈ ਅਤੇ ਕਿਸੇ ਵੀ ਡਾਕਟਰ ਕੋਲ ਜਾ ਕੇ ਆਪਣਾ ਅਕਾਊਂਟ ਨੰਬਰ ਦੱਸ ਕੇ ਆਪਣੀ ਹੈਲਥ ਦਾ ਚੈਕਅੱਪ ਕਰਵਾਇਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦਾ ਇਹ ਵਧੀਆ ਉਪਰਾਲਾ ਹੈ, ਜਿਸ ਨਾਲ ਕਿਸੇ ਵੀ ਵਿਅਕਤੀ ਨੂੰ ਆਪਣਾ ਸਿਹਤ ਰਿਕਾਰਡ ਘਰ ਵਿੱਚ ਆਫ ਲਾਈਨ ਰੱਖਣ ਦੀ ਜਰੂਰਤ ਨਹੀਂ ਹੈ, ਬਲਕਿ ਡਿਜੀਟਲ ਰੱਖਿਆ ਜਾ ਸਕਦਾ ਹੈ। ਗਗਨਦੀਪ ਸਿੰਘ ਭੁੱਲਰ ਬੀਈਈ ਨੇ ਦੱਸਿਆ ਕਿ ਕੋਈ ਵੀ ਮਰੀਜ਼ ਕਾਊਂਟਰ ਤੋਂ ਟੋਕਨ ਲੈਣ ਉਪਰੰਤ ਆਪਣੀ ਪਰਚੀ ਲੈ ਸਕਦਾ ਹੈ । ਇਸ ਨਾਲ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਲਾਇਨਾਂ ਵਿੱਚ ਲਗ ਕੇ ਇੰਤਜ਼ਾਰ ਵੀ ਨਹੀਂ ਕਰਨਾ ਪੈਂਦਾ ।

# ਬਠਿੰਡਾ ਸ਼ਹਿਰ ਦੀਆਂ ਸੜਕਾਂ ਲਈ ਨਿਗਮ ਨੇ 11.48 ਕਰੋੜ ਰੁਪਏ ਦੇ 33 ਟੈਂਡਰ ਜਾਰੀ ਕੀਤੇ

ਬਠਿੰਡਾ, 19 ਜੂਨ (ਦੀਪਕ ਸ਼ਰਮਾ): ਨਗਰ ਨਿਗਮ ਨੇ ਸ਼ਹਿਰ ਦੀਆਂ ਮੁੱਖ ਸੜਕਾਂ ਤੋਂ ਇਲਾਵਾ ਗਲੀ-ਮੁਹੱਲਿਆਂ ਵਿੱਚ ਪ੍ਰੀਮਿਕਸ ਪਾਉਣ ਲਈ ਟੈਂਡਰ ਜਾਰੀ ਕੀਤੇ ਹਨ, ਨਵੀਆਂ ਸੜਕਾਂ ਬਣਨ ਨਾਲ ਸ਼ਹਿਰ ਵਾਸੀਆਂ ਨੂੰ ਟੋਇਆਂ ਤੋਂ ਰਾਹਤ ਮਿਲੇਗੀ।ਦਰਅਸਲ ਸੜਕਾਂ ਨੂੰ ਟੋਆ ਮੁਕਤ ਕਰਨ ਲਈ ਨਗਰ ਨਿਗਮ ਨੇ ਯਤਨ ਸ਼ੁਰੂ ਕਰ ਦਿੱਤੇ ਹਨ। ਇਸ ਤਹਿਤ ਨਿਗਮ ਨੇ ਸ਼ਹਿਰ ਦੀਆਂ ਟੁੱਟੀਆਂ ਪਈਆਂ ਮੁੱਖ ਸੜਕਾਂ ਤੋਂ ਇਲਾਵਾ ਗਲੀ-ਮੁਹੱਲਿਆਂ ਵਿੱਚ ਬਣਨ ਵਾਲੀਆਂ ਨਵੀਆਂ ਸੜਕਾਂ ਦੀ ਚੋਣ ਕੀਤੀ ਹੈ, ਜਿਨ੍ਹਾਂ ਦੇ ਅਨੁਮਾਨ ਤਿਆਰ ਕਰਕੇ ਉਨ੍ਹਾਂ ਦੇ ਟੈਂਡਰ ਜਾਰੀ ਕਰ ਦਿੱਤੇ ਗਏ ਹਨ, ਤਾਂ ਜੋ ਇਨ੍ਹਾਂ ਟੁੱਟੀਆਂ ਸੜਕਾਂ ਨੂੰ ਜਲਦ ਤੋਂ ਜਲਦ ਦੁਬਾਰਾ ਨਵਾਂ ਬਣਾਇਆ ਜਾ ਸਕੇ। ਇਸ ਲਈ ਨਿਗਮ ਦੀ ਸਿਵਲ ਵਿੰਗ ਨੇ ਲਗਭਗ 11.48 ਕਰੋੜ ਰੁਪਏ ਦੇ ਵੱਖ-ਵੱਖ ਵਾਰਡਾਂ ਦੀਆਂ ਸੜਕਾਂ 'ਤੇ ਪ੍ਰੀਮਿਕਸ ਪਾਉਣ ਲਈ ਟੈਂਡਰ ਜਾਰੀ ਕੀਤੇ ਹਨ, ਜੋ 18 ਜੂਨ ਨੂੰ ਖੋਲ੍ਹੇ ਜਾਣਗੇ, ਤਾਂ ਜੋ ਆਉਣ ਵਾਲੇ ਟੈਂਡਰਾਂ ਨੂੰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਤੋਂ ਮਨਜ਼ੂਰ ਕਰਵਾ ਕੇ ਇਨ੍ਹਾਂ ਦੇ ਵਰਕ ਆਰਡਰ ਜਾਰੀ ਕੀਤੇ ਜਾ ਸਕਣ, ਤਾਂ ਜੋ ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸ਼ਹਿਰ ਦੀਆਂ ਨਵੀਆਂ ਅਤੇ ਪੁਰਾਣੀਆਂ ਸੜਕਾਂ ਅਤੇ ਗਲੀਆਂ ਵਿੱਚ ਪ੍ਰੀਮਿਕਸ ਪਾਉਣ ਦਾ ਕੰਮ ਪੂਰਾ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਸੂਬੇ ਵਿੱਚ ਸੱਤਾ ਪਰਿਵਰਤਨ ਤੋਂ ਬਾਅਦ ਬਠਿੰਡਾ ਸ਼ਹਿਰ ਵਿੱਚ ਕੋਈ ਵੀ ਨਵੀਂ ਸੜਕ ਨਹੀਂ ਬਣੀ ਹੈ, ਕਿਉਂਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਤਾਂ ਨਿਗਮ ਦੀ ਸੱਤਾ 'ਤੇ ਆਪ ਪਾਰਟੀ ਕਾਬਜ਼ ਹੈ, ਜਦੋਂਕਿ ਅਗਲੇ ਸਾਲ ਅਪ੍ਰੈਲ ਮਹੀਨੇ ਵਿੱਚ ਬਠਿੰਡਾ ਨਗਰ ਨਿਗਮ ਦਾ ਕਾਰਜਕਾਲ ਪੂਰਾ ਹੋਣ ਵਾਲਾ ਹੈ।ਅਜਿਹੇ ਵਿੱਚ ਦੁਬਾਰਾ ਨਿਗਮ ਦੀ ਸੱਤਾ ਹਾਸਲ ਕਰਨ ਲਈ ਆਪ ਪਾਰਟੀ ਨੂੰ ਅਜੇ ਤੋਂ ਸ਼ਹਿਰ ਵਿੱਚ ਵਿਕਾਸ ਕਰਵਾਉਣੇ ਪੈਣਗੇ, ਤਾਂ ਜੋ ਉਹ ਚੋਣਾਂ ਦੇ ਦਿਨਾਂ ਵਿੱਚ ਕਰਵਾਏ ਗਏ ਕੰਮਾਂ ਦੇ ਆਧਾਰ 'ਤੇ ਵੋਟਾਂ ਮੰਗ ਸਕੇ। ਬੇਸ਼ੱਕ ਆਪ ਸਰਕਾਰ ਵੱਲੋਂ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਕੋਈ ਨਵਾਂ ਫੰਡ ਨਿਗਮ ਨੂੰ ਨਹੀਂ ਦਿੱਤਾ ਗਿਆ ਹੈ। ਸ਼ਹਿਰ ਵਿੱਚ ਚੱਲ ਰਹੇ ਛੋਟੇ-ਮੋਟੇ ਵਿਕਾਸ ਕੰਮ ਨਿਗਮ ਆਪਣੇ ਫੰਡਾਂ ਨਾਲ ਕਰਵਾ ਰਿਹਾ ਹੈ। ਪਿਛਲੇ ਚਾਰ ਸਾਲਾਂ ਤੋਂ ਸ਼ਹਿਰ ਵਿੱਚ ਕੋਈ ਨਵਾਂ ਵਿਕਾਸ ਕੰਮ ਨਾ ਹੋਣ ਅਤੇ ਨਵੀਆਂ ਸੜਕਾਂ ਨਾ ਬਣਨ ਕਾਰਨ ਸ਼ਹਿਰ ਦੀਆਂ ਸੜਕਾਂ ਦੀ ਹਾਲਤ ਕਾਫੀ ਖ਼ਰਾਬ ਹੋ ਚੁੱਕੀ ਹੈ। ਕਈ ਸੜਕਾਂ 'ਤੇ ਵੱਡੇ-ਵੱਡੇ ਟੋਏ ਬਣ ਚੁੱਕੇ ਹਨ, ਜੋ ਆਏ ਦਿਨ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਉੱਥੇ ਹੀ ਸ਼ਹਿਰ ਵਾਸੀਆਂ ਵੱਲੋਂ ਵੀ ਲਗਾਤਾਰ ਨਿਗਮ ਤੋਂ ਸੜਕਾਂ ਬਣਾਉਣ ਦੀ ਮੰਗ ਕੀਤੀ ਜਾ ਰਹੀ ਸੀ।

# ਭਾਈਚਾਰਕ ਮੁੱਢਲਾ ਸਿਹਤ ਕੇਂਦਰ ਬਾਜਾਖਾਨਾ ਵਿਖੇ ਮਲੇਰੀਆ, ਡੇਂਗੂ ਅਤੇ ਸਿਹਤ ਵਿਸ਼ਿਆ ਸਬੰਧੀ ਜਾਗਰੂਕ ਕੀਤਾ



ਬਾਜਾਖਾਨਾ, 19 ਜੂਨ (ਅਵਤਾਰ ਸਿੰਘ ਮੱਲਾ):ਸਿਵਲ ਸਰਜਨ, ਫਰੀਦਕੋਟ ਡਾ ਚੰਦਰ ਸ਼ੇਖਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮੁਦਾਇਕ ਸਿਹਤ ਕੇਂਦਰ, ਬਾਜਾਖਾਨਾ ਵਿਖੇ ਡਾ. ਪਲਕ, ਸੀਨੀਅਰ ਮੈਡੀਕਲ ਅਫਸਰ, ਸੀ ਐਚ ਸੀ ਬਾਜਾਖਾਨਾ ਦੀ ਅਗਵਾਈ ਵਿਚ ਮਲੇਰੀਆ, ਡੇਂਗੂ ਅਤੇ ਹੋਰ ਸਿਹਤ ਵਿਸ਼ਿਆਂ 'ਤੇ ਜਾਗਰੂਕ ਕੀਤਾ ਗਿਆ, ਜਿਸ ਵਿਚ ਜਿਲਾ ਐਪੀਡੀਮਾਲੋਜਿਸਟ ਡਾ ਹਿਮਾਂਸ਼ੂ ਗੁਪਤਾ ਅਤੇ ਡਾ ਸਦਫ ਵਿਸ਼ੇਸ਼ ਤੌਰ ਤੇ ਪਹੁੰਚੇ। ਡਾ ਹਿਮਾਂਸ਼ੂ ਗੁਪਤਾ ਅਤੇ ਡਾ ਸਦਫ ਵੱਲੋਂ ਮੱਛਰਾ ਅਤੇ ਮੱਖੀਆਂ ਆਦਿ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਮਲੇਰੀਆਂ ਇਕ ਗੰਭੀਰ ਵਾਇਰਲ ਬੁਖਾਰ ਹੈ, ਜੋ ਕਿ ਮੱਛਰ ਦੇ ਕੱਟਣ ਨਾਲ ਹੁੰਦਾ ਹੈ।ਅੱਗੇ ਉਨ੍ਹਾਂ ਨੇ ਮਲੇਰੀਆ ਅਤੇ ਡੇਂਗੂ ਰੋਗ ਦੇ ਲੱਛਣਾਂ, ਬਚਾਅ ਦੇ ਢੰਗਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨਾਂ ਵੱਲੋਂ ਕਿਹਾ ਕਿ ਹੁਣ ਡੇਂਗੂ ਦਾ ਸੀਜਨ ਸ਼ੁਰੂ ਹੋ ਜਾਵੇਗਾ, ਇਸ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨਾ ਜਰੂਰੀ ਹੈ। ਉਨਾਂ ਨੇ ਜਾਣਕਾਰੀ ਦਿੱਤੀ ਕਿ ਜੇਕਰ ਇਨਾਂ ਬਿਮਾਰੀਆਂ ਦੇ ਲੱਛਣ ਨਜਰ ਆਉਣ ਤਾਂ ਤੁਰੰਤ ਜਾਂਚ ਕਰਵਾਈ ਜਾਵੇ, ਤਾਂ ਜੋ ਸਮੇਂ ਸਿਰ ਇਲਾਜ ਸ਼ੁਰੂ ਕੀਤਾ ਜਾ ਸਕੇ। ਏ ਐਮ ਓ ਛਿੰਦਰਪਾਲ ਸਿੰਘ ਨੇ ਕਿਹਾ ਕਿ ਉਹ ਆਪਣੇ ਘਰਾਂ ਦੀ ਸਾਫ ਸਫਾਈ ਵੱਲ ਇਨਾਂ ਦਿਨਾਂ ਵਿੱਚ ਵਿਸ਼ੇਸ਼ ਧਿਆਨ ਦੇਣ ਅਤੇ ਪਾਣੀ ਖੜਾ ਨਾ ਹੋਣ ਦੇਣ ਤਾਂ ਜੋ ਮੱਛਰ ਨਾ ਪੈਦਾ ਹੋਣ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਸਿਹਤਮੰਦ ਰਹਿਣ ਲਈ ਜਰੂਰੀ ਹੈ ਕਿ ਅਸੀ ਆਪਣੇ ਆਲੇ ਦੁਆਲੇ ਨੂੰ ਸਾਫ ਰੱਖੀਏ, ਇਸ ਨਾਲ ਜਿੱਥੇ ਅਸੀਂ ਸਿਹਤਮੰਦ ਰਹਿੰਦੇ ਹਾਂ ਉੱਥੇ ਹੀ ਆਲੇ ਦੁਆਲੇ ਦੀ ਦਿਖ ਵੀ ਵੱਧੀਆਂ ਬਣਦੀ ਹੈ। ਇਸ ਮੌਕੇ ਡਾ. ਪਲਕ ਅਤੇ ਔਰਤ ਰੋਗਾਂ ਦੇ ਮਾਹਿਰ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਹਰੇਕ ਗਰਭਵਤੀ ਔਰਤ ਦੀ ਸਿਹਤ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਨਾਂ ਦੇ ਏ ਐਨ ਸੀ ਚੈਕਅੱਪ ਮੁਕੰਮਲ ਕਰਵਾਏ ਜਾਣ 'ਤੇ ਡਲੀਵਰੀ ਸਰਕਾਰੀ ਹਸਪਤਾਲ ਵਿਚ ਕਰਵਾਈ ਜਾਵੇ। ਇਸ ਮੌਕੇ ਆਈ ਈ ਸੀ ਗਤੀਵਿਧੀਆਂ ਦੇ ਨੋਡਲ ਅਫਸਰ ਫਲੈਗ ਚਾਵਲਾ ਅਤੇ ਚਮਕੌਰ ਸਿੰਘ ਵੱਲੋਂ ਐਨ ਸੀ ਡੀ ਬਾਰੇ ਜਾਣਕਾਰੀ ਦਿੱਤੀ ਉਨਾਂ ਕਿਹਾ ਕਿ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਕੇ ਸਕਰੀਨਿੰਗ ਵਧਾਈ ਜਾਵੇ।ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਸਿਹਤ ਵਿਭਾਗ ਵੱਲੋਂ ਬਹੁਤ ਸਹੂਲਤਾਵਾਂ ਦਿੱਤੀਆਂ ਜਾ ਰਹੀਆਂ ਹਨ, ਇਸ ਲਈ ਜ਼ਰੂਰਤ ਹੈ ਕਿ ਲੋਕ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਇਸ ਮੌਕੇ ਸਮੂਹ ਸਿਹਤ ਸੁਪਰਵਾਇਜਰ, ਸੀ ਐਚ ਓ, ਸਿਹਤ ਵਰਕਰ, ਆਸ਼ਾ ਫਸੀਲੀਟੇਟਰ, ਆਸ਼ਾ ਤੇ ਸਮੂਹ ਸਿਹਤ ਸਟਾਫ ਆਦਿ ਹਾਜ਼ਰ ਸਨ।

# ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਵਾਉਣ ਵਾਲੇ 5 ਕਾਬੂ



ਸੰਗਰੂਰ, 19 ਜੂਨ (ਹਰਕੰਵਲ ਸਿੰਘ ਹੈਪੀ): ਐੱਸ.ਪੀ. (ਐੱਚ) ਦਿਲਪ੍ਰੀਤ ਸਿੰਘ ਨੇ ਸਥਾਨਕ ਪੁਲਿਸ ਲਾਈਨ ਵਿਖੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਗਨ ਅਜੀਤ ਸਿੰਘ, ਐਸ.ਐਸ.ਪੀ. ਮਲੇਰਕੋਟਲਾ ਕਮ ਚਾਰਜ ਐਸ.ਐਸ.ਪੀ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਸਦਰ ਧੂਰੀ ਦੇ ਖੇਤਰ ਵਿੱਚ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਵਾਉਣ ਵਾਲੇ ਗਰੋਹ ਦਾ ਪਰਦਾਫਾਸ਼ ਕਰ ਕੇ 05 ਮੁਲਜ਼ਮਾਂ ਨੂੰ ਜਾਅਲੀ ਦਸਤਾਵੇਜ਼ਾਂ ਸਮੇਤ ਕਾਬੂ ਕੀਤਾ ਗਿਆ ਹੈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਸ੍ਰੀ ਦਮਨਵੀਰ ਸਿੰਘ, ਉਪ ਕਪਤਾਨ ਪੁਲਿਸ ਸਬ ਡਵੀਜ਼ਨ ਧੂਰੀ ਦੀ ਨਿਗਰਾਨੀ ਹੇਠ ਇੰਸਪੈਕਟਰ ਕਰਨਬੀਰ ਸਿੰਘ ਸੰਧੂ, ਮੁੱਖ ਅਫਸਰ, ਥਾਣਾ ਸਦਰ ਧੂਰੀ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਦੀਪ ਸਿੰਘ ਨੰਬਰਦਾਰ ਵਾਸੀ ਕਾਂਝਲਾ ਹੋਰ ਵਿਅਕਤੀਆਂ ਨਾਲ ਹਮ ਮਸ਼ਵਰਾ ਹੋ ਕੇ ਜਾਅਲੀ ਦਸਤਾਵੇਜ਼ ਅਧਾਰ ਕਾਰਡ/ਫਰਦਾਂ ਵਗੈਰਾ ਤਿਆਰ ਕਰ ਕੇ ਅਦਾਲਤ ਵਿੱਚ ਲਗਾ ਕੇ ਐਨ.ਡੀ.ਪੀ.ਐਸ. ਐਕਟ ਅਤੇ ਹੋਰ ਮੁਕੱਦਮਿਆਂ ਦੇ ਮੁਲਜ਼ਮਾਂ ਦੀਆਂ ਜ਼ਮਾਨਤਾ ਕਰਵਾ ਦਿੰਦੇ ਹਨ ਐੱਸ.ਪੀ. (ਐੱਚ) ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਕੰਮ ਦੇ ਬਦਲੇ ਉਹ ਮੁਲਜ਼ਮਾਂ ਪਾਸੋਂ ਮੋਟੀਆਂ ਰਕਮਾਂ ਵਸੂਲ ਕਰਦੇ ਹਨ, ਜਿਨ੍ਹਾਂ ਵੱਲੋਂ ਪਿਛਲੇ ਸਮੇਂ ਦੌਰਾਨ ਵੱਖ-ਵੱਖ ਮੁਕੱਦਮਿਆਂ ਵਿੱਚ ਗ੍ਰਿਫਤਾਰ ਕਥਿਤ ਦੋਸ਼ੀ ਜੀਵਨ ਸਿੰਘ ਅਤੇ ਬੰਟੀ ਸਿੰਘ ਵਾਸੀਆਨ ਪਿੰਡ ਸਮੁੰਦਗੜ੍ਹ ਛੰਨਾ ਦੀ ਜ਼ਮਾਨਤ ਕਰਵਾਉਣ ਲਈ ਪਿੰਡ ਕਾਂਝਲਾ ਦੇ ਵਿਅਕਤੀਆਂ ਦੇ ਜਾਅਲੀ ਅਧਾਰ ਕਾਰਡ ਬਣਾ ਕੇ, ਜ਼ਮੀਨਾਂ ਦੀਆਂ ਫਰਦਾਂ ਗਲਤ ਢੰਗ ਨਾਲ ਲਗਾ ਕੇ, ਖੁਦ ਨੂੰ ਹੋਰ ਵਿਅਕਤੀ ਦੱਸ ਕੇ ਜ਼ਜ਼ਾਨਤਾਂ ਕਰਵਾਈਆਂ ਹਨ ਤੇ ਇਸ ਦੇ ਬਦਲੇ ਇਨ੍ਹਾਂ ਪਾਸੋਂ ਮੋਟੀ ਰਕਮ ਹਾਸਲ ਕੀਤੀ ਹੈ। ਇਸ ਤਰ੍ਹਾਂ ਇਹ ਕਥਿਤ ਦੋਸ਼ੀਆਨ ਪੁਲਿਸ ਅਤੇ ਅਦਾਲਤਾਂ ਨੂੰ ਧੋਖਾ ਦੇ ਰਹੇ ਹਨ। ਇਸ ਬਾਬਤ ਮੁਕੱਦਮਾ ਨੰਬਰ 137 ਮਿਤੀ 16.06.2025 ਅ/ਧ 319(2), 318(4), 336(2), 336(3), 338, 340(2), 61(2) ਬੀ.ਐਨ.ਐੱਸ. ਥਾਣਾ ਸਦਰ ਧੂਰੀ ਬਰਖਿਲਾਫ਼ ਗੁਰਦੀਪ ਸਿੰਘ ਨੰਬਰਦਾਰ ਵਾਸੀ ਕਾਂਝਲਾ, ਸੁਰਜੀਤ ਸਿੰਘ, ਮਨਜਿੰਦਰ ਵਾਸੀਆਨ ਕਾਂਝਲਾ, ਜਗਸੀਰ ਸਿੰਘ ਸੀਰਾ ਅਤੇ ਤੀਰਥ ਸਿੰਘ ਵਾਸੀਆਨ ਲੱਡਾ ਦਰਜ ਕਰ ਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

# ਧੂਰੀ 'ਚ 6 ਕਰੋੜ 73 ਲੱਖ ਦੀ ਲਾਗਤ ਨਾਲ ਵਾਟਰ ਸਪਲਾਈ ਪ੍ਰੋਜੈਕਟ ਸ਼ੁਰੂ



ਧੂਰੀ, 19 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ): ਪੰਜਾਬ ਸਰਕਾਰ ਨੇ ਧੂਰੀ ਸ਼ਹਿਰ ਨਿਵਾਸੀਆਂ ਦੀ ਵਾਟਰ ਸਪਲਾਈ ਪਾਇਪ ਲਾਇਨ ਪਾਉਣ ਅਤੇ 03 ਨਵੇਂ ਟਿਊਬਵੈਲ ਲਗਾਉਣ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦੇ ਹੋਏ 6 ਕਰੋੜ 73 ਲੱਖ ਰੁਪਏ ਦੀ ਲਾਗਤ ਨਾਲ ਇਹ ਕੰਮ ਸ਼ੁਰੂ ਕਰਵਾ ਦਿੱਤਾ ਹੈ। ਇਸ ਪ੍ਰੋਜੈਕਟ ਅਧੀਨ ਸ਼ਹਿਰ ਦੇ ਜਿਆਦਾਤਰ ਬਾਹਰੀ ਖੇਤਰ ਅਤੇ ਕੁੱਝ ਅੰਦਰਲੇ ਵਾਰਡਾਂ ਵਿੱਚ ਲਗਭਗ 18 ਕਿਲੋਮੀਟਰ ਵਾਟਰ ਸਪਲਾਈ ਪਾਇਪ ਲਾਇਨ ਪਾਈ ਜਾਵੇਗੀ ਅਤੇ ਸ਼ਹਿਰ ਅੰਦਰ ਵੱਖ ਵੱਖ ਜਗ$ਹਾ 3 ਨਵੇਂ ਟਿਊਬਵੈਲ ਲਗਾਏ ਜਾਣਗੇ। ਇਸ ਨਾਲ ਸ਼ਹਿਰ ਨਿਵਾਸੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਦੀ ਕੋਈ ਸਮੱਸਿਆ ਨਹੀਂ ਆਵੇਗੀ। ਇਸ ਕੰਮ ਦੀ ਸ਼ੁਰੂਆਤ ਅੱਜ ਸਥਾਨਕ ਮੁੱਖ ਮੰਤਰੀ ਕੈਂਪਸ ਦਫਤਰ ਦੇ ਇੰਚਾਰਜ ਤੇ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਇੰਚਾਰਜ ਅਤੇ ਮਾਰਕਿਟ ਕਮੇਟੀ ਧੂਰੀ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਅਤੇ ਨਗਰ ਕੌਂਸਲ ਧੂਰੀ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ ਨੇ ਕੀਤੀ, ਜਦਕਿ ਇਸੇ ਦੌਰਾਨ ਸਥਾਨਕ ਬੱਸ ਸਟੈਂਡ ਵਿਖੇ ਲੱਗਣ ਵੇਲੇ ਟਿਊਬਵੈਲ ਦੇ ਕੰਮ ਦੀ ਸ਼ੁਰੂਆਤ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਅਤੇ ਨਗਰ ਕੌਂਸਲ ਧੂਰੀ ਦੀ ਪ੍ਰਧਾਨ ਪੁਸ਼ਪਾ ਰਾਣੀ ਤਾਇਲ ਨੇ ਸਾਂਝੇ ਤੌਰ ਤੇ ਕੀਤੀ।ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਦੋਵੇਂ ਆਗੂਆਂ ਨੇ ਕਿਹਾ ਕਿ ਇਸ ਪਾਈਪ ਲਾਈਨ ਦੇ ਚਾਲੂ ਹੋਣ ਨਾਲ 3145 ਘਰਾਂ ਨੂੰ ਨਵੇਂ ਪਾਣੀ ਕੁਨੈਕਸ਼ਨ ਜਾਰੀ ਕੀਤੇ ਜਾਣਗੇ, ਜਿਸ ਨਾਲ ਤਕਰੀਬਨ ਸਾਰੇ ਸ਼ਹਿਰ ਨੂੰ ਸ਼ੁੱਧ ਪੀਣ ਵਾਲਾ ਪਾਣੀ ਮਿਲਣ ਲੱਗੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਹਲਕੇ ਧੂਰੀ ਵਿੱਚ ਵਿਕਾਸ ਕਾਰਜ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ।ਪੂਰੇ ਹਲਕੇ ਵਿੱਚ ਵੱਖ ਵੱਖ ਵਿਭਾਗਾ ਰਾਂਹੀ ਬਹੁਤ ਤੇਜ਼ੀ ਨਾਲ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵਿਕਾਸ ਕਾਰਜ ਸ਼ੁਰੂ ਕੀਤੇ ਜਾ ਰਹੇ ਹਨ।ਜਿਸ ਨਾਲ ਬਿਲਕੁਲ ਹਲਕੇ ਦੀ ਨੁਹਾਰ ਬਦਲ ਜਾਵੇਗੀ। ਵਿਕਾਸ ਕਾਰਜਾਂ ਵਿੱਚ ਲੋਕ ਵੀ ਸਰਕਾਰ ਦਾ ਬਹੁਤ ਸਾਥ ਦੇ ਰਹੇ ਹਨ। ਸਰਕਾਰ ਵੱਲੋ ਸਰਕਾਰੀ ਸਕੂਲਾ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਕੂਲਾਂ ਵਿੱਚ ਵੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਵੀ ਬਹੁਤ ਹੁੰਗਾਰਾ ਮਿਲ ਰਿਹਾ ਹੈ ਅਤੇ ਇਸ ਮੁਹਿੰਮ ਤਹਿਤ ਪਿੰਡ ਪਿੰਡ ਜਾ ਕੇ ਪ੍ਰੋਗਰਾਮਾਂ/ਕੈਂਪਾਂ ਰਾਂਹੀ ਲੋਕਾਂ ਨੂੰ ਜਾਗ੍ਰਿਤ ਕੀਤਾ ਜਾ ਰਿਹਾ ਹੈ। ਸਰਕਾਰ ਹਰ ਇੱਕ ਪਹਿਲੂ ਤੇ ਬਹੁਤ ਬਾਰੀਕੀ ਅਤੇ ਕਾਮਯਾਬੀ ਨਾਲ ਕੰਮ ਕਰ ਰਹੀ ਹੈ।ਉਹਨਾਂ ਕਿਹਾ ਕਿ ਹਲਕੇ ਦੇ ਜਿਆਦਾਤਰ ਪਿੰਡਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾ ਚੁਕਿਆ ਹੈ ਅਤੇ ਬਾਕੀ ਪਿੰਡਾਂ ਵਿੱਚ ਵੀ ਜਲਦੀ ਹੀ ਨਹਿਰੀ ਪਾਣੀ ਲਈ ਪਾਇਪ ਲਾਇਨ ਪਾਉਣ ਦੀ ਵਿਵਸਥਾ ਕੀਤੀ ਜਾ ਰਹੀ ਹੈ।ਇਸ ਮੌਕੇ ਉਤੇ ਪ੍ਰਧਾਨ ਨਗਰ ਕੌਂਸਲ ਪੁਸ਼ਪਾ ਰਾਣੀ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣਾ ਸਰਕਾਰ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਮੁੱਖ ਮੰਤਰੀ ਫ਼ੀਲਡ ਅਫਸਰ ਕਰਮਜੀਤ ਸਿੰਘ, ਐਕਸੀਅਨ ਰਾਹੁਲ ਕੌਸਲ, ਐੱਸ.ਡੀ.ਓ ਰਾਜਿੰਦਰ ਕੁਮਾਰ ਗਰਗ, ਜੇ.ਈ ਅਮਿਤ ਸਿੰਗਲਾ, ਸਾਬਕਾ ਪ੍ਰਧਾਨ ਸੰਦੀਪ ਤਾਇਲ, ਕੌਂਸਲਰ ਪੁਸ਼ਪਿੰਦਰ ਸ਼ਰਮਾ, ਪ੍ਰੇਮ ਠੇਕੇਦਾਰ, ਆਪ ਆਗੂ ਮਿਲਖ ਰਾਜ, ਜਸਵਿੰਦਰ ਸਿੰਘ ਖੁਰਮੀ, ਅਨਿਲ ਕੁਮਾਰ, ਕੌਂਸਲਰ ਹਰੀ ਕ੍ਰਿਸ਼ਨ ਮਨੀ, ਆਦਿ ਵੀ ਹਾਜਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਹੋਈ ਮੀਟਿੰਗ



ਬਾਜਾਖਾਨਾ , 19 ਜੂਨ (ਅਵਤਾਰ ਸਿੰਘ ਮੱਲਾ): ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਬਾਜਾਖਾਨਾ ਦੀ ਮਹੀਨਾਵਾਰ ਮੀਟਿੰਗ ਲੰਬਵਾਲੀ ਵਿਖੇ ਬਲਾਕ ਪ੍ਰਧਾਨ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਬਲਾਕ ਦੇ ਅਹਿਮ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ।ਸ਼ੁਰੂਆਤ ਵਿੱਚ ਡਾ. ਜਰਨੈਲ ਸਿੰਘ ਡੋਡ ਨੇ ਸੂਬੇ ਅਤੇ ਜ਼ਿਲ੍ਹੇ ਦੀ ਗਤੀਵਿਧੀਆਂ ਬਾਰੇ ਬਲਾਕ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ।ਉਸ ਤੋਂ ਬਾਅਦ ਡਾ.ਅਮਰਜੀਤ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸਾਥੀਆਂ ਨੂੰ ਸਾਫ ਸੁਥਰੀ ਅਤੇ ਨਸ਼ਾ ਰਹਿਤ ਪ੍ਰੈਕਟਿਸ ਕਰਨ ਦੀ ਅਪੀਲ ਕੀਤੀ। ਇਸ ਮੌਕੇ ਡਾ. ਸ਼ਾਮ ਸਿੰਘ ਨੇ ਵੀ ਆਪਣੇ ਵਿਚਾਰ ਸਾਥੀਆਂ ਨਾਲ ਸਾਂਝੇ ਕੀਤੇ ਅਤੇ ਸਾਰਿਆਂ ਮਿਲ ਜੁਲ ਕੇ ਰਹਿਣ ਦੀ ਅਪੀਲ ਕੀਤੀ।ਇਸ ਮੀਟਿੰਗ ਵਿੱਚ ਕ੍ਰਿਸਟਲ ਹੈਲਥ ਕੇਅਰ ਹਸਪਤਾਲ ਤੋਂ ਡਾ. ਪ੍ਰਿੰਸ ਕੁਮਾਰ ਗਰਗ ਐਮ.ਡੀ.ਡੀ.ਐਮ ਕਾਰਡੀਓਲੋਜਿਸਟ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਹਨਾਂ ਨੇ ਹਾਰਟ ਦੀਆਂ ਬਿਮਾਰੀਆਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਆਪਣੇ ਹਸਪਤਾਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਿਆ। ਉਹਨਾਂ ਦੇ ਨਾਲ ਪੀ.ਆਰ.ਓ ਵਰਿਆਮ ਸਿੰਘ ਵੀ ਪਹੁੰਚੇ, ਉਪਰੰਤ ਉਨ੍ਹਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਮੀਟਿੰਗ ਦੇ ਅੰਤ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਅੰਮ੍ਰਿਤਵੀਰ ਸਿੰਘ ਦੀਆਂ ਸਖਤ ਹਦਾਇਤਾਂ ਅਨੁਸਾਰ ਡਾ. ਜਸਵਿੰਦਰ ਸਿੰਘ ਬਲਾਕ ਪ੍ਰਧਾਨ ਬਾਜਾਖਾਨਾ ਨੇ ਸਾਥੀਆਂ ਨੂੰ ਮਿਲ ਜੁਲ ਕੇ ਰਹਿਣ ਸਾਫ ਸੁਥਰੀ ਪੈ$ਕਟਿਸ਼ ਕਰਨ ਅਤੇ ਨਸ਼ੇ ਤੋਂ ਰਹਿਤ ਰਹਿ ਕੇ ਸਮਾਜ ਦੇ ਵਿੱਚ ਚੰਗੀ ਦਿੱਖ ਬਣਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਜੋ ਵੀ ਮੈਂਬਰ ਸੰਵਿਧਾਨ ਦੀ ਪਾਲਣਾ ਨਹੀਂ ਕਰੇਗਾ, ਓਹਦੇ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਵੱਲੋਂ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਰਕਾਰ ਦੀ ਮੁਹਿੰਮ ਯੁੱਧ ਨਸਿ਼ਆ ਵਿਰੁੱਧ ਅਤੇ ਭਰੂਣ ਹੱਤਿਆਂ ਖ਼?ਲਾਫ਼ ਫਲੈਕਸ ਬਣਾ ਕੇ ਸਾਰੇ ਸਾਥੀਆਂ ਆਪਣੇ ਕਲੀਨਿਕ ਉਪਰ ਲਾਉਣ ਲਈ ਵੰਡੇ ਗਏ. ਇਸ ਮੌਕੇ ਡਾ.ਸੁਖਦੇਵ ਸਿੰਘ ਚੇਅਰਮੈਨ ਓਕੰਦ ਵਾਲਾ, ਡਾ.ਸੁਖਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਡਾ. ਬਲਵੀਰ ਸਿੰਘ ਗੋਰਾ ਸਲਾਹਕਾਰ, ਡਾ. ਵਰਿੰਦਰ ਸਿੰਘ ਜਨਰਲ ਸੈਕਟਰੀ, ਡਾ. ਮਹਿੰਦਰ ਸਿੰਘ ਖਜ਼ਾਨਚੀ, ਡਾ. ਜਸਵੀਰ ਸਿੰਘ ਮੀਤ ਪ੍ਰਧਾਨ, ਡਾ. ਸਤਵਿੰਦਰ ਸਿੰਘ ਬਬਲਾ ਮੀਤ ਪ੍ਰਧਾਨ, ਡਾ. ਠਾਣਾ ਸਿੰਘ ਸਹਾਇਕ ਪ੍ਰੈਸ ਸਕੱਤਰ, ਡਾ. ਨਿਰਮਲ ਕੁਮਾਰ, ਡਾ. ਜਗਸੀਰ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਗੁਰਦੀਪ ਸਿੰਘ, ਡਾ. ਕੁਲਦੀਪ ਸਿੰਘ, ਡਾ. ਅਮਰੀਕ ਸਿੰਘ, ਡਾ. ਸੰਦੀਪ ਸਿੰਘ, ਡਾ. ਗੁਰਜੰਟ ਸਿੰਘ, ਡਾ. ਭਗਵਾਨ ਸਿੰਘ, ਡਾ. ਭੋਲਾ ਸਿੰਘ ਰੁਮਾਣਾ, ਡਾ. ਹਿੰਦਪਾਲ ਸਿੰਘ, ਡਾ. ਪਵਿੱਤਰ ਸਿੰਘ ਅਤੇ ਡਾ. ਭੋਲਾ ਸਿੰਘ ਆਦਿ ਹਾਜ਼ਰ ਸਨ।

# ਪੁਲਿਸ ਵੱਲੋਂ ਰਾਮਨਗਰ ਬਸਤੀ ਸੰਗਰੂਰ ਵਿਖੇ ਕਾਰਡਨ ਅਤੇ ਸਰਚ ਆਪ੍ਰੇਸ਼ਨ

## 2 ਵਿਅਕਤੀਆਂ ਪਾਸੋਂ 15 ਗ੍ਰਾਮ ਹੈਰੋਇਨ ਅਤੇ 5 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ



ਸੰਗਰੂਰ, 19 ਜੂਨ (ਹਰਕੰਵਲ ਸਿੰਘ ਹੈਪੀ): ਸ਼੍ਰੀ ਦਿਲਪ੍ਰੀਤ ਸਿੰਘ, ਆਈ.ਪੀ.ਐਸ., ਕਪਤਾਨ ਪੁਲਿਸ (ਸਥਾਨਕ) ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਅੱਜ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸ਼੍ਰੀ ਐਸ. ਭੂਪਤੀ ਆਈ.ਪੀ.ਐਸ., ਆਈ.ਜੀ.ਪੀ., ਪ੍ਰੋਵਿਜਨਿੰਗ, ਪੰਜਾਬ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਰਾਮਨਗਰ ਬਸਤੀ ਸੰਗਰੂਰ ਵਿਖੇ ਕਾਰਡਨ ਅਤੇ ਸਰਚ ਅਪਰੇਸ਼ਨ ਕੀਤਾ ਗਿਆ, ਜਿਸ ਦੌਰਾਨ ਕਥਿਤ ਨਸ਼ਾ ਤਸਕਰਾਂ ਦੇ ਘਰਾਂ, ਸ਼ੱਕੀ ਵਿਅਕਤੀਆਂ ਅਤੇ ਸ਼ੱਕੀ ਵਾਹਨਾਂ ਦੀ ਡੂੰਘਾਈ ਨਾਲ ਚੈਕਿੰਗ ਕੀਤੀ ਗਈ ਅਤੇ ਚੈਕਿੰਗ ਦੌਰਾਨ ਨਸ਼ਾ ਵੇਚਣ ਵਾਲੇ 02 ਵਿਅਕਤੀਆਂ ਪਾਸੋਂ 15 ਗ੍ਰਾਮ ਹੈਰੋਇਨ ਅਤੇ 05 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਣ ਉਪਰੰਤ ਉਹਨਾਂ ਖਿਲਾਫ 02 ਮੁਕੱਦਮੇ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਾਰਡਨ ਅਤੇ ਸਰਚ ਅਪਰੇਸ਼ਨ ਦੌਰਾਨ 02 ਵਾਹਨ ਇੰਪਾਊਂਡ ਅਤੇ 06 ਵਾਹਨਾਂ ਦੇ ਚਲਾਨ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਮਿਤੀ 01.03.2025 ਤੋਂ ਹੁਣ ਤੱਕ ਐਨ.ਡੀ.ਪੀ.ਐਸ. ਐਕਟ ਅਧੀਨ 327 ਮੁਕੱਦਮੇ ਦਰਜ ਕਰ ਕੇ 573 ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਕਥਿਤ ਦੋਸ਼ੀਆਨ ਪਾਸੋਂ 6.490 ਕਿਲੋਗ੍ਰਾਮ ਹੈਰੋਇਨ, 3.707 ਕਿਲੋਗ੍ਰਾਮ ਅਫੀਮ, 1.413 ਕਿਲੋਗ੍ਰਾਮ ਸੁਲਫਾ, 2.695 ਕਿਲੋਗ੍ਰਾਮ ਗਾਂਜਾ, 444 ਗ੍ਰਾਮ ਚਰਸ, 956 ਕਿਲੋ 425 ਗ੍ਰਾਮ ਭੁੱਕੀ ਚੂਰਾ ਪੋਸਤ, 65.724 ਕਿਲੋਗ੍ਰਾਮ ਹਰੇ ਪੌਦੇ ਪੋਸਤ, 400 ਗ੍ਰਾਮ ਨਸ਼ੀਲਾ ਪਾਊਡਰ, 31954 ਨਸ਼ੀਲੀਆਂ ਗੋਲੀਆਂ, 79 ਨਸ਼ੀਲੀਆਂ ਸ਼ੀਸ਼ੀਆਂ ਅਤੇ 14,68,710/- ਰੁਪਏ ਡਰੱਗ ਮਨੀ ਬ੍ਰਾਮਦ ਕੀਤੀ ਗਈ ਹੈ।ਇਸ ਮੁਹਿੰਮ ਤਹਿਤ ਜ਼ਿਲ੍ਹਾ ਪੁਲਿਸ ਵੱਲੋਂ ਹੁਣ ਤੱਕ ਨਸ਼ੇ ਦਾ ਸੇਵਨ ਕਰਨ ਵਾਲੇ 298 ਵਿਅਕਤੀਆਂ ਨੂੰ ਨਸ਼ਾ ਛੁਡਾਉਣ ਲਈ ਡੀ-ਅਡੀਕਸ਼ਨ ਸੈਂਟਰ ਵਿੱਚ ਦਾਖਲ/ਇਲਾਜ ਕਰਵਾਇਆ ਜਾ ਚੁੱਕਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਡਰੱਗ ਹੋਟਸਪੋਟ ਏਰੀਆ ਦੀ ਚੈਕਿੰਗ

ਮਾਨਸਾ, 19 ਜੂਨ (ਵਿਰੋਦਰਪਾਲ ਮੰਤਰੋ): ਸ੍ਰੀ ਭਾਗੀਰਥ ਸਿੰਘ ਮੀਨਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਮਾਨਸਾ ਜੀ ਵੱਲੋਂ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਖਤ ਨੀਤੀ ਅਪਣਾਈ ਗਈ ਹੈ, ਜਿਸਦੀ ਲੜੀ ਵਿੱਚ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਸ੍ਰੀ ਗੌਰਵ ਯਾਦਵ ਆਈ.ਪੀ.ਐਸ ਜੀ ਦੇ ਅਦੇਸਾਂ ਅਨੁਸਾਰ, ਅੱਜ ਜ਼ਿਲ੍ਹਾ ਮਾਨਸਾ ਅੰਦਰ ਨਸ਼ਾ ਸਮੱਗਲਰਾਂ ਖਿਲਾਫ ਵੱਡਾ ਐਕਸ਼ਨ ਲੈਂਦੇ ਹੋਏ ਅਪਰੇਸ਼ਨ 'ਯੁੱਧ ਨਸ਼ਿਆ ਵਿਰੁੱਧ' ਤਹਿਤ ਡਰੱਗ ਹੋਟਸਪੋਟ ਏਰੀਆ ( ਖਾਸ ਕਰਕੇ ਜਿੱਥੇ ਨਸ਼ਾ ਖਰੀਦ ਵੇਚ ਹੁੰਦਾ ਹੈ ) ਨੂੰ ਘੇਰਾਬੰਦੀ ਕਰਕੇ ਐਪ ਦੀ ਮੱਦਦ ਨਾਲ ਜਿਲ੍ਹੇ ਦੇ ਵੱਖ-ਵੱਖ ਥਾਨਿਆਂ ਦੀਆਂ ਨਸ਼ਾ ਪ੍ਰਭਾਵਿਤ ਏਰੀਆ ਦੀ ਅਸਰਦਾਰ ਢੰਗ ਨਾਲ ਨਾਕਾ ਬੰਦੀ ਕਰਕੇ ਸਰਚ ਕੀਤੀ ਗਈ । ਇਸ ਸਰਚ ਅਪਰੇਸ਼ਨ ਦੌਰਾਨ 15 ਪੁਲਿਸ ਪਾਰਟੀਆ ਜਿੰਨਾ ਵਿਚ 01 ਐਸ.ਪੀ, 05 ਡੀ.ਐਸ.ਪੀ, 12 ਮੁੱਖ ਅਫਸਰਾਨ, ਇੰਚਾਰਜ ਸੀ ਆਈ ਏ ਸਟਾਫ ਮਾਨਸਾ, ਇੰਚਾਰਜ ਐਟੀਨਾਰੋਟਿਕ ਸੈੱਲ ਸਟਾਫ ਮਾਨਸਾ ਦੇ ਕੁੱਲ 312 ਪੁਲਿਸ ਕਰਮਚਾਰੀਆ ਨੇ ਭਾਗ ਲਿਆ।

# ਖਨੌਰੀ ਪੁਲਿਸ ਨੇ ਪੰਡ ਠਸਕਾ ਵਿੱਚ ਲਗਾਇਆ ਜਾਗਰੂਕਤਾ ਕੈਂਪ



ਖਨੌਰੀ, 19 ਜੂਨ (ਓਮਪ੍ਰਕਾਸ਼ ਮੁਆਲ ):"ਯੁੱਧ ਨਸ਼ਿਆਂ ਵਿਰੁੱਧ"ਚਲਾਈ ਗਈ ਮੁਹਿੰਮ ਤਹਿਤ ਨਜ਼ਦੀਕੀ ਪਿੰਡ ਠਸਕਾ ਵਿੱਚ ਐਸ.ਐਚ,ਓ. ਖਨੌਰੀ ਸ੍ਰੀ ਹਰਮਿੰਦਰ ਸਿੰਘ ਦੀ ਅਗਵਾਈ ਹੇਠਾਂ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਸਰਪੰਚ ਕਰਮਜੀਤ ਕੌਰ ਨਾਲ ਪਿੰਡ ਵਾਸੀਆਂ ਨੇ ਹਿੱਸਾ ਲਿਆ। ਇਸ ਮੌਕੇ ਐਸ.ਐਚ,ਓ. ਖਨੌਰੀ ਸ੍ਰੀ ਹਰਿਮੰਦਰ ਸਿੰਘ ਨੇ ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ । ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰ ਪੁਰਸ਼ਾਂ ਅਤੇ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਆਮ ਪਬਲਿਕ ਨੂੰ ਨਸੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ। ਇਸ ਮੌਕੇ ਸਰਪੰਚ ਕਰਮਜੀਤ ਕੌਰ ਨੇ ਦੱਸਿਆ ਕਿ ਸਾਡਾ ਪਿੰਡ ਠਸਕਾ ਪੂਰੀ ਤਰ੍ਹਾਂ ਨਸ਼ਾ ਮੁਕਤ ਹੈ। ਉਨ੍ਹਾਂ ਕਿਹਾ ਕਿ ਅੱਜ ਤੱਕ ਪਿੰਡ ਦੇ ਕਿਸੇ ਵੀ ਵਿਅਕਤੀ ਤੇ ਨਸ਼ਾ ਕਰਨ ਤੇ ਇਸ ਦੀ ਸਪਲਾਈ ਕਰਨ ਜਾਂ ਨਸ਼ਿਆਂ ਦੇ ਸੌਦਾਗਰਾਂ ਦਾ ਸਹਿਯੋਗ ਕਰਨ ਲਈ ਨਾਮਜ਼ਦ ਨਹੀਂ ਕੀਤਾ ਗਿਆ ਹੈ। ਕਿਸੇ ਵੀ ਤਰ੍ਹਾਂ ਦੇ ਨਸ਼ੇ ਕਰਨ ਦਾ ਕੋਈ ਦੋਸ਼ ਪਿੰਡ ਵਾਸੀਆਂ ਵਿਚੋਂ ਕਿਸੇ ਤੇ ਨਹੀਂ ਲੱਗਿਆ ਹੈ। ਪਿੰਡ ਵਿੱਚ ਕੋਈ ਵੀ ਸ਼ਰਾਬ ਦਾ ਠੇਕਾ ਨਹੀਂ ਹੈ ਨਾ ਹੀ ਕਿਸੇ ਪ੍ਰਕਾਰ ਦੇ ਨਸ਼ੇ ਦੀ ਵਿਕਰੀ ਹੈ। ਕਿਸਾਨ ਆਗੂ ਜਸਵੰਤ ਸਿੰਘ ਨੇ ਦੱਸਿਆ ਕਿ ਸਾਡਾ ਪਿੰਡ ਪੂਰੀ ਤਰ੍ਹਾਂ ਨਸ਼ਾ ਮੁਕਤ ਹੈ। ਉਨ੍ਹਾਂ ਦੱਸਿਆ ਕਿ ਬਹੁਤ ਸਮਾਂ ਪਹਿਲਾਂ ਠੇਕੇਦਾਰ ਵੱਲੋਂ ਪਿੰਡ ਦੇ ਅਨਦਾਨਾ ਰੋਡ ਤੇ ਸ਼ਰਾਬ ਦਾ ਠੇਕਾ (ਖੁਰਦਾ ) ਰਖਵਾਇਆ ਗਿਆ ਸੀ ਜੋ ਜਥੇਦਾਰ ਬਾਲਕਿਸ਼ਨ ਸਿੰਘ ਦੀ ਅਗਵਾਈ ਹੇਠ ਬਣੀ ਪਿੰਡ ਦੀ ਕਮੇਟੀ ਵੱਲੋਂ ਉਸ ਸਮੇਂ ਹੀ ਪਿੰਡ ਵਿੱਚੋਂ ਚੁਕਵਾ ਦਿੱਤਾ ਗਿਆ ਸੀ । ਇਸ ਮੌਕੇ ਆਮ ਆਦਮੀ ਪਾਰਟੀ ਆਗੂ ਤੇਜਵੀਰ ਸਿੰਘ ਵੱਲੋਂ ਵੀ ਇਸ ਮੁਹਿੰਮ ਵਿੱਚ ਪੰਜਾਬ ਸਰਕਾਰ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਪਿੰਡ ਦੀ ਪੰਚਾਇਤ ਨਾਲ ਪਿੰਡ ਵਾਸੀ ਤੇ ਮੋਹਤਬਰ ਵਿਆਕਤੀ ਹਾਜ਼ਰ ਸਨ। ਪੰਚਾਇਤ ਨਾਲ ਪਿੰਡ ਵਾਸੀਆਂ ਵੱਲੋਂ ਆਏ ਪੁਲਿਸ ਅਧਿਕਾਰੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਯੁੱਧ ਨਸ਼ਿਆਂ ਵਿਰੁੱਧ"ਚਲਾਈ ਗਈ ਮੁਹਿੰਮ ਦੌਰਾਨ ਪੰਜਾਬ ਸਰਕਾਰ ਦਾ ਬਣਦਾ ਸਹਿਯੋਗ ਦਿੱਤਾ ਜਾਵੇਗਾ।

# ਕੰਟੋਨਮੈਂਟ ਸਟੇਡੀਅਮ ਵਿਖੇ ਮਨਾਇਆ ਜਾਵੇਗਾ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ

ਫਿਰੋਜ਼ਪੁਰ, 19 ਜੂਨ :(ਤਿਵਾੜੀ) : ਡਿਪਟੀ ਕਮਿਸ਼ਨਰ ਦੀਪਸ਼ਿਖ਼ਾ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 21 ਜੂਨ 2025 (ਸ਼ਨੀਵਾਰ) ਨੂੰ ਸੀ.ਐਮ. ਦੀ ਯੋਗਸ਼ਾਲਾ ਤਹਿਤ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਕੰਟੋਨਮੈਂਟ ਸਟੇਡੀਅਮ ਫ਼ਿਰੋਜ਼ਪੁਰ ਛਾਉਣੀ ਵਿਖੇ ਸਵੇਰੇ 06:00 ਵਜੇ ਤੋਂ ਸਵੇਰੇ 07:00 ਵਜੇ ਤੱਕ ਜ਼ਿਲ੍ਹਾ ਪੱਧਰ 'ਤੇ ਮਨਾਇਆ ਜਾਵੇਗਾ, ਜਿਸ ਦਾ ਥੀਮ ਯੋਗ ਫਾਰ ਵਨ ਅਰਥ, ਵਨ ਹੈਲਥ ਹੋਵੇਗਾ। ਇਸੇ ਤਰ੍ਹਾਂ ਹੀ ਤਹਿਸੀਲ ਅਤੇ ਬਲਾਕ ਪੱਧਰ 'ਤੇ ਵੀ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਵੇਗਾ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਸਿਹਤਮੰਦ ਜੀਵਨਸ਼ੈਲੀ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਯੋਗ ਦੇ ਫਾਇਦਿਆਂ ਬਾਰੇ ਜਾਣੂ ਕਰਵਾਇਆ ਜਾ ਸਕੇ।ਤਾਂ ਜੋ ਉਨ੍ਹਾਂ ਨੂੰ ਸਿਹਤਮੰਦ ਜੀਵਨਸ਼ੈਲੀ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਯੋਗ ਦੇ ਫਾਇਦਿਆਂ ਬਾਰੇ ਜਾਣੂ ਕਰਵਾਇਆ ਜਾ ਸਕੇ।

# ਨਸ਼ੀਲੇ ਪਦਾਰਥਾਂ ਸਮੇਤ 7 ਗ੍ਰਿਫ਼ਤਾਰ

ਬਠਿੰਡਾ, 19 ਜੂਨ (ਦੀਪਕ ਸ਼ਰਮਾ):ਜ਼ਿਲ੍ਹਾ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ ਨਸ਼ੀਲੇ ਪਦਾਰਥਾਂ ਸਮੇਤ 7 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸੀ.ਆਈ.ਏ.-2 ਪੁਲਿਸ ਨੇ ਮੁਲਜ਼ਮ ਕਰਨੈਲ ਸਿੰਘ ਵਾਸੀ ਬੀੜ ਤਲਾਬ ਬਸਤੀ, ਬਠਿੰਡਾ ਨੂੰ 10 ਗ੍ਰਾਮ ਹੈਰੋਇਨ ਅਤੇ 15 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਕਾਬੂ ਕੀਤਾ ਹੈ। ਇਸੇ ਤਰ੍ਹਾਂ ਮੁਲਜ਼ਮ ਰਾਜੂ ਸਿੰਘ ਵਾਸੀ ਬੀੜ ਤਲਾਬ ਬਸਤੀ ਨੂੰ 100 ਗੋਲੀਆਂ ਟਰਾਮਾਡੋਲ ਸਮੇਤ ਫੜ੍ਹਿਆ ਗਿਆ ਹੈ। ਥਾਣਾ ਦਿਆਲਪੁਰਾ ਪੁਲਿਸ ਨੇ ਮੁਲਜ਼ਮ ਸੰਦੀਪ ਸਿੰਘ ਵਾਸੀ ਪਿੰਡ ਸਿਰੀਏਵਾਲਾ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਥਾਣਾ ਬਾਲਿਆਂਵਾਲੀ ਪੁਲਿਸ ਨੇ ਮੁਲਜ਼ਮ ਮੈਂਗਲਜੀਤ ਸਿੰਘ ਵਾਸੀ ਪਿੰਡ ਖੋਖਰ ਨੂੰ 45.53 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਥਾਣਾ ਤਲਵੰਡੀ ਸਾਬੋ ਪੁਲਿਸ ਨੇ ਮੁਲਜ਼ਮ ਭੋਲਾ ਸਿੰਘ ਵਾਸੀ ਪਿੰਡ ਤਿਉਣਾ ਪੁਜਾਰੀਆਂ ਨੂੰ 30 ਕੈਪਸੂਲ ਪ੍ਰੈਗਾਬਲਿਨ ਸਮੇਤ ਗ੍ਰਿਫ਼ਤਾਰ ਕੀਤਾ। ਉੱਥੇ ਹੀ, ਥਾਣਾ ਰਾਮਾਂ ਪੁਲਿਸ ਨੇ ਮੁਲਜ਼ਮ ਅਮਰਜੋਤ ਸਿੰਘ ਵਾਸੀ ਪਿੰਡ ਬੰਗੀ ਦੀਪਾ ਸਿੰਘ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਇਸ ਤੋਂ ਇਲਾਵਾ ਥਾਣਾ ਰਾਮਾਂ ਪੁਲਿਸ ਨੇ ਪਿੰਡ ਬਾਘਾ ਤੋਂ ਮੁਲਜ਼ਮ ਹਰਮੇਲ ਸਿੰਘ ਵਾਸੀ ਪਿੰਡ ਸੇਖੂ ਨੂੰ 60 ਗੋਲ਼ੀਆਂ ਕਲੋਵੀਡੋਲ ਸਮੇਤ ਗ੍ਰਿਫ਼ਤਾਰ ਕੀਤਾ।

# ਖਾਦਾਂ ਦੀ ਸੁਚੱਜੀ ਵਰਤੋਂ ਲਈ ਮਿੱਟੀ ਦੀ ਟੈਸਟਿੰਗ ਜ਼ਰੂਰੀ: ਮੁੱਖ ਖੇਤੀਬਾੜੀ ਅਫ਼ਸਰ



ਸ੍ਰੀ ਮੁਕਤਸਰ ਸਾਹਿਬ, 19 ਜੂਨ (ਐਚ ਐਸ ਕਪੂਰ);ਖਾਦਾਂ ਦੀ ਸੁਚੱਜੀ ਵਰਤੋਂ ਲਈ ਸਾਉਣੀ 2025 ਸੀਜ਼ਨ ਦੌਰਾਨ ਚਲਾਈ ਜਾ ਰਹੀ ਮਿੱਟੀ ਪਰਖ਼ ਮੁਹਿੰਮ ਤਹਿਤ ਡਾ: ਕਰਨਜੀਤ ਸਿੰਘ ਗਿੱਲ ਮੁੱਖ ਖੇਤੀਬਾੜੀ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਦੇ ਪਿੰਡ ਕਾਉਣੀ ਅਤੇ ਭੁੱਲਰ ਵਿਖੇ ਮਿੱਟੀ ਦੇ ਸੈਂਪਲ ਇਕੱਤਰ ਕਰਵਾਏ ਗਏ।ਇਸ ਮੌਕੇ ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾਦਾਂ ਦੀ ਸੁਚੱਜੀ ਵਰਤੋਂ ਲਈ ਮਿੱਟੀ ਦੀ ਪਰਖ਼ ਬਹੁਤ ਜ਼ਰੂਰੀ ਹੈ। ਖਾਦਾਂ ਦੀ ਦੁਰਵਰਤੋਂ ਨਾਲ ਨਾ ਕੇਵਲ ਭੂਮੀ ਅਤੇ ਫ਼ਸਲਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਸਗੋਂ ਵਾਤਾਵਰਨ ਅਤੇ ਪਾਣੀ ਵੀ ਦੂਸ਼ਿਤ ਹੁੰਦਾ ਹੈ। ਮਿੱਟੀ ਪਰਖ਼ ਤੋਂ ਜ਼ਮੀਨ ਦੀ ਉਪਜਾਊ ਸ਼ਕਤੀ, ਖਾਰੀ ਅੰਗ, ਜੈਵਿਕ ਕਾਰਬਨ ਅਤੇ ਜ਼ਰੂਰੀ ਤੱਤਾਂ ਦੀ ਉਪਲੱਬਧਤਾ ਦਾ ਪਤਾ ਲਗਦਾ ਹੈ, ਜਿਸ ਅਨੁਸਾਰ ਖਾਦਾਂ ਦੀ ਲੋੜ ਅਨੁਸਾਰ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਨੂੰ ਸਾਲ ਦੌਰਾਨ 14000 ਮਿੱਟੀ ਦੇ ਸੈਂਪਲ ਇਕੱਤਰ ਕਰਨ ਦਾ ਟੀਚਾ ਪ੍ਰਾਪਤ ਹੋਇਆ ਹੈ ਅਤੇ ਇਸ ਸੀਜ਼ਨ ਦੌਰਾਨ ਖੇਤੀਬਾੜੀ ਵਿਭਾਗ ਵੱਲੋਂ 6500 ਸੈਂਪਲ ਇਕੱਤਰ ਕਰਨ ਉਪਰੰਤ ਮਿੱਟੀ ਪਰਖ਼ ਪ੍ਰਯੋਗਸ਼ਾਲਾ ਵਿੱਚ ਸੈਂਪਲ ਟੈਸਟ ਕਰਨ ਲਈ ਭੇਜੇ ਜਾਣਗੇ, ਜਿਸ ਉਪਰੰਤ ਕਿਸਾਨਾਂ ਨੂੰ ਸੁਆਇਲ ਹੈਲਥ ਕਾਰਡ ਜਾਰੀ ਕੀਤੇ ਜਾਣਗੇ। ਇਸ ਕਾਰਡ ਦੇ ਅਨੁਸਾਰ ਕਿਸਾਨ ਵੱਲੋਂ ਆਪਣੇ ਖੇਤਾਂ ਵਿੱਚ ਖੁਰਾਕੀ ਤੱਤਾਂ ਦੀ ਪੂਰਤੀ ਲਈ ਲੋੜ ਅਨੁਸਾਰ ਖਾਦ ਦੀ ਵਰਤੋਂ ਕੀਤੀ ਜਾਵੇਗੀ। ਇਸ ਨਾਲ ਕਿਸਾਨਾਂ ਦੇ ਖੇਤੀ ਖਰਚੇ ਘਟਣਗੇ ਅਤੇ ਆਮਦਨ ਵਿੱਚ ਵਾਧਾ ਹੋਵੇਗਾ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਕਿਸਾਨ ਵੀਰ ਆਪਣੇ ਖੇਤ ਦੀ ਮਿੱਟੀ ਟੈਸਟ ਕਰਵਾਉਣਾ ਚਾਹੁੰਦੇ ਹਨ, ਤਾਂ ਉਹ ਆਪਣੇ ਖੇਤ ਵਿੱਚ ਮਿੱਟੀ ਦਾ ਸੈਂਪਲ ਇਕੱਤਰ ਕਰਨ ਲਈ ਜ਼ਮੀਨ ਦੀ ਉਪਰਲੀ ਤਹਿ ਤੋਂ ਘਾਹ ਫੂਸ ਪਾਸੇ ਕਰਕੇ ਕਹੀ ਜਾਂ ਖੁਰਪੇ ਨਾਲ ਅੰਗਰੇਜ਼ੀ ਦੇ ਅੱਖਰ 'ਵੀ'(V) ਦੀ ਸ਼ਕਲ ਦਾ 6 ਇੰਚ ਡੂੰਘਾ ਟੋਇਆ ਪੁੱਟੋ, ਇਸ ਦੇ ਸਿੱਧੇ ਪਾਸਿਉਂ ਇੱਕ ਇੰਚ ਮਿੱਟੀ ਦੀ ਤਹਿ ਉਪਰੋਂ-ਥੱਲੇ ਇਕਸਾਰ ਕੱਟੋ, ਇਸ ਤਰ੍ਹਾਂ ਦੇ 7 ਤੋਂ 8 ਹੋਰ ਥਾਵਾਂ ਤੋਂ ਮਿੱਟੀ ਦੇ ਨਮੂਨੇ ਲਵੋ। ਸਾਰੇ ਨਮੂਨੇ ਕੱਪੜੇ 'ਤੇ ਪਾ ਕੇ ਚੰਗੀ ਤਰ੍ਹਾਂ ਮਿਲਾ ਲਵੋ ਅਤੇ ਇਸ ਵਿੱਚੋਂ ਅੱਧਾ ਕਿੱਲੋਂ ਮਿੱਟੀ ਲੈ ਕੇ ਕੱਪੜੇ ਦੀ ਥੈਲੀ ਵਿੱਚ ਪਾ ਲਵੋ। ਥੈਲੀ ਉਪਰ ਖੇਤ ਨੰਬਰ, ਕਿਸਾਨ ਦਾ ਨਾਂ ਪਤਾ ਅਤੇ ਮਿਤੀ ਆਦਿ ਜ਼ਰੂਰ ਲਿਖ ਲਵੋ। ਮਿੱਟੀ ਦਾ ਸੈਂਪਲ ਇਕੱਤਰ ਕਰਨ ਉਪਰੰਤ ਸਬੰਧਤ ਕਿਸਾਨ ਵੀਰ ਜ਼ਿਲ੍ਹੇ ਅੰਦਰ ਸਥਿਤ ਭੌਂ ਪਰਖ਼ ਪ੍ਰਯੋਗਸ਼ਾਲਾ ਸ੍ਰੀ ਮੁਕਤਸਰ ਸਾਹਿਬ ਅਤੇ ਗਿੱਦੜਬਾਹਾ ਵਿਖੇ ਆਪਣੇ ਸੈਂਪਲ ਜਮ੍ਹਾਂ ਕਰਵਾ ਸਕਦੇ ਹਨ ਅਤੇ ਰਿਪੋਰਟ ਕਾਰਡ ਹਾਸਿਲ ਕਰ ਸਕਦੇ ਹਨ। ਇਸ ਮੌਕੇ ਬਲਾਕ ਪੱਧਰ 'ਤੇ ਡਾ. ਕਰਨਜੀਤ ਸਿੰਘ ਪੀ.ਡੀ. (ਆਤਮਾ), ਡਾ: ਸੁਖਜਿੰਦਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ, ਡਾ. ਸ਼ਵਿੰਦਰ ਸਿੰਘ, ਖੇਤੀਬਾੜੀ ਵਿਕਾਸ ਅਫਸਰ, ਡਾ. ਹਰਮਨਜੀਤ ਸਿੰਘ, ਖੇਤੀਬਾੜੀ ਵਿਕਾਸ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਖੇਤੀਬਾੜੀ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

# ਦਸ ਸਾਲਾਂ ਤੋਂ ਕਿਸਾਨੀ ਦਾ ਨੁਕਸਾਨ ਕਰ ਰਹੀ ਹੈ ਭਾਜਪਾ : ਦੌਲਤਪੁਰ

ਧੂਰੀ, 19 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਇਹ ਸਰਕਾਰ ਪਿਛਲੇ ਦਸ ਸਾਲਾਂ ਤੋਂ ਕਿਸਾਨੀ ਨੁਕਸਾਨ ਕਰ ਰਹੀ ਹੈ ਅਤੇ ਕਿਸਾਨਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੇ ਨਾ ਸਿਰਫ਼ ਕਿਸਾਨਾਂ ਨਾਲ ਧੋਖਾ ਕੀਤਾ ਹੈ, ਬਲਕਿ ਸੰਵਿਧਾਨਕ ਅਦਾਰਿਆਂ ਦੀ ਅਣਦੇਖੀ ਕਰਦੇ ਹੋਏ ਕਿਸਾਨੀ ਦੇ ਹੱਕਾਂ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਆਖਿਆ ਕਿ 2020-21 ਦੇ ਕਿਸਾਨ ਅੰਦੋਲਨ ਦੌਰਾਨ ਕੇਂਦਰ ਨੇ ਤਿੰਨ ਕਾਲੇ ਕਾਨੂੰਨ ਲਾਗੂ ਕਰਕੇ ਕਿਸਾਨਾਂ ਦੇ ਜੀਵਨ ਤੇ ਖੇਤੀਬਾੜੀ ਨੂੰ ਨਿਜੀ ਕਾਰਪੋਰੇਟ ਹੱਥੀਂ ਵੇਚਣ ਦੀ ਕੋਸ਼ਿਸ਼ ਕੀਤੀ। ਹਜ਼ਾਰਾਂ ਕਿਸਾਨ ਦਿੱਲੀ ਦੀਆਂ ਸੜਕਾਂ 'ਤੇ ਮਹੀਨਿਆਂ ਬੈਠੇ ਰਹੇ, ਪਰ ਕੇਂਦਰ ਨੇ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ। ਹਾਲਾਂਕਿ ਬਾਅਦ ਵਿੱਚ ਇਹ ਕਾਨੂੰਨ ਵਾਪਸ ਲਏ ਗਏ, ਪਰ ਅੱਜ ਤੱਕ ਕਿਸਾਨਾਂ ਦੀਆਂ ਮੁੱਖ ਮੰਗਾਂ ਐਮ.ਐਸ.ਪੀ. ਦੀ ਗਾਰੰਟੀ ਕਾਨੂੰਨ, ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਲਈ ਮੁਆਵਜ਼ਾ, ਅਤੇ ਗ੍ਰਿਫਤਾਰੀਆਂ ਦੀ ਵਾਪਸੀ ਅਜੇ ਵੀ ਅਧੂਰੀਆਂ ਹਨ। ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਅੱਜ ਬੇਹੱਦ ਮੁਸ਼ਕਲ ਹਾਲਾਤਾਂ 'ਚ ਜੀ ਰਹੇ ਹਨ। ਸਰਕਾਰ ਵੱਲੋਂ ਨਾ ਤਾਂ ਖਾਦ ਤੇ ਡੀ.ਏ.ਪੀ. ਉੱਤੇ ਸਬਸਿਡੀ ਦਿੱਤੀ ਜਾ ਰਹੀ ਹੈ, ਨਾ ਹੀ ਪਾਣੀ ਤੇ ਬਿਜਲੀ ਲਈ ਕੋਈ ਢੰਗ ਦੀ ਨੀਤੀ ਬਣਾਈ ਗਈ ਹੈ। ਉਲਟ, ਕਿਸਾਨਾਂ ਉੱਤੇ ਕਰਜ਼ਾ ਵਧ ਰਿਹਾ ਹੈ ਅਤੇ ਆਤਮਹਤਿਆਵਾਂ ਦਾ ਗੰਭੀਰ ਸੰਕਟ ਬਣ ਚੁੱਕਾ ਹੈ। ਇਹ ਸਭ ਕੁਝ ਕੇਵਲ ਕੇਂਦਰ ਦੀ ਮਾੜੀ ਯੋਜਨਾ ਅਤੇ ਨੀਤੀਆਂ ਦਾ ਨਤੀਜਾ ਹੈ ਉਨ੍ਹਾਂ ਕਿਹਾ ਕਿ ਭਾਜਪਾ ਨੇ ਕਿਸਾਨਾਂ ਨੂੰ ਵੋਟ ਬੈਂਕ ਵਜੋਂ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਪਰ ਕਦੇ ਵੀ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਨਹੀਂ ਕੀਤੀ। ਪੰਜਾਬ ਕਾਂਗਰਸ ਕਿਸਾਨ ਵਿੰਗ ਵਲੋਂ ਹਰ ਪੱਧਰ 'ਤੇ ਕਿਸਾਨਾਂ ਦੇ ਹੱਕ ਲਈ ਆਵਾਜ਼ ਚੁੱਕੀ ਜਾਵੇਗੀ।ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਕੇਵਲ ਰਾਜਨੀਤਿਕ ਬਦਲਾਅ ਰਾਹੀਂ ਹੀ ਕਿਸਾਨ ਵਿਰੋਧੀ ਸਰਕਾਰ ਨੂੰ ਹਟਾ ਕੇ ਕਿਸਾਨ ਪੱਖੀ ਸਰਕਾਰ ਬਣਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਿਸਾਨੀ ਦੇ ਮੁੱਦਿਆਂ ਤੇ ਸਾਫ ਨੀਤੀ ਨਾਲ਼ ਕੰਮ ਕਰੇਗੀ



# ਪਟਿਆਲਾ-ਆਸ/ਪਾਸ



## ਓਵਰਲੋਡਿੰਗ ਟਿੱਪਰਾਂ ਦੇ ਮਾਈਨਿੰਗ ਐਕਟ ਦੀਆਂ ਧਾਰਾਵਾਂ ਤਹਿਤ ਦੋ-ਦੋ ਲੱਖ ਰੁਪਏ ਦੇ ਕੱਟੇ ਚਲਾਨ

### ☛ਕਾਨੂੰਨ ਦੀ ਪਾਲਣਾ ਨਾ ਕਰਨ ਵਾਲੇ ਵਾਹਨਾਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ : ਰਿਚਾ ਗੋਇਲ, ਫਤਿਹ ਸਿੰਘ ਬਰਾੜ



ਸਮਾਣਾ, 19 ਜੂਨ (ਵਿਜੇ ਕੁਮਾਰ/ਸੁਖਜਿੰਦਰ) : ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਦੇ ਹੁਕਮਾਂ ਤੇ ਸਮਾਣਾ ਸਬ- ਡਿਵੀਜ਼ਨ ਪੱਧਰ ਤੇ ਬਣਾਈ ਗਈ ਇੱਕ ਕਮੇਟੀ ਵੱਲੋਂ ਐਸ.ਡੀ.ਐਮ ਰੀਚਾ ਗੋਇਲ, ਡੀ.ਐਸ.ਪੀ ਫਤਿਹ ਸਿੰਘ ਬਰਾੜ, ਨਾਇਬ ਤਹਿਸੀਲਦਾਰ ਗੁਰਵੰਸ਼ ਸਿੰਘ, ਬੀ.ਡੀ.ਓ ਗੁਰਮੀਤ ਸਿੰਘ, ਮਾਈਨਿੰਗ ਅਧਿਕਾਰੀ ਹੁਸਨਪ੍ਰੀਤ ਸਿੰਘ, ਜੰਗਲਾਤ ਅਧਿਕਾਰੀ ਜਗਦੀਪ ਸਿੰਘ ਅਤੇ ਟਰੈਫਿਕ ਪੁਲਸ ਵੱਲੋਂ ਕੀਤੇ ਗਏ ਸਾਂਝੇ ਅਪ੍ਰੇਸ਼ਨ ਦੌਰਾਨ ਭਾਰੀ ਵਾਹਨਾਂ ਦੇ ਕਾਗਜ਼ਾਂ ਸਣੇ ਹੋਰ ਜਾਂਚ ਲਈ ਬਾਬਾ ਬੰਦਾ ਸਿੰਘ ਬਹਾਦਰ ਚੌਕ 'ਚ ਇੱਕ ਨਾਕਾਬੰਦੀ ਕਰਕੇ ਸੜਕਾਂ 'ਤੇ ਚੱਲ ਰਹੇ ਵਾਹਨਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚ ਮਾਈਨਿੰਗ ਵਿਭਾਗ ਦੇ ਹੁਕਮਾਂ ਬਿਨਾਂ ਚੱਲ ਰਹੇ ਦੋ ਓਵਰਲੋਡਿੰਗ ਟਿੱਪਰਾਂ ਦਾ ਮਾਈਨਿੰਗ ਐਕਟ ਦੀਆਂ ਧਾਰਾਵਾਂ ਤਹਿਤ ਦੋ-ਦੋ ਲੱਖ ਰੁਪਏ ਦਾ ਚਲਾਨ ਕੱਟਿਆ ਗਿਆ। ਇਸ ਤੋਂ ਇਲਾਵਾ ਕਾਗਜ਼ ਨਾ ਹੋਣ ਕਾਰਨ ਇੱਕ ਵਾਹਨ ਬਾਊਂਡ ਕੀਤਾ ਗਿਆ, ਜਦੋਂ ਕਿ ਅਧੂਰੇ ਕਾਗਜ਼ਾਂ ਵਾਲੇ 11 ਭਾਰੀ ਵਾਹਨਾਂ ਦੇ ਵੀ ਚਲਾਨ ਕੱਟੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਡੀ.ਐਮ ਰੀਚਾ ਗੋਇਲ ਅਤੇ ਡੀ.ਐਸ.ਪੀ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਇਹ ਜਾਂਚ ਕਾਰਵਾਈ ਲਗਾਤਾਰ ਜਾਰੀ ਰਹੇਗੀ, ਅਤੇ ਬਿਨਾਂ ਕਾਗਜ਼ਾਂ, ਓਵਰਲੋਡਿੰਗ ਵਾਹਨਾਂ ਅਤੇ ਮੋਟਰ ਵਹੀਕਲ ਐਕਟ ਅਤੇ ਮਾਈਨਿੰਗ ਕਾਨੂੰਨਾਂ ਦੀ ਪਾਲਣਾ ਨਾ ਕਰਨ ਵਾਲੇ ਵਾਹਨਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ, ਅਤੇ ਉਹਨਾਂ ਨੂੰ ਸੜਕਾਂ 'ਤੇ ਚੱਲਣ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਸਿਟੀ ਥਾਣਾ ਮੁਖੀ ਜਸਪ੍ਰੀਤ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਸਰਬੱਤ ਦੇ ਭਲੇ ਲਈ ਚੌਕੀ ਅਫ਼ਸਰ ਕਲੋਨੀ ਦੇ ਮੁਲਾਜ਼ਮਾਂ ਨੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ

### ਠੰਡੇ-ਮਿੱਠੇ ਜਲ ਦੀ ਛਬੀਲ ਤੇ ਖੀਰ ਦਾ ਲੰਗਰ ਵਰਤਾਇਆ



ਪਟਿਆਲਾ, 19 ਜੂਨ (ਚ.ਨ.ਸ.) : ਪੁਲਿਸ ਚੌਕੀ ਅਫਸਰ ਕਲੋਨੀ ਦੇ ਸਮੂਹ ਸਟਾਫ਼ ਵੱਲੋਂ ਸੁੱਖ-ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਚੌਕੀ ਦੇ ਸਮੂਹ ਮੁਲਾਜ਼ਮਾਂ ਨੇ ਗੁਰੂ ਮਹਾਰਾਜ ਜੀ ਦਾ ਸਰੂਪ ਸ਼ਰਧਾ ਤੇ ਸਤਿਕਾਰ ਤੇ ਮਾਣ-ਸਨਮਾਨ ਨਾਲ ਫੁੱਲਾਂ ਦੀ ਵਰਖਾ ਕਰਕੇ ਲਿਆਂਦਾ। ਇਸ ਉਪਰੰਤ ਸਮੂਹ ਚੌਕੀ ਮੁਲਾਜ਼ਮਾਂ ਵੱਲੋਂ ਠੰਡੇ-ਮਿੱਠੇ ਜਲ ਦੀ ਛਬੀਲ ਅਤੇ ਖੀਰ ਦਾ ਲੰਗਰ ਲਗਾਇਆ ਗਿਆ, ਜੋ ਆਉਂਦੇ ਜਾਂਦੇ ਰਾਹਗੀਰਾਂ ਨੇ ਛਕਿਆ ਤੇ ਅਨੰਦ ਮਾਣਿਆ। ਇਸ ਲੰਗਰ ਵਿਚ ਚੌਕੀ ਦੇ ਸਮੂਹ ਮੁਲਾਜ਼ਮਾਂ ਨੇ ਸੇਵਾ ਕੀਤੀ।

## ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਨੂੰ ਕਾਲੇ ਦਿਨ ਵਜੋਂ ਮਨਾਉਣਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦਾ ਫ਼ੈਸਲਾ ਸ਼ਲਾਘਾਯੋਗ : ਜਥੇਦਾਰ ਦਾਦੂਵਾਲ



ਪਟਿਆਲਾ, 19 ਜੂਨ (ਅਮਰਜੀਤ ਸਿੰਘ) : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਸੂਬੇ ਵਿਚਲੇ 50 ਦੇ ਕਰੀਬ ਇਤਿਹਾਸਕ ਗੁਰਦੁਆਰਿਆਂ 3 ਸਕੂਲਾਂ ਅਤੇ 2 ਕਾਲਜਾਂ ਦਾ ਪ੍ਰਬੰਧ ਸੰਭਾਲ ਰਹੀ ਹੈ ਜਿਨ੍ਹਾਂ ਦੇ ਪ੍ਰਬੰਧ ਲਈ ਸਮੁੱਚੀ ਕਾਰਜ਼ਕਰਨੀ ਅਤੇ ਜਨਰਲ ਹਾਊਸ ਦੇ ਮੈਂਬਰਾਂ ਦਾ ਲਗਾਤਾਰ ਵਿਚਾਰ ਵਟਾਂਦਰਾ ਜਾਰੀ ਹੈ ਗੁਰੂ ਸਾਹਿਬਾਨਾਂ ਦੇ ਗੁਰਪੁਰਬਾਂ ਸ਼ਹੀਦੀ ਦਿਹਾੜਿਆਂ ਤੋਂ ਇਲਾਵਾ ਸਿੱਖ ਧਰਮ ਨਾਲ ਸੰਬੰਧਿਤ ਇਤਿਹਾਸਿਕ ਦਿਨਾਂ ਨੂੰ ਮਨਾਉਣ ਦਾ ਸ. ਜਗਦੀਸ਼ ਸਿੰਘ ਝੀਂਡਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫੈਸਲਾ ਸਲਾਘਾਯੋਗ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਡੀਆ ਇੰਚਾਰਜ ਭਾਈ ਜਗਮੀਤ ਸਿੰਘ ਬਰਾੜ ਨੇ ਮੀਡੀਆ ਨੂੰ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ ਉਨ੍ਹਾਂ ਦੱਸਿਆ ਕੇ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਹੈ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਸਾਹਿਬਾਨਾਂ ਦੇ ਗੁਰਪੁਰਬ ਗੁਰਤਾਗੱਦੀ ਸ਼ਹੀਦੀ ਦਿਹਾੜਿਆਂ ਤੋਂ ਇਲਾਵਾ ਸਿੱਖ ਧਰਮ ਨਾਲ ਸਬੰਧਤ ਇਤਿਹਾਸਿਕ ਦਿਨਾਂ ਨੂੰ ਆਪਣਾ ਫਰਜ਼ ਸਮਝਦੇ ਹੋਏ ਸ਼ਰਧਾ ਭਾਵਨਾ ਚੜ੍ਹਦੀਕਲਾ ਨਾਲ ਮਨਾਉਣਾ ਆਪਣਾ ਫਰਜ਼ ਸਮਝਦੀ ਹੈ। ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕਿ ਹਰਿਆਣਾ ਕਮੇਟੀ ਵੱਲੋਂ 6 ਜੂਨ ਦਾ ਘੱਲੂਘਾਰਾ ਦਿਵਸ ਪਿਛਲੇ ਸਾਲ ਗੁਰਦੁਆਰਾ ਨਾਢਾ ਮਨਾਇਆ ਗਿਆ ਸੀ ਅਤੇ ਇਸ ਵਾਰ ਕੁਰੂਕਸ਼ੇਤਰ ਦੀ ਧਰਤੀ ਤੇ ਮਨਾਇਆ ਗਿਆ ਹੈ ਸਿੱਖ ਸੰਗਤਾਂ ਨੂੰ ਘੱਲੂਘਾਰੇ ਬਾਰੇ ਜਾਗਰੂਕ ਕੀਤਾ ਗਿਆ। ਆਉਣ ਵਾਲੇ ਦਿਨਾਂ ਵਿੱਚ 29 ਤਰੀਕ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਸਮਾਗਮ ਵੀ ਕਿਲਾ ਲੋਹਗੜ੍ਹ ਯਮੁਨਾਨਗਰ ਵਿਖੇ ਚੜ੍ਹਦੀਕਲਾ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਵਸ ਵੀ ਹਰਿਆਣਾ ਕਮੇਟੀ ਵਲੋਂ ਸ਼ਰਧਾ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ । ਜਥੇਦਾਰ ਦਾਦੂਵਾਲ ਨੇ ਕਿਹਾ ਕੇ ਪ੍ਰਧਾਨ ਝੀਂਡਾ ਵੱਲੋਂ ਭਾਰਤ ਦੇਸ਼ ਅੰਦਰ ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਵਿਰੁੱਧ 26 ਜੂਨ ਨੂੰ ਕਾਲਾ ਦਿਵਸ ਵੱਲੋਂ ਵਜੋਂ ਮਨਾਉਣ ਦਾ ਫੈਸਲਾ ਵੀ ਸ਼ਲਾਘਾਯੋਗ ਹੈ। 26 ਜੂਨ ਨੂੰ ਹਰਿਆਣਾ ਕਮੇਟੀ ਪ੍ਰਧਾਨ ਸਰਦਾਰ ਝੀਂਡਾ ਦੇ ਸੱਦੇ 'ਤੇ ਹਰਿਆਣਾ ਕਮੇਟੀ ਦੇ ਸਮੂੰਹ ਅਹੁਦੇਦਾਰ ਮੈਂਬਰ ਸਾਹਿਬਾਨਾਂ ਅਤੇ ਸਿੱਖ ਸੰਗਤਾਂ ਨੂੰ ਵਹੀਰਾਂ ਘੱਤ ਕੇ ਗੁਰਦੁਆਰਾ ਸਾਹਿਬ ਪਾਤਸ਼ਾਹ ਛੇਵੀਂ ਕੁਰੂਕਸ਼ੇਤਰ ਵਿਖੇ ਪੁੱਜਣ ਦਾ ਜਥੇਦਾਰ ਦਾਦੂਵਾਲ ਜੀ ਨੇ ਵੀ ਸੱਦਾ ਦਿੱਤਾ।

## ਅੰਤਰਰਾਸ਼ਟਰੀ ਪੈੜਾਂ ਛੱਡਦਾ ਮਲੇਸ਼ੀਆ ਸੰਮੇਲਨ ਸਫਲਤਾਪੂਰਵਕ ਸੰਪੰਨ



ਦੇਵੀਗੜ੍ਹ, 19 ਜੂਨ (ਗੁਰਜੀਤ ਸਿੰਘ ਚੌਟ) : ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਪ ਵੱਲੋਂ ਅੰਤਰ ਰਾਸ਼ਟਰੀ ਸਿੱਖਿਆ ਸੰਮੇਲਨਾਂ ਦੀ ਲੜੀ ਵਜੋਂ ਤੀਜਾ ਸੰਮੇਲਨ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ। ਜਾਣਕਾਰੀ ਦਿੰਦੇ ਹੋਏ ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਸ. ਭੁਪਿੰਦਰ ਸਿੰਘ ਨੇ ਦੱਸਿਆ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ 2023 ਵਿੱਚ ਇਹ ਸਿੱਖਿਆ ਸੰਮੇਲਨ ਡੁਬਈ ਵਿਖੇ ਅਤੇ 2024 ਵਿੱਚ ਇਹ ਸੰਮੇਲਨ ਵੀਅਤਨਾਮ ਦੇ ਸ਼ਹਿਰ ਹਨੋਈ ਵਿਖੇ ਹੋਇਆ। ਉਹਨਾਂ ਦੱਸਿਆ ਕਿ ਇਸ ਵਾਰ ਭਾਰਤ ਅਤੇ ਬਾਹਰਲੇ ਦੇਸ਼ਾਂ ਤੋਂ ਆਏ 75 ਡੈਲੀਗੇਟਾਂ ਨੇ ਕੁਆਲਾਲੰਪੁਰ ਵਿਖੇ ਹੋਏ ਇਸ ਸੰਮੇਲਨ ਵਿੱਚ ਭਾਗ ਲਿਆ। ਇਸ ਸੰਮੇਲਨ ਦੇ ਸ਼ੁਰੂਆਤ ਵਿੱਚ ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਡਾਲੀ ਸਿੰਘ ਨੇ ਸਭ ਨੂੰ ਜੀ–ਆਇਆਂ ਨੂੰ ਕਿਹਾ ਅਤੇ ਕਾਨਫਰੰਸ ਦੇ ਵਿਸ਼ੇ ਉੱਪਰ ਚਾਨਣਾ ਪਾਇਆ। ਡਾ. ਜਗਜੀਤ ਸਿੰਘ ਧੂਰੀ ਇਸ ਸੰਮੇਲਨ ਦੇ ਮੁੱਖ ਬੁਲਾਰੇ ਸਨ ਜਿਹਨਾਂ ਨੇ ਸੰਮੇਲਨ ਦੇ ਵਿਸ਼ੇ ਐਜੂਪਰਿਨਿਓਰਲ ਈਕੋਸਿਸਟਮ–ਫਿਊਚਰ ਪਰੂਫਿੰਗ ਦ ਐਜੂਕੇਸ਼ਨ ਦੇ ਸਬੰਧ ਵਿੱਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਵਿਦਿਆਰਥੀਆਂ ਦੇ ਨਾਲ ਨਾਲ ਸਿੱਖਿਆ ਸੰਸਥਾਵਾਂ ਅਤੇ ਮਾਪਿਆਂ ਨੂੰ ਵੀ ਸਮੇਂ ਦਾ ਹਾਣੀ ਹੋਣਾ ਪਵੇਗਾ। ਇਸ ਮੌਕੇ ਡਾ. ਐਚ.ਐਸ. ਧਾਲੀਵਾਲ ਨੇ ਸਕਿੱਲ ਐਜੂਕੇਸ਼ਨ ਉੱਪਰ ਜ਼ੋਰ ਦਿੱਤਾ। ਬੁਲਾਰਿਆਂ ਵਿੱਚ ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਡਾਲੀ ਸਿੰਘ, ਅਨਿਲ ਮਿੱਤਲ, ਬਲਦੇਵ ਬਾਵਾ, ਸੰਜੇ ਗੁਪਤਾ, ਸੁਖਦੇਵ ਸਿੰਘ ਜੱਜ, ਤਰਸੇਮ ਜੋਸ਼ੀ, ਸੰਦੀਪ ਬਾਂਸਲ, ਸਤਨਾਮ ਸਿੰਘ ਬੁੱਟਰ, ਸ਼ਿਵ ਕੁਮਾਰ ਜਿੰਦਲ, ਗੁਰਮੀਤ ਕੌਰ ਨੇ ਆਪਣੇ– ਆਪਣੇ ਸੁਝਾਅ ਦਿੱਤੇ। ਇਹਨਾਂ ਬੁਲਾਰਿਆਂ ਤੋਂ ਬਿਨਾਂ ਡੈਲੀਗੇਟ ਦੇ ਤੌਰ 'ਤੇ ਪਹੁੰਚੇ ਜਤਿੰਦਰ ਸਿੰਘ– ਆਸਟਰੇਲੀਆ, ਸ਼ੀਰੂ ਬੇਦੀ, ਸਰਗਮ ਥਿੰਦ, ਦਿਵਿਆ ਜੁਲਕਾ, ਪ੍ਰਗਟ ਸਿੰਘ, ਸ਼ੁਭਕਰਮਨ ਸਿੰਘ, ਵਿਸ਼ਾਲੀ ਗੁਪਤਾ, ਕ੍ਰਿਸ਼ਾ ਮਿੱਤਲ ਅਤੇ ਵਰਿੰਦਾ ਮਿੱਤਲ ਨੇ ਇਸ ਸੰਮੇਲਨ ਨੂੰ ਕਾਮਯਾਬ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਓਪਨ ਮਾਇਕ ਡਿਸਕਸ਼ਨ ਦੌਰਾਨ ਗੁਰਵਿੰਦਰ ਕੌਰ, ਨੀਰੂ ਮਹਿਤਾ, ਮਨੋਰਮਾ ਸਮਾਗ, ਯਸ਼ਪਾਲ ਆਹੂਜਾ, ਤੇਜਿੰਦਰ ਗੁਪਤਾ ਨੇ ਵਧੀਆ ਸੁਝਾਅ ਦੇ ਕੇ ਇਸ ਸੰਮੇਲਨ ਦੇ ਵਿਸ਼ੇ ਨੂੰ ਅਰਥ ਭਰਪੂਰ ਬਣਾਇਆ। ਸਮੂਹ ਡੈਲੀਗੇਟਾਂ ਨੇ ਇਸ ਸੰਮੇਲਨ ਨੂੰ ਸਫਲ ਕਰਾਰ ਦਿੰਦੇ ਹੋਏ ਸੰਤੁਸ਼ਟੀ ਪ੍ਰਗਟਾਈ ਅਤੇ ਕਿਹਾ ਕਿ ਇਸ ਸੰਮੇਲਨ ਵਿੱਚੋਂ ਨਿਕਲੇ ਸੁਝਾਵਾਂ ਨੂੰ ਸੰਸਥਾਵਾਂ ਤੱਕ ਪਹੁੰਚਾਇਆ ਜਾਵੇਗਾ। ਅੰਤ ਵਿੱਚ ਏ.ਪੀ.ਐਫ. ਦੇ ਡਾਇਰੈਕਟਰ ਸੰਦੀਪ ਮਹਿਤਾ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸਫਲ ਪ੍ਰਬੰਧਾਂ ਲਈ ਸਾਰੇ ਅੰਤਰ ਰਾਸ਼ਟਰੀ ਸੰਮੇਲਨ ਕਮੇਟੀ ਦੇ ਡਾਇਰੈਕਟਰਾਂ ਦੀ ਪ੍ਰਸ਼ੰਸਾ ਕੀਤੀ ਅਤੇ ਚੌਥੇ ਅੰਤਰ ਰਾਸ਼ਟਰ ਸੰਮੇਲਨ ਲਈ ਕੈਨੇਡਾ ਦੀ ਧਰਤੀ ਨੂੰ ਚੁਣਿਆ ਗਿਆ।

## ਰੁੱਖਾਂ ਦੀ ਕਟਾਈ ਕਾਰਨ ਮਨੁੱਖ ਨੂੰ ਕਰਨਾ ਪੈ ਰਿਹੈ ਕੁਦਰਤੀ ਆਫ਼ਤਾਂ ਦਾ ਸਾਹਮਣਾ : ਪਰਮਿੰਦਰ ਭਲਵਾਨ



ਪਟਿਆਲਾ, 19 ਜੂਨ (ਚ.ਨ.ਸ.) : ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਰਾਜਪੁਰਾ ਰੋਡ ਪਾਰਕ ਵਿਖੇ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਵੱਖ ਵੱਖ ਥਾਵਾਂ ਉਪਰ 50 ਛਾਂਦਾਰ ਬੂਟੇ ਲਗਾਏ ਗਏ, ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਉਪਕਾਰ ਸਿੰਘ ਨੇ ਕੀਤੀ, ਵਿਸ਼ੇਸ਼ ਤੌਰ 'ਤੇ ਚਰਨਪਾਲ ਸਿੰਘ, ਰਾਜੇਸ ਧੀਮਾਨ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਹਰ ਸਾਲ ਅਨੇਕਾਂ ਸਰਕਾਰੀ ਵਿਭਾਗ, ਸਮਾਜ ਸੇਵੀ ਸੰਸਥਾਵਾਂ ਲੱਖਾਂ ਦੀ ਗਿਣਤੀ ਵਿੱਚ ਰੁੱਖ ਲਗਾਉਂਦੀਆਂ ਹਨ, ਜੋ ਕਿ ਬਹੁਤ ਹੀ ਵਧੀਆ ਉਪਰਾਲਾ ਹੈ ਵਾਤਾਵਰਨ ਨੂੰ ਬਚਾਉਣ ਲਈ, ਪ੍ਰੰਤੂ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ, ਉਹਨਾਂ ਕਿਹਾ ਕਿ ਹਰ ਮਨੁੱਖ ਨੂੰ ਜ਼ਿੰਦਗੀ ਵਿਚ ਪੰਜ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ, ਉਹਨਾਂ ਕਿਹਾ ਕਿ ਅੱਜ ਹਰ ਦਿਨ ਵੱਧਦੇ ਤਾਪਮਾਨ ਲਈ ਇਨਸਾਨ ਖੁਦ ਜ਼ਿੰਮੇਵਾਰ ਹੈ ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਰੁੱਖਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਨਵੇਂ ਬੂਟੇ ਨਹੀਂ ਲਗਾਏ ਜਿਸ ਕਾਰਨ ਗੋਲਬਲ ਵਾਰਮਿੰਗ ਕਾਰਨ ਮਨੁੱਖ ਨੂੰ ਕੀਤੇ ਅੱਜ ਹੜ੍ਹਾਂ,ਸੋਕਾ,ਕੀਤੇ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ , ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਜ਼ਰੂਰੀ ਹੈ, ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਘਰ ਵਿਚ ਘੱਟ ਤੋਂ ਘੱਟ ਇੱਕ ਬੂਟਾ ਲਗਾਕੇ ਉਸ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇ ਸਕਾਂਗੇ। ਇਸ ਮੌਕੇ ਰਾਜਪੁਰਾ ਰੋਡ ਪਾਰਕ ਪਟਿਆਲਾ ਵਿਖੇ 50 ਤੋਂ ਉਪਰ, ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਗਏ।

## ਪੰਜਾਬੀ ਅਤੇ ਹਿੰਦੀ ਦੇ ਪ੍ਰਸਾਰ ਲਈ ਅਨਿਲ ਕੁਮਾਰ ਭਾਰਤੀ ਦੀ ਕਿਤਾਬ ਨੇਪਾਲ 'ਚ ਰਿਲੀਜ਼

### ☛ਭਾਰਤੀ ਦੀ ਤਿੰਨ-ਭਾਸ਼ਾਈ ਤੁਲਨਾਤਮਕ ਗਿਆਨ ਵਿਕਾਸ ਪੱਧਤੀ ਦੀ ਨੇਪਾਲ 'ਚ ਸ਼ਲਾਘਾ



ਪਟਿਆਲਾ, 19 ਜੂਨ (ਚ.ਨ.ਸ.) : ਵਿਦੇਸ਼ਾਂ ਵਿੱਚ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਮੁਹਿੰਮ ਚਲਾ ਰਹੇ ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਦੀ ਮੁਹਿੰਮ ਨੂੰ ਉਦੋਂ ਬਹੁਤ ਜ਼ਬਰਦਸਤ ਹੁੰਗਾਰਾ ਮਿਲਿਆ ਜਦੋਂ ਪੰਜਾਬੀ ਸਭਾ ਮਾਸਕੋ, ਵਾਲਮੀਕਿ ਵਿਦਿਆਪੀਠ ਸੰਸਕ੍ਰਿਤ ਯੂਨੀਵਰਸਿਟੀ ਕਾਠਮੰਡੂ ਅਤੇ ਚਾਰੂ ਸਾਹਿਤ ਪ੍ਰਤਿਸ਼ਠਾਨ, ਨੇਪਾਲ ਵੱਲੋਂ ਕਾਠਮੰਡੂ ਨੇਪਾਲ ਵਿੱਚ ਆਯੋਜਿਤ ਭਾਰਤੀ ਗਿਆਨ ਪਰੰਪਰਾ 'ਤੇ ਇੱਕ ਅੰਤਰਰਾਸ਼ਟਰੀ ਸਾਹਿਤਕ ਸੈਮੀਨਾਰ ਅਤੇ ਸਨਮਾਨ ਸਮਾਰੋਹ ਦੌਰਾਨ ਲੇਖਕ ਅਨਿਲ ਕੁਮਾਰ ਭਾਰਤੀ ਦੀ ਲਿਖੀ ਕਿਤਾਬ ਥ੍ਰੀ ਇਨ ਵਨ ਲਿੰਗੁਇਸਟਿਕ ਮੈਜਿਕ ਦੇ ਅੰਤਰਰਾਸਟਰੀ ਐਡੀਸ਼ਨ ਨੂੰ ਸਮਰੋਹਪੂਰਵਕ ਰਿਲੀਜ਼ ਕੀਤਾ ਗਿਆ। ਇਸ ਸਮਾਰੋਹ ਵਿੱਚ, ਮੁੱਖ ਮਹਿਮਾਨ ਪ੍ਰੋ. ਘਨੇਸ਼ਵਰ-ਨੇਪਾਲ ਸੰਸਕ੍ਰਿਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਵਿਸ਼ਵ ਪ੍ਰਸਿੱਧ ਜਿਗਰ ਮਾਹਿਰ ਡਾ. ਅਰੁਣ ਕੁਮਾਰ ਸਿੰਘ ਅਤੇ ਪੰਜਾਬੀ ਸਭਾ ਮਾਸਕੋ ਦੇ ਪ੍ਰਧਾਨ ਪ੍ਰਮੋਦ ਕੁਮਾਰ ਧੀਮਾਨ ਨੇ ਇਸ ਕਿਤਾਬ ਨੂੰ ਸਾਂਝੇ ਤੌਰ 'ਤੇ ਰਿਲੀਜ਼ ਕੀਤਾ। ਇਸ ਮੌਕੇ ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਵਾਈਸ ਚਾਂਸਲਰ ਨੇ ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਅਨਿਲ ਕੁਮਾਰ ਭਾਰਤੀ ਦੀ ਤਿੰਨ ਭਾਸ਼ੀ ਅਤੇ ਬਹੁਭਾਸ਼ਾਈ ਤੁਲਨਾਤਮਕ ਗਿਆਨ ਵਿਕਾਸ ਪੱਧਤੀ ਦੀ ਦਿਲ ਖੋਲ੍ਹ ਕੇ ਪ੍ਰਸ਼ੰਸਾ ਕੀਤੀ। ਸੰਸਕ੍ਰਿਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਇਹ ਵੀ ਕਿਹਾ ਕਿ ਭਾਸ਼ਾਵਾਂ ਨੂੰ ਭਾਸ਼ਾਵਾਂ ਨਾਲ ਜੋੜਨ ਦਾ ਸ੍ਰੀ ਅਨਿਲ ਕੁਮਾਰ ਭਾਰਤੀ, ਸੁਸ਼ੀਲ ਕੁਮਾਰ ਅਜ਼ਾਦ, ਪ੍ਰਮੋਦ ਕੁਮਾਰ ਧੀਮਾਨ ਅਤੇ ਉਹਨਾਂ ਦੀ ਸਮੁੱਚੀ ਟੀਮ ਦਾ ਅੰਤਰਰਾਸ਼ਟਰੀ ਪੱਧਰ ਦਾ ਇਹ ਕੰਮ ਇੱਕ ਬਹੁਤ ਹੀ ਸ਼ਲਾਘਯੋਗ ਉਪਰਾਲਾ ਹੈ, ਜਿਸ ਨਾਲ ਵੱਖ ਵੱਖ ਦੇਸ਼ਾਂ ਵਿਚਕਾਰ ਸੱਭਿਆਚਾਰਕ ਨੇੜਤਾ ਨੂੰ ਬਲ ਮਿਲੇਗਾ। ਪੰਜਾਬੀ ਸਭਾ ਮਾਸਕੋ ਦੇ ਪ੍ਰਧਾਨ ਸ਼੍ਰੀ ਪ੍ਰਮੋਦ ਕੁਮਾਰ ਧੀਮਾਨ ਨੇ ਇਸ ਮੌਕੇ ਤੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਲੇਖਕ ਅਨਿਲ ਭਾਰਤੀ ਅਤੇ ਸੁਸ਼ੀਲ ਕੁਮਾਰ ਅਜ਼ਾਦ ਦੀ ਸਾਂਝੀ ਕੋਸ਼ਿਸ਼ਾਂ ਦਾ ਹੀ ਨਤੀਜਾ ਸੀ ਕਿ ਰੂਸ ਵਿੱਚ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਦੇ ਪ੍ਰਚਾਰ ਪ੍ਰਸਾਰ ਲਈ ਓਹਨਾਂ ਨੇ ਮਾਸਕੋ ਦੇ ਵਿਸਾਖੀ ਪ੍ਰੋਗਰਾਮ ਵਿੱਚ ਅਨਿਲ ਕੁਮਾਰ ਭਾਰਤੀ ਦੀ ਕਿਤਾਬ ਰਿਲੀਜ਼ ਕਾਰਵਾਈ ਸੀ ਜਿਸ ਨਾਲ ਰੂਸੀ ਲੋਕਾਂ ਲਈ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਨਾ ਬਹੁਤ ਆਸਾਨ ਹੋ ਗਿਆ ਹੈ। ਇਸ ਕਾਨਫਰੰਸ ਵਿੱਚ ਭਾਰਤ ਨੇਪਾਲ, ਨੀਦਰਲੈਂਡ ਆਦਿ ਦੇਸ਼ਾਂ ਤੋਂ ਬਹੁਤ ਸਾਰੀਆਂ ਵਿਦਵਾਨ ਸ਼ਖ਼ਸੀਅਤਾਂ ਦੇ ਨਾਲ-ਨਾਲ ਡਾਕਟਰੇਟ ਕਰ ਰਹੇ ਖੋਜ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਆਪਣੇ ਸੰਬੋਧਨ ਵਿੱਚ, ਡਾ. ਅਰੁਣ ਕੁਮਾਰ ਸਿੰਘ ਨੇ ਕਿਹਾ ਕਿ ਸਨਾਤਨ ਧਰਮ ਵਿਸ਼ਵ ਭਾਈਚਾਰੇ ਵਿੱਚ ਪੂਰਾ ਵਿਸ਼ਵਾਸ਼ ਰੱਖਦਾ ਹੈ ਅਤੇ ਪੂਰੀ ਧਰਤੀ ਨੂੰ ਇੱਕ ਪਰਿਵਾਰ ਮੰਨਦਾ ਹੈ। ਇਸ ਔਖੇ ਯਤਨ ਵਿੱਚ, ਸ਼੍ਰੀ ਭਾਰਤੀ ਨੂੰ ਅੰਤਰਰਾਸ਼ਟਰੀ ਲੇਖਕ ਅਤੇ ਸਿੱਖਿਆ ਸ਼ਾਸਤਰੀ ਸੁਸ਼ੀਲ ਕੁਮਾਰ ਆਜ਼ਾਦ, ਪੰਜਾਬੀ ਸਭਾ ਮਾਸਕੋ ਦੇ ਪ੍ਰਧਾਨ ਪ੍ਰਮੋਦ ਕੁਮਾਰ ਧੀਮਾਨ ਤੋਂ ਬਹੁਤ ਸ਼ਾਨਦਾਰ ਸਹਿਯੋਗ ਪ੍ਰਾਪਤ ਹੋ ਰਿਹਾ ਹੈ। ਇਸ ਸ਼ੁਭ ਮੌਕੇ 'ਤੇ ਇਸ ਸ਼ਾਨਦਾਰ ਪ੍ਰੋਗਰਾਮ ਦੀ ਸੰਯੋਜਕਾ ਡਾ ਮੋਨਿਕਾ ਸ਼ਰਮਾ, ਕੇਂਦਰੀ ਵਿਦਿਆਲਿਆ ਭਾਰਤੀ ਅੰਬੈਸੀ ਕਾਠਮੰਡੂ ਦੇ ਪ੍ਰਿੰਸੀਪਲ ਏ. ਜੈਰਾਲਡ, ਡਾ: ਆਨੰਦ ਕੁਮਾਰ ਤ੍ਰਿਪਾਠੀ, ਨਰਪਤ ਚੌਹਾਨ, ਪ੍ਰਿੰਸੀਪਲ ਸੰਸਕ੍ਰਿਤ ਵਿਦਿਆਪੀਠ, ਅਚਯੁਤਾ ਪ੍ਰਸਾਦ, ਦੇਵੀ ਪੰਥੀ, ਨੀਨਾ ਸ਼ਰਮਾ, ਨੀਲਮ ਅਰੋੜਾ, ਘਨਸ਼ਿਆਮ ਨਿਊਪਾਨੇ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਸੇਵਾ ਮੁਕਤ ਕਰਮਚਾਰੀਆਂ ਨੇ ਮੰਗਾਂ ਸਬੰਧੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

### ਸਰਕਾਰ ਖੜੀਆਂ ਅਦਾਇਗੀਆਂ ਦੇ ਹੁਕਮ ਜਾਰੀ ਕਰੇ: ਜੋਗਿੰਦਰ ਸਿੰਘ ਪੰਛੀ



ਪਟਿਆਲਾ, 19 ਜੂਨ (ਰੁਪਾਣਾ) : ਸੇਵਾ ਮੁਕਤ ਕਰਮਚਾਰੀਆਂ ਦੇ ਕਾਫੀ ਲੰਬੇ ਸਮੇਂ ਤੋਂ ਅਦਾਇਗੀ ਮਸਲੇ ਲਟਕਦੇ ਆ ਰਹੇ ਹਨ। ਸਮੇਂ ਤੇ ਮੈਡੀਕਲ ਬਿੱਲਾਂ ਦੀ ਅਦਾਇਗੀ ਨਹੀਂ ਹੁੰਦੀ ਕਰਮਚਾਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੇ-ਸਕੇਲ ਅਤੇ ਗਰੈਚੂਟੀ 1-1-2016 ਤੋਂ 1-6-2021 ਤੱਕ ਦਾ ਬਕਾਇਆ ਪੈਂਡਿੰਗ ਪਿਆ ਹੈ। ਸਰਕਾਰ ਨੇ ਅਦਾਇਗੀ ਦੇ ਹੁਕਮ ਵੀ ਜਾਰੀ ਕੀਤੇ ਹੋਏ ਹਨ ਪਰ ਬਕਾਏ ਨਹੀਂ ਦਿੱਤੇ ਜਾ ਰਹੇ। ਜਿਹੜੇ ਕਰਮਚਾਰੀ ਰਿਟਾਇਰ ਹੋ ਰਹੇ ਹਨ ਉਨ੍ਹਾਂ ਦੀ ਬਣਦੀ ਰਾਸ਼ੀ ਵੀ ਨਹੀਂ ਦਿੱਤੀ ਜਾ ਰਹੀ। ਮੁਲਾਜ਼ਮ ਪ੍ਰੇਸ਼ਾਨ ਹੋ ਰਹੇ ਹਨ। ਜਿਹੜੇ ਕਰਮਚਾਰੀ ਇਨਕਮ ਟੈਕਸ ਰੇਂਜ ਵਿੱਚ ਨਹੀਂ ਆਉਂਦੇ ਉਨ੍ਹਾਂ ਦੇ ਵੀ ਨਾਜਾਇਜ਼ 200 ਰੁਪਏ ਅਸੈਸ ਫੀਸ ਦੀ ਕਟੌਤੀ ਕੀਤੀ ਜਾ ਰਹੀ ਹੈ। ਮੁਲਾਜ਼ਮਾਂ ਦੇ ਇਤਰਾਜ਼ ਆ ਰਹੇ ਹਨ। ਇਸ ਕਟੌਤੀ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ। ਰਿਟਾਇਰਮੈਂਟ ਸਮੇਂ ਮੁਲਾਜ਼ਮਾਂ ਦੀ 25 ਹਜ਼ਾਰ ਤੋਂ 40 ਹਜ਼ਾਰ ਤੱਕ ਰਾਸ਼ੀ ਰੋਕ ਲਈ ਗਈ ਸੀ। ਕਿਉਂ ਰੋਕੀ ਗਈ, ਕੁਝ ਨਹੀਂ ਦੱਸਿਆ ਜਾ ਰਿਹਾ ਰਿਟਾਇਰ ਕਰਮਚਾਰੀਆਂ ਨੂੰ ਇਸ ਦਾ ਕੋਈ ਕਾਰਨ ਨਹੀਂ ਦੱਸਿਆ ਜਾ ਰਿਹਾ। ਕਮਿਸ਼ਨਰ ਨਗਰ ਨਿਗਮ ਪਟਿਆਲਾ ਨੂੰ ਮੰਗ ਪੱਤਰ ਦਿੱਤਾ ਗਿਆ। ਇਨ੍ਹਾਂ ਮਸਲਿਆਂ ਤੋਂ ਇਲਾਵਾ ਹੋਰ ਮਸਲੇ ਕਮਿਸ਼ਨਰ ਨਗਰ ਨਿਗਮ ਸ੍ਰੀ ਪਰਮਵੀਰ ਸਿੰਘ ਨਾਲ ਸਾਂਝੇ ਕੀਤੇ ਉਨ੍ਹਾਂ ਵੱਲੋਂ ਯੂਨੀਅਨ ਨੂੰ ਭਰੋਸਾ ਦਿਵਾਇਆ ਕਿ ਰਿਟਾਇਰ ਕਰਮਚਾਰੀਆਂ ਦੇ ਸਾਰੇ ਮਸਲੇ ਜਲਦੀ ਹੱਲ ਕਰ ਦਿੱਤੇ ਜਾਣਗੇ। ਕਮਿਸ਼ਨਰ ਨਗਰ ਨਿਗਮ ਵੱਲੋਂ ਰਿਪੋਰਟ ਮੰਗ ਲਈ ਹੈ ਅਤੇ ਤੁਰੰਤ ਹੱਲ ਕਰਨ ਲਈ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਸ ਸਮੇਂ ਮਹਿੰਦਰ ਸਿੰਘ ਬੰਡੂਗਰ ਪ੍ਰਧਾਨ ਸੇਵਾ ਮੁਕਤ ਕਰਮਚਾਰੀ ਯੂਨੀਅਨ ਜੋਗਿੰਦਰ ਸਿੰਘ ਪੰਛੀ, ਜਨਰਲ ਸਕੱਤਰ ਜਸਪਾਲ ਸਿੰਘ ਚਲੈਲਾ ਅਤੇ ਹੋਰ ਕਰਮਚਾਰੀ ਵੀ ਹਾਜ਼ਰ ਸਨ।

## ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ 'ਚ ਰੋਸ, ਪੱਕੀ ਨੌਕਰੀ ਤੇ ਮਰਯਾਦਿਤ ਤਨਖ਼ਾਹ ਦੀ ਮੰਗ

### ਕੰਟਰੈਕਟ ਅਧਿਆਪਕਾਂ ਨੇ ਛੇੜਿਆ ਨਵਾਂ ਸੰਘਰਸ਼



ਦੇਵੀਗੜ੍ਹ, 19 ਜੂਨ (ਗੁਰਜੀਤ ਸਿੰਘ ਚੌਟ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਕਈ ਸਾਲਾਂ ਤੋਂ ਕੰਟਰੈਕਟ 'ਤੇ ਕੰਮ ਕਰ ਰਹੇ ਅਧਿਆਪਕਾਂ ਨੇ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਅਣਦੇਖੀ ਅਤੇ ਵਿੱਤੀ ਨਿਆਂਹੀਣਤਾ ਖ਼ਿਲਾਫ਼ ਰੋਸ ਪ੍ਰਗਟ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਵਰਸਿਟੀ ਕਾਲਜ ਮੀਰਾਂਪੁਰ ਵਿਖੇ ਸੇਵਾ ਨਿਭਾਅ ਰਹੇ ਧਰਮ ਅਧਿਐਨ ਵਿਸ਼ੇ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ. ਤੇਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਨਾ ਸਿਰਫ਼ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ, ਨਾ ਹੀ ਉਨ੍ਹਾਂ ਨੂੰ ਪੱਕੀ ਨੌਕਰੀ ਦੀ ਕੋਈ ਸੰਭਾਵਨਾ ਦਿੱਤੀ ਜਾ ਰਹੀ ਹੈ। ਹਾਲਾਂਕਿ ਕਈ ਅਧਿਆਪਕ ਪਿਛਲੇ 10-15 ਸਾਲਾਂ ਤੋਂ ਨਿਰੰਤਰ ਸੇਵਾ ਕਰ ਰਹੇ ਹਨ। ਉਨ੍ਹਾਂ ਦਸਿਆ ਕਿ ਯੂਨੀਵਰਸਿਟੀ ਵੱਲੋਂ UGC ਦੇ ਨਿਯਮਾਂ ਅਨੁਸਾਰ, Equal Pay for Equal Work ਇਕ ਸਵੈ-ਸਪੱਸ਼ਟ ਨਿਯਮ ਹੈ, ਪਰ ਯੂਨੀਵਰਸਿਟੀ ਪ੍ਰਸ਼ਾਸਨ ਸਾਨੂੰ ਨਿਮਨ ਤਨਖਾਹਾਂ 'ਤੇ ਰੱਖ ਕੇ ਸਿੱਖਿਆ ਦੇ ਮਿਆਰ ਨਾਲ ਵੀ ਖੇਡ ਕਰ ਰਹੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਯੂ.ਜੀ.ਸੀ ਦਾ 2018 ਦਾ ਨੋਟੀਫਿਕੇਸ਼ਨ ਰੈਗੂਲਰ ਤੇ ਗੈਸਟ ਫੈਕਲਟੀ ਅਧਿਆਪਕਾਂ ਤੇ ਲਾਗੂ ਕਰ ਦਿੱਤਾ ਹੈ, ਪਰੰਤੂ ਕੰਟਰੈਕਟ ਅਧਿਆਪਕਾਂ ਨੂੰ ਇਸ ਤੋਂ ਵਾਂਝੇ ਰੱਖ ਕੇ ਉਨ੍ਹਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ। ਡਾ. ਸਿੰਘ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਅਧਿਆਪਕਾਂ ਨੇ ਸੰਯੁਕਤ ਰੂਪ ਵਿੱਚ ਰਜਿਸਟਰਾਰ ਅਤੇ ਉੱਚ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪ ਕੇ ਤੁਰੰਤ ਤਨਖਾਹਾਂ ਵਿੱਚ ਵਾਧਾ ਕਰਨ, ਪੱਕੀ ਨੌਕਰੀ ਦੇ ਰਾਹ ਖੋਲ੍ਹਣ ਅਤੇ ਸੇਵਾ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ, ਤਾਂ ਉਹ ਸ਼ਾਂਤੀਪੂਰਕ ਧਰਨੇ, ਕਲਾਸ ਬਾਈਕਾਟ ਅਤੇ ਸੋਸ਼ਲ ਮੀਡੀਆ ਮੁਹਿੰਮ ਰਾਹੀਂ ਆਪਣਾ ਰੋਸ ਹੋਰ ਤੇਜ਼ ਕਰਨਗੇ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਨ੍ਹਾਂ ਮਸਲਿਆਂ ਦੀ ਗੰਭੀਰਤਾ ਨੂੰ ਨਾ ਸਮਝਿਆ ਗਿਆ, ਤਾਂ ਇਸ ਦਾ ਸਿੱਧਾ ਅਸਰ ਵਿਦਿਆਰਥੀਆਂ ਦੀ ਸਿੱਖਿਆ 'ਤੇ ਪਵੇਗਾ, ਕਿਉਂਕਿ ਅਸਥਿਰਤਾ ਅਤੇ ਅਣਸੁਰੱਖਿਆ ਦੇ ਵਾਤਾਵਰਨ 'ਚ ਅਧਿਆਪਕ ਪੂਰੇ ਮਨ ਨਾਲ ਪੜ੍ਹਾ ਨਹੀਂ ਸਕਦੇ ਹੁਣ ਵੇਖਣਾ ਇਹ ਹੈ ਕਿ ਪ੍ਰਸ਼ਾਸਨ ਉਨ੍ਹਾਂ ਦੀ ਗੂੰਜ ਨੂੰ ਸੁਣਦਾ ਹੈ ਜਾਂ ਇਹ ਸੰਘਰਸ਼ ਹੋਰ ਵਧੇਰੇ ਤੇਜ਼ ਹੁੰਦਾ ਹੈ।

## ਚਿੱਟੇ ਦੇ ਨਸ਼ੇ 'ਚ ਨੌਜਵਾਨ ਕਾਬੂ

ਸਮਾਣਾ, 19 ਜੂਨ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਇੱਕ ਨੌਜਵਾਨ ਨੂੰ ਚਿੱਟੇ ਦੇ ਨਸ਼ੇ 'ਚ ਕਾਬੂ ਕਰਕੇ ਉਸ ਖਿਲਾਫ਼ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਨੌਜਵਾਨ ਦੀ ਪਹਿਚਾਣ ਉਜਵਲ ਕੁਮਾਰ ਨਿਵਾਸੀ ਗੁਰੂ ਨਾਨਕ ਨਗਰ ਸਮਾਣਾ ਵਜੋਂ ਹੋਈ। ਸਿਟੀ ਪੁਲਿਸ ਮੁੱਖੀ ਇੰਸਪੈਕਟਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਸਿੰਦਰ ਸਿੰਘ ਨੇ ਪੁਲਿਸ ਪਾਰਟੀ ਸਣੇ ਭਵਾਨੀਗੜ੍ਹ ਰੋਡ 'ਤੇ ਗਸਤ ਦੌਰਾਨ ਮੁਲਜ਼ਮ ਨੌਜਵਾਨ ਦੇ ਨਸ਼ਾ ਕਰਨ ਦਾ ਆਦੀ ਹੋਣ ਅਤੇ ਜੱਟਾ ਪਤੀ ਨੇੜੇ ਬੈਠ ਕੇ ਚਿੱਟਾ ਪੀਣ ਦੀ ਸੂਚਨਾ ਮਿਲਣ 'ਤੇ ਰੇਡ ਕੀਤੀ ਗਈ। ਉਸ ਨੂੰ ਨਸ਼ੇ ਦੀ ਹਾਲਤ 'ਚ ਕਾਬੂ ਕਰ ਲਿਆ ਗਿਆ। ਅਧਿਕਾਰੀ ਅਨੁਸਾਰ ਨੌਜਵਾਨ ਨੂੰ ਨਸ਼ਾ ਛੜਾਓ ਕੇਂਦਰ 'ਚ ਭੇਜ ਦਿੱਤਾ ਗਿਆ।

## ਨਗਰ ਨਿਗਮ ਕਾਮਿਆਂ ਵੱਲੋਂ ਕੰਮ ਛੋੜ ਹੜਤਾਲ, ਸ਼ਹਿਰ 'ਚ ਲੱਗੇ ਗੰਦਗੀ ਦੇ ਢੇਰ



ਪਟਿਆਲਾ, 19 ਜੂਨ (ਰੁਪਾਣਾ): : ਨਗਰ ਨਿਗਮ ਪਟਿਆਲਾ ਦੇ ਕਰਮਚਾਰੀਆਂ ਵੱਲੋਂ ਬਣਾਈ ਸਾਂਝੀ ਸੰਘਰਸ਼ ਕਮੇਟੀ ਦੇ ਬੈਨਰ ਹੇਠ ਇਕੱਠੇ ਹੋ ਕੇ ਕੰਮ ਛੋੜ ਹੜਤਾਲ ਕੀਤੀ ਗਈ, ਜਿਸ ਕਾਰਨ ਸ਼ਹਿਰ 'ਚ ਕੂੜਾ ਚੁੱਕਣ ਦਾ ਕੰਮ ਬੰਦ ਰਹਿਣ ਕਾਰਨ ਸ਼ਹਿਰ ਦੇ ਡੰਪ ਸਾਈਟਾਂ 'ਤੇ ਕੂੜੇ ਦੇ ਵੱਡੇ ਵੱਡੇ ਢੇਰ ਲੱਗ ਗਏ। ਨਿਗਮ ਦੇ ਸਫਾਈ ਕਰਮੀਆਂ ਵੱਲੋਂ ਹੜਤਾਲ 'ਤੇ ਚਲੇ ਜਾਣ ਕਾਰਨ ਸਾਫ-ਸਫਾਈ ਦਾ ਮੰਦਾ ਹਾਲ ਰਿਹਾ। ਦੂਜੇ ਪਾਸੇ ਸਮੂਹ ਕਰਮਚੀਆਂ ਨੇ ਆਪਣਾ ਕੰਮ ਬੰਦ ਕਰਕੇ ਨਿਗਮ ਦਫ਼ਤਰ 'ਚ ਰੋਸ ਧਰਨਾ ਲਗਾ ਕੇ ਨਿਗਮ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਨਿਗਮ ਦੇ ਅੱਠ ਸੌ ਦੇ ਕਰੀਬ ਸਫਾਈ ਸੇਵਕ ਤੇ ਸੀਵਰਮੈਨ ਇਸ ਹੜਤਾਲ 'ਚ ਸ਼ਾਮਲ ਹਨ। ਕਰਮਚਾਰੀਆਂ ਦੇ ਹੜਤਾਲ 'ਤੇ ਜਾਣ ਤੋਂ ਬਾਅਦ ਦਿਨ ਭਰ ਸ਼ਹਿਰ ਦੇ ਸੈਕੰਡਰੀ ਪੁਆਇੰਟਾਂ 'ਤੇ ਕੂੜੇ ਦੇ ਢੇਰ ਲੱਗੇ ਰਹੇ। ਹਾਲਾਂਕਿ ਨਿਗਮ ਅਧਿਕਾਰੀਆਂ ਨੇ ਹਰ ਘਰ ਤੋਂ ਕੂੜਾ ਇਕੱਠਾ ਕਰਨ ਵਾਲੇ ਰੇਹੜੀ ਚਾਲਕਾਂ ਨੂੰ ਕੂੜਾ ਸਿੱਧਾ ਡੰਪ 'ਤੇ ਲਿਜਾਣ ਦੇ ਨਿਰਦੇਸ਼ ਦਿੱਤੇ ਸਨ ਪਰ ਕਾਫ਼ੀ ਹੱਦ ਤੱਕ ਕੂੜਾ ਸੈਕੰਡਰੀ ਪੁਆਇੰਟਾਂ 'ਤੇ ਹੀ ਪਿਆ ਰਿਹਾ। ਇੱਥੇ ਬਡੂੰਗਰ ਬਸਤੀ ਨੂੰ ਜਾਣ ਵਾਲੀ ਸੜਕ, ਸ਼੍ਰੀ ਕਾਲੀ ਮਾਤਾ ਮੰਦਰ ਨੂੰ ਜਾਣ ਵਾਲੀ ਸੜਕ, ਵੱਡੀ ਨਦੀ ਰੋਡ, ਰੋਜ਼ ਗਾਰਡਨ ਰੋਡ 'ਤੇ ਕੂੜਾ ਫੈਲਿਆ ਹੋਇਆ ਦੇਖਿਆ ਗਿਆ। ਦੂਜੇ ਪਾਸੇ, ਸਫਾਈ ਸੇਵਕਾਂ ਦੀ ਹੜਤਾਲ ਤੋਂ ਬਾਅਦ, ਨਿਗਮ ਅਧਿਕਾਰੀਆਂ ਵਿੱਚ ਹੜਕੰਪ ਮਚ ਗਿਆ, ਕਿਉਂਕਿ ਨਿਗਮ ਨੇ ਸ਼ਹਿਰ ਦੇ ਸੈਕੰਡਰੀ ਪੁਆਇੰਟਾਂ ਤੋਂ ਕੂੜਾ ਇਕੱਠਾ ਕਰਨ ਵਾਲੀ ਕੰਪਨੀ ਦਾ ਟੈਂਡਰ ਰੱਦ ਕਰ ਦਿੱਤਾ ਸੀ ਤੇ ਆਪਣੇ ਕਰਮਚਾਰੀਆਂ ਨੂੰ ਡਿਊਟੀ 'ਤੇ ਲਗਾ ਦਿੱਤਾ ਸੀ ਪਰ ਹੁਣ ਇਹ ਕਰਮਚਾਰੀ ਵੀ ਹੜਤਾਲ 'ਤੇ ਚਲੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਨੀਲ ਕੁਮਾਰ ਪ੍ਰਧਾਨ ਸਫਾਈ ਕਰਮਚਾਰੀ ਯੂਨੀਅਨ ਨਗਰ ਨਿਗਮ ਨੇ ਦੱਸਿਆ ਕਿ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਪਿਛਲੇ ਲੰਬੇ ਸਮੇਂ ਤੋਂ ਲਟਕੀਆਂ ਪਈਆਂ ਹਨ ਪਰ ਪੰਜਾਬ ਸਰਕਾਰ ਤੇ ਨਿਗਮ ਪ੍ਰਸ਼ਾਸਨ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦੇ ਰਿਹਾ, ਜਿਸ ਕਾਰਨ ਸਮੂਹ ਕਰਮਚਾਰੀਆਂ ਵੱਲੋਂ ਸਾਂਝੀ ਸੰਘਰਸ਼ ਕਮੇਟੀ ਦੇ ਝੰਡੇ ਹੇਠ ਇਕੱਠੇ ਹੋ ਕੇ ਸੰਘਰਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੰਗਾਂ 'ਚ ਸਭ ਤੋਂ ਵੱਡੀ ਮੰਗ ਨਿਗਮ 'ਚ ਕੰਮ ਕਰਦੇ 350 ਮੁਲਾਜ਼ਮਾਂ ਦੇ ਪੀਐਫ ਜਮ੍ਹਾਂ ਨਾ ਹੋਣ ਦਾ ਹੈ, ਜੋ ਕਿ ਪਿਛਲੇ ਕਈ ਸਾਲਾਂ ਤੋਂ ਲਟਕਿਆ ਪਿਆ ਹੈ , ਜਿਸ ਸਬੰਧੀ ਕਈ ਵਾਰ ਸਥਾਨਕ ਐਮਐਲਏ, ਮੇਅਰ ਤੇ ਨਿਗਮ ਕਮਿਸ਼ਨਰਾਂ ਨਾਲ ਗੱਲਬਾਤ ਹੋਈ ਪਰ ਕੋਈ ਸਿੱਟਾ ਨਹੀਂ ਨਿਕਲਿਆ। ਬਿਡਲਾਨ ਨੇ ਕਿਹਾ ਕਿ ਕਰਮਚਾਰੀਆਂ ਨੂੰ ਸਮੇਂ-ਸਿਰ ਤਨਖਾਹ ਦੇਣਾ, ਤਰੱਕੀ ਦੇਣਾ, ਠੇਕੇ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਰੈਗੂਲਰ ਕਰਨਾ, ਸਟਾਫ ਦੀ ਘਾਟ ਨੂੰ ਪੂਰਾ ਕਰਨਾ ਸਮੇਤ ਹੋਰ ਮੰਗਾਂ ਨਿਗਮ ਅਧਿਕਾਰੀਆਂ ਸਾਹਮਣੇ ਰੱਖੀਆਂ ਗਈਆਂ ਸਨ ਪਰ ਨਿਗਮ ਅਧਿਕਾਰੀਆਂ ਨੇ ਮੰਗਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਇਹ ਸੰਘਰਸ਼ ਮੰਗਾਂ ਪੂਰੀਆਂ ਹੋਣ ਤੱਕ ਜਾਰੀ ਰਹੇਗਾ।

## ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਵਿੱਕੀ ਕੁਮਾਰ ਵਾਸੀ ਗੁਰੂ ਨਾਨਕ ਨਗਰ ਪਟਿਆਲਾ ਹਾਲ ਕਿਰਾਏਦਾਰ ਨੇੜੇ ਆਟਾ ਚੱਕੀ ਗੁਰਬਖਸ਼ ਕਲੋਨੀ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਘਬੀਰ ਸਿੰਘ ਸਮੇਤ ਪੁਲਿਸ ਪਾਰਟੀ ਰਾਜਪੁਰਾ ਕਲੋਨੀ ਪਟਿਆਲਾ ਦੀ ਪਾਣੀ ਵਾਲੀ ਟੈਂਕੀ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਭਲਕੇ ਥਾਪਰ ਯੂਨੀਵਰਸਿਟੀ ਵਿਖੇ ਮਨਾਇਆ ਜਾਵੇਗਾ ਕੌਮਾਂਤਰੀ ਯੋਗ ਦਿਵਸ

### ☛ਪਟਿਆਲਾ ਵਾਸੀ ਕੌਮਾਂਤਰੀ ਯੋਗ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ 'ਚ ਵੱਧ ਚੜ ਕੇ ਸ਼ਮੂਲੀਅਤ ਕਰਨ : ਇਸ਼ਾ ਸਿੰਗਲ

ਪਟਿਆਲਾ, 19 ਜੂਨ (ਚ.ਨ.ਸ.) : 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ 'ਤੇ ਕਰਵਾਇਆ ਜਾਣ ਵਾਲਾ ਜ਼ਿਲ੍ਹਾ ਪੱਧਰੀ ਸਮਾਗਮ ਥਾਪਰ ਯੂਨੀਵਰਸਿਟੀ (ਸਾਹਮਣੇ ਸਪੋਰਟਸ ਆਫ਼ਿਸ, ਗਰਾਊਂਡ) ਵਿਖੇ ਸਵੇਰੇ 5:30 ਵਜੇ ਤੋਂ 7:30 ਵਜੇ ਤੱਕ ਮਨਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਨੇ ਦੱਸਿਆ ਕਿ ਗਿਆਰ੍ਹਵੇਂ ਕੌਮਾਂਤਰੀ ਯੋਗ ਦਿਵਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ, ਖੇਡ, ਸਿੱਖਿਆ, ਪੁਲਿਸ, ਰੈਡ ਕਰਾਸ, ਬਾਗਬਾਨੀ ਵਿਭਾਗ ਨੂੰ ਡਿਊਟੀਆਂ ਸੌਂਪੀਆਂ ਗਈ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ 'ਚ ਵਿਦਿਆਰਥੀਆਂ ਸਮੇਤ ਵੱਡੀ ਗਿਣਤੀ ਖਿਡਾਰੀ ਵੀ ਹਿੱਸਾ ਲੈਣਗੇ। ਇਸ਼ਾ ਸਿੰਗਲ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹਾ ਵਾਸੀਆਂ ਨੂੰ ਨਿਰੋਈ ਸਿਹਤ ਸਬੰਧੀ ਜਾਗਰੂਕ ਕਰਨ ਲਈ ਸੀ.ਐਮ. ਦੀ ਯੋਗਸ਼ਾਲਾ ਤਹਿਤ ਸ਼ਹਿਰੀ ਖੇਤਰ ਵਿੱਚ 39 ਯੋਗ ਟਰੇਨਰਾਂ ਵੱਲੋਂ ਰੋਜ਼ਾਨਾ 222 ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਦਕਿ ਪਿੰਡਾਂ ਵਿੱਚ 110 ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਯੋਗ ਦੀ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਵੱਲੋਂ ਯੋਗ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਪਟਿਆਲਾ ਜ਼ਿਲ੍ਹਾ ਵਾਸੀਆਂ ਨੂੰ ਸੀ.ਐਮ ਦੀ ਯੋਗਸ਼ਾਲਾ ਦਾ ਵੀ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

## 700 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀਆਂ ਸਿਕੰਦਰ ਸਿੰਘ, ਮਨਦੀਪ ਸਿੰਘ ਵਾਸੀ ਪਿੰਡ ਸ਼ੇਰਮਾਜਰਾ, ਨਿਸ਼ਾਨ ਸਿੰਘ ਵਾਸੀ ਪਿੰਡ ਅਚਰਾਲ ਖੁਰਦ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਚਮਕੌਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬਾ-ਹੱਦ ਪਿੰਡ ਪਸਿਆਣਾ ਮੌਜੂਦ ਸੀ, ਜੋ ਕਥਿਤ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ ਸਿਕੰਦਰ ਸਿੰਘ ਕੋਲੋਂ 250, ਮਨਦੀਪ ਸਿੰਘ ਪਾਸੋਂ 225 ਅਤੇ ਨਿਸ਼ਾਨ ਸਿੰਘ ਪਾਸੋ 225 ਕੁੱਲ 700 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।



# ਪਟਿਆਲਾ-ਆਸ/ਪਾਸ



# ਪੁਲਿਸ ਵੱਲੋਂ ਲਾਰੈਂਸ ਬਿਸ਼ਨੋਈ ਗੈਂਗ ਦੇ 5 ਗੁਰਗੇ 7 ਨਾਜਾਇਜ਼ ਪਿਸਤੌਲਾਂ ਤੇ ਗੋਲ਼ੀ ਸਿੱਕੇ ਸਮੇਤ ਕਾਬੂ : ਐਸ.ਐਸ.ਪੀ. ਵਰੁਣ ਸ਼ਰਮਾ

## 30 ਤੇ 32 ਬੋਰ ਦੇ 3-3 ਪਿਸਤੌਲ, 315 ਬੋਰ ਦੇ 1 ਦੇਸੀ ਕੱਟੇ ਸਮੇਤ 10 ਮੈਗਜ਼ੀਨ ਤੇ 11 ਜ਼ਿੰਦਾ ਕਾਰਤੂਸ ਬ੍ਰਾਮਦ



ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਪੁਲਿਸ ਨੇ ਮੁਸਤੈਦੀ ਵਰਤਦਿਆਂ ਲਾਰੈਂਸ ਬਿਸ਼ਨੋਈ ਗੈਂਗ ਦੇ 5 ਗੁਰਗਿਆਂ ਨੂੰ 30 ਤੇ 32 ਬੋਰ ਦੇ 3-3 ਪਿਸਟਲ, 315 ਬੋਰ ਦਾ ਇੱਕ ਦੇਸੀ ਕੱਟਾ ਅਤੇ 10 ਮੈਗਜੀਨ ਸਮੇਤ 11 ਜਿੰਦਾ ਕਾਰਤੂਸ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਨੇ ਅੱਜ ਇੱਥੇ ਪੁਲਿਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਪੈਸੇ ਲਈ ਅਪਰਾਧ ਜਗਤ ਨਾਲ ਜੁੜੇ ਇਨ੍ਹਾਂ ਨੌਜਵਾਨਾਂ ਦੀ ਪਛਾਣ ਤੇਜਿੰਦਰ ਸਿੰਘ ਉਰਫ ਫ਼ੌਜੀ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਦੌਣ ਕਲਾਂ, ਰਾਹੁਲ ਕੱਦੂ ਵਾਸੀ ਪਿੰਡ ਬੜਾਉਆ ਜ਼ਿਲ੍ਹਾ ਵਧਾਈਆ ਯੂ.ਪੀ. ਹਾਲ ਵਾਸੀ ਨੇੜੇ ਬਾਬਾ ਭਵਾਤ ਰੋਡ ਮੋਹਾਲੀ ਜੀਰਕਪੁਰ, ਵਿਪਲ ਕੁਮਾਰ ਬਿੱਟੂ ਵਾਸੀ ਪਿੰਡ ਰਾਮਨਗਰ ਮੇਰਠ ਯੂ.ਪੀ., ਸੁਖਚੈਨ ਸਿੰਘ ਉਰਫ ਸੁੱਖੀ ਵਾਸੀ ਪਿੰਡ ਸਿਆਲੂ ਘਨੌਰ, ਦੇਵ ਕਰਨ ਵਾਸੀ ਪਿੰਡ ਕਲਿਆਣਪੁਰ ਮੇਰਠ ਯੂ.ਪੀ ਵਜੋਂ ਹੋਈ, ਜਿਹੜੇ ਕਿ ਸੁਪਾਰੀ ਲੈ ਕੇ ਕਤਲ ਤੇ ਹੋਰ ਸੰਗੀਨ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਐਸ.ਐਸ.ਪੀ. ਨੇ ਦੱਸਿਆ ਕਿ ਬਰਾਮਦ ਹੋਏ ਨਾਜਾਇਜ਼ ਹਥਿਆਰਾਂ ਦੀ ਵੀ ਉਨ੍ਹਾਂ ਦੀ ਫੈਕਟਰੀ ਤੱਕ ਜਾ ਕੇ ਗੰਭੀਰਤਾ ਨਾਲ ਪੜਤਾਲ ਕੀਤੀ ਜਾਵੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਐਸ.ਪੀ. ਪੀ.ਬੀ.ਆਈ. ਸਵਰਨਜੀਤ ਕੌਰ ਤੇ ਐਸ.ਪੀ ਸਿਟੀ ਪਲਵਿੰਦਰ ਸਿੰਘ ਚੀਮਾ ਦੀ ਅਗਵਾਈ ਹੇਠ ਡੀ.ਐਸ.ਪੀ. ਸਰਕਲ ਦਿਹਾਤੀ ਦੀ ਨਿਗਰਾਨੀ ਹੇਠ ਥਾਣਾ ਸਦਰ ਪਟਿਆਲਾ ਦੇ ਮੁਖੀ ਇੰਸਪੈਕਟਰ ਅੰਮ੍ਰਿਤਵੀਰ ਸਿੰਘ ਦੀ ਟੀਮ ਦੇ ਮੈਂਬਰ ਤੇ ਚੌਕੀ ਬਹਾਦਰਗੜ੍ਹ ਦੇ ਇੰਚਾਰਜ ਏ.ਐਸ.ਆਈ. ਹਰਦੀਪ ਸਿੰਘ ਦੀ ਪੁਲਿਸ ਪਾਰਟੀ ਨੇ ਇਹ ਗ੍ਰਿਫ਼ਤਾਰੀਆਂ ਬੀ.ਐਨ.ਐਸ. ਦੀਆਂ ਧਾਰਾਵਾਂ 109, 118(1), 115(2), 191(3), 190, 351(3), 61(2) ਤਹਿਤ ਮਿਤੀ 26 ਮਈ 2025 ਨੂੰ ਦਰਜ ਹੋਏ ਮੁਕੱਦਮਾ ਨੰਬਰ 78 ਵਿੱਚ ਕੀਤੀਆਂ ਹਨ। ਘਟਨਾ ਦਾ ਵੇਰਵਾ ਦਿੰਦਿਆਂ ਐਸ.ਐਸ.ਪੀ. ਨੇ ਦੱਸਿਆ ਕਿ ਪਿੰਡ ਦੌਣ ਕਲਾਂ ਦੇ ਵਾਸੀ ਦਲਵਿੰਦਰ ਸਿੰਘ 'ਤੇ 7/8 ਅਣਪਛਾਤੇ ਵਿਅਕਤੀਆਂ ਨੇ ਮਾਰ ਦੇਣ ਦੀ ਨੀਅਤ ਨਾਲ ਜਾਨਲੇਵਾ ਹਮਲਾ ਕਰਕੇ ਉਸ ਦੀਆਂ ਲੱਤਾਂ ਤੇ ਬਾਹਵਾਂ 'ਤੇ ਤਲਵਾਰਾਂ ਤੇ ਰਾਡਾਂ ਨਾਲ ਵਾਰ ਕੀਤੇ ਗਏ ਸਨ। ਉਸ ਦੇ ਬਿਆਨਾਂ ਦੇ ਅਧਾਰ 'ਤੇ ਤੇਜਿੰਦਰ ਸਿੰਘ ਉਰਫ ਫ਼ੌਜੀ ਤੇ ਹੋਰਨਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਤੇਜਿੰਦਰ ਸਿੰਘ ਫ਼ੌਜੀ ਜੋ ਪਹਿਲਾਂ ਹੀ ਇੱਕ ਮੁਕੱਦਮੇ 'ਚ ਸਾਲ 2022 ਤੋਂ ਹੀ ਜੇਲ੍ਹ ਵਿੱਚ ਬੰਦ ਹੈ, ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਤੋਂ ਪ੍ਰੋਡਕਸ਼ਨ ਵਰੰਟ ਹਾਸਲ ਕਰਕੇ ਮਿਤੀ 13 ਜੂਨ 2025 ਨੂੰ ਮੁਕੱਦਮੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਨੇ ਪੁੱਛਗਿੱਛ ਵਿੱਚ ਮੰਨਿਆ ਸੀ ਕਿ ਉਸਨੇ ਜੇਲ੍ਹ ਵਿੱਚ ਹੁੰਦੇ ਹੋਏ ਸੁਖਚੈਨ ਸਿੰਘ ਸੁੱਖੀ, ਰਾਹੁਲ ਕੱਦੂ, ਵਿਪਲ ਕੁਮਾਰ ਬਿੱਟੂ ਤੇ ਦੇਵ ਕਰਨ ਤੋਂ ਦਲਵਿੰਦਰ ਸਿੰਘ ਦੀ ਕੁੱਟਮਾਰ ਕਰਵਾਈ ਸੀ ਜਿਸਦੇ ਅਧਾਰ 'ਤੇ ਇਨ੍ਹਾਂ ਨੂੰ ਵੀ ਨਾਮਜ਼ਦ ਕੀਤਾ ਗਿਆ ਅਤੇ ਉਸੇ ਦਿਨ ਸੁਖਚੈਨ ਸਿੰਘ ਉਰਫ ਸੁੱਖੀ ਅਤੇ ਰਾਹੁਲ ਉਰਫ ਕੱਦੂ ਨੂੰ ਗ੍ਰਿਫਤਾਰ ਕੀਤਾ ਗਿਆ। ਤਫਤੀਸ਼ 'ਚ ਵਿਪਲ ਕੁਮਾਰ ਬਿੱਟੂ ਅਤੇ ਦੇਵ ਕਰਨ ਦੱਸਿਆ ਕਿ ਲੜਾਈ ਵਾਲੇ ਦਿਨ ਉਨ੍ਹਾਂ ਕੋਲ ਇੱਕ ਪਿਸਟਲ 32 ਬੋਰ ਤੇ 7 ਕਾਰਤੂਸ ਜਿੰਦਾ, 2 ਮੈਗਜੀਨ ਅਤੇ ਇੱਕ ਦੇਸੀ ਕੱਟਾ ਨਾਜਾਇਜ਼ 315 ਬੋਰ ਸਮੇਤ 1 ਕਾਰਤੂਸ ਜਿੰਦਾ ਸੀ, ਜਿਨ੍ਹਾਂ ਨੂੰ ਉਨ੍ਹਾਂ ਨੇ ਝਗੜੇ ਬਾਅਦ ਰਾਜਾ ਫਾਰਮ ਬਹਾਦਰਗੜ੍ਹ ਨੇੜੇ ਕਿਸੇ ਜਗ੍ਹਾ ਦੱਬ ਦਿੱਤਾ ਸੀ, ਇਨ੍ਹਾਂ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ। ਇਨ੍ਹਾਂ ਨੇ ਮੰਨਿਆ ਕਿ ਲੜਾਈ ਤੋਂ ਪਹਿਲਾਂ ਉਹ 5 ਹੋਰ ਅਸਲੇ ਕਿਸੇ ਹੋਰ ਬੇਅਬਾਦ ਜਗ੍ਹਾ 'ਤੇ ਦੱਬੇ ਸਨ ਜਿਨ੍ਹਾਂ ਨੂੰ ਵੀ 18.06.2025 ਨੂੰ 3 ਨਾਜਾਇਜ਼ ਅਸਲੇ 30 ਬੋਰ ਪਿਸਟਲ ਅਤੇ 2 ਨਾਜਾਇਜ਼ ਅਸਲੇ 32 ਬੋਰ ਪਿਸਟਲ ਸਮੇਤ 8 ਮੈਗਜੀਨ ਅਤੇ 03 ਜਿੰਦਾ ਕਾਰਤੂਸ ਬਰਮਾਦ ਕੀਤੇ ਗਏ ਤੇ ਇਨ੍ਹਾਂ ਦਾ ਅਦਾਲਤ ਤੋਂ ਰਿਮਾਂਡ ਲੈਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਕਤ ਹਮਲੇ ਦੀ ਵਜ੍ਹਾ ਰੰਜਿਸ਼ ਦੱਸਦੇ ਹੋਏ ਐਸ.ਐਸ.ਪੀ ਵਰੁਣ ਸ਼ਰਮਾ ਨੇ ਕਿਹਾ ਕਿ ਭਿੰਦਾ ਕਤਲ ਕੇਸ ਵਿੱਚ ਤੇਜਿੰਦਰ ਸਿੰਘ ਉਰਫ ਫ਼ੌਜੀ ਧਿਰ ਮ੍ਰਿਤਕ ਭਿੰਦਾ ਦੇ ਪਰਿਵਾਰ 'ਤੇ ਰਾਜੀਨਾਮਾ ਕਰਨ ਲਈ ਦਬਾਅ ਬਣਾ ਰਹੇ ਸਨ ਅਤੇ ਦਲਵਿੰਦਰ ਸਿੰਘ ਜੋ ਕਿ ਮ੍ਰਿਤਕ ਭਿੰਦਾ ਦਾ ਦੋਸਤ ਸੀ, ਉਹ ਭਿੰਦੇ ਦੇ ਪਰਿਵਾਰ ਨੂੰ ਰਾਜੀਨਾਮਾ ਨਾ ਕਰਨ ਸਬੰਧੀ ਰੋਕ ਰਿਹਾ ਸੀ, ਜਿਸ ਕਰਕੇ ਤੇਜਿੰਦਰ ਸਿੰਘ ਉਰਫ ਫ਼ੌਜੀ ਨੇ ਰੰਜਸ਼ ਰੱਖਦੇ ਹੋਏ ਦਲਵਿੰਦਰ ਸਿੰਘ 'ਤੇ ਹਮਲਾ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਹੁਣ ਵੀ ਸੂਬੇ ਤੇ ਪਟਿਆਲਾ ਅਤੇ ਹੋਰ ਕਈ ਥਾਵਾ 'ਤੇ ਰੈਕੀ ਕੀਤੀ ਹੋਈ ਸੀ ਅਤੇ ਕਈ ਟਾਰਗੇਟ ਕਿਲਿੰਗ ਦੀਆ ਘਟਨਾਵਾਂ ਨੂੰ ਅੰਜਾਮ ਦੇਣਾ ਸੀ। ਇਨ੍ਹਾਂ ਨੇ ਭਿੰਦਾ ਕਤਲ ਕੇਸ 38/22 ਥਾਣਾ ਅਰਬਨ ਅਸਟੇਟ ਪਟਿਆਲਾ ਦੇ ਅਹਿਮ ਗਵਾਹ ਦੀ ਵੀ ਰੈਕੀ ਕੀਤੀ ਗਈ ਸੀ ਅਤੇ ਜੇਕਰ ਇਨ੍ਹਾਂ ਦੀ ਗ੍ਰਿਫ਼ਤਾਰੀ ਤੇ ਅਸਲੇ ਦੀ ਬਰਾਮਦਗੀ ਨਾ ਹੁੰਦੀ ਤਾਂ ਇਨ੍ਹਾਂ ਨੇ ਕਈ ਘਟਨਾਵਾ ਨੂੰ ਅੰਜਾਮ ਦੇ ਕੇ ਮਾਹੌਲ ਖਰਾਬ ਕਰਨਾ ਸੀ। ਐਸ.ਐਸ.ਪੀ. ਨੇ ਦੱਸਿਆ ਕਿ ਤੇਜਿੰਦਰ ਸਿੰਘ ਫ਼ੌਜੀ ਵਿਰੁੱਧ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ 'ਚ ਅੱਧੀ ਦਰਜਨ ਤੋਂ ਵਧੇਰੇ ਮੁਕੱਦਮੇ ਦਰਜ ਸਨ। ਰਾਹੁਲ ਉਰਫ ਕੱਦੂ ਪੁੱਤਰ ਮਹੀਪਾਲ ਸਿੰਘ ਖ਼ਿਲਾਫ਼ ਵੀ ਦੋ ਮੁਕੱਦਮੇ ਦਰਜ ਸਨ। ਵਿਪਲ ਕੁਮਾਰ ਉਰਫ ਬਿੱਟੂ ਵਿਰੁੱਧ ਇੱਕ ਮੁੱਕਦਮਾ ਦਰਜ ਹੈ ਪਰੰਤੂ ਸੁਖਚੈਨ ਸਿੰਘ ਸੁੱਖੀ ਤੇ ਦੇਵ ਕਰਨ ਵਿਰੁੱਧ ਪਹਿਲਾਂ ਕੋਈ ਮੁੱਕਦਮਾ ਦਰਜ ਨਹੀ ਹੈ।

# ਬਲਾਕ ਕਾਂਗਰਸ ਦੇ ਅਹੁਦੇਦਾਰਾਂ ਦੀ ਮੀਟਿੰਗ



ਪਟਿਆਲਾ, 19 ਜੂਨ (ਰੁਪਾਣਾ) : ਬਲਾਕ ਕਿਲਾ ਮੁਬਾਰਕ ਕਾਂਗਰਸ ਕਮੇਟੀ ਦੇ ਪ੍ਰਧਾਨ, ਅਹੁਦੇਦਾਰ ਅਤੇ ਆਗੂਆਂ ਨਾਲ ਵਾਰਡ ਕਮੇਟੀਆਂ ਸਬੰਧ ਵਿੱਚ ਮੀਟਿੰਗ ਕੀਤੀ, ਜਿਸ ਮੀਟਿੰਗ ਵਿੱਚ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੀਟਿੰਗ ਵਿੱਚ ਸੀਨੀਅਰ ਲੀਡਰ ਗੋਪਾਲ ਸਿੰਗਲਾ ਅਤੇ ਕੰਵਲਜੀਤ ਸਿੰਘ ਸਹਿਗਲ ਵੀ ਮੌਜੂਦ ਰਹੇ। ਇਸ ਮੌਕੇ ਪ੍ਰਧਾਨ ਰਾਜੇਸ਼ ਮੰਡੋਰਾ ਨੇ ਸਾਰੇ ਹੀ ਆਗੂਆਂ ਦਾ ਸਵਾਗਤ ਕੀਤਾ ਤੇ ਅਪੀਲ ਕੀਤੀ ਕਿ ਮੇਰੇ ਬਲਾਕ ਕਿਲਾ ਮੁਬਾਰਕ ਅਧੀਨ ਆਉਂਦੇ ਵਾਰਡਾਂ ਦੇ ਇੰਚਾਰਜ ਆਪਣੀਆ ਵਾਰਡ ਕਮੇਟੀਆ, ਬੂਥ ਕਮੇਟੀਆਂ, ਅਤੇ ਮੰਡਲ ਕਮੇਟੀਆ ਬਣਾ ਕੇ ਜਲਦ ਤੋਂ ਜਲਦ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਾਉਣ 'ਤੇ ਕਿਹਾ ਕਿ ਬਲਾਕ ਕਮੇਟੀ ਦੇ ਮੈਂਬਰ ਕਾਂਗਰਸ ਪਾਰਟੀ ਦੀ ਨੀਂਹ ਹੈ ਅਤੇ ਅਸੀਂ ਨੀਂਹ ਪੱਖੋਂ ਬਹੁਤ ਮਜ਼ਬੂਤ ਹਾਂ, ਜੋ ਅੱਜ ਬੀਜੇਪੀ ਆਪਣੀਆ ਗਲਤ ਨੀਤੀਆਂ ਨਾਲ ਸੰਵਿਧਾਨ ਨੂੰ ਤੋੜਨ ਵਿਚ ਲਗੀਆਂ ਹਨ ਅਸੀਂ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਰੇਸ਼ ਦੁੱਗਲ ਨੇ ਕਿਹਾ ਕਿ ਸੰਵਿਧਾਨ ਦੀ ਰਾਖੀ ਲਈ ਕਾਂਗਰਸ ਪਾਰਟੀ ਦਾ ਹਰ ਇਕ ਸਿਪਾਹੀ ਮਰ ਮਿਟਣ ਲਈ ਤਿਆਰ ਹੈ ਓਹਨਾਂ ਨੇ ਇਹ ਵੀ ਕਿਹਾ ਕਿ ਅਸੀਂ ਰਾਹੁਲ ਗਾਂਧੀ ਜੀ ਦੀ ਸੋਚ ਘਰ ਘਰ ਜਾ ਕੇ ਲੋਕਾਂ ਨਾਲ ਸਾਂਝੀ ਕਰਨਗੇ ਤੇ ਆਉਣ ਵਾਲੀਆਂ 2027 ਦੀ ਵਿਧਾਨਸਭਾ ਚੋਣਾਂ ਵਿੱਚ ਝਾੜੂ ਸਰਕਾਰ ਦਾ ਸਫਾਇਆ ਕਰਾਂਗੇ। ਓਹਨਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਵਾਰਡ ਅਤੇ ਬੂਥ ਪੱਧਰ 'ਤੇ ਵੀ ਬਹੁਤ ਮਜ਼ਬੂਤ ਹੈ। ਇਸ ਮੌਕੇ ਮਦਨ ਲਾਲ ਭਾਂਬਰੀ, ਵਿਨੋਦ ਭਟਨਾਗਰ, ਸੁਰੇਸ਼ ਵਾਲਿਆ, ਰਾਜੇਸ਼ ਬਗਣ, ਸੰਜਯ ਹੰਸ, ਸੁਰਿੰਦਰ ਕੌਰ, ਰਜਨੀ ਬਿਡਲਾਨ, ਸੋਨੀਆ ਗੁਪਤਾ, ਜਸਵੀਰ ਕੌਰ, ਨਵਨੀਤ ਗੁਪਤਾ ਮੁੰਨਾ, ਕ੍ਰਿਸ਼ਨ ਸਿੰਗਲਾ, ਵਿਜੈ ਮੋਹਨ ਵਰਮਾ, ਬਲਵਿੰਦਰ ਗਰੇਵਾਲ, ਮੁਕੇਸ਼ ਠਾਕੁਰ, ਗਗਨ ਗਰਗ, ਅਸਲਮ ਸੈਫ਼ੀ, ਯੂਥ ਕਾਂਗਰਸ ਆਗੂ ਗੌਤਮ ਸਲੂਜਾ, ਸੁਰਿੰਦਰ ਸਿੰਘ ਬਾਬੂ, ਦੀਪ ਟੰਡਨ, ਅਭੀ ਸ਼ਰਮਾ, ਵਰੁਣ ਗਰਗ, ਰਾਹੁਲ ਗੌਤਮ, ਐਡਵੋਕੇਟ ਰੋਹਿਤ ਹੰਸ, ਰਾਜੇਸ਼ ਗੋਲੂ, ਵਿਸ਼ਵਾਸ ਮੰਡੋਰਾ, ਮੋਹਿਤ ਸ਼ਰਮਾ, ਰੋਹਿਤ ਸ਼ਰਮਾ, ਪਰਮ ਸ਼ਰਮਾ, ਚੰਦਨ ਗਰਗ, ਸੁਭਾਸ਼ ਚੰਦ, ਅਸ਼ੋਕ ਸ਼ਰਮਾ, ਸੁਮੀਤ ਠਾਕੁਰ, ਅਮਰਜੀਤ ਸਹੋਤਾ, ਕਰਮ ਸਿੰਘ, ਐਡਵੋਕੇਟ ਉਮੇਸ਼ ਸ਼ਰਮਾ, ਵਿਨੋਦ ਮਲਹੋਤਰਾ, ਪਵਨ ਕੁਮਾਰ ਗੁਪਤਾ ਆਦਿ ਵਰਕਰ ਅਤੇ ਆਗੂ ਸਹਿਬਾਨ ਸ਼ਾਮਲ ਰਹੇ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਮਮਤਾ ਦੇਵੀ ਪੁੱਤਰੀ ਸੁਰਜੀਤ ਸਿੰਘ ਵਾਸੀ ਦੇਵੀ ਨਗਰ ਸਵਾਈ ਸਿੰਘ ਵਾਲਾ ਪਟਿਆਲਾ ਨੇ ਕਥਿਤ ਦੋਸ਼ੀਆਂ ਅੰਮ੍ਰਿਤਪਾਲ ਸਿੰਘ, ਪਰਮਜੀਤ ਸਿੰਘ, ਰਾਜ ਕੌਰ ਵਾਸੀ ਕਪਿਆਲ ਜ਼ਿਲ੍ਹਾ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਵਿਆਹ 8/2/20 ਨੂੰ ਕਥਿਤ ਦੋਸ਼ੀ ਅੰਮ੍ਰਿਤਪਾਲ ਸਿੰਘ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ। ਪੁਲਿਸ ਨੇ ਧਾਰਾ 316(2),85 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸਾਬਕਾ ਮੰਤਰੀ ਧਰਮਸੋਤ ਤੇ ਹੋਰ ਆਗੂਆਂ ਵੱਲੋਂ ਨਰਿੰਦਰ ਲਾਤਲੀ ਦਾ ਸਨਮਾਨ



ਨਾਭਾ, 19 ਜੂਨ (ਚੌਧਰੀਮਾਜਰਾ) : ਕਾਂਗਰਸ ਹਾਈਕਮਾਂਡ ਵੱਲੋਂ ਨਾਭਾ ਵਿਧਾਨ ਸਭਾ ਹਲਕੇ ਲਈ ਨਵਨਿਯੁਕਤ ਕੀਤੇ ਗਏ ਕੋਆਰਡੀਨੇਟਰ ਨਰਿੰਦਰ ਪਾਲ ਲਾਲੀ ਨੂੰ ਅੱਜ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਹੋਰ ਕਾਂਗਰਸੀ ਆਗੂਆਂ ਨੇ ਨਾਭਾ ਵਿਖੇ ਪਹੁੰਚਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਨਾਭਾ ਵਿਧਾਨ ਸਭਾ ਹਲਕਾ ਦੇ ਸਮੂਹ ਬਲਾਕ ਪ੍ਰਧਾਨਾ, ਮੰਡਲ ਪ੍ਰਧਾਨਾਂ, ਸਰਕਲ ਪ੍ਰਧਾਨਾਂ ਅਤੇ ਹੋਰ ਕਾਂਗਰਸੀ ਆਗੂਆਂ ਨੇ ਵੱਡੇ ਪੱਧਰ 'ਤੇ ਸ਼ਿਰਕਤ ਕੀਤੀ ਅਤੇ ਨਰਿੰਦਰ ਲਾਲੀ ਨੂੰ ਨਵੀਂ ਨਿਯੁਕਤੀ ਲਈ ਦਿਲੋਂ ਵਧਾਈ ਵੀ ਦਿੱਤੀ। ਇਸ ਮੌਕੇ ਲਾਲੀ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਵਿਧਾਇਕ ਧਰਮਸੋਤ ਸਮੇਤ ਸਮੂਹ ਕਾਂਗਰਸੀ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਕਾਂਗਰਸ ਹਾਈ ਕਮਾਂਡ ਦਾ ਦਿਲੋਂ ਧੰਨਵਾਦ ਕਰਦੇ ਹਨ। ਜਿਨ੍ਹਾਂ ਨੇ ਉਹਨਾਂ ਨੂੰ ਇਸ ਜਿੰਮੇਦਾਰੀ ਨੂੰ ਦੇ ਕੇ ਵੱਡਾ ਮਾਣ ਬਖਸ਼ਿਆ ਹੈ ਅਤੇ ਉਹ ਮਿਲੀ ਹੋਈ ਇਸ ਜਿੰਮੇਵਾਰੀ ਨੂੰ ਆਪਣੀ ਤਨਦੇਹੀ ਨਾਲ ਨਿਭਾਉਣਗੇ ਤੇ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ।

# ਕਾਂਗਰਸ ਕਮੇਟੀ ਦੀ ਮਹੀਨਾਵਾਰ ਮੀਟਿੰਗ



ਪਟਿਆਲਾ, 19 ਜੂਨ (ਚ.ਨ.ਸ.) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਸ੍ਰੀ ਮੋਹਿਤ ਮੋਹਿੰਦਰਾ ਦੀ ਯੋਗ ਅਗਵਾਈ ਹੇਠ ਬਲਾਕ ਕਾਂਗਰਸ ਕਮੇਟੀ ਪਟਿਆਲਾ ਦਿਹਾਤੀ ਦੇ ਬਲਾਕ ਬਿਸ਼ਨ ਨਗਰ ਦੀ ਜੂਨ ਮਹੀਨੇ ਦੀ ਮਹੀਨਾਵਾਰ ਮੀਟਿੰਗ ਤਫਜਲਪੁਰਾ ਵਿਖੇ ਹੋਈ ਜਿਸ ਵਿੱਚ ਬਲਾਕ ਕਾਂਗਰਸ ਕਮੇਟੀ ਦੇ ਸਮੂਹ ਅਹੁਦੇਦਾਰਾਂ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ, ਮੰਡਲ ਕਮੇਟੀ ਅਹੁਦੇਦਾਰਾਂ ਤੋਂ ਇਲਾਵਾ ਸਾਰੇ ਹੀ ਕਾਂਗਰਸੀ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਅਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਵਾਸਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਬਲਾਕ ਪ੍ਰਧਾਨ ਰਾਜੇਸ਼ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਗੁਲਾਬ ਰਾਏ ਗਰਗ, ਸੀਨੀਅਰ ਆਗੂ ਅਨੀਲ ਮੋਦਗੀਲ, ਬਲਾਕ ਦਫਤਰ ਇੰਚਾਰਜ ਰਵਿੰਦਰ ਕੁਮਾਰ ਟੋਨੀ, ਮਨੋਜ ਠਾਕੁਰ ਪ੍ਰਵੀਨ ਰਾਣਾ ਅਤੇ ਰਿਚੀ ਡਕਾਲਾ ਨੇ ਕਿਹਾ ਕਾਂਗਰਸ ਪਾਰਟੀ ਦੀ ਨੀਤੀਆਂ ਅਤੇ ਪੰਜਾਬ ਯੂਥ ਕਾਂਗਰਸ ਪ੍ਰਧਾਨ ਮੋਹਿਤ ਮਹਿੰਦਰਾ ਦੀ ਅਣਥੱਕ ਮਿਹਨਤ ਅਤੇ ਲਗਨ ਸਦਕਾ ਪਟਿਆਲਾ ਦਿਹਾਤੀ ਹਲਕੇ ਦੀ ਕਾਂਗਰਸ ਦਿਨ ਪ੍ਰਤੀ ਦਿਨ ਮਜ਼ਬੂਤ ਹੋ ਰਹੀ ਹੈ ਅਤੇ ਹਰ ਰੋਜ਼ ਨੌਜਵਾਨ ਵਰਗ ਅਤੇ ਹਰ ਵਰਗ ਦੇ ਲੋਕ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ ਅਤੇ ਆਮ ਲੋਕ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਨਾਉਣਾ ਚਾਹੁੰਦੇ ਹਨ। ਇਸ ਮੌਕੇ ਅਪਣੇ ਸੰਬੋਧਨ ਤੋਂ ਪਹਿਲਾਂ ਮੋਹਿਤ ਮੋਹਿੰਦਰਾ ਵੱਲੋਂ ਕਾਂਗਰਸ ਪਾਰਟੀ ਦੀ ਸਾਬਕਾ ਕੌਂਸਲਰ ਅਨੀਤਾ ਪੰਜੋਲਾ ਦੇ ਪਤੀ ਸ੍ਰੀ ਗਿਆਨਇਸ਼ਵਰ ਪੰਜੋਲਾ ਨੂੰ ਨੂੰ ਫੁੱਲਾਂ ਦੇ ਹਾਰ ਪਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੰਡਲ ਪ੍ਰਧਾਨ ਸੇਵਾ ਬਰਸਠ, ਤਰਨਵੀਰ ਕੋਹਲੀ, ਸੋਨੂ ਡੀ ਸੀ ਡਵਲਯੂ, ਕਰਮਜੀਤ ਬਬਲੂ, ਨਵਦੀਪ ਸ਼ਰਮਾ, ਅਮਿਤ ਜਿੰਦਲ, ਨਰਿੰਦਰ ਕੁਮਾਰ ਗੋਲਡੀ, ਗੁਰਮੀਤ ਕੋਰ ਸੂੰਦਰਾ, ਲਲੀਤਾ ਰਾਓ, ਜਸਵਿੰਦਰ ਕੋਰ, ਗੁਰਵਿੰਦਰ ਕੋਰ, ਅਸ਼ੀਸ਼ ਮਿੱਤਲ, ਮਨਜੀਤ ਚਿੱਤਰਕਾਰ, ਪੋਨੀ ਝਿੱਲ, ਹਰਿੰਦਰ ਰੂਪ, ਸ਼ਾਮ ਲਾਲ ਮਿੱਤਲ, ਜੂਨਾ ਖਾਨ, ਹਨੀ, ਨੀਰਜ ਜੈਨ, ਅਸ਼ੋਕ ਕੁਮਾਰ, ਸ਼ੰਮੀ ਖਾਨ, ਸੰਜੀਵ ਗੋਇਲ, ਆਦਿ ਹਾਜ਼ਰ ਸਨ।

# ਨਹਿਰ 'ਚ ਛਾਲ ਮਾਰ ਕੇ ਆਤਮ ਹੱਤਿਆ ਕਰਨ ਵਾਲੇ ਵਿਅਕਤੀ ਦੀ ਲਾਸ਼ ਬ੍ਰਾਮਦ



ਸਮਾਣਾ, 19 ਜੂਨ (ਵਿਜੇ ਕੁਮਾਰ) : ਪੰਜ ਦਿਨ ਪਹਿਲਾਂ ਭਾਖੜਾ ਨਹਿਰ ਵਿੱਚ ਛਾਲ ਮਾਰ ਕੇ ਆਤਮ ਹੱਤਿਆ ਕਰਨ ਵਾਲੇ ਵਿਅਕਤੀ ਦੀ ਲਾਸ਼ ਭਾਖੜਾ ਨਹਿਰ ਦੇ ਖਨੌਰੀ ਹੈਡ ਤੋਂ ਬਰਾਮਦ ਹੋਣ 'ਤੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਘੱਗਾ ਪੁਲਸ ਦੀ ਏ.ਐਸ.ਆਈ ਖੇਮ ਚੰਦ ਨੇ ਦੱਸਿਆ ਕਿ ਮ੍ਰਿਤਕ ਹਰਪ੍ਰੀਤ ਸਿੰਘ (35) (ਪੁੱਤਰ ਨਰਾਤਾ ਰਾਮ ਨਿਵਾਸੀ ਪਿੰਡ ਬਰਾਸ) ਦੀ ਪਤਨੀ ਸੰਦੀਪ ਕੌਰ ਵੱਲੋਂ ਪੁਲਿਸ ਨੂੰ ਦਰਜ ਕਰਵਾਏ ਬਿਆਨ ਅਨੁਸਾਰ ਉਸ ਦਾ ਪਤੀ ਆਰਥਿਕ ਤੰਗੀ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਹਰ ਰੋਜ਼ ਦੀ ਤਰ੍ਹਾਂ 14 ਜੂਨ ਨੂੰ ਉਹ ਘਰ ਤੋਂ ਆਪਣੇ ਕੰਮ 'ਤੇ ਗਿਆ ਸੀ। ਇਸ ਤੋਂ ਬਾਅਦ ਉਸ ਦੀ ਬਾਈਕ, ਮੋਬਾਈਲ ਅਤੇ ਜੁੱਤੇ ਬੂਟਾ ਸਿੰਘ ਵਾਲਾ ਨੇੜਿਓ ਲੰਘਦੀ ਭਾਖੜਾ ਨਹਿਰ ਦੀ ਪਟੜੀ ਤੋਂ ਮਿਲੇ। ਭਾਲ ਦੌਰਾਨ ਬੀਤੇ ਦਿਨੀ ਉਸ ਦੀ ਲਾਸ਼ ਖਨੌਰੀ ਤੋਂ ਬਰਾਮਦ ਹੋ ਗਈ। ਅਧਿਕਾਰੀ ਅਨੁਸਾਰ ਦਰਜ ਕਰਵਾਏ ਬਿਆਨ ਦੇ ਆਧਾਰ 'ਤੇ ਪੁਲਸ ਨੇ ਬੀ.ਐਨ.ਐਸ. ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰਾਂਤ ਮ੍ਰਿਤਕ ਦੀ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ ਛੱਡ ਗਿਆ ਹੈ।

## ਜੇਲ੍ਹ 'ਚੋਂ ਮੋਬਾਇਲ ਫੋਨ ਬ੍ਰਾਮਦ

ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਬਾਲ ਕ੍ਰਿਸ਼ਨ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਪਟਿਆਲਾ ਨੇ ਕਥਿਤ ਦੋਸ਼ੀ ਹਵਾਲਾਤੀ ਲਵਪ੍ਰੀਤ ਸਿੰਘ ਵਾਸੀ ਧਰਮਸ਼ਾਲਾ ਮੋਤੀਬਾਗ ਨਾਭਾ ਹਾਲ ਵਾਸੀ ਕਿਰਾਏਦਾਰ ਦੂਸਰੀ ਮੰਜਿਲ ਫੇਸ-2 ਥਾਣਾ ਮਟੌਰ ਜ਼ਿਲ੍ਹਾ ਮੋਹਾਲੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਗੁਪਤ ਸੂਚਨਾ ਮਿਲੀ ਕਿ ਕਥਿਤ ਦੋਸ਼ੀ ਮੁਰਗੀ ਹਾਤੇ ਵਿੱਚ ਮੋਬਾਇਲ ਫੋਨ ਦੀ ਵਰਤੋਂ ਕਰ ਰਿਹਾ ਹੈ, ਜੋ ਚੈਕਿੰਗ ਕਰਨ 'ਤੇ ਦੋਸ਼ੀ ਕੋਲੋਂ 1 ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਤੇ ਏਅਰਟੈਲ ਕੰਪਨੀ ਦਾ ਸਿਮ ਕਾਰਡ ਬ੍ਰਾਮਦ ਹੋਇਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# 66 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਗੁਰਨਾਮ ਸਿੰਘ ਵਾਸੀ ਪਿੰਡ ਰਸੂਲਪੁਰ ਜੌੜਾ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਰਣਧੀਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪ੍ਰਿੰਟਿੰਗ ਪ੍ਰੈਸ ਸਰਹੰਦ ਰੋਡ ਪਟਿਆਲਾ ਕੋਲ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ ਕੈਨੀ ਪਲਾਸਟਿਕ ਵਿੱਚੋਂ 30 ਬੋਤਲਾਂ ਸ਼ਰਾਬ ਨਾਜਾਇਜ਼ ਦੀਆਂ ਬ੍ਰਾਮਦ ਕੀਤੀਆਂ। ਇਸੇ ਤਰ੍ਹਾਂ ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਸਨੀ ਸਿੰਘ ਵਾਸੀ ਸ਼ੇਰਮਾਜਰਾ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਮਨਦੀਪ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਦੁੱਧੜ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਦੁੱਧੜ ਤੋ ਡਕਾਲਾ ਆਉਦੀ ਸੜ੍ਹਕ ਪਰ ਸ਼ਰਾਬ ਰੱਖ ਕੇ ਵੇਚਣ ਲਈ ਗ੍ਰਾਹਕਾ ਦੀ ਉਡੀਕ ਕਰ ਰਿਹਾ ਹੈ, ਜੋ ਰੇਡ ਕਰਨ ਪਰ 36 ਬੋਤਲਾ ਸ਼ਰਾਬ ਅਸਲੀ ਮੋਟਾ ਸੰਤਰਾ ਪੰਜਾਬ ਦੀਆਂ ਬ੍ਰਾਮਦ ਹੋਈਆਂ।

# ਸਾਂਝੀ ਕੰਧ ਨੂੰ ਤੋੜਨ ਤੋਂ ਰੋਕਣ 'ਤੇ ਕੀਤੀ ਕੁੱਟਮਾਰ, ਮਾਮਲਾ ਦਰਜ

ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਥਾਣਾ ਖੇੜੀ ਗੰਡਿਆ ਪੁਲਿਸ ਕੋਲ ਗੁਰਸੇਵਕ ਸਿੰਘ ਪੁੱਤਰ ਤੇਜਿੰਦਰ ਸਿੰਘ ਵਾਸੀ ਤਖਤੂਮਾਜਰਾ ਨੇ ਕਥਿਤ ਦੋਸ਼ੀਆਂ ਹਰਭਜਨ ਸਿੰਘ, ਦਵਿੰਦਰ ਸਿੰਘ ਵਾਸੀ ਪਿੰਡ ਤਖਤੂਮਾਜਰਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ ਹਰਭਜਨ ਸਿੰਘ ਉਸ ਦਾ ਚਾਚਾ ਹੈ, ਜੋ ਕਥਿਤ ਦੋਸ਼ੀ ਸਾਂਝੀ ਕੰਧ ਤੋੜ ਰਿਹਾ ਸੀ ਤਾਂ ਉਸ ਦੇ ਰੋਕਣ 'ਤੇ ਕਥਿਤ ਦੋਸ਼ੀਆਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਧਾਰਾ 126(2), 115(2), 351(2), 3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਘੇਰ ਕੇ ਕੀਤੀ ਕੁੱਟਮਾਰ, ਕਾਰ ਦੀ ਕੀਤੀ ਭੰਨਤੋੜ

ਪਟਿਆਲਾ, 19 ਜੂਨ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਕੁਲਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਬਠੋਈ ਕਲਾਂ ਨੇ ਕਥਿਤ ਦੋਸ਼ੀਆਂ ਅਮਰ ਸਿੰਘ, ਹਾਕਮ ਸਿੰਘ, ਪ੍ਰੇਮ ਸਿੰਘ, ਜੱਗੀ, ਚਰਨਜੀਤ ਕੌਰ, ਕਰਮਜੀਤ ਕੌਰ, ਭੁਪਿੰਦਰ ਕੌਰ, ਚਰਨਜੀਤ ਕੌਰ ਵਾਸੀ ਬਠੋਈ ਕਲਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਕਾਰ ਪਰ ਸਵਾਰ ਹੋ ਕੇ ਟੀ-ਪੁਆਇੰਟ ਪਿੰਡ ਬਠੋਈ ਕਲਾਂ ਪਾਸ ਜਾ ਰਿਹਾ ਸੀ, ਜੋ ਕਥਿਤ ਦੋਸ਼ੀਆਂ ਨੇ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਅਤੇ ਕਾਰ ਦੀ ਭੰਨਤੋੜ ਕਰਕੇ ਮੌਕਾ ਤੋ ਫਰਾਰ ਹੋ ਗਏ। ਪੁਲਿਸ ਨੇ ਧਾਰਾ 115(2), 126(2), 324(4),191(3), 190 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸੱਤ ਵਿਅਕਤੀ ਜਾਅਲੀ ਕਰੰਸੀ ਸਮੇਤ ਕਾਬੂ



ਨਾਭਾ, 19 ਜੂਨ (ਚੌਧਰੀਮਾਜਰਾ) : ਨਾਭਾ ਸਦਰ ਪੁਲਿਸ ਵੱਲੋਂ 7 ਵਿਅਕਤੀਆਂ ਨੂੰ ਜਾਅਲੀ ਕਰੰਸੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ ਜਿਨਾਂ ਵਿਚ ਦੋ ਮਹਿਲਾਵਾਂ ਵੀ ਸ਼ਾਮਲ ਹਨ। ਉਪਰੋਕਤ ਕਥਿਤ ਦੋਸ਼ੀਆਂ ਤੋਂ ਨਾਭਾ ਪੁਲਿਸ ਨੇ ਦੋ ਗੱਡੀਆਂ, ਇੱਕ ਲਾਇਸੰਸੀ ਪਿਸਤੌਲ ਅਤੇ 9 ਲੱਖ ਰੁਪਏ ਨਗਦ ਕਥਿਤ ਜਾਅਲੀ ਕਰੰਸੀ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਉਪਰੋਕਤ ਜਾਣਕਾਰੀ ਦੀ ਪੁਸ਼ਟੀ ਕਰਦਿਆਂ ਨਾਭਾ ਸਦਰ ਥਾਣਾ ਦੇ ਐੱਸ.ਐੱਚ.ਓ. ਇੰਸਪੈਕਟਰ ਗੁਰਪ੍ਰੀਤ ਸਿੰਘ ਸਮਰਾਓ ਨੇ ਦੱਸਿਆ ਕਿ ਗਲਵੱਟੀ ਪੁਲਿਸ ਚੌਂਕੀ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਲਾਕੇ ਵਿਚ ਦੋ ਗੱਡੀਆਂ ਘੁੰਮ ਰਹੀਆਂ ਹਨ, ਜਿਨ੍ਹਾਂ ਵਿਚ ਸਵਾਰ ਵਿਅਕਤੀਆਂ ਤੋਂ ਜਾਅਲੀ ਕਰੰਸੀ ਸਮੇਤ ਹੋਰ ਕੁਝ ਗੈਰ ਕਾਨੂੰਨੀ ਵਸਤੂਆਂ ਬਰਾਮਦ ਹੋ ਸਕਦੀਆਂ ਹਨ। ਕਾਰਵਾਈ ਕਰਦਿਆਂ ਗਲਵੱਟੀ ਪੁਲਿਸ ਚੌਂਕੀ ਇੰਚਾਰਜ ਅਤੇ ਪੁਲਿਸ ਪਾਰਟੀ ਵੱਲੋਂ ਇੱਕ ਬੈਸਨ ਅਤੇ ਇੱਕ ਸਵਿਫਟ ਕਾਰ ਵਿਚ ਸਵਾਰ ਸੱਤ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਸਦਰ ਥਾਣਾ ਐੱਸ.ਐੱਚ.ਓ. ਗੁਰਪ੍ਰੀਤ ਸਿੰਘ ਸਮਰਾਓ ਨੇ ਦੱਸਿਆ ਕਿ ਉਪਰੋਕਤ ਦੋਸ਼ੀ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਨਾਲ ਸੰਬੰਧ ਰੱਖਦੇ ਹਨ ਜੋ ਕਿ ਆਪਣੇ ਵਿਸ਼ਵਾਸ ਵਿਚ ਆਏ ਵਿਅਕਤੀ ਨੂੰ ਜਾਅਲੀ ਕਰੰਸੀ ਸਪਲਾਈ ਕਰਦੇ ਸਨ। ਉਨ੍ਹਾਂ ਦੱਸਿਆ ਕਿ ਮਾਮਲੇ ਵਿਚ ਗ੍ਰਿਫਤਾਰ ਕਥਿਤ ਦੋਸ਼ੀ ਦਿਨਾਂ ਵਿਚ ਅਮੀਰ ਹੋਣਾ ਚਾਹੁੰਦੇ ਸਨ, ਜਿਸ ਕਾਰਨ ਉਹ ਇਕ ਲੱਖ ਬਦਲੇ 5 ਲੱਖ ਦੀ ਜਾਅਲੀ ਕਰੰਸੀ ਲੋਕਾਂ ਤੱਕ ਪਹੁੰਚਾਉਂਦੇ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰੀ ਸਮੇਂ ਉਪਰੋਕਤ ਦੋਸ਼ੀਆਂ ਤੋਂ ਇਕ ਲਾਇਸੰਸੀ ਰਿਵਾਲਵਰ ਅਤੇ ਦੋ ਗੱਡੀਆਂ ਬਰਾਮਦ ਹੋਈਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਮਾਮਲੇ ਦੇ ਉਪਰੋਕਤ ਦੋਸ਼ੀਆਂ ਵਿਚ ਦੋ ਔਰਤਾਂ ਵੀ ਸ਼ਾਮਲ ਹਨ ਜਿਨ੍ਹਾਂ ਵਿਚ ਇਕ ਦਾ ਨਾਮ ਕੁਲਵਿੰਦਰ ਕੌਰ ਖੰਨਾ ਅਤੇ ਦੂਜੀ ਕਰਮਜੀਤ ਕੌਰ ਬਰਨਾਲਾ ਤੋਂ ਦੱਸੀ ਜਾ ਰਹੀ ਹੈ। ਐੱਸਐੱਚਓ ਨੇ ਕਿਹਾ ਕਿ ਮਾਮਲੇ ਦੇ ਕਥਿਤ ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿਖੇ ਪੇਸ਼ ਕਰਨ ਬਾਅਦ ਉਨ੍ਹਾਂ ਤੋਂ ਵਧੇਰੇ ਪੁੱਛਗਿੱਛ ਲਈ ਪੁਲਿਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

# ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਪੌਦੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨਾ ਹਰ ਇੱਕ ਇਨਸਾਨ ਦਾ ਫਰਜ਼ : ਵਰਿੰਦਰ ਕੁਮਾਰ



ਨਾਭਾ, 19 ਜੂਨ (ਗੁਰਚਰਨ ਸਿੰਘ ਚੌਧਰੀ ਮਾਜਰਾ) : ਜ਼ਿਲ੍ਹਾ ਸੈਸ਼ਨਜ਼ ਜੱਜ ਰੁਪਿੰਦਰਜੀਤ ਚਹਿਲ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਸਰਪ੍ਰਸਤੀ ਹੇਠ ਅਮਨਦੀਪ ਕੰਬੋਜ ਚੀਫ ਜੁਡੀਸੀਅਲ ਮੈਜਿਸਟਰੇਟ-2 ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਸਰਪਰਸਤੀ ਹੇਠ 'ਈਚ ਵਨ, ਈਚ ਪਲਾਟ' ਥੀਮ ਅਧੀਨ ਇਕ ਵਿਸ਼ੇਸ਼ ਵਾਤਾਵਰਨ ਸੁਰੱਖਿਆ ਮੁਹਿੰਮ ਚਲਾਈ ਗਈ, ਜਿਸ ਵਿੱਚ ਸ੍ਰੀ ਵਰਿੰਦਰ ਕੁਮਾਰ ਸਿਵਲ ਜੱਜ ਸੀਨੀਅਰ ਡਿਵੀਜ਼ਨ ਨਾਭਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੁਡੀਸ਼ੀਅਲ ਕੋਰਟ ਨਾਭਾ, ਪਿੰਡ ਵਜੀਦਪੁਰ ਅਤੇ ਹੋਰ ਵੱਖ ਵੱਖ ਥਾਵਾਂ 'ਤੇ ਫਲਦਾਰ, ਛਾਂ ਦਾਰ, ਫੁੱਲਾਂ ਵਾਲੇ ਬੂਟੇ ਲਗਵਾਏ ਗਏ। ਉਹਨਾਂ ਕਿਹਾ, ਜਿੱਥੇ ਇਹ ਪੌਦੇ ਵਾਤਾਵਰਨ ਨੂੰ ਸ਼ੁੱਧ ਰੱਖਦੇ ਹਨ, ਉਥੇ ਸਾਨੂੰ ਜੀਵਨ ਲਈ ਸਾਹ ਲੈਣ ਲਈ ਵੀ ਸਹਾਈ ਹੁੰਦੇ ਹਨ। ਦਰਖਤ ਸਾਡੇ ਬਚਪਨ ਤੋਂ ਲੈ ਕੇ ਅੰਤ ਤੱਕ ਸਹਾਈ ਹੁੰਦੇ ਹਨ ਇਸ ਲਈ ਹਰ ਇੱਕ ਨੂੰ ਪੰਜ ਪੰਜ ਪੌਦੇ ਲਾ ਕੇ, ਉਹਨਾਂ ਦੀ ਸੰਭਾਲ ਕਰਕੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

# ਸੇਵਾ ਕੇਂਦਰਾਂ 'ਚ ਮਾਲ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਦੀਆਂ ਨਵੀਆਂ ਸੇਵਾਵਾਂ ਸ਼ੁਰੂ

ਮਾਲੇਰਕੋਟਲਾ, 19 ਜੂਨ (ਚ.ਨ.ਸ.) : ਪੰਜਾਬ ਸਰਕਾਰ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਵਿਭਾਗ ਵੱਲੋਂ ਲੋਕਾਂ ਨੂੰ ਇੱਕੋ ਛੱਤ ਥੱਲੇ ਸਰਕਾਰੀ ਸੇਵਾਵਾਂ ਡਿਜੀਟਲ ਤਰੀਕੇ ਨਾਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਜ਼ਿਲ੍ਹੇ ਵਿੱਚ 09 ਸੇਵਾ ਕੇਂਦਰ ਚੱਲ ਰਹੇ ਹਨ। ਇਨ੍ਹਾਂ ਸੇਵਾ ਕੇਂਦਰਾਂ ਵਿੱਚ 443 ਵੱਖ ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆ ਸਨ। ਜਿਨ੍ਹਾਂ ਵਿੱਚ ਹੁਣ ਵਾਧਾ ਕਰਦੇ ਹੋਏ ਮਾਲ ਵਿਭਾਗ ਦੀਆਂ 06 ਅਤੇ ਟਰਾਂਸਪੋਰਟ ਵਿਭਾਗ ਦੀਆਂ 29 ਸੇਵਾਵਾਂ ਸ਼ਾਮਲ ਕੀਤੀਆਂ ਗਈਆ ਹਨ। ਹੁਣ ਆਮ ਲੋਕ 478 ਤਰ੍ਹਾਂ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਦਾ ਲਾਭ ਸਿੱਧੇ ਤੌਰ 'ਤੇ ਘਰ ਬੈਠੇ 1076 ਰਾਹੀਂ ਜਾਂ ਫੇਰ ਸੇਵਾ ਕੇਂਦਰਾਂ ਰਾਹੀਂ ਲੈ ਸਕਣਗੇ। ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਨੇ ਮਾਲ ਵਿਭਾਗ ਸਬੰਧੀ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਲ ਵਿਭਾਗ ਦੀਆਂ 6 ਨਵੀਂਆਂ ਸੇਵਾਵਾਂ ਸੇਵਾ ਕੇਂਦਰ ਰਾਹੀਂ ਲਈਆਂ ਜਾ ਸਕਦੀਆਂ ਹਨ। ਉਹਨਾਂ ਦੱਸਿਆ ਕਿ ਹੁਣ ਵਿਰਾਸਤ ਜਾਂ ਰਜਿਸਟਰੀ ਇੰਤਕਾਲ, ਜਮ੍ਹਾਬੰਦੀ 'ਚ ਦਰੁਸਤੀ ਜਾਂ ਰਪਟ ਦਰਜ, ਸਕ੍ਰਿਪਸ਼ਨ ਬੇਨਤੀ (ਤਬਦੀਲੀ ਮੈਸੇਜ ਰਾਹੀਂ ਜਾਣੂ ਹੋਣ ਲਈ), ਡਿਜੀਟਲ ਫ਼ਰਦ ਜਮ੍ਹਾਬੰਦੀ ਲੈਣ ਲਈ ਲੋਕਾਂ ਨੂੰ ਤਹਿਸੀਲ ਦਫ਼ਤਰ ਜਾਂ ਪਟਵਾਰੀ ਕੋਲ ਜਾਣ ਦੀ ਲੋੜ ਨਹੀਂ ਰਹੀ। ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ ਸੇਵਾਵਾਂ ਲਰਨਰ ਲਾਇਸੰਸ ਲਈ ਅਰਜ਼ੀ, ਲਰਨਰ ਲਾਇਸੰਸ ਵਿੱਚ ਪਤਾ ਬਦਲਣਾ, ਲਰਨਰ ਲਾਇਸੰਸ ਵਿੱਚ ਨਾਂ ਬਦਲਣਾ, ਲਰਨਰ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਨਵਿਆਉਣਾ (ਟੈਸਟ ਦੀ ਲੋੜ ਨਹੀਂ), ਡਰਾਈਵਿੰਗ ਲਾਇਸੰਸ ਦੀ ਬਦਲੀ, ਡਰਾਈਵਿੰਗ ਲਾਇਸੰਸ ਵਿੱਚ ਪਤਾ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਨਾਂ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਜਨਮ ਮਿਤੀ ਬਦਲਣਾ, ਲਾਇਸੰਸ ਦੀ ਡਿਟੇਲ ਪ੍ਰਾਪਤੀ, ਲਾਇਸੰਸ ਵਿੱਚ ਵਾਹਨ ਸ਼੍ਰੇਣੀ ਛੱਡਣੀ, ਡਰਾਈਵਰ ਲਈ ਪਬਲਿਕ ਸਰਵਿਸ ਵਾਹਨ ਬੈਜ, ਕੰਡਕਟਰ ਲਾਇਸੰਸ ਨਵਿਆਉਣਾ, ਲਰਨਰ ਲਾਇਸੰਸ ਦੀ ਮਿਆਦ ਵਧਾਉਣਾ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਆਰ.ਸੀ ਨਾਲ ਸਬੰਧਿਤ ਸੇਵਾਵਾਂ ਜਿਸ ਵਿੱਚ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਨਕਲ ਲਈ ਅਰਜ਼ੀ, ਆਰ.ਸੀ ਲਈ ਐਨ.ਓ.ਸੀ. ਦੀ ਅਰਜ਼ੀ, ਆਰ.ਸੀ. ਵਿੱਚ ਪਤਾ ਬਦਲਣਾ, ਫ਼ੀਸ ਦੇ ਕੇ ਆਰ.ਸੀ. ਡੀਟੇਲ ਵੇਖਣਾ, ਵਾਹਨ ਦੀ ਟਰਾਂਸਫ਼ਰ ਆਫ਼ ਆਨਰਸ਼ਿਪ (ਨਾਨ ਟਰਾਂਸਪੋਰਟ), ਮਾਲਕੀ ਤਬਦੀਲੀ ਮਾਮਲੇ ਵਿੱਚ ਲਾਈਫ਼ ਟਾਈਮ ਟੈਕਸ ਦੀ ਅਦਾਇਗੀ, ਹਾਇਰ ਪਰਚੇਜ ਐਗਰੀਮੈਂਟ ਦੀ ਐਂਡੋਰਸਮੈਂਟ, ਮੋਬਾਈਲ ਨੰਬਰ ਅੱਪਡੇਟ ਕਰਵਾਉਣਾ, ਫਿਟਨੈੱਸ ਸਰਟੀਫਿਕੇਟ ਦੀ ਨਕਲ, ਕਮਰਸ਼ੀਅਲ ਵਾਹਨਾਂ ਲਈ ਫਿਟਨੈੱਸ ਸਰਟੀਫਿਕੇਟ ਆਦਿ ਸੇਵਾਵਾਂ ਉਪਲੱਬਧ ਹਨ। ਇਹ ਸਾਰੀਆਂ ਸਾਰੀਆਂ ਸੇਵਾਵਾਂ ਮਾਲੇਰਕੋਟਲਾ ਵਾਸੀ ਜ਼ਿਲ੍ਹੇ ਦੇ 09 ਨੇੜਲੇ ਸੇਵਾ ਕੇਂਦਰ (ਮਾਲੇਰਕੋਟਲਾ - ਰਾਏਕੋਟ ਰੋਡ, ਮਾਲੇਰਕੋਟਲਾ, ਟਿਊਬਵੈਲ ਨੰ. 16 ਕੱਚਾ ਦਰਵਾਜਾ, ਜਮਾਲਪੁਰਾ, ਨੇੜੇ ਕੋ-ਆਪਰੇਟਿਵ ਸੁਸਾਇਟੀ, ਅਮਰਗੜ੍ਹ, ਟਿਊਬਵੈਲ ਨੰ. 3, ਬਜਰੰਗ ਅਖਾੜਾ ਰੋਡ, ਅਹਿਮਦਗੜ੍ਹ, ਨੇੜੇ 786 ਚੌਂਕ ਪੀ.ਡਬਲਿਊ.ਡੀ ਸਟੋਰ, ਸੇਵਾ ਕੇਂਦਰ ਸੰਦੌੜ, ਸੇਵਾ ਕੇਂਦਰ ਕੰਗਣਵਾਲ, ਸੇਵਾ ਕੇਂਦਰ ਜਲਵਾਨਾ, ਸੇਵਾ ਕੇਂਦਰ ਭੁਰਥੱਲਾ ਮੰਡੇਰ ) ਤੋਂ ਜਾਂ ਫੇਰ ਘਰ ਬੈਠੇ 1076 ਰਾਹੀ ਆਸਾਨੀ ਨਾਲ ਲੈ ਸਕਦੇ ਹਨਇਨ੍ਹਾਂ ਸੇਵਾਵਾਂ ਨਾਲ ਲੋਕਾਂ ਦਾ ਕੀਮਤੀ ਸਮਾਂ ਬਚੇਗਾ ਅਤੇ ਕੰਮ ਵੀ ਪੂਰੀ ਪਾਰਦਰਸ਼ਤਾ ਨਾਲ ਹੋਣਗੇ।

# ਜੀ.ਐਸ.ਏ. ਇੰਡਸਟਰੀਜ਼ ਇੰਡੀਆ ਪ੍ਰਾਈਵੇਟ ਲਿਮ: ਬ੍ਰਾਂਡ 'ਐਗਰੀਜ਼ੋਨ' ਨੇ ਲਾਂਚ ਕੀਤਾ ਆਧੁਨਿਕ ਤਕਨੀਕ ਨਾਲ ਲੈਸ 'ਫ਼ਤਿਹ' ਸੁਪਰ ਸੀਡਰ




ਪਟਿਆਲਾ, 19 ਜੂਨ (ਰੁਪਾਣਾ): ਖੇਤੀ ਸੰਦ ਬਣਾਉਣ ਵਾਲੀ ਭਾਰਤ ਦੀ ਨਾਮੀ ਵੱਡੀ ਜੀਐਸਏ ਇੰਡਸਟਰੀਜ਼ ਇੰਡੀਆ ਪ੍ਰਾਈਵੇਟ ਲਿਮਿਟਡ ਪਟਿਆਲਾ ਆਪਣੇ ਪ੍ਰਸਿੱਧ ਬ੍ਰਾਂਡ ਐਗਰੀਜ਼ੋਨ ਵੱਲੋਂ ਆਧੁਨਿਕ ਤਕਨੀਕ ਨਾਲ ਲੈਸ 'ਫ਼ਤਿਹ' ਸੁਪਰ ਸੀਡਰ ਤਿੰਨ ਸਾਲ ਦੀ ਗਰੰਟੀ ਦੇ ਨਾਲ ਲਾਂਚ ਕੀਤਾ ਗਿਆ। ਕੰਪਨੀ ਵੱਲੋਂ ਰੱਖੇ ਸਮਾਗਮ ਵਿੱਚ ਅਗਾਂਹ ਵਧੂ ਕਿਸਾਨ ਦੇ ਨਾਲ ਨਾਲ ਵੱਡੀ ਗਿਣਤੀ ਵਿੱਚ ਵੱਖ-ਵੱਖ ਸੂਬਿਆਂ ਤੋਂ ਡੀਲਰ ਵੀ ਪਹੁੰਚੇ। ਐਗਰੀਜ਼ੋਨ ਦੇ ਮਾਰਕੀਟਿੰਗ ਅਧਿਕਾਰੀ ਗੁਰਪ੍ਰੀਤ ਸਿੰਘ ਧੀਮਾਨ ਅਤੇ ਗੁਰਪ੍ਰੀਤ ਖੰਗੂੜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜੀਐਸਏ ਇੰਡਸਟਰੀ ਇੰਡੀਆ ਪ੍ਰਾਈਵੇਟ ਲਿਮਿਟਡ ਪਟਿਆਲਾ 'ਐਗਰੀਜ਼ੋਨ' ਆਧੁਨਿਕ ਖੇਤੀ ਸੰਦਾ ਨੂੰ ਲੈ ਕੇ ਅੱਜ ਦੁਨੀਆਂ ਦੇ ਨਕਸ਼ੇ ਤੇ ਪਟਿਆਲੇ ਜਿਲੇ ਦਾ ਨਾਮ ਰੋਸ਼ਨ ਕਰ ਰਹੀ ਹੈ। ਐਗਰੀਜ਼ੋਨ ਵੱਲੋਂ ਬਣਾਏ ਜਾਂਦੇ ਖੇਤੀ ਸੰਦ ਪੰਜਾਬ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਕਿਸਾਨਾਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਕਿਸਾਨਾਂ ਦੇ ਐਗਰੀਜ਼ੋਨ ਤੇ ਭਰੋਸੇ ਨੂੰ ਦੇਖਦੇ ਹੋਏ ਅੱਜ ਕੰਪਨੀ ਵੱਲੋਂ 'ਫ਼ਤਿਹ' ਨਾਂ ਦਾ ਨਵਾਂ ਸੁਪਰ ਸੀਡਰ ਲਾਂਚ ਕੀਤਾ ਗਿਆ ਹੈ ਜੋ ਆਧੁਨਿਕ ਤਕਨੀਕ ਅਤੇ ਤਿੰਨ ਸਾਲ ਦੀ ਗੇਅਰਬਾਕਸ ਗਰੰਟੀ ਨਾਲ ਕਿਸਾਨਾਂ ਦੀ ਘੱਟ ਖਰਚੇ 'ਤੇ ਆਮਦਨ ਨੂੰ ਦੁਗਣਾ ਕਰਨ ਚ ਵਾਧਾ ਕਰੇਗਾ। ਕਿਉਂਕਿ ਕਿਸਾਨਾਂ ਲਈ ਇਹ ਤਕਨੀਕ ਨਾ ਸਿਰਫ ਉਤਪਾਦਕਤਾ ਵਧਾਉਂਦੀ ਹੈ, ਸਗੋਂ ਵਾਤਾਵਰਨ ਸੁਰੱਖਿਆ ਵਿੱਚ ਵੀ ਯੋਗਦਾਨ ਪਾਉਂਦੀ ਹੈ। ਇਸ ਦੇ ਨਾਲ ਹੀ ਕੰਪਨੀ ਨੇ ਅੱਜ ਬਜਟ ਫਰੈਂਡਲੀ ਰੋਟਾਵੇਟਰ ਮਾਡਲ ਤੇ-ਜਸ 'ਤੇ ਆਲ ਰਾਊਂਡਰ ਨੂੰ ਵੀ ਲਾਂਚ ਕੀਤਾ ਹੈ, ਜੋ ਇੱਕ ਸਾਲ ਦੀ ਗਰੰਟੀ ਨਾਲ ਉਪਲੱਬਧ ਹੈ। ਕੰਪਨੀ ਦੇ ਐਮਡੀ ਜਤਿੰਦਰਪਾਲ ਸਿੰਘ ਸੈਣੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੀ ਐਗਰੀਜ਼ੋਨ ਵੱਲੋਂ ਬਣਾਏ ਜਾਂਦੇ ਖੇਤੀ ਸੰਦ ਕਿਸਾਨਾਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਕਿਸਾਨਾਂ ਦੇ ਭਰੋਸੇ ਨੂੰ ਦੇਖਦੇ ਹੋਏ ਕੰਪਨੀ ਵੱਲੋਂ 'ਫ਼ਤਿਹ' ਸੁਪਰ ਸੀਡਰ ਲਾਂਚ ਕੀਤਾ ਗਿਆ ਹੈ ਜਿਸ ਦੀ ਕੰਪਨੀ ਵੱਲੋਂ ਤਿੰਨ ਸਾਲ ਦੀ ਗਰੰਟੀ ਦੇ ਨਾਲ ਨਾਲ ਨਵੀਂ ਤਕਨੀਕ ਨੂੰ ਵਰਤੋਂ ਵਿੱਚ ਲਿਆਂਦਾ ਗਿਆ ਹੈ ਤਾਂ ਜੋ ਕਿਸਾਨਾਂ ਦੀ ਆਮਦਨ ਦੁਗਣੀ ਅਤੇ ਖਰਚਾ ਘੱਟ ਹੋ ਸਕੇ। ਉਹਨਾ ਸਮਾਗਮ 'ਚ ਪਹੁੰਚੇ ਸਮੂਹ ਕਿਸਾਨਾਂ ਅਤੇ ਡੀਲਰਾਂ ਦਾ ਧੰਨਵਾਦ ਕੀਤਾ।